ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 30 June, 2025) ਪਟਿਆਲਾ ਸੋਮਵਾਰ, 30 ਜੂਨ, 2025, 16 ਹਾੜ (ਪੰਚਮੀ), ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 179 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਬਲੋਚਿਸਤਾਨ 'ਚ 5.5 ਤੀਬਰਤਾ ਦਾ ਭੂਚਾਲ, 3 ਲੋਕ ਜ਼ਖ਼ਮੀ

ਕਰਾਚੀ,29 ਜੂਨ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਐਤਵਾਰ ਨੂੰ 5.5 ਤੀਬਰਤਾ ਦਾ ਭੂਚਾਲ ਆਇਆ, ਜਿਸ ਵਿੱਚ ਘੱਟੋ-ਘੱਟ ਤਿੰਨ ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਮੀਡੀਆ ਵਿੱਚ ਆਈਆਂ ਖ਼ਬਰਾਂ ਤੋਂ ਪ੍ਰਾਪਤ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ, ਦੇਸ਼ ਦੇ ਭੂਚਾਲ ਨਿਗਰਾਨੀ ਕੇਂਦਰ ਨੇ ਕਿਹਾ ਕਿ ਭੂਚਾਲ ਦਾ ਕੇਂਦਰ ਮੂਸਾ ਖੇਲ ਜ਼ਿਲ੍ਹੇ ਦੇ ਨੇੜੇ 28 ਕਿਲੋਮੀਟਰ ਦੀ ਡੂੰਘਾਈ 'ਤੇ ਸਥਿਤ ਸੀ। ਭੂਚਾਲ ਵਿੱਚ (ਬਾਕੀ ਸਫਾ 2 'ਤੇ)

### ਪੰਜਾਬ ਲਈ ਖੜ੍ਹੀ ਹੋ ਸਕਦੀ ਹੈ ਨਵੀਂ ਮੁਸੀਬਤ

## ਬੀ.ਬੀ.ਐਮ.ਬੀ. ਨੇ ਪੰਡੋਹ ਡੈਮ ਦੇ ਗੇਟ ਖੋਲ੍ਹੇ, ਬਿਆਸ 'ਚ ਵਧਿਆ ਪਾਣੀ

### ਮਕੌੜਾ ਪੱਤਣ ਚੁੱਕੇ ਜਾਣ ਕਾਰਨ ਰਾਵੀ ਪਾਰ ਦੇ 7 ਪਿੰਡਾਂ ਦਾ ਸੰਪਰਕ ਦੇਸ਼ ਨਾਲੋਂ ਟੁੱਟਿਆ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 29 ਜੂਨ :ਜਿਵੇਂ ਹੀ ਮਾਨਸੂਨ ਉਤਰੀ ਭਾਰਤ ਵਿਚ ਦਾਖ਼ਲ ਹੋਇਆ ਹੈ ਉਵੇਂ ਹੀ ਨਵੀਂ ਸਮੱਸਿਆ ਵੀ ਨਾਲ ਲੈ ਕੇ ਆਇਆ ਹੈ। ਇਸ ਨੇ ਸੱਭ ਤੋਂ ਪਹਿਲੀ ਮੁਸੀਬਤ ਪੰਜਾਬ ਲਈ ਖੜ੍ਹੀ ਕਰ ਦਿਤੀ ਹੈ ਕਿਉਂਕਿ ਹਿਮਾਚਲ ਪ੍ਰਦੇਸ਼ 'ਚ ਮਾਨਸੂਨ ਦੀ ਬਾਰਸ਼ ਨੇ ਤਬਾਹੀ ਮਚਾਈ ਹੋਈ ਹੈ। ਪਿਛਲੇ ਦਿਨਾਂ ਵਿਚ ਤਾਪਮਾਨ ਵੱਧ ਗਿਆ ਹੈ ਤੇ ਪਹਾੜਾਂ ਤੋਂ ਲਗਾਤਾਰ ਗਲੇਸ਼ੀਅਰ ਪਿਘਲ ਰਹੇ ਹਨ, ਜਿਸ ਕਰ ਕੇ ਨਦੀਆਂ 'ਚ (ਬਾਕੀ ਸਫਾ 2 'ਤੇ)

### ਪੰਜਾਬ ਵਾਸੀ 3 ਜੁਲਾਈ ਤੱਕ ਰਹਿਣ ਸਾਵਧਾਨ, ਮੌਸਮ ਵਿਭਾਗ ਵੱਲੋਂ ਚੇਤਾਵਨੀ

ਚੰਡੀਗੜ੍ਹ,29 ਜੂਨ (ਚੜ੍ਹਦੀਕਲਾ ਬਿਊਰੋ) : ਮਾਨਸੂਨ ਨੇ ਪੂਰੇ ਲਗਭਗ ਪੰਜਾਬ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਮੌਸਮ ਵਿਭਾਗ ਨੇ ਤਾਜ਼ਾ ਭਵਿੱਖਬਾਣੀ ਜਾਰੀ ਕਰਦਿਆਂ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਅਸਮਾਨੀ ਬਿਜਲੀ, ਤੇਜ਼ ਹਵਾਵਾਂ ਅਤੇ ਦਰਮਿਆਨੇ ਮੀਂਹ ਦੀ ਸੰਭਾਵਨਾ ਜਤਾਈ ਹੈ। ਵਿਭਾਗ ਅਨੁਸਾਰ 30 ਤੋਂ 40 ਕਿਮੀ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਸੰਗਰੂਰ, ਮਾਨਸਾ, ਪਟਿਆਲਾ, ਬਠਿੰਡਾ, ਮੁਕਤਸਰ, ਮੋਗਾ, (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਨੇ ਕੀਤੀ 'ਮਨ ਕੀ ਬਾਤ'

## ਐਮਰਜੈਂਸੀ ਸਮੇਂ ਨਿਆਂਪਾਲਿਕਾ ਨੂੰ ਗ਼ੁਲਾਮ ਰੱਖਣ ਦੀ ਕੀਤੀ ਗਈ ਸੀ ਕੋਸ਼ਿਸ਼: ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 29 ਜੂਨ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਪਣੇ ਮਾਸਿਕ ਪ੍ਰੋਗਰਾਮ 'ਮਨ ਕੀ ਬਾਤ' ਦੇ 123ਵੇਂ ਐਪੀਸੋਡ ਵਿਚ ਐਮਰਜੈਂਸੀ ਦੇ ਸਮੇਂ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ 'ਮਨ ਕੀ ਬਾਤ' ਵਿਚ ਕਿਹਾ ਕਿ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਉਹ ਸਮਾਂ ਕਿਹੋ ਜਿਹਾ ਸੀ। ਜਿਨ੍ਹਾਂ ਨੇ ਐਮਰਜੈਂਸੀ ਲਗਾਈ, ਉਨ੍ਹਾਂ ਨੇ ਨਾ ਸਿਰਫ਼ ਸਾਡੇ ਸੰਵਿਧਾਨ ਨੂੰ ਮਾਰਿਆ, ਸਗੋਂ ਨਿਆਂਪਾਲਿਕਾ ਨੂੰ ਆਪਣਾ ਗੁਲਾਮ ਰੱਖਣ ਦਾ ਵੀ ਇਰਾਦਾ ਰੱਖਿਆ। ਉਸ ਸਮੇਂ ਦੌਰਾਨ, ਲੋਕਾਂ ਨੂੰ ਵੱਡੇ ਪੱਧਰ 'ਤੇ ਤਸੀਹੇ ਦਿਤੇ ਗਏ। ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਨ੍ਹਾਂ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਐਮਰਜੈਂਸੀ ਦੌਰਾਨ, ਜਾਰਜ ਫਰਨਾਂਡਿਸ ਸਾਹਿਬ ਨੂੰ ਜੰਜ਼ੀਰਾਂ ਵਿਚ ਬੰਨ੍ਹਿਆ ਗਿਆ। ਬਹੁਤ ਸਾਰੇ ਲੋਕਾਂ ਨੂੰ ਸਖ਼ਤ ਤਸੀਹੇ ਦਿਤੇ ਗਏ। ਐਮ.ਆਈ.ਐਸ.ਏ. ਦੇ ਤਹਿਤ, ਕਿਸੇ ਨੂੰ ਵੀ ਇਸੇ ਤਰ੍ਹਾਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ, ਉਸ ਸਮੇਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਹਜ਼ਾਰਾਂ ਲੋਕਾਂ 'ਤੇ ਅਜਿਹੇ ਅਣਮਨੁੱਖੀ ਅੱਤਿਆਚਾਰ ਕੀਤੇ ਗਏ ਸਨ ਪਰ ਇਹ ਭਾਰਤ ਦੇ ਲੋਕਾਂ ਦੀ ਤਾਕਤ ਹੈ ਕਿ ਉਹ ਝੁਕੇ ਨਹੀਂ, ਟੁੱਟੇ ਨਹੀਂ ਅਤੇ ਲੋਕਤੰਤਰ ਨਾਲ ਕੋਈ ਸਮਝੌਤਾ ਸਵੀਕਾਰ ਨਹੀਂ ਕੀਤਾ। ਅੰਤ ਵਿਚ, ਲੋਕਾਂ ਦੀ ਜਿੱਤ ਹੋਈ, ਐਮਰਜੈਂਸੀ ਹਟਾਈ ਗਈ ਅਤੇ ਐਮਰਜੈਂਸੀ ਲਗਾਉਣ ਵਾਲੇ ਹਾਰ ਗਏ।



**'ਏਰੀ ਸਿਲਕ' ਅਪਣਾਉਣ ਦੀ ਅਪੀਲ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਦੇ 123ਵੇਂ ਐਪੀਸੋਡ ਵਿਚ ਦੇਸ਼ ਵਾਸੀਆਂ ਨੂੰ ਅਹਿੰਸਾ ਸਿਲਕ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਮੇਘਾਲਿਆ ਵਿਚ ਬਣੇ ਏਰੀ ਸਿਲਕ ਦਾ ਜ਼ਿਕਰ ਕੀਤਾ ਅਤੇ ਇਸ ਦੀ ਵਿਸ਼ੇਸ਼ਤਾ ਬਾਰੇ ਦਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਸਾਡਾ ਭਾਰਤ ਅਪਣੀ ਖੇਤਰੀ, ਭਾਸ਼ਾਈ ਅਤੇ ਸਭਿਆਚਾਰਕ ਵਿਭਿੰਨਤਾ ਲਈ ਜਾਣਿਆ ਜਾਂਦਾ ਹੈ, ਉਸੇ ਤਰ੍ਹਾਂ ਕਲਾ, ਸ਼ਿਲਪ ਅਤੇ ਹੁਨਰ ਦੀ ਵਿਭਿੰਨਤਾ ਵੀ ਸਾਡੇ ਦੇਸ਼ ਦੀ ਇਕ ਵੱਡੀ ਵਿਸ਼ੇਸ਼ਤਾ ਹੈ। ਤੁਸੀਂ ਜਿਸ ਵੀ ਖੇਤਰ ਵਿਚ ਜਾਉਗੇ, ਤੁਹਾਨੂੰ ਉੱਥੇ ਕੁਝ ਖ਼ਾਸ ਅਤੇ ਸਥਾਨਕ ਚੀਜ਼ਾਂ ਬਾਰੇ ਪਤਾ ਲੱਗੇਗਾ। ਅਸੀਂ ਅਕਸਰ 'ਮਨ ਕੀ ਬਾਤ' ਵਿਚ ਦੇਸ਼ ਦੇ ਅਜਿਹੇ ਵਿਲੱਖਣ ਉਤਪਾਦਾਂ ਬਾਰੇ ਗੱਲ ਕਰਦੇ ਹਾਂ। ਅਜਿਹਾ ਹੀ ਇੱਕ ਉਤਪਾਦ ਮੇਘਾਲਿਆ ਦਾ ਏਰੀ ਸਿਲਕ ਹੈ।

**ਪ੍ਰਧਾਨ ਮੰਤਰੀ ਨੇ ਪੁਲਾੜ ਵਿੱਚ ਭਾਰਤ ਦੀ ਉਡਾਣ ਨੂੰ ਕੀਤਾ ਸਲਾਮ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਪਣੇ ਸੰਬੋਧਨ ਵਿਚ ਪੁਲਾੜ ਵਿਚ ਭਾਰਤ ਦੀਆਂ ਨਵੀਆਂ ਪ੍ਰਾਪਤੀਆਂ ਅਤੇ ਸਮਾਜ ਦੇ ਦੋ ਮਹੱਤਵਪੂਰਨ ਪੇਸ਼ਿਆਂ ਡਾਕਟਰ ਤੇ ਚਾਰਟਰਡ ਅਕਾਊਂਟੈਂਟ (ਸੀ.ਏ.) ਦੇ ਯੋਗਦਾਨ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ। ਇਸ ਐਪੀਸੋਡ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀਆਂ ਪੁਲਾੜ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਕਿਹਾ, 'ਇਸ ਸਮੇਂ ਸਾਰਿਆਂ ਦੀਆਂ ਨਜ਼ਰਾਂ ਅੰਤਰਰਾਸ਼ਟਰੀ ਪੁਲਾੜ ਕੇਂਦਰ 'ਤੇ ਵੀ ਹਨ। ਭਾਰਤ ਨੇ ਇਕ ਨਵਾਂ ਇਤਿਹਾਸ ਰਚਿਆ ਹੈ।' ਇਸ ਸੰਦਰਭ ਵਿਚ, ਉਨ੍ਹਾਂ ਨੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨਾਲ ਆਪਣੀ ਹਾਲੀਆ ਗੱਲਬਾਤ ਦਾ ਜ਼ਿਕਰ ਕੀਤਾ, ਜੋ ਇਸ ਸਮੇਂ ਐਕਸੀਅਮ ਮਿਸ਼ਨ 4 ਤਹਿਤ ਅੰਤਰਰਾਸ਼ਟਰੀ ਪੁਲਾੜ ਕੇਂਦਰ ਵਿਚ ਭਾਰਤ ਦੀ ਨੁਮਾਇੰਦਗੀ ਕਰ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਵਾਸੀਆਂ ਨੇ ਸ਼ੁਭਾਂਸ਼ੂ ਨਾਲ ਉਨ੍ਹਾਂ ਦੀ ਗੱਲਬਾਤ ਸੁਣੀ ਹੋਵੇਗੀ ਅਤੇ ਇਹ ਮਿਸ਼ਨ (ਬਾਕੀ ਸਫਾ 2 'ਤੇ)

### ਪੰਜਾਬ 'ਚ ਮੌਸਮ ਹੋਇਆ ਸੁਹਾਵਣਾ, ਤੇਜ਼ ਹਵਾਵਾਂ ਨਾਲ ਪਿਆ ਭਾਰੀ ਮੀਂਹ

ਚੰਡੀਗੜ੍ਹ,29 ਜੂਨ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਚ ਮਾਨਸੂਨ ਦੀ ਆਮਦ ਹੋ ਗਈ ਹੈ। ਅੱਜ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਮੀਂਹ ਪੈ ਰਿਹਾ ਹੈ। ਦਿਨ ਵੇਲੇ ਹੀ ਹਨ੍ਹੇਰਾ ਛਾ ਗਿਆ ਹੈ। ਮੀਂਹ ਪੈਣ ਨਾਲ ਆਮ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਮੀਂਹ ਦੇ ਨਾਲ ਹੀ ਤੇਜ਼ ਹਵਾਵਾਂ ਵੀ ਚੱਲ ਰਹੀਆਂ ਹਨ। ਦੱਸ ਦੇਈਏ ਕਿ ਪੰਜਾਬ ਭਰ ਵਿਚ ਮੌਸਮ ਨੇ ਕਰਵਟ ਲੈ ਲਈ ਹੈ ਜਿਸ ਦੇ ਚੱਲਦਿਆਂ ਇਕ ਵਾਰ ਫਿਰ ਤੋਂ ਹਵਾਵਾਂ ਚੱਲ ਰਹੀਆਂ ਹਨ ਤੇ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਵੱਲੋਂ ਪਹਿਲਾਂ ਹੀ ਇਸ ਸਬੰਧੀ ਭਵਿੱਖਬਾਣੀ ਕਰ ਦਿੱਤੀ ਗਈ ਸੀ। ਮੌਸਮ ਵਿਭਾਗ ਵੱਲੋਂ ਕਿਹਾ ਗਿਆ ਸੀ ਕਿ ਪੰਜਾਬ ਵਿਚ 22 ਜੂਨ ਤੋਂ ਬਾਅਦ ਮੌਸਮ ਦਾ ਮਿਜਾਜ਼ ਬਦਲੇਗਾ, ਜੋ ਕਿ ਸੱਚ ਹੋਇਆ ਹੈ। ਹਾਲਾਂਕਿ ਤਾਪਮਾਨ ਵਿਚ (ਬਾਕੀ ਸਫਾ 2 'ਤੇ)

### ਸਾਬਕਾ ਜਥੇਦਾਰ ਗਿ. ਰਘਬੀਰ ਸਿੰਘ ਨੇ ਕੀਤਾ ਹਾਈ ਕੋਰਟ ਦਾ ਰੁਖ

## 'ਸ਼੍ਰੋਮਣੀ ਕਮੇਟੀ ਮੈਨੂੰ ਹੈਡ ਗ੍ਰੰਥੀ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੀ ਹੈ'

ਬਬਲੂ ਮਹਾਜਨ

================



ਅੰਮ੍ਰਿਤਸਰ, 29 ਜੂਨ : ਗਿਆਨੀ ਰਘਬੀਰ ਸਿੰਘ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ। ਅਕਾਲ ਤਖ਼ਤ ਦੇ ਮਸਲੇ 'ਤੇ ਅਦਾਲਤ ਦਾ ਰੁਖ ਕਰਨਾ ਚਰਚਾ 'ਚ ਹਨ। ਗਿਆਨੀ ਰਘਬੀਰ ਸਿੰਘ ਨੇ ਪਟੀਸ਼ਨ 'ਚ ਕਿਹਾ ਹੈ ਕਿ ਐਸ.ਜੀ.ਪੀ.ਸੀ. ਨੇ ਉਨ੍ਹਾਂ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਹੁਦੇ ਤੋਂ ਹਟਾ ਦਿੱਤਾ ਹੈ ਅਤੇ ਹੁਣ ਐਸ.ਜੀ.ਪੀ.ਸੀ. ਉਨ੍ਹਾਂ ਨੂੰ ਹੈੱਡ ਗ੍ਰੰਥੀ ਸੱਚਖੰਡ ਦਰਬਾਰ ਸਾਹਿਬ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੀ ਹੈ। ਇਸ ਲਈ ਅਦਾਲਤ ਨੂੰ ਉਨ੍ਹਾਂ ਦੀ ਨੌਕਰੀ ਬਚਾਉਣ ਦੀ ਅਪੀਲ ਕੀਤੀ ਗਈ ਹੈ ਪਰ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਪਮਾਨ ਹੈ ਕਿ ਹਾਈ ਕੋਰਟ ਨੂੰ ਇਸ ਮਾਮਲੇ ਵਿੱਚ ਸ਼ਾਮਲ ਕੀਤਾ ਜਾਵੇ। ਕਿਉਂਕਿ ਇਹ ਸਿੱਖ ਪੰਥ ਦੀ ਨੈਤਿਕਤਾ ਦੇ ਵਿਰੁੱਧ ਹੈ ਕਿਉਂਕਿ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਰਵਉੱਚ ਸੰਸਥਾ ਹੈ। ਸਿੱਖ ਪੰਥ ਦੇ ਸਾਰੇ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਏ ਜਾਂਦੇ ਹਨ। ਇਹ ਪਟੀਸ਼ਨ 9 ਜੂਨ ਨੂੰ ਨਵੀਨ ਸ਼ਰਮਾ ਦੁਆਰਾ ਦਾਇਰ ਕੀਤੀ ਗਈ ਸੀ।

## ਡਰੱਗ ਮਨੀ ਮਾਮਲੇ 'ਚ ਵਿਜੀਲੈਂਸ ਨੇ ਮਜੀਠੀਆ ਖ਼ਿਲਾਫ਼ ਕਾਰਵਾਈ ਕੀਤੀ ਤੇਜ਼

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 29 ਜੂਨ : ਡਰੱਗ ਮਨੀ ਮਾਮਲੇ ਵਿਚ ਗ੍ਰਿਫਤਾਰ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਿਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਵਿਜੀਲੈਂਸ ਨੇ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਹੈ ਤੇ ਕਈ ਹੋਰ ਟਿਕਾਣਿਆਂ ਦੀ ਜਾਂਚ ਦੀ ਤਿਆਰੀ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਮਜੀਠੀਆ ਨੂੰ ਜਾਂਚ ਲਈ ਪੰਜਾਬ ਅਤੇ ਹਿਮਾਚਲ ਦੇ ਕਈ ਸਥਾਨਾਂ 'ਤੇ ਲਿਜਾਇਆ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਕਈ ਗਵਾਹਾਂ ਦੇ ਬਿਆਨਾਂ ਤੋਂ ਪ੍ਰਾਪਤ ਮਹੱਤਵਪੂਰਨ ਜਾਣਕਾਰੀ ਦੇ ਆਧਾਰ 'ਤੇ ਜਾਂਚ ਅੱਗੇ ਵਧ ਰਹੀ ਹੈ। ਕੇਸ ਵਿੱਚ ਮਿਲੀ ਨਵੀਂ ਜਾਣਕਾਰੀ ਦੇ ਆਧਾਰ 'ਤੇ ਬਿਕਰਮ ਮਜੀਠੀਆ ਨੂੰ ਤਸਦੀਕ ਲਈ ਵੱਖ-ਵੱਖ ਸਥਾਨਾਂ 'ਤੇ ਲਿਜਾਇਆ ਜਾਵੇਗਾ। ਦੱਸ ਦਈਏ ਕਿ ਬੀਤੀ 25 ਜੂਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਨੇ ਹਿਰਾਸਤ ਵਿਚ ਲਿਆ ਸੀ। ਬੁੱਧਵਾਰ ਸਵੇਰੇ 15 ਅਧਿਕਾਰੀਆਂ ਦੀ ਟੀਮ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਗ੍ਰੀਨ ਐਵੇਨਿਊ ਸਥਿਤ ਘਰ ਪਹੁੰਚੀ। ਵਿਜੀਲੈਂਸ ਦੇ ਐੱਸ.ਐੱਸ.ਪੀ. ਲਖਬੀਰ ਸਿੰਘ ਦੀ ਅਗਵਾਈ ਵਿਚ ਟੀਮ ਮਜੀਠੀਆ ਦੇ ਘਰ ਪਹੁੰਚੀ ਅਤੇ ਰੇਡ ਕੀਤੀ। ਇਹ ਰੇਡ ਨਸ਼ੇ ਦੇ ਮਾਮਲੇ ਵਿਚ ਕੀਤੀ ਗਈ ਸੀ।

### ਮਜੀਠੀਆ ਦੇ ਘਰ ਰਹਿੰਦੇ ਸੀ ਤਸਕਰ ਸੱਤਪ੍ਰੀਤ ਸੱਤਾ ਤੇ ਪਰਮਿੰਦਰ ਪਿੰਦੀ: ਬੋਨੀ ਅਜਨਾਲਾ

ਮੋਹਾਲੀ,29 ਜੂਨ (ਚੜ੍ਹਦੀਕਲਾ ਬਿਊਰੋ) : ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ 'ਚ ਦਿਨੋਂ-ਦਿਨ ਵਾਧਾ ਹੁੰਦਾ ਦਿਖਾਈ ਦੇ ਰਿਹਾ ਹੈ। ਅੱਜ ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਬੋਨੀ ਅਜਨਾਲਾ ਵਿਜੀਲੈਂਸ ਦੇ ਦਫ਼ਤਰ ਪੁੱਜੇ ਅਤੇ ਆਪਣੇ ਬਿਆਨ ਦਰਜ ਕਰਵਾਏ। ਬਿਆਨ ਦਰਜ ਕਰਵਾਉਣ ਤੋਂ ਬਾਅਦ ਉਨ੍ਹਾਂ ਨੇ ਕਿਹਾ ਹੈ ਕਿ 2013 ਵਿੱਚ ਡਰੱਗ ਮਾਫੀਆ ਤੇ ਅਕਾਲੀ ਦਲ ਦੀ ਲੋਕਲ ਲੀਡਰਸ਼ਿਪ ਦੀ ਗੁੰਡਾਗਰਦੀ (ਬਾਕੀ ਸਫਾ 2 'ਤੇ)

### ਮਾਨ ਸਰਕਾਰ ਦੀ ਵੱਡੀ ਕਾਰਵਾਈ

## ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ 5 ਸਾਲਾਂ ਲਈ ਪਾਰਟੀ 'ਚੋਂ ਕੱਢਿਆ

ਬਬਲੂ ਮਹਾਜਨ

================



ਅੰਮ੍ਰਿਤਸਰ, 29 ਜੂਨ :ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੱਡਾ ਐਕਸ਼ਨ ਲੈਂਦੇ ਹੋਏ ਪਾਰਟੀ ਦੇ ਮੌਜੂਦਾ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ 5 ਸਾਲਾਂ ਲਈ ਪਾਰਟੀ 'ਚੋਂ ਬਾਹਰ ਕੱਢ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਵਿਜੀਲੈਂਸ ਐਕਸ਼ਨ 'ਤੇ ਸਵਾਲ ਕਰਨ ਮਗਰੋਂ ਹੀ ਉਨ੍ਹਾਂ ਖ਼ਿਲਾਫ਼ ਇਹ ਵੱਡਾ ਫ਼ੈਸਲਾ ਲਿਆ ਗਿਆ ਹੈ। ਇਸ ਵੱਡੇ ਫ਼ੈਸਲੇ ਨਾਲ ਮਾਨ ਸਰਕਾਰ ਨੇ ਸਾਫ਼ ਸੁਨੇਹਾ ਦਿੱਤਾ ਹੈ ਕਿ ਡਰੱਗਜ਼ ਦੇ ਖ਼ਿਲਾਫ਼ ਮੁਹਿੰਮ 'ਚ ਸਿਆਸਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੋ ਵੀ ਇਸ 'ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰੇਗਾ, ਉਸ ਦੀ ਪਾਰਟੀ 'ਚ ਕੋਈ ਥਾਂ ਨਹੀਂ ਹੈ। ਇਸ ਦੇ ਤਹਿਤ ਆਮ ਆਦਮੀ ਪਾਰਟੀ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ 5 ਸਾਲਾਂ ਲਈ ਪਾਰਟੀ 'ਚੋਂ ਬਾਹਰ ਕੱਢ ਦਿੱਤਾ ਹੈ। ਦੱਸਣਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮਜੀਠੀਆ ਖ਼ਿਲਾਫ਼ ਕਾਰਵਾਈ 'ਤੇ ਸਵਾਲ ਚੁੱਕੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਮਜੀਠੀਆ ਜੇਲ੍ਹ 'ਚ ਸੀ ਤਾਂ ਮਾਨ ਸਰਕਾਰ ਨੇ ਪੁੱਛਗਿੱਛ ਨਹੀਂ ਕੀਤੀ ਅਤੇ ਜ਼ਮਾਨਤ ਕਰਵਾ ਦਿੱਤੀ। ਉਨ੍ਹਾਂ ਕਿਹਾ ਸੀ ਕਿ ਜਦੋਂ ਕਾਂਗਰਸ ਵੇਲੇ ਦਰਜ ਹੋਏ ਮੁਕੱਦਮੇ 'ਚ ਮਜੀਠੀਆ ਜੇਲ੍ਹ 'ਚ ਸੀ ਤਾਂ ਮਾਨ ਸਰਕਾਰ ਨੇ ਕੋਈ ਰਿਮਾਂਡ ਨਹੀਂ ਲਿਆ ਅਤੇ ਫਿਰ ਉਸ ਦੀ ਜ਼ਮਾਨਤ ਕਰਵਾ ਦਿੱਤੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਤੜਕੇ ਕਿਸੇ ਦੇ ਘਰ ਛਾਪੇਮਾਰੀ ਕਰਨਾ ਨੀਤੀ ਦੇ ਖ਼ਿਲਾਫ਼ ਹੁੰਦਾ ਹੈ।

### ਤ੍ਰਿਪੁਰਾ 'ਚ ਇੱਕ ਸਕੂਲ ਦੇ 11 ਵਿਦਿਆਰਥੀ ਕੋਰੋਨਾ ਪਾਜ਼ੇਟਿਵ !

ਅਗਰਤਲਾ,29 ਜੂਨ (ਚੜ੍ਹਦੀਕਲਾ ਬਿਊਰੋ) : ਦੇਸ਼ ਵਿਚ ਕੋਰੋਨਾ ਦੇ ਮਾਮਲੇ ਅਜੇ ਵੀ ਰੁਕੇ ਨਹੀਂ ਹਨ। ਹੁਣ ਸਿਪਾਹੀਜਾਲਾ ਜ਼ਿਲ੍ਹੇ ਦੇ ਜਵਾਹਰ ਨਵੋਦਿਆ ਵਿਦਿਆਲਿਆ ਦੇ ਪ੍ਰਬੰਧਨ ਨੇ ਐਤਵਾਰ ਨੂੰ 11 ਵਿਦਿਆਰਥੀਆਂ ਨੂੰ ਕੋਵਿਡ-19 ਲਈ ਸਕਾਰਾਤਮਕ ਟੈਸਟ ਕਰਨ ਤੋਂ ਬਾਅਦ ਘਰ 'ਚ ਇਕਾਂਤਵਾਸ ਲਈ ਭੇਜਿਆ। ਸਿਪਾਹੀਜਾਲਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਡਾ. ਸਿਧਾਰਥ ਸ਼ਿਵ ਜੈਸਵਾਲ ਨੇ ਕਿਹਾ ਕਿ ਸੰਕਰਮਿਤ ਵਿਦਿਆਰਥੀਆਂ ਨੇ ਸ਼ੁਰੂਆਤੀ ਇਲਾਜ ਸਬੰਧੀ ਅਹਿਤਿਆਤ ਨਹੀਂ ਵਰਤੀ, ਇਸ ਲਈ ਉਨ੍ਹਾਂ ਨੂੰ ਘਰ ਭੇਜਣ ਦਾ ਫੈਸਲਾ ਐਤਵਾਰ ਨੂੰ ਲਿਆ ਗਿਆ। ਡਾ. ਜੈਸਵਾਲ ਨੇ ਕਿਹਾ ਕਿ ਸੰਕਰਮਿਤ ਵਿਦਿਆਰਥੀਆਂ ਵਿੱਚ ਕੋਈ ਗੰਭੀਰ ਕੇਸ ਨਹੀਂ ਹੈ ਅਤੇ ਉਹ ਦੋ ਹਫ਼ਤਿਆਂ ਦੀ ਇਕਾਂਤਵਾਸ ਦੀ ਮਿਆਦ ਪੂਰੀ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸਕੂਲ ਦੇ ਕੰਪਲੈਕਸ ਤੇ ਹੋਸਟਲ ਨੂੰ ਸੈਨੇਟਾਈਜ਼ ਕਰ ਦਿੱਤਾ ਹੈ।

## ਪੁਰੀ 'ਚ ਜਗਨਨਾਥ ਰੱਥ ਯਾਤਰਾ ਦੌਰਾਨ ਮਚੀ ਭਾਜੜ ਵਿੱਚ 3 ਮੌਤਾਂ, 50 ਜ਼ਖ਼ਮੀ



ਚੜ੍ਹਦੀਕਲਾ ਬਿਊਰੋ

================

ਪੁਰੀ, 29 ਜੂਨ : ਓਡੀਸ਼ਾ ਦੇ ਪੁਰੀ ਵਿਚ ਜਗਨਨਾਥ ਰੱਥ ਯਾਤਰਾ ਦੇ ਬਾਅਦ ਅੱਜ ਭਗਦੜ ਮਚ ਗਈ। ਇਸ ਵਿਚ 3 ਲੋਕਾਂ ਦੀ ਮੌਤ ਹੋ ਗਈ ਜਦੋਂ ਕਿ 50 ਜ਼ਖਮੀ ਹੋ ਗਏ। ਜ਼ਖਮੀਆਂ ਵਿਚ 6 ਦੀ ਹਾਲਤ ਗੰਭੀਰ ਹੈ। ਹਾਦਸਾ ਜਗਨਨਾਥ ਮੰਦਰ ਤੋਂ ਲਗਭਗ 3 ਕਿਲੋਮੀਟਰ ਦੂਰ ਗੁੰਡਿਚਾ ਮੰਦਰ ਦੇ ਸਾਹਮਣੇ ਹੋਇਆ। ਇਥੇ ਭਗਵਾਨ ਜਗਨਨਾਥ ਦੇ ਨੰਦੀਘੋਸ਼ ਰਥ ਦੇ ਦਰਸ਼ਨ ਕਰਨ ਲਈ ਭਾਰੀ ਭੀੜ ਇਕੱਠੀ ਹੋਈ ਸੀ। ਇਸੇ ਦੌਰਾਨ ਭਗਦੜ ਮਚੀ। ਸੀ.ਐੱਮ. ਮੋਹਨ ਚਰਨ ਮਾਝੀ ਨੇ ਘਟਨਾ 'ਤੇ ਮੁਆਫ਼ੀ ਮੰਗੀ (ਬਾਕੀ ਸਫਾ 2 'ਤੇ)

### ਭਾਜੜ ਦੀ ਘਟਨਾ ਬਹੁਤ ਦੁਖਦ: ਰਾਹੁਲ ਗਾਂਧੀ

ਪੁਰੀ,29 ਜੂਨ (ਚੜ੍ਹਦੀਕਲਾ ਬਿਊਰੋ) : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਪੁਰੀ ਵਿਚ ਇਕ ਮੰਦਰ ਕੋਲ ਮਚੀ ਭਾਜੜ ਦੀ ਘਟਨਾ ਨੂੰ ਬਹੁਤ ਦੁਖਦ ਦੱਸਿਆ ਅਤੇ ਓਡੀਸ਼ਾ ਸਰਕਾਰ ਤੋਂ ਰਾਹਤ ਕੋਸ਼ਿਸ਼ਾਂ ਵਿਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਐਤਵਾਰ ਸਵੇਰੇ ਸ਼੍ਰੀ ਗੁੰਡੀਚਾ ਮੰਦਰ ਕੋਲ ਭਾਜੜ ਮਚਣ ਨਾਲ ਦੋ ਔਰਤਾਂ ਸਮੇਤ 3 ਲੋਕਾਂ ਦੀ ਮੌਤ ਹੋ ਗਈ ਅਤੇ ਲੱਗਭਗ 50 ਹੋਰ ਜ਼ਖ਼ਮੀ ਹੋ ਗਏ। ਰਾਹੁਲ ਗਾਂਧੀ ਨੇ ਕਾਂਗਰਸ ਵਰਕਰਾਂ ਨੂੰ ਰਾਹਤ ਕੋਸ਼ਿਸ਼ਾਂ ਵਿਚ ਹਰ ਸੰਭਵ ਮਦਦ ਦੇਣ ਦੀ ਅਪੀਲ ਵੀ ਕੀਤੀ। ਲੋਕ ਸਭਾ (ਬਾਕੀ ਸਫਾ 2 'ਤੇ)

### ਮਜੀਠੀਆ ਮਾਮਲੇ 'ਚ ਸਾਬਕਾ ਪੀਏ ਤੋਂ ਵਿਜੀਲੈਂਸ ਵੱਲੋਂ ਪੁੱਛਗਿੱਛ

ਅੰਮ੍ਰਿਤਸਰ,29 ਜੂਨ (ਚੜ੍ਹਦੀਕਲਾ ਬਿਊਰੋ) : ਆਮ ਆਦਮੀ ਪਾਰਟੀ ਦੇ ਆਗੂ ਅਤੇ ਦੱਖਣੀ ਹਲਕੇ ਤੋਂ ਵਿਧਾਨ ਸਭਾ ਉਮੀਦਵਾਰ ਰਹਿ ਚੁੱਕੇ ਤਲਬੀਰ ਸਿੰਘ ਗਿੱਲ ਨੇ ਐਤਵਾਰ ਸ਼ਾਮ ਨੂੰ ਵਿਜੀਲੈਂਸ ਕੋਲ ਆਪਣਾ ਬਿਆਨ ਦਰਜ ਕਰਵਾਇਆ। ਤਲਬੀਰ ਸਿੰਘ ਨੂੰ ਦੁਪਹਿਰ 2 ਵਜੇ ਕਚਹਿਰੀ ਚੌਂਕ ਨੇੜੇ ਜੀਓ ਮੈੱਸ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ ਪਰ ਨਿੱਜੀ ਰੁਝੇਵਿਆਂ ਕਾਰਨ ਉਹ ਸ਼ਾਮ 4:15 ਵਜੇ ਪਹੁੰਚੇ ਅਤੇ ਸ਼ਾਮ 5:45 ਵਜੇ ਜੀਓ ਮੈੱਸ ਤੋਂ ਬਾਹਰ ਆ ਗਏ। ਜੀਓ ਮੈੱਸ ਤੋਂ ਬਾਹਰ ਆਉਂਦੇ ਹੀ 'ਆਪ' ਆਗੂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਵਿਜੀਲੈਂਸ ਕੋਲ ਆਪਣਾ ਬਿਆਨ ਦਰਜ ਕਰਵਾਇਆ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੇਕਰ ਵਿਜੀਲੈਂਸ ਉਨ੍ਹਾਂ ਨੂੰ ਦੁਬਾਰਾ ਬੁਲਾਉਂਦੀ ਹੈ ਤਾਂ ਵੀ ਉਹ ਪੁਲਿਸ ਨਾਲ ਪੂਰਾ ਸਹਿਯੋਗ ਕਰਨਗੇ। ਤਲਬੀਰ ਨੇ ਕਿਹਾ ਕਿ ਕਿਉਂਕਿ ਮਾਮਲਾ ਗੰਭੀਰ ਹੈ, (ਬਾਕੀ ਸਫਾ 2 'ਤੇ)

## ਪਾਕਿਸਤਾਨੀ ਮਾਲ ਲਿਜਾਣ ਵਾਲੇ ਸਮੁੰਦਰੀ ਜਹਾਜ਼ਾਂ 'ਤੇ ਭਾਰਤ ਦੀ ਪਾਬੰਦੀ ਨਾਲ ਵਪਾਰੀਆਂ 'ਚ ਮਚੀ ਹਾਹਾਕਾਰ: ਰਿਪੋਰਟ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 29 ਜੂਨ : ਭਾਰਤ ਵਲੋਂ ਪਾਕਿਸਤਾਨੀ ਸਾਮਾਨ ਲਿਜਾਣ ਵਾਲੇ ਸਮੁੰਦਰੀ ਜਹਾਜ਼ਾਂ ਨੂੰ ਆਪਣੀਆਂ ਬੰਦਰਗਾਹਾਂ ਉਤੇ ਲੰਗਰ ਲਾਉਣ ਉਤੇ ਪਾਬੰਦੀ ਲਗਾਉਣ ਨਾਲ ਗੁਆਂਢੀ ਦੇਸ਼ ਦੇ ਮਾਲ ਭਾੜੇ ਅਤੇ ਆਵਾਜਾਈ ਦੇ ਸਮੇਂ 'ਚ ਵਾਧਾ ਹੋਇਆ ਹੈ। ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਆਉਣ ਵਾਲੇ ਜਾਂ ਨਿਰਯਾਤ ਕੀਤੇ ਜਾਣ ਵਾਲੇ ਸਾਮਾਨ ਦੇ ਸਿੱਧੇ ਜਾਂ ਅਸਿੱਧੇ ਆਯਾਤ ਜਾਂ ਆਵਾਜਾਈ ਉਤੇ 2 ਮਈ, 2025 ਤੋਂ ਵਿਆਪਕ ਪਾਬੰਦੀ ਲਗਾ ਦਿਤੀ ਸੀ। ਪਾਕਿਸਤਾਨ ਦੀ ਅਖ਼ਬਾਰ ਨੇ ਐਤਵਾਰ ਨੂੰ ਖ਼ਬਰ ਦਿਤੀ ਕਿ ਪਾਕਿਸਤਾਨੀ ਆਯਾਤਕਾਂ ਨੇ ਕਿਹਾ ਹੈ ਕਿ ਭਾਰਤੀ ਪਾਬੰਦੀ ਦੇ ਨਤੀਜੇ ਵਜੋਂ ਢੋਆ-ਢੁਆਈ ਦਾ ਸਮਾਂ ਲੰਬਾ ਹੋ ਗਿਆ ਹੈ ਅਤੇ ਮਾਲ-ਭਾੜੇ ਵੱਧ ਗਏ ਹਨ। (ਬਾਕੀ ਸਫਾ 2 'ਤੇ)

### ਪਾਈਪਲਾਈਨ ਖੋਦਣ ਸਮੇਂ ਮਿੱਟੀ ਡਿੱਗਣ ਕਾਰਨ 4 ਮੌਤਾਂ

ਜੈਪੁਰ,29 ਜੂਨ (ਚੜ੍ਹਦੀਕਲਾ ਬਿਊਰੋ) : ਰਾਜਸਥਾਨ ਦੇ ਭਰਤਪੁਰ ਵਿੱਚ ਐਤਵਾਰ ਸਵੇਰੇ ਪਾਈਪਲਾਈਨ ਖੋਦਣ ਦੌਰਾਨ ਮਿੱਟੀ ਡਿੱਗਣ ਕਾਰਨ 4 ਮਜ਼ਦੂਰਾਂ ਦੀ ਮੌਤ ਹੋ ਗਈ, ਜਦੋਂ ਕਿ 6 ਹੋਰਾਂ ਨੂੰ ਰੈਸਕਿਊ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ ਦੇ ਅਨੁਸਾਰ, ਜੰਗੀ ਕਾ ਨਾਗਲਾ ਪਿੰਡ ਨੇੜੇ ਪਾਈਪਲਾਈਨ ਵਿਛਾਉਣ ਲਈ ਪੁੱਟੇ ਗਏ 10 ਫੁੱਟ ਡੂੰਘੇ ਟੋਏ ਨੂੰ ਭਰ ਰਹੇ ਸਨ, ਜਦੋਂ ਮਿੱਟੀ ਡਿੱਗ ਗਈ, ਜਿਸ ਕਾਰਨ 10 ਮਜ਼ਦੂਰ ਮਿੱਟੀ ਹੇਠਾਂ ਦੱਬ ਗਏ। ਪੁਲਿਸ ਨੇ ਕਿਹਾ ਕਿ ਚੀਕਾਂ ਸੁਣ ਕੇ ਹੋਰ ਮਜ਼ਦੂਰਾਂ ਅਤੇ ਪ੍ਰੋਜੈਕਟ ਕਰਮਚਾਰੀਆਂ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ, ਪਰ ਮਿੱਟੀ ਦੀ ਡੂੰਘਾਈ ਅਤੇ ਭਾਰੀ ਹੋਣ ਕਾਰਨ ਤੁਰੰਤ ਕੋਸ਼ਿਸ਼ਾਂ ਮੁਸ਼ਕਿਲ ਹੋ ਗਈਆਂ ਸਨ। ਸੂਚਨਾ ਮਿਲਦੇ ਹੀ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਅਤੇ (ਬਾਕੀ ਸਫਾ 2 'ਤੇ)

## ਹਿੰਦੀ ਦੇ ਵਿਰੋਧੀ ਨਹੀਂ ਹਾਂ ਪਰ ਇਸ ਨੂੰ ਥੋਪਣ ਦੇ ਖ਼ਿਲਾਫ਼ ਹਾਂ: ਊਧਵ ਠਾਕਰੇ



ਚੜ੍ਹਦੀਕਲਾ ਬਿਊਰੋ

================

ਮੁੰਬਈ, 29 ਜੂਨ :ਸ਼ਿਵ ਸੈਨਾ (ਯੂ.ਬੀ.ਟੀ.) ਮੁਖੀ ਊਧਵ ਠਾਕਰੇ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਿੰਦੀ ਦਾ ਵਿਰੋਧ ਨਹੀਂ ਕਰਦੀ ਬਲਕਿ ਇਸ ਨੂੰ 'ਥੋਪੇ ਜਾਣ' ਦੇ ਖ਼ਿਲਾਫ਼ ਹੈ। ਦੱਖਣੀ ਮੁੰਬਈ 'ਚ ਇੱਕ ਵਿਰੋਧ ਪ੍ਰਦਰਸ਼ਨ ਮਗਰੋਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਠਾਕਰੇ ਨੇ ਇਹ ਟਿੱਪਣੀ ਕੀਤੀ। ਇਸ ਪ੍ਰਦਰਸ਼ਨ ਦੌਰਾਨ 17 ਜੂਨ ਦੇ ਹੁਕਮ ਦੀਆਂ ਕਾਪੀਆਂ ਸਾੜੀਆਂ ਗਈਆਂ ਜਿਸ ਵਿੱਚ ਸਕੂਲਾਂ ਲਈ ਤਿੰਨ ਭਾਸ਼ਾ ਨੀਤੀ ਸਬੰਧੀ ਨਿਰਦੇਸ਼ ਜਾਰੀ ਕੀਤੇ ਗਏ ਸਨ। ਸ਼ਿਵ ਸੈਨਾ (ਊਧਵ ਬਾਲ ਠਾਕਰੇ) ਨੇ ਪੂਰੇ ਸੂਬੇ 'ਚ ਅਜਿਹੇ ਪ੍ਰਦਰਸ਼ਨ ਕੀਤੇ। ਊਧਵ ਠਾਕਰੇ ਨੇ ਆਖਿਆ, (ਬਾਕੀ ਸਫਾ 2 'ਤੇ)

## ਦੇਸ਼ 'ਚ ਮੌਸਮ ਦਾ ਬਦਲਿਆ ਮਿਜਾਜ਼, 9 ਦਿਨ ਪਹਿਲਾਂ ਪੁੱਜਾ ਮਾਨਸੂਨ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 29 ਜੂਨ : ਦੇਸ਼ ਵਿੱਚ ਮੌਨਸੂਨ ਦਾ ਇੰਤਜ਼ਾਰ ਖਤਮ ਹੋ ਗਿਆ ਹੈ। ਮੌਨਸੂਨ 29 ਜੂਨ ਨੂੰ ਰਾਜਧਾਨੀ ਦਿੱਲੀ ਵਿੱਚ ਦੋ ਦਿਨ ਦੀ ਦੇਰੀ ਨਾਲ ਪਹੁੰਚਿਆ। ਇਸ ਦੇ ਨਾਲ ਹੀ ਇਹ ਦੇਸ਼ ਦੇ ਬਾਕੀ ਹਿੱਸਿਆਂ ਵਿੱਚ 8 ਜੁਲਾਈ ਦੀ ਆਮ ਤਾਰੀਖ ਤੋਂ ਨੌਂ ਦਿਨ ਪਹਿਲਾਂ ਪਹੁੰਚਿਆ।

ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਮੌਨਸੂਨ ਦੇ ਆਉਣ ਦੇ ਨਾਲ ਮੀਂਹ (ਰੇਨ ਅਲਰਟ) ਦਾ ਦੌਰ ਸ਼ੁਰੂ ਹੋ ਗਿਆ ਹੈ। ਮੀਂਹ ਕਾਰਨ ਲੋਕਾਂ ਨੂੰ ਨਮੀ ਵਾਲੀ ਗਰਮੀ ਤੋਂ ਰਾਹਤ ਮਿਲੀ ਹੈ। ਜਿੱਥੇ ਇੱਕ ਪਾਸੇ ਦੇਸ਼ ਦੇ ਕਈ ਰਾਜਾਂ ਵਿੱਚ ਭਾਰੀ ਮੀਂਹ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ, ਉੱਥੇ ਦੂਜੇ ਪਾਸੇ ਕੁਝ ਥਾਵਾਂ 'ਤੇ ਪਾਣੀ ਭਰਨ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਮੌਸਮ ਵਿਭਾਗ (ਆਈ.ਐਮ.ਡੀ.) ਦੇ ਅਨੁਸਾਰ, ਸਾਲ 2020 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਮੌਨਸੂਨ ਸਮੇਂ ਤੋਂ ਪਹਿਲਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਦਾਖਲ ਹੋਇਆ ਹੈ।

ਇੱਕ ਬਿਆਨ ਵਿੱਚ ਆਈਐਮਡੀ ਨੇ ਕਿਹਾ ਕਿ ਮੌਨਸੂਨ ਅੱਜ 29 ਜੂਨ 2025 ਨੂੰ ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੇ ਬਾਕੀ ਹਿੱਸਿਆਂ ਅਤੇ ਪੂਰੀ ਦਿੱਲੀ ਵਿੱਚ ਅੱਗੇ ਵਧ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਅਗਲੇ ਸੱਤ ਦਿਨਾਂ ਵਿੱਚ ਉੱਤਰ-ਪੱਛਮ, ਮੱਧ, ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਜਾਰੀ ਰਹਿਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ ਕਿਹਾ ਕਿ ਝਾਰਖੰਡ ਦੇ ਕੁਝ ਇਲਾਕਿਆਂ ਵਿੱਚ ਜੂਨ ਨੂੰ ਬਹੁਤ ਭਾਰੀ ਬਾਰਿਸ਼ ਹੋ ਸਕਦੀ ਹੈ। (ਬਾਕੀ ਸਫਾ 2 'ਤੇ)

### ਉੱਤਰਕਾਸ਼ੀ 'ਚ ਬੱਦਲ ਫਟਣ ਕਾਰਨ 2 ਮਜ਼ਦੂਰਾਂ ਦੀ ਮੌਤ, 7 ਲੋਕ ਲਾਪਤਾ

ਦੇਹਰਾਦੂਨ,29 ਜੂਨ (ਚੜ੍ਹਦੀਕਲਾ ਬਿਊਰੋ) : ਲਗਾਤਾਰ ਬਾਰਸ਼ ਦੌਰਾਨ, ਐਤਵਾਰ ਸਵੇਰੇ ਉੱਤਰਕਾਸ਼ੀ ਜ਼ਿਲ੍ਹੇ ਦੇ ਯਮੁਨੋਤਰੀ ਰਾਸ਼ਟਰੀ ਰਾਜਮਾਰਗ 'ਤੇ ਬਾਰਕੋਟ ਖੇਤਰ ਵਿੱਚ ਪਾਲੀਗੜ੍ਹ ਅਤੇ ਓਜਰੀ ਡਾਬਰਕੋਟ ਦੇ ਵਿਚਕਾਰ ਸਿਲਾਈਬੰਦ ਨੇੜੇ ਬੱਦਲ ਫਟਣ ਕਾਰਨ 2 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 7 ਹੋਰ ਲਾਪਤਾ ਹੋ ਗਏ। ਇਸ ਦੌਰਾਨ, ਰਾਜ ਵਿੱਚ ਮੀਂਹ ਅਤੇ ਜ਼ਮੀਨ ਖਿਸਕਣ ਸਮੇਤ ਹੋਰ ਕੁਦਰਤੀ ਆਫ਼ਤਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਚਾਰਧਾਮ ਯਾਤਰਾ ਨੂੰ 24 ਘੰਟਿਆਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। (ਬਾਕੀ ਸਫਾ 2 'ਤੇ)

## ਭਾਰਤ ਵੱਲੋਂ 2030 ਤੱਕ ਇੱਕ ਅਰਬ ਡਾਲਰ ਮੁੱਲ ਦੀ ਹਲਦੀ ਬਰਾਮਦ ਦਾ ਟੀਚਾ: ਸ਼ਾਹ

ਚੜ੍ਹਦੀਕਲਾ ਬਿਊਰੋ

================



ਹੈਦਰਾਬਾਦ, 29 ਜੂਨ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਕੇਂਦਰ ਨੇ 2030 ਤੱਕ ਇੱਕ ਅਰਬ ਡਾਲਰ ਮੁੱਲ ਦੀ ਹਲਦੀ ਦੀ ਬਰਾਮਦ ਦਾ ਟੀਚਾ ਤੈਅ ਕੀਤਾ ਹੈ। ਉਨ੍ਹਾਂ ਨੇ ਇਹ ਗੱਲ ਅੱਜ ਨਿਜ਼ਾਮਾਬਾਦ 'ਚ ਕੌਮੀ ਹਲਦੀ ਬੋਰਡ ਹੈੱਡਕੁਆਰਟਰ ਦਾ ਉਦਘਾਟਨ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਆਖੀ। ਉਨ੍ਹਾਂ ਕਿਹਾ ਕਿ ਬੋਰਡ ਹਲਦੀ ਦੀ ਪੈਕਿੰਗ, ਬ੍ਰਾਂਡਿੰਗ, ਮਾਰਕੀਟਿੰਗ ਅਤੇ ਬਰਾਮਦ 'ਤੇ ਧਿਆਨ ਕੇਂਦਰਿਤ ਕਰੇਗਾ। ਸ਼ਾਹ ਮੁਤਾਬਕ ਹਲਦੀ ਬੋਰਡ ਖੋਜ ਅਤੇ ਵਿਕਾਸ ਤੋਂ ਇਲਾਵਾ ਕਿਸਾਨਾਂ ਲਈ ਲਾਹੇਵੰਦ ਕੀਮਤਾਂ 'ਤੇ ਉਨ੍ਹਾਂ ਦੀ ਉਪਜ ਦੀ ਬਰਾਮਦ ਯਕੀਨੀ ਬਣਾਉਣ ਲਈ ਕੰਮ ਕਰੇਗਾ।ਉਨ੍ਹਾਂ ਕਿਹਾ; "ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਰਤ ਸਰਕਾਰ ਨੇ 2030 ਤੱਕ ਇੱਕ ਅਰਬ ਡਾਲਰ ਦੀ ਹਲਦੀ ਬਰਾਮਦ ਕਰਨ ਦਾ ਟੀਚਾ ਰੱਖਿਆ ਹੈ। ਇਹ ਟੀਚਾ ਹਾਸਲ ਕਰਨ ਲਈ ਤਿਆਰੀਆਂ ਵੀ ਕਰ ਲਈਆਂ ਗਈਆਂ ਹਨ। (ਹਲਦੀ) ਬੋਰਡ ਇਹ ਯਕੀਨੀ ਬਣਾਉਣ ਲਈ ਕੰਮ ਕਰੇਗਾ ਕਿ ਕਿਸਾਨਾਂ ਨੂੰ ਹਲਦੀ ਦੀ (ਬਾਕੀ ਸਫਾ 2 'ਤੇ)

# ਜੰਮੂ-ਕਸ਼ਮੀਰ 'ਚ ਭ੍ਰਿਸ਼ਟਾਚਾਰ ਵਿਰੁੱਧ ਈ.ਡੀ. ਦੀ ਵੱਡੀ ਕਾਰਵਾਈ, ਕਰੋੜਾਂ ਦੀ ਗੈਰ-ਕਾਨੂੰਨੀ ਜਾਇਦਾਦ ਸੀਲ




ਊਧਮਪੁਰ, 29 ਜੂਨ (ਚ.ਨ.ਸ.) : ਜੰਮੂ-ਕਸ਼ਮੀਰ ਦੇ ਮਸ਼ਹੂਰ ਸੈਰ-ਸਪਾਟਾ ਸਥਾਨ ਪਟਨੀਟੌਪ ਤੋਂ ਇੱਕ ਵੱਡਾ ਹੋਟਲ ਘੁਟਾਲਾ ਸਾਹਮਣੇ ਆਇਆ ਹੈ। ਜਿੱਥੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ ) ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਸਖ਼ਤ ਕਾਰਵਾਈ ਕੀਤੀ ਹੈ ਅਤੇ ਲੱਗਭੱਗ 15.78 ਕਰੋੜ ਰੁਪਏ ਦੀ ਅਚੱਲ ਜਾਇਦਾਦ ਨੂੰ ਅਸਥਾਈ ਤੌਰ 'ਤੇ ਜ਼ਬਤ ਕਰ ਲਿਆ ਹੈ। ਇਹ ਕਾਰਵਾਈ ਪਟਨੀਟੌਪ ਵਿਕਾਸ ਅਥਾਰਟੀ (ਪੀ.ਡੀ.ਏ.) ਨਾਲ ਸਬੰਧਤ ਇੱਕ ਵੱਡੇ ਭ੍ਰਿਸ਼ਟਾਚਾਰ ਦੀ ਜਾਂਚ ਦੌਰਾਨ ਕੀਤੀ ਗਈ ਹੈ।

ਈਡੀ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪਟਨੀਟੌਪ ਦੇ ਹਰੇ ਭਰੇ ਸੈਲਾਨੀ ਖੇਤਰ ਵਿੱਚ ਬਣੇ ਹੋਟਲਾਂ (ਹੋਟਲ ਪਾਈਨ ਹੈਰੀਟੇਜ਼, ਹੋਟਲ ਡ੍ਰੀਮ ਲੈਂਡ ਅਤੇ ਹੋਟਲ ਸ਼ਾਹੀ ਸੰਤੂਰ) ਨੇ ਨਿਯਮਾਂ ਦੀ ਉਲੰਘਣਾ ਕੀਤੀ, ਨਕਸ਼ੇ ਤੋਂ ਬਾਹਰ ਗੈਰ-ਕਾਨੂੰਨੀ ਉਸਾਰੀ ਕੀਤੀ ਅਤੇ ਵਰਜਿਤ ਖੇਤਰਾਂ ਵਿੱਚ ਕਾਰੋਬਾਰ ਚਲਾ ਕੇ ਭਾਰੀ ਮੁਨਾਫ਼ਾ ਕਮਾਇਆ।

ਇਹ ਹੋਟਲ ਸੰਘਣੇ ਜੰਗਲ, ਖੇਤੀਬਾੜੀ ਜ਼ਮੀਨ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਬਿਨਾਂ ਇਜਾਜ਼ਤ ਦੇ ਬਣਾਏ ਗਏ ਸਨ। ਇੰਨਾ ਹੀ ਨਹੀਂ, ਅਧਿਕਾਰੀਆਂ ਨੇ ਜਾਣਬੁੱਝ ਕੇ ਇਨ੍ਹਾਂ ਬੇਨਿਯਮੀਆਂ ਵੱਲ ਅੱਖਾਂ ਮੀਟ ਲਈਆਂ। ਈਡੀ ਨੇ ਸੀਬੀਆਈ ਅਤੇ ਏਸੀਬੀ ਜੰਮੂ ਵੱਲੋਂ ਦਰਜ ਐਫਆਈਆਰ ਦੇ ਆਧਾਰ 'ਤੇ ਕਾਰਵਾਈ ਕੀਤੀ।

ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਇਹ ਸਭ ਕੁਝ ਪੀਡੀਏ ਦੇ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਸੰਭਵ ਹੋਇਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਈਡੀ ਨੇ ਜਨਵਰੀ 2025 ਵਿੱਚ ਹੋਟਲ ਟ੍ਰਿਨੀਟਰ ਰਿਜ਼ੋਰਟਸ ਅਤੇ ਹੋਟਲ ਗ੍ਰੀਨ ਆਰਚਿਡ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਸਨ, ਜਿਨ੍ਹਾਂ ਦੀ ਕੀਮਤ ਲੱਗਭੱਗ 14.93 ਕਰੋੜ ਰੁਪਏ ਦੱਸੀ ਗਈ ਸੀ। ਹੁਣ ਤੱਕ ਕੁੱਲ 30 ਕਰੋੜ ਰੁਪਏ ਤੋਂ ਵੱਧ ਦੀ ਗੈਰ-ਕਾਨੂੰਨੀ ਜਾਇਦਾਦ ਈਡੀ ਦੀ ਪਕੜ ਵਿੱਚ ਆ ਚੁੱਕੀ ਹੈ। ਸੂਤਰਾਂ ਦੀ ਮੰਨੀਏ ਤਾਂ ਆਉਣ ਵਾਲੇ ਦਿਨਾਂ ਵਿੱਚ ਕੁਝ ਵੱਡੀਆਂ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ ਅਤੇ ਕੁਝ ਵੱਡੇ ਨਾਮ ਇਸ ਕਾਰਵਾਈ ਦੇ ਦਾਇਰੇ ਵਿੱਚ ਆ ਸਕਦੇ ਹਨ। ਜਾਂਚ ਅਜੇ ਵੀ ਜਾਰੀ ਹੈ ਅਤੇ ਇਸ ਘੁਟਾਲੇ ਦੀਆਂ ਹੋਰ ਪਰਤਾਂ ਉਜਾਗਰ ਹੋ ਸਕਦੀਆਂ ਹਨ।

## ਫੈਕਟਰੀ 'ਚ ਅਚਾਨਕ ਲੱਗੀ ਭਿਆਨਕ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

ਨਵੀਂ ਦਿੱਲੀ, 29 ਜੂਨ (ਚ.ਨ.ਸ.) : ਰਾਜੌਰੀ ਦੇ ਜਵਾਹਰ ਨਗਰ ਗਰਿੱਡ ਸਟੇਸ਼ਨ ਦੇ ਨੇੜੇ ਸਥਿਤ ਇੱਕ ਫਰਨੀਚਰ ਫੈਕਟਰੀ ਦੇ ਗੋਦਾਮ 'ਚ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਨਾਲ ਫੈਕਟਰੀ ਮਾਲਕ ਹਾਜੀ ਕਬੀਰ ਦੀ ਵਪਾਰਕ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ।ਚਸ਼ਮਦੀਦਾਂ ਅਨੁਸਾਰ ਅੱਗ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਗੋਦਾਮ 'ਚ ਰੱਖਿਆ ਲੱਖਾਂ ਰੁਪਏ ਦਾ ਸਾਮਾਨ ਕੁਝ ਹੀ ਸਮੇਂ ਵਿੱਚ ਸੜ ਕੇ ਸੁਆਹ ਹੋ ਗਿਆ। ਸਥਾਨਕ ਲੋਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚੀ ਅਤੇ ਕਾਫ਼ੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ, ਪਰ ਮੁੱਢਲੀ ਜਾਂਚ 'ਚ ਸ਼ਾਰਟ ਸਰਕਟ ਨੂੰ ਸੰਭਾਵਿਤ ਕਾਰਨ ਦੱਸਿਆ ਜਾ ਰਿਹਾ ਹੈ।

# ਭਾਰੀ ਮੀਂਹ ਤੋਂ ਬਾਅਦ ਡੁੱਬੇ ਸਕੂਲ 'ਚੋਂ 162 ਵਿਦਿਆਰਥੀਆਂ ਨੂੰ ਸੁਰੱਖਿਅਤ ਕੱਢਿਆ ਬਾਹਰ

## ਸਕੂਲ ਦੀ ਇੱਕ ਮੰਜ਼ਿਲਾ ਇਮਾਰਤ ਪੂਰੀ ਤਰ੍ਹਾਂ ਡੁੱਬ ਗਈ ਸੀ ਅਤੇ ਇਸ ਨੂੰ ਅਗਲੇ ਆਦੇਸ਼ਾਂ ਤੱਕ ਬੰਦ ਕਰ ਦਿੱਤਾ ਗਿਆ

ਰਾਂਚੀ, 29 ਜੂਨ (ਚ.ਨ.ਸ.) : ਪੁਲਿਸ ਅਤੇ ਫਾਇਰ ਵਿਭਾਗ ਦੀਆਂ ਟੀਮਾਂ ਨੇ ਐਤਵਾਰ ਨੂੰ ਝਾਰਖੰਡ ਦੇ ਪੂਰਬੀ ਸਿੰਘਭੂਮ ਜ਼ਿਲ੍ਹੇ ਵਿੱਚ ਭਾਰੀ ਮੀਂਹ ਕਾਰਨ ਡੁੱਬੇ ਇੱਕ ਨਿੱਜੀ ਰਿਹਾਇਸ਼ੀ ਸਕੂਲ ਵਿੱਚੋਂ 162 ਵਿਦਿਆਰਥੀਆਂ ਨੂੰ ਬਚਾਇਆ। ਇੱਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

ਕੋਵਾਲੀ ਥਾਣਾ ਖੇਤਰ ਵਿੱਚ ਹਲਦੀਪੋਖਰ-ਕੋਵਾਲੀ ਸੜਕ 'ਤੇ ਪਾਂਡਰਸੋਲੀ ਵਿਖੇ ਸਥਿਤ ਸਕੂਲ ਵਿੱਚ ਭਾਰੀ ਮੀਂਹ ਕਾਰਨ ਪਾਣੀ ਭਰਨ ਕਾਰਨ ਵਿਦਿਆਰਥੀ ਸ਼ਨੀਵਾਰ ਰਾਤ ਤੋਂ ਫਸੇ ਹੋਏ ਸਨ।

ਪੁਲਿਸ ਸੁਪਰਡੈਂਟ (ਗ੍ਰਾਮੀਣ) ਰਿਸ਼ਭ ਗਰਗ ਨੇ ਦੱਸਿਆ, 'ਸਾਨੂੰ ਸੂਚਨਾ ਮਿਲੀ ਸੀ ਕਿ ਭਾਰੀ ਮੀਂਹ ਕਾਰਨ ਡੁੱਬੇ ਲਵ ਕੁਸ਼ ਰਿਹਾਇਸ਼ੀ ਸਕੂਲ ਵਿੱਚ 162 ਵਿਦਿਆਰਥੀ ਫਸੇ ਹੋਏ ਹਨ, ਜਿਸ ਤੋਂ ਬਾਅਦ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਨੂੰ ਛੱਤ 'ਤੇ ਭੇਜ ਦਿੱਤਾ, ਜਿੱਥੇ ਉਨ੍ਹਾਂ ਨੇ ਰਾਤ ਬਿਤਾਈ।' ਉਨ੍ਹਾਂ ਕਿਹਾ, 'ਅੱਜ ਸਵੇਰੇ ਲਗਭਗ 5.30 ਵਜੇ ਸੂਚਨਾ ਮਿਲਣ 'ਤੇ ਪੁਲਿਸ ਅਧਿਕਾਰੀ ਅਤੇ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚੇ ਅਤੇ ਪਿੰਡ ਵਾਸੀਆਂ ਦੀ ਮੱਦਦ ਨਾਲ ਵਿਦਿਆਰਥੀਆਂ ਨੂੰ ਇੱਕ-ਇੱਕ ਕਰਕੇ ਬਚਾਇਆ ਗਿਆ।' ਗਰਗ ਨੇ ਕਿਹਾ ਕਿ ਇਸ ਬਚਾਅ ਕਾਰਜ ਵਿੱਚ ਕਿਸ਼ਤੀਆਂ ਦੀ ਵੀ ਵਰਤੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ



(ਐਨਡੀਆਰਐਫ) ਟੀਮ ਨੂੰ ਬੁਲਾਇਆ ਗਿਆ ਸੀ। ਹਾਲਾਂਕਿ, ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ, ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਕੋਵਾਲੀ ਪੁਲਿਸ ਸਟੇਸ਼ਨ ਦੇ ਇੰਚਾਰਜ ਧਨੰਜੈ ਪਾਸਵਾਨ ਨੇ ਕਿਹਾ ਕਿ ਸਕੂਲ ਦੀ ਇੱਕ ਮੰਜ਼ਿਲਾ ਇਮਾਰਤ ਪੂਰੀ ਤਰ੍ਹਾਂ ਡੁੱਬ ਗਈ ਸੀ ਅਤੇ ਇਸ ਨੂੰ ਅਗਲੇ ਆਦੇਸ਼ਾਂ ਤੱਕ ਬੰਦ ਕਰ ਦਿੱਤਾ ਗਿਆ ਹੈ।

ਇਸ ਦੌਰਾਨ, ਪੂਰਬੀ ਸਿੰਘਭੂਮ ਅਤੇ ਸਰਾਏਕੇਲਾ-ਖਰਸਾਵਨ ਜ਼ਿਲ੍ਹਾ ਪ੍ਰਸ਼ਾਸਨ ਨੇ ਖਰਖਾਈ ਅਤੇ ਸਵਰਨਰੇਖਾ ਨਦੀਆਂ ਦੇ ਪਾਣੀ ਦੇ ਪੱਧਰ ਵਿੱਚ ਅਚਾਨਕ ਵਾਧੇ ਅਤੇ ਓਡੀਸ਼ਾ ਦੇ ਰਾਏਰੰਗਪੁਰ ਡੈਮ ਤੋਂ ਪਾਣੀ ਛੱਡਣ ਦੀ ਸੰਭਾਵਨਾ ਦੇ ਮੱਦੇਨਜ਼ਰ ਅਲਰਟ ਜਾਰੀ ਕੀਤਾ ਹੈ।

ਪੂਰਬੀ ਸਿੰਘਭੂਮ ਦੇ ਡਿਪਟੀ ਕਮਿਸ਼ਨਰ ਕਰਨ ਸਤਿਆਰਥੀ ਨੇ ਖਰਖਾਈ ਅਤੇ ਸਵਰਨਰੇਖਾ ਨਦੀਆਂ ਦੇ ਤੱਟਵਰਤੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸੁਚੇਤ ਰਹਿਣ ਅਤੇ ਪ੍ਰਸ਼ਾਸਨ ਦੀ ਸਲਾਹ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

ਉਨ੍ਹਾਂ ਨੇ ਉਪ-ਮੰਡਲ ਅਧਿਕਾਰੀਆਂ, ਨਗਰ ਨਿਗਮਾਂ, ਬਲਾਕ ਵਿਕਾਸ ਅਧਿਕਾਰੀਆਂ ਅਤੇ ਜ਼ੋਨਲ ਅਧਿਕਾਰੀਆਂ ਨੂੰ ਸੁਚੇਤ ਰਹਿਣ ਅਤੇ ਆਮ ਲੋਕਾਂ ਨਾਲ ਤਾਲਮੇਲ ਕਰਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸਰਾਏਕੇਲਾ-ਖਰਸਾਵਨ ਦੇ ਡਿਪਟੀ ਕਮਿਸ਼ਨਰ ਨਿਤੀਸ਼ ਕੁਮਾਰ ਸਿੰਘ ਨੇ ਸਬੰਧਤ ਅਧਿਕਾਰੀਆਂ ਨੂੰ ਸੁਚੇਤ ਰਹਿਣ ਅਤੇ ਨਦੀ ਦੇ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਖੇਤਰਾਂ, ਖਾਸ ਕਰ ਕੇ ਨਦੀਆਂ ਅਤੇ ਚੰਦਿਲ ਡੈਮ ਦੇ ਨੇੜੇ ਡੁੱਬੇ ਹੋਏ ਖੇਤਰਾਂ ਦੀ ਪਛਾਣ ਕਰਨ ਅਤੇ ਜਨਤਕ ਘੋਸ਼ਣਾ ਪ੍ਰਣਾਲੀਆਂ ਰਾਹੀਂ ਲੋਕਾਂ ਨੂੰ ਸੁਚੇਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਸਿਵਲ ਸਰਜਨ ਨੂੰ ਸਾਰੇ ਸਿਹਤ ਕੇਂਦਰਾਂ ਨੂੰ ਅਲਰਟ 'ਤੇ ਰੱਖਣ, ਮੋਬਾਈਲ ਮੈਡੀਕਲ ਯੂਨਿਟਾਂ ਅਤੇ ਐਂਬੂਲੈਂਸਾਂ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਹਨ।

ਮੌਸਮ ਵਿਭਾਗ ਨੇ 30 ਜੂਨ ਨੂੰ ਖੁੰਟੀ, ਰਾਂਚੀ, ਰਾਮਗੜ੍ਹ, ਬੋਕਾਰੋ, ਧਨਬਾਦ, ਸਰਾਏਕੇਲਾ-ਖਰਸਾਵਨ ਅਤੇ ਪੱਛਮੀ ਸਿੰਘਭੂਮ ਜ਼ਿਲ੍ਹਿਆਂ ਲਈ 'ਔਰੇਂਜ ਅਲਰਟ' ਜਾਰੀ ਕੀਤਾ ਹੈ, ਜਦੋਂ ਕਿ 1 ਜੁਲਾਈ ਨੂੰ ਗੁਮਲਾ, ਗੜ੍ਹਵਾ, ਪਲਾਮੂ, ਚਤਰਾ, ਲਾਤੇਹਾਰ ਅਤੇ ਲੋਹਰਦਗਾ ਜ਼ਿਲ੍ਹਿਆਂ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ।

ਇਸ ਚੇਤਾਵਨੀ ਦੇ ਮੱਦੇਨਜ਼ਰ, ਮੁੱਖ ਮੰਤਰੀ ਹੇਮੰਤ ਸੋਰੇਨ ਨੇ ਆਫ਼ਤ ਪ੍ਰਬੰਧਨ ਵਿਭਾਗ ਅਤੇ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਹਰ ਸਥਿਤੀ ਵਿੱਚ ਸੁਚੇਤ ਰਹਿਣ ਅਤੇ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, 'ਅਗਲੇ ਕੁਝ ਦਿਨਾਂ ਲਈ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਆਫ਼ਤ ਪ੍ਰਬੰਧਨ ਵਿਭਾਗ ਅਤੇ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਮੌਸਮ ਵਿਭਾਗ ਅਤੇ ਹੋਰ ਏਜੰਸੀਆਂ ਨਾਲ ਨਿਰੰਤਰ ਤਾਲਮੇਲ ਬਣਾਈ ਰੱਖਣਾ ਚਾਹੀਦਾ ਹੈ, ਸੁਚੇਤ ਰਹਿਣਾ ਚਾਹੀਦਾ ਹੈ ਅਤੇ ਹਰ ਸਥਿਤੀ ਵਿੱਚ ਜਨਤਾ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

## ਮੀਂਹ ਕਾਰਨ ਵਧਿਆ ਪਾਣੀ ਦਾ ਪੱਧਰ, ਖੋਲ੍ਹੇ ਗਏ ਡੈਮ ਦੇ ਗੇਟ



ਇਡੁੱਕੀ (ਕੇਰਲ), 29 ਜੂਨ (ਚ.ਨ.ਸ.) : ਕੇਰਲ ਵਿਚ ਸਥਿਤ ਮੁੱਲਾਪੇਰੀਆਰ ਡੈਮ ਦੇ ਪਾਣੀ ਦਾ ਪੱਧਰ ਆਪਣੀ ਪੂਰੀ ਸਮਰੱਥਾ ਦੇ ਨੇੜੇ ਪਹੁੰਚਣ ਮਗਰੋਂ ਅਧਿਕਾਰੀਆਂ ਨੇ ਐਤਵਾਰ ਨੂੰ ਡੈਮ ਦੇ 13 ਗੇਟ ਖੋਲ੍ਹ ਦਿੱਤੇ ਅਤੇ ਪਾਣੀ ਨੂੰ ਪੇਰੀਆਰ ਨਦੀ ਵਿਚ ਛੱਡ ਦਿੱਤਾ। ਤਾਮਿਲਨਾਡੂ ਜਲ ਸਰੋਤ ਵਿਭਾਗ ਵੱਲੋਂ ਕੇਰਲ ਅਧਿਕਾਰੀਆਂ ਨੂੰ ਦਿੱਤੀ ਗਈ ਜਾਣਕਾਰੀ ਮੁਤਾਬਕ ਹਰੇਕ ਗੇਟ ਨੂੰ 10 ਸੈਂਟੀਮੀਟਰ ਉੱਪਰ ਚੁੱਕਿਆ ਗਿਆ ਹੈ ਅਤੇ ਹੁਣ ਪ੍ਰਤੀ ਸਕਿੰਟ ਲੱਗਭੱਗ 250 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।

ਡੈਮ ਦੇ ਪਾਣੀ ਦਾ ਪੱਧਰ 136 ਫੁੱਟ ਨੂੰ ਪਾਰ ਕਰਨ ਤੋਂ ਬਾਅਦ ਸਵੇਰੇ 11:35 ਵਜੇ ਗੇਟ ਖੋਲ੍ਹੇ ਗਏ। ਪਿਛਲੇ ਕੁਝ ਦਿਨਾਂ ਵਿਚ ਭਾਰੀ ਮੀਂਹ ਕਾਰਨ ਡੈਮ ਵਿਚ ਪਾਣੀ ਦਾ ਪੱਧਰ ਵਧਿਆ ਹੈ। ਇਡੁੱਕੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਈ ਦਿਨਾਂ ਦੀ ਤਿਆਰੀ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ, ਕਿਉਂਕਿ ਡੈਮ ਦਾ ਸੰਚਾਲਨ ਕਰਨ ਵਾਲੇ ਤਾਮਿਲਨਾਡੂ ਨੇ ਸੰਕੇਤ ਦਿੱਤਾ ਸੀ ਕਿ ਪਾਣੀ ਦਾ ਪੱਧਰ 136 ਫੁੱਟ ਤੱਕ ਪਹੁੰਚਣ 'ਤੇ ਗੇਟ ਖੋਲ੍ਹ ਸਕਦਾ ਹੈ।

ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਪੇਰੀਆਰ, ਮੰਜੂਮਾਲਾ, ਉੱਪੁਥੁਰਾ, ਏਲਾਪਾਰਾ, ਅਯੱਪਾਂਕੋਵਿਲ, ਕਾਂਚਿਆਰ, ਅਨਾਵਿਲਾਸਮ ਸਮੇਤ ਪਿੰਡਾਂ ਲਈ ਹਾਈ ਅਲਰਟ ਜਾਰੀ ਕੀਤਾ ਸੀ। 20 ਤੋਂ ਵੱਧ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ ਅਤੇ ਸਥਾਨਕ ਪੁਲਿਸ ਅਤੇ ਮਾਲ ਅਧਿਕਾਰੀਆਂ ਨੂੰ ਜ਼ਰੂਰੀ ਪੁਨਰਵਾਸ ਵਿਚ ਸਹਾਇਤਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਅਮਰੀਕੀ ਖੋਜਕਰਤਾਵਾਂ ਨੇ ਬਣਾਇਆ ਦੁਨੀਆਂ ਦਾ ਪਹਿਲਾ ਸਿਲੀਕਾਨ ਰਹਿਤ ਕੰਪਿਊਟਰ



ਨਵੀਂ ਦਿੱਲੀ, 29 ਜੂਨ (ਚ.ਨ.ਸ.) : ਖੋਜਕਰਤਾਵਾਂ ਨੇ ਸਿਲੀਕਾਨ ਤੋਂ ਬਿਨਾਂ ਇਕ ਕੰਪਿਊਟਰ ਬਣਾਇਆ ਹੈ, ਜੋ ਇਹ ਦਰਸਾਉਣ 'ਚ ਇਕ ਮੀਲ ਪੱਥਰ ਹੈ ਕਿ ਇਕ ਦਿਨ ਉਸ ਸਮੱਗਰੀ ਨੂੰ ਬਦਲਣਾ ਸੰਭਵ ਹੈ, ਜਿਸ ਨੇ ਪਿਛਲੀ ਅੱਧੀ ਸਦੀ 'ਚ ਤਕਨਾਲੋਜੀ ਦੀ ਤਰੱਕੀ ਨੂੰ ਵੱਡਾ ਹੁਲਾਰਾ ਦਿਤਾ ਹੈ। ਅਮਰੀਕਾ ਦੀ ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਦੇ ਨੈਨੋਫੈਬ੍ਰੀਕੇਸ਼ਨ ਯੂਨਿਟ 'ਚ ਬਣੀ ਖੋਜ ਟੀਮ ਨੇ ਦੋ-ਅਯਾਮੀ ਸਮੱਗਰੀ ਦੀ ਵਰਤੋਂ ਕਰ ਕੇ ਬਣਾਏ ਗਏ ਦੁਨੀਆਂ ਦੇ ਪਹਿਲੇ ਸੀ.ਐਮ.ਓ.ਐਸ. ਕੰਪਿਊਟਰ ਦੇ ਸਫਲ ਕੰਮ ਕਰਨ ਦਾ ਪ੍ਰਦਰਸ਼ਨ ਕੀਤਾ ਹੈ। ਇਸ ਦਾ ਵਰਣਨ 'ਨੇਚਰ' ਰਸਾਲੇ ਵਿਚ ਇਕ ਲੇਖ ਵਿਚ ਕੀਤਾ ਗਿਆ ਹੈ। 'ਪੂਰਕ ਮੈਟਲ-ਆਕਸਾਈਡ-ਸੈਮੀਕੰਡਕਟਰ' ਜਾਂ ਸੀ.ਐਮ.ਓ.ਐਸ. ਦੀ ਵਰਤੋਂ ਇਲੈਕਟ੍ਰਾਨਿਕ ਸਰਕਟਾਂ ਨੂੰ ਡਿਜ਼ਾਈਨ ਕਰਨ ਵਿਚ ਵਿਆਪਕ ਤੌਰ ਉੱਤੇ ਕੀਤੀ ਜਾਂਦੀ ਹੈ। ਇਹ ਘੱਟ ਸ਼ਕਤੀ ਦੀ ਖਪਤ ਕਰਦਾ ਹੈ ਅਤੇ ਵਧੇਰੇ ਭਾਗਾਂ ਨੂੰ ਸ਼ਾਮਲ ਕਰਦਾ ਹੈ। ਇਸ ਵਿਕਾਸ ਨੂੰ ਨਾ ਸਿਰਫ ਸਿਲੀਕਾਨ ਦੇ ਵਿਕਲਪ ਬਣਾਉਣ ਲਈ ਮੋਹਰੀ ਅਤੇ ਸ਼ੁਰੂਆਤੀ ਬਿੰਦੂ ਵਜੋਂ ਮਨਜ਼ੂਰ ਕੀਤਾ ਜਾਂਦਾ ਹੈ, ਬਲਕਿ ਅਜੇ ਵੀ ਛੋਟੇ, ਵਧੇਰੇ ਲਚਕਦਾਰ ਇਲੈਕਟ੍ਰਾਨਿਕਸ ਦੀ ਨਵੀਂ ਪੀੜ੍ਹੀ ਲਈ ਇਕ ਰੋਡਮੈਪ ਹੈ।

## ਗਿ. ਰਘਬੀਰ ਸਿੰਘ ਵੱਲੋਂ ਕੀਤੇ ਕੇਸ ਸਬੰਧੀ ਸ਼੍ਰੋਮਣੀ ਕਮੇਟੀ ਰੱਖੇਗੀ ਆਪਣਾ ਪੱਖ: ਐਡਵੋਕੇਟ ਅਮਨਬੀਰ ਸਿੰਘ



High Court of Punjab and Haryana
Chandigarh

Case Details For Case CWP-17640-2025

| | | | |
|---|---|---|---|
| Diary Number | 10495999 | Registration Date | 26-JUN-25 |
| Category | 20.4-SERVICE MATTERS SCOSB (PUNJAB) | Main Case Detail | --- |
| Party Detail | RAGHBIR SINGH V/S SHIROMANI GURDWARA PRABHANDAK COMMITTEE AND ORS | District | AMRITSAR |
| Advocate Name | NAVEEN SHARMA (P-2517-2009) | List Type | URGENT |
| Status | PENDING | Next date | 01-JUL-2025 |

Case Listing Details

No Listing Data Available

Judgment Details For Case: CWP-17640-2025

| Order Date | Order and Case-ID | Bench | Judgment Link |
|---|---|---|---|
| No Judgment/Order Found. | | | |

Designed and Developed by National Informatics Centre
Contents Published and Managed by Punjab & Haryana High Court , Chandigarh.

ਅੰਮ੍ਰਿਤਸਰ, 29 ਜੂਨ (ਬਬਲੂ ਮਹਾਜਨ )ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਮੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਹਾਈ ਕੋਰਟ ਵਿਚ ਸ਼੍ਰੋਮਣੀ ਕਮੇਟੀ ਦੇ ਖਿਲਾਫ ਕੇਸ ਦਾਇਰ ਕੀਤਾ ਹੈ। ਵਕੀਲ ਨਵੀਨ ਸ਼ਰਮਾ ਵੱਲੋਂ ਲਗਾਏ ਇਸ ਕੇਸ ਵਿਚ ਗਿਆਨੀ ਰਘਬੀਰ ਸਿੰਘ ਨੇ ਅਦਾਲਤ ਨੂੰ ਦੱਸਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ 02 ਦਸੰਬਰ 2024 ਵਾਲੇ ਹੋਏ ਫੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀਆਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਜੋਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਤੇ ਹੁਣ ਬਤੌਰ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀਆਂ ਸੇਵਾਵਾਂ ਵੀ ਕਿਸੇ ਸਮੇਂ ਵੀ ਖਤਮ ਕੀਤੀਆਂ ਜਾ ਸਕਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਸਲਾਹਕਾਰ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਵੱਲੋਂ ਹਾਈ ਕੋਰਟ ਵਿਚ ਕੀਤੇ ਕੇਸ ਬਾਬਤ ਸ਼੍ਰੋਮਣੀ ਕਮੇਟੀ ਨੂੰ ਕੋਈ ਨੋਟਿਸ ਪ੍ਰਾਪਤ ਨਹੀਂ ਹੋਇਆ। ਪਰ ਇਹਨਾਂ ਜ਼ਰੂਰ ਪਤਾ ਲੱਗਾ ਹੈ ਕਿ ਗਿਆਨੀ ਰਘਬੀਰ ਸਿੰਘ ਵੱਲੋਂ ਹਾਈ ਕੋਰਟ ਵਿਚ ਆਪਣਾ ਕੇਸ ਦਾਇਰ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਸੇਵਾਵਾਂ ਖਤਮ ਕਰਨ ਦਾ ਖਦਸ਼ਾ ਜਾਹਿਰ ਕੀਤਾ ਗਿਆ ਹੈ। ਐਡਵੋਕੇਟ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਕ ਚੁਣੀ ਹੋਈ ਸੰਸਥਾ ਹੈ ਅਤੇ 1925 ਦੇ ਐਕਟ ਦੇ ਅਧੀਨ ਸਰਵਿਸ ਰੂਲਜ਼ ਮੁਤਾਬਕ ਹੀ ਕਿਸੇ ਮੁਲਾਜਮ ਪ੍ਰਤੀ ਫੈਸਲਾ ਲੈਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਵੀ ਗਿਆਨੀ ਰਘਬੀਰ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹੀ ਜਥੇਦਾਰ ਨਿਯੁਕਤ ਕੀਤਾ ਸੀ ਅਤੇ ਬਾਅਦ ਵਿੱਚ ਉਹਨਾਂ ਦੀਆਂ ਬਤੌਰ ਜਥੇਦਾਰ ਤੋ ਸੇਵਾਵਾਂ ਬਦਲਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਸੌਂਪੀਆਂ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਰਵਿਸ ਨਿਯਮਾਂ ਮੁਤਾਬਕ ਗਿਆਨੀ ਰਘਬੀਰ ਸਿੰਘ ਪਾਸੋਂ ਕਿਸੇ ਵੀ ਹੋਰ ਸਥਾਨ 'ਤੇ ਸੇਵਾਵਾਂ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਖਦਸ਼ਾ ਗਿਆਨੀ ਰਘਬੀਰ ਸਿੰਘ ਨੇ ਜਾਹਿਰ ਕੀਤਾ ਹੈ ਕਿ ਉਹਨਾਂ ਨੂੰ ਨੌਕਰੀ ਤੋਂ ਹਟਾਇਆ ਜਾ ਸਕਦਾ ਹੈ, ਇਸ ਤਰ੍ਹਾਂ ਨਹੀਂ ਹੋ ਸਕਦਾ। ਜੇਕਰ ਗਿਆਨੀ ਰਘਬੀਰ ਸਿੰਘ ਦੀਆਂ ਨੌਕਰੀ ਦਰਮਿਆਨ ਕੋਈ ਕਮੀਆਂ ਪਾਈਆਂ ਜਾਂਦੀਆਂ ਹਨ ਤਾਂ ਉਸ 'ਤੇ ਕਾਰਵਾਈ ਜਰੂਰ ਹੋ ਸਕਦੀ ਹੈ। ਸਰਵਿਸ ਰੂਲ ਮੁਤਾਬਕ ਹਰੇਕ ਮੁਲਾਜਮ ਨੂੰ ਉਸ ਦਾ ਬਣਦਾ ਹੱਕ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਰਘਬੀਰ ਸਿੰਘ ਨੂੰ ਜੋ ਵੀ ਖਦਸ਼ਾ ਸੀ, ਉਹ ਸ਼੍ਰੋਮਣੀ ਕਮੇਟੀ ਪਾਸ ਆਪਣਾ ਪੱਖ ਰੱਖ ਸਕਦੇ ਸਨ ਅਤੇ ਉਸ 'ਤੇ ਵਿਚਾਰ ਕੀਤੀ ਜਾ ਸਕਦੀ ਸੀ। ਇਸ ਤਰ੍ਹਾਂ ਅਦਾਲਤ ਵਿਚ ਜਾਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਕਿਉਂਕਿ ਹੁਣ ਇਹ ਮਾਮਲਾ ਅਦਾਲਤ ਵਿਚ ਹੈ ਇਸ ਲਈ ਅਦਾਲਤ ਵੱਲੋਂ ਨੋਟਿਸ ਮਿਲਣ 'ਤੇ ਉਸ ਦਾ ਜਵਾਬ ਵੀ ਦਿੱਤਾ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਪੱਖ ਰੱਖਦੇ ਹੋਏ ਕੇਸ ਵਿਚ ਜਵਾਬੀ ਕਾਰਵਾਈ ਵੀ ਕੀਤੀ ਜਾਵੇਗੀ।

# ਪਹਿਲੇ ਸਫ਼ੇ ਦੀ ਬਾਕੀ

### ਬਲੋਚਿਸਤਾਨ 'ਚ 5.5 ਤੀਬਰਤਾ

ਦੋ ਘਰ ਤਬਾਹ ਹੋ ਗਏ, ਜਦੋਂ ਕਿ ਤਿੰਨ ਹੋਰ ਨੂੰ ਅੰਸ਼ਕ ਤੌਰ 'ਤੇ ਨੁਕਸਾਨ ਪਹੁੰਚਿਆ। ਬਚਾਅ ਕਰਮਚਾਰੀਆਂ ਦੇ ਹਵਾਲੇ ਨਾਲ ਖ਼ਬਰ ਵਿੱਚ ਕਿਹਾ ਗਿਆ ਹੈ ਕਿ ਘਰ ਢਹਿ ਜਾਣ ਕਾਰਨ ਤਿੰਨ ਲੋਕ ਜ਼ਖ਼ਮੀ ਹੋ ਗਏ ਹਨ। ਪ੍ਰੋਵਿੰਸ਼ੀਅਲ ਆਫ਼ਤ ਪ੍ਰਬੰਧਨ ਅਥਾਰਟੀ (ਪੀ.ਡੀ.ਐਮ.ਏ.) ਦੇ ਬੁਲਾਰੇ ਨੇ ਕਿਹਾ ਕਿ ਪ੍ਰਭਾਵਿਤ ਖੇਤਰ ਵਿੱਚ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੀ.ਡੀ.ਐਮ.ਏ. ਟੀਮਾਂ ਨੁਕਸਾਨ ਦਾ ਮੁਲਾਂਕਣ ਕਰ ਰਹੀਆਂ ਹਨ ਅਤੇ ਭੂਚਾਲ ਕਾਰਨ ਬੇਘਰ ਹੋਏ ਲੋਕਾਂ ਨੂੰ ਤੰਬੂ ਵੰਡ ਰਹੀਆਂ ਹਨ। ਇਸ ਤੋਂ ਪਹਿਲਾਂ, ਇੱਕ ਨਿਊਜ਼ ਨੇ ਰਿਪੋਰਟ ਦਿੱਤੀ ਸੀ ਕਿ ਸੂਬੇ ਦੇ ਬਰਖਾਨ ਸ਼ਹਿਰ ਦੇ ਨੇੜੇ 5.3 ਤੀਬਰਤਾ ਦਾ ਭੂਚਾਲ ਆਇਆ। ਇਸ ਵਿੱਚ ਕਿਹਾ ਗਿਆ ਸੀ ਕਿ ਕੋਈ ਜ਼ਖ਼ਮੀ ਜਾਂ ਨੁਕਸਾਨ ਦੀ ਰਿਪੋਰਟ ਨਹੀਂ ਹੈ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਦੇ ਅਨੁਸਾਰ, ਭੂਚਾਲ ਪਾਕਿਸਤਾਨ ਦੇ ਸਥਾਨਕ ਸਮੇਂ ਅਨੁਸਾਰ ਸਵੇਰੇ 3:30 ਵਜੇ ਆਇਆ, ਜਿਸ ਦਾ ਕੇਂਦਰ ਬਰਖਾਨ ਤੋਂ ਲੱਗਭੱਗ 60 ਕਿਲੋਮੀਟਰ ਉੱਤਰ-ਉੱਤਰ-ਪੂਰਬ ਵਿੱਚ ਸੀ।

### ਬੀ.ਬੀ.ਐਮ.ਬੀ. ਨੇ ਪੰਡੋਹ ਡੈਮ ਦੇ

ਪਾਣੀ ਦਾ ਪੱਧਰ ਵੱਧ ਗਿਆ ਹੈ। ਜਿਸ ਕਾਰਨ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਬੀ.ਬੀ.ਐਮ.ਬੀ. ਨੇ ਪੰਡੋਹ ਡੈਮ ਦੇ 5 ਗੇਟ ਖੋਲ੍ਹ ਦਿੱਤੇ ਹਨ ਤੇ ਹੁਣ ਤਕ 44 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ। ਪਾਣੀ ਛੱਡਣ ਨਾਲ ਬਿਆਸ ਨਦੀ ਦਾ ਪਾਣੀ ਵੱਧ ਗਿਆ ਹੈ। ਬੀ.ਬੀ.ਐਮ.ਬੀ. ਵੱਲੋਂ ਨਦੀ ਦੇ ਨੇੜਲੇ ਇਲਾਕਿਆਂ ਨੂੰ ਚੇਤਾਵਨੀ ਜਾਰੀ ਕੀਤੀ ਗਈ ਹੈ। ਭਾਵੇਂ ਅਜੇ ਪੰਜਾਬ 'ਚ ਹਾਲਾਤ ਸਥਿਰ ਹਨ, ਪਰ ਜਿਵੇਂ-ਜਿਵੇਂ ਪਹਾੜਾਂ 'ਚ ਮੀਂਹ ਦੀ ਮਾਤਰਾ ਵਧੇਗੀ, ਤਿਵੇਂ-ਤਿਵੇਂ ਪੰਜਾਬ ਲਈ ਖ਼ਤਰਾ ਵਧਦਾ ਜਾਵੇਗਾ ਤੇ ਆਉਣ ਵਾਲੇ ਦਿਨਾਂ 'ਚ ਪੰਜਾਬ ਨੂੰ ਨਵੀਂ ਮੁਸੀਬਤ ਖੜ੍ਹੀ ਹੋ ਸਕਦੀ ਹੈ। ਪੰਡੋਹ ਡੈਮ ਤੋਂ ਪਾਣੀ ਛੱਡਣ ਦਾ ਇਕ ਕਾਰਨ ਹੋਰ ਵੀ ਦੱਸਿਆ ਜਾ ਰਿਹਾ ਹੈ। ਜਾਣਕਾਰਾਂ ਦੀ ਮੰਨੀਏ ਤਾਂ ਕੋਈ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਸੈਂਕੜੇ ਦਰੱਖ਼ਤਾਂ ਦੀ ਨਾਜਾਇਜ਼ ਕਟਾਈ ਕਰਨ ਤੋਂ ਬਾਅਦ ਹੀ ਇਨ੍ਹਾਂ ਦੀਆਂ ਟਾਹਣੀਆਂ ਨੂੰ ਜੰਗਲ ਵਿਚ ਕਿਤੇ ਡੰਪ ਕੀਤਾ ਗਿਆ ਸੀ। ਕੁਦਰਤ ਨੇ ਅਜਿਹਾ ਕਹਿਰ ਵਰ੍ਹਾਇਆ ਕਿ ਕੁੱਲੂ 'ਚ 24 ਜੂਨ ਨੂੰ ਬੱਦਲ ਫਟਣ ਤੋਂ ਬਾਅਦ ਆਏ ਹੜ੍ਹ ਨੇ ਜੰਗਲਾਤ ਮਾਫ਼ੀਆ ਦੇ ਇਸ ਅਪਰਾਧ ਦਾ ਪਰਦਾਫ਼ਾਸ਼ ਕੀਤਾ ਅਤੇ ਟੁੱਟੀਆਂ ਹੋਈਆਂ ਹਜ਼ਾਰਾਂ ਟਨ ਲੱਕੜਾਂ ਰੁੜ੍ਹ ਕੇ ਮੰਡੀ ਦੇ ਪੰਡੋਹ ਡੈਮ 'ਚ ਪਹੁੰਚ ਗਈਆਂ। ਇਸ ਕਾਰਨ ਵੀ ਡੈਮ 'ਚ ਪਾਣੀ ਦਾ ਪੱਧਰ ਵੱਧ ਗਿਆ ਹੈ ਤੇ ਬੀ.ਬੀ.ਐਮ.ਬੀ ਨੂੰ ਗੇਟ ਖੋਲ੍ਹਣ ਦਾ ਫ਼ੈਸਲਾ ਲੈਣਾ ਪਿਆ ਹੈ। ਹੁਣ ਪੰਡੋਹ ਡੈਮ ਦੇ ਸਪਿਲਵੇਅ ਗੇਟਾਂ ਰਾਹੀਂ ਡੈਮ ਦੇ ਹੇਠਾਂ ਵਾਲੇ ਖੇਤਰਾਂ ਵਿਚ ਵਧੇਰੇ ਪਾਣੀ ਛੱਡਿਆ ਜਾ ਰਿਹਾ ਹੈ, ਜਿਸ ਕਾਰਨ ਪੰਡੋਹ ਡੈਮ ਦੇ ਹੇਠਾਂ ਵਾਲੇ ਖੇਤਰ ਵਿੱਚ ਬਿਆਸ ਨਦੀ ਦਾ ਪਾਣੀ ਦਾ ਪੱਧਰ ਵੱਧ ਗਿਆ ਹੈ, ਅਜਿਹੀ ਸਥਿਤੀ ਵਿਚ, ਸਥਾਨਕ ਲੋਕਾਂ ਅਤੇ ਸੈਲਾਨੀਆਂ ਨੂੰ ਬਿਆਸ ਨਦੀ ਦੇ ਕੰਢਿਆਂ 'ਤੇ ਨਾ ਜਾਣ ਦੀ ਬੇਨਤੀ ਕੀਤੀ ਗਈ ਹੈ।

ਉੱਧਰ ਪੰਜਾਬ ਦਾ ਇਕ ਹੋਰ ਖੇਤਰ ਵੀ ਕੁਦਰਤ ਦੀ ਮਾਰ ਹੇਠ ਆ ਗਿਆ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਮਕੌੜਾ ਪੱਤਣ ਰਾਵੀ ਦਰਿਆ 'ਤੇ ਬਣਿਆ ਅਸਥਾਈ ਪੁਲ ਚੁੱਕੇ ਜਾਣ ਕਾਰਨ ਰਾਵੀ ਦਰਿਆ ਤੋਂ ਪਾਰ ਵਸਦੇ 7 ਪਿੰਡਾਂ ਦਾ ਸੰਪਰਕ ਭਾਰਤ ਦੇਸ਼ ਨਾਲ ਟੁੱਟ ਚੁੱਕਾ ਹੈ ਅਤੇ ਇਨ੍ਹਾਂ ਪਿੰਡਾ ਨੂੰ ਜਾਣ ਦਾ ਇਕ ਮਾਤਰ ਸਹਾਰਾ ਕਿਸ਼ਤੀ ਹੈ। ਆਜ਼ਾਦੀ ਤੋਂ ਬਾਅਦ ਇਸ ਰਾਵੀ ਦਰਿਆ ਤੋਂ ਪਾਰ 14 ਪਿੰਡ ਵਸਦੇ ਸਨ। ਪਰ ਆਜ਼ਾਦੀ ਦੇ 76 ਸਾਲ ਬੀਤ ਜਾਣ ਦੇ ਬਾਵਜੂਦ ਪਿੰਡਾਂ ਦੀ ਸਾਰ ਨਹੀਂ ਲਈ ਗਈ। ਇਸ ਦੌਰਾਨ 14 'ਚੋਂ 7 ਪਿੰਡ ਹੀ ਮੌਜੂਦ ਹਨ। ਰਾਵੀ ਦਰਿਆ ਤੋਂ ਪਾਰ ਵਸਦੇ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਲੱਗਭੱਗ ਦਰਜਨ ਪਿੰਡਾਂ ਦੇ ਲੋਕ ਕਹਿਣ ਨੂੰ ਤਾਂ ਭਾਰਤ ਦਾ ਹਿੱਸਾ ਹਨ। ਪਰ ਬਰਸਾਤ ਦੇ ਦਿਨਾਂ ਵਿਚ ਇਨ੍ਹਾਂ ਪਿੰਡਾਂ ਦੇ ਲੋਕ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰਦੇ ਹਨ। ਇਨ੍ਹਾਂ ਲੋਕਾਂ ਦਾ ਸੰਪਰਕ ਦੇਸ਼ ਨਾਲੋਂ ਟੁੱਟ ਜਾਂਦਾ ਹੈ।

### ਪੰਜਾਬ ਵਾਸੀ 3 ਜੁਲਾਈ ਤੱਕ ਰਹਿਣ ਸਾਵਧਾਨ,

ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ ਵਰਗੇ ਜ਼ਿਲ੍ਹਿਆਂ 'ਚ ਇਹ ਪ੍ਰਭਾਵ ਸਭ ਤੋਂ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ। ਵਿਭਾਗ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ 1 ਜੁਲਾਈ ਤੱਕ ਹਲਕੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ, ਜਦਕਿ ਕੁਝ ਥਾਵਾਂ 'ਤੇ ਭਾਰੀ ਮੀਂਹ ਵੀ ਪੈ ਸਕਦਾ ਹੈ। 29 ਜੂਨ ਯਾਨੀ ਅੱਜ ਰਾਤ ਨੂੰ ਮਾਲਵਾ ਇਲਾਕਿਆਂ ਵਿੱਚ ਭਾਰੀ ਮੀਂਹ ਤੇ ਬਿਜਲੀ ਲਿਸ਼ਕਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਦੇ ਨਾਲ ਪੀਲਾ (ਯੈਲੋ) ਚੇਤਾਵਨੀ ਜਾਰੀ ਕੀਤੀ ਗਈ ਹੈ। 30 ਜੂਨ ਨੂੰ ਜਲੰਧਰ, ਹੁਸ਼ਿਆਰਪੁਰ, ਸੰਗਰੂਰ, ਪਟਿਆਲਾ ਅਤੇ ਬਰਨਾਲਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ, ਜਿਸ ਲਈ ਓਰੇਂਜ ਚੇਤਾਵਨੀ ਦਿੱਤੀ ਗਈ ਹੈ। 1 ਜੁਲਾਈ ਨੂੰ ਮੌਸਮ ਹੋਰ ਤੀਬਰ ਹੋ ਸਕਦਾ ਹੈ ਅਤੇ ਕੁਝ ਥਾਵਾਂ 'ਤੇ ਭਾਰੀ ਮੀਂਹ ਨਾਲ ਬਿਜਲੀ ਲਿਸ਼ਕਣ ਦੀ ਸੰਭਾਵਨਾ ਹੈ। ਉੱਥੇ ਹੀ 2ਤੇ 3 ਜੁਲਾਈ ਨੂੰ ਮੀਂਹ ਦੀ ਤੀਬਰਤਾ ਘਟ ਸਕਦੀ ਹੈ, ਪਰ ਮੌਸਮ ਵਿਭਾਗ ਵੱਲੋਂ ਅਗਲੇ ਅਪਡੇਟਸ ਉੱਤੇ ਨਜ਼ਰ ਰੱਖਣੀ ਲਾਜ਼ਮੀ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਮੀਂਹ ਦੌਰਾਨ ਸਾਵਧਾਨ ਰਹਿਣ, ਹਾਲਾਂਕਿ ਮੀਂਹ ਨਾਲ ਕਿਸਾਨਾਂ ਨੂੰ ਖੇਤੀ ਲਈ ਰਾਹਤ ਮਿਲੇਗੀ।

### ਐਮਰਜੈਂਸੀ ਸਮੇਂ ਉਨ੍ਹਾਂ ਨਿਆਂਪਾਲਿਕਾ ਨੂੰ

ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਸ਼ੁਭਾਂਸ਼ੂ ਨੂੰ ਕੁੱਝ ਹੋਰ ਦਿਨ ਅੰਤਰਰਾਸ਼ਟਰੀ ਪੁਲਾੜ ਕੇਂਦਰ ਵਿਚ ਰਹਿਣਾ ਪਵੇਗਾ। ਇਸ ਦੇ ਨਾਲ ਹੀ ਉਨ੍ਹਾਂ ਐਕਸੀਅਮ ਮਿਸ਼ਨ 4 ਦੀ ਸਫ਼ਲਤਾ ਦੀ ਕਾਮਨਾ ਕੀਤੀ ਹੈ। ਇਸ ਲਈ, ਅਸੀਂ 'ਮਨ ਕੀ ਬਾਤ' ਦੇ ਅਗਲੇ ਐਪੀਸੋਡ ਵਿਚ ਇਸ ਬਾਰੇ ਹੋਰ ਚਰਚਾ ਕਰਾਂਗੇ।

ਬੋਡੋਲੈਂਡ ਹੁਣ ਦੇਸ਼ ਦੇ 'ਖੇਡ ਨਕਸ਼ੇ' ਉੱਤੇ ਵਧਾ ਰਿਹੈ ਅਪਣੀ ਚਮਕ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੋਡੋਲੈਂਡ ਵਿਚ ਫ਼ੁਟਬਾਲ ਦੀ ਵੱਧਦੀ ਪ੍ਰਸਿੱਧੀ ਨੂੰ ਉਜਾਗਰ ਕੀਤਾ ਹੈ। ਜਿਸ ਨਾਲ ਬੋਡੋਲੈਂਡ ਦੇਸ਼ ਦੇ 'ਖੇਡ ਨਕਸ਼ੇ' ਉੱਤੇ ਅਪਣੀ ਚਮਕ ਬਿਖੇਰ ਰਿਹਾ ਹੈ। ਇਸ ਦੇ ਨਾਲ ਹੀ, ਉਨ੍ਹਾਂ ਨੇ ਤੰਦਰੁਸਤੀ 'ਤੇ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਨੂੰ ਦੁਹਰਾਇਆ ਹੈ।

### ਪਾਈਪਲਾਈਨ ਖੋਦਣ ਸਮੇਂ ਮਿੱਟੀ

ਆਫ਼ਤ ਪ੍ਰਬੰਧਨ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਪੁਲਿਸ ਨੇ ਕਿਹਾ ਕਿ ਬਚਾਅ ਟੀਮਾਂ ਨੇ ਮਿੱਟੀ ਹਟਾਉਣ ਅਤੇ ਫਸੇ ਹੋਏ ਮਜ਼ਦੂਰਾਂ ਨੂੰ ਬਚਾਉਣ ਲਈ ਮਿੱਟੀ ਮੂਵਿੰਗ ਮਸ਼ੀਨਾਂ ਦੀ ਵਰਤੋਂ ਕੀਤੀ। ਪੁਲਿਸ ਨੇ ਕਿਹਾ ਕਿ ਬਚਾਅ ਟੀਮਾਂ ਸੱਤ ਮਜ਼ਦੂਰਾਂ ਨੂੰ ਬਾਹਰ ਕੱਢਣ ਵਿੱਚ ਕਾਮਯਾਬ ਰਹੀਆਂ।

### ਮਜੀਠੀਆ ਦੇ ਘਰ ਰਹਿੰਦੇ ਸੀ ਤਸਕਰ ਸੱਤਪ੍ਰੀਤ ਸੱਤਾ ਤੇ

ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖੀ ਸੀ। ਉਨ੍ਹਾਂ ਨੇ ਕਿਹਾ ਹੈ ਕਿ ਨਸ਼ਾ ਤਸਕਰ ਸਤਪ੍ਰੀਤ ਸੱਤਾ ਪਰਮਿੰਦਰ ਪਿੰਦੀ ਮਜੀਠੀਆ ਦੇ ਦੋਸਤ ਸਨ ਅਤੇ ਉਨ੍ਹਾਂ ਦੇ ਘਰ ਹੀ ਰਹਿੰਦੇ ਰਹੇ। ਉਨ੍ਹਾਂ ਨੇ ਕਿਹਾ ਹੈ ਕਿ ਵਿਜੀਲੈਂਸ ਨੂੰ ਡਰੱਗ ਬਾਰੇ ਬਿਆਨ ਦਰਜ ਕਰਵਾਏ ਹਨ ਜੋ ਮੈਂ 2013 ਵਿੱਚ ਪਹਿਲਾਂ ਦਿੱਤੇ ਸਨ। ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਅਕਾਲੀ ਦਲ ਦੀ ਸਰਕਾਰ ਸੀ, ਉਦੋਂ ਵੀ ਅਸੀਂ ਆਵਾਜ਼ ਚੁੱਕੀ ਸੀ। ਉਨ੍ਹਾਂ ਨੇ ਕਿਹਾ ਹੈ ਕਿ ਡਰੱਗ ਨੂੰ ਖਤਮ ਕਰਨ ਲਈ ਮੈ 2013 ਤੋਂ ਲੜਾਈ ਲੜ ਰਿਹਾ ਹਾਂ। ਬੋਨੀ ਅਜਨਾਲਾ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਦੇ ਦਬਾਅ ਕਰਕੇ ਇਹ ਕਾਰਵਾਈ ਨਹੀਂ ਹੋਈ।ਬੋਨੀ ਅਜਨਾਲਾ ਨੇ ਕਿਹਾ ਕਿ ਉਹ ਅੱਜ ਵੀ ਆਪਣੇ ਬਿਆਨ 'ਤੇ ਕਾਇਮ ਹਨ।ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਵੱਖ-ਵੱਖ ਸਿੱਟਾਂ ਬਣੀਆਂ, ਪਰ ਅਜੇ ਤੱਕ ਕੋਈ ਨਤੀਜਾ ਸਾਹਮਣੇ ਨਹੀਂ ਆ ਸਕਿਆ।

### ਪੰਜਾਬ 'ਚ ਮੌਸਮ ਹੋਇਆ ਸੁਹਾਵਣਾ,

ਗਿਰਾਵਟ ਜ਼ਰੂਰ ਦਰਜ ਕੀਤੀ ਗਈ ਹੈ। ਪੰਜਾਬ ਦੇ ਜ਼ਿਲ੍ਹਾ ਬਠਿੰਡਾ ਵਿਖੇ ਅੱਜ ਭਾਰੀ ਮੀਂਹ ਪਿਆ ਹੈ। ਤੇਜ਼ ਹਵਾਵਾਂ ਵੀ ਚੱਲ ਰਹੀਆਂ ਹਨ ਤੇ ਇਸ ਦੇ ਨਾਲ ਹੀ ਦਿਨ ਦੇ ਸਮੇਂ ਹੀ ਹਨ੍ਹੇਰਾ ਛਾ ਗਿਆ ਹੈ। ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਜ਼ਿਆਦਾਤਰ ਜ਼ਿਲ੍ਹਿਆਂ ਵਿਚ ਤਾਪਮਾਨ ਘਟਣਾ ਸ਼ੁਰੂ ਹੋਇਆ ਹੈ। ਅੰਮ੍ਰਿਤਸਰ ਵਿਚ ਵੀ ਭਾਰੀ ਮੀਂਹ ਦੇ ਨਾਲ ਤੇਜ਼ ਹਵਾਵਾਂ ਚੱਲੀਆਂ ਹਨ, ਜਿਸ ਕਰਕੇ ਲੋਕ ਰਾਹਤ ਭਰੀ ਸਾਹ ਲੈ ਰਹੇ ਹਨ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਸੰਗਤਾਂ ਮੌਸਮ ਦੇ ਬਦਲਦੇ ਮਿਜਾਜ਼ ਦਾ ਆਨੰਦ ਲੈ ਰਹੀਆਂ ਹਨ।

### ਪੁਰੀ 'ਚ ਜਗਨਨਾਥ ਰੱਥ ਯਾਤਰਾ

ਉਨ੍ਹਾਂ ਲਿਖਿਆ-ਮੈਂ ਤੇ ਮੇਰੀ ਸਰਕਾਰ ਭਗਵਾਨ ਜਗਨਨਾਥ ਦੇ ਸਾਰੇ ਭਗਤਾਂ ਤੋਂ ਵਿਅਕਤੀਗਤ ਤੌਰ ਤੋਂ ਮਾਫੀ ਮੰਗਦੇ ਹਾਂ। ਇਹ ਲਾਪ੍ਰਵਾਹੀ ਮਾਫ ਕਰਨ ਲਾਇਕ ਨਹੀਂ ਹੈ। ਇਸ ਦੇ ਬਾਅਦ ਸੂਬਾ ਸਰਕਾਰ ਨੇ ਪੁਰੀ ਦੇ ਕਲੈਕਟਰ ਤੇ ਐੱਸ.ਪੀ. ਦਾ ਤਬਾਦਲਾ ਕਰ ਦਿੱਤਾ। ਚੰਚਲ ਰਾਣਾ ਨੂੰ ਨਵਾਂ ਕਲੈਕਟਰ ਤੇ ਪਿਨਾਕ ਮਿਸ਼ਰਾ ਨੂੰ ਨਵਾਂ ਐੱਸ.ਪੀ. ਬਣਾਇਆ ਗਿਆ ਹੈ। ਨਾਲ ਹੀ ਡੀ.ਸੀ.ਪੀ. ਤੇ ਕਮਾਂਡੈਂਟ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਪੁਰੀ ਦੀ ਰੱਥ ਯਾਤਰਾ ਵਿਚ ਭਗਵਾਨ ਜਗਨਨਾਥ, ਬਲਭਦਰ ਤੇ ਸੁਭਦਰਾ ਦੇ ਹੱਥਾਂ ਨੂੰ ਮੰਦਰ ਦੇ ਸਾਹਮਣੇ 9 ਦਿਨ ਲਈ ਖੜ੍ਹਾ ਕਰ ਦਿੱਤਾ ਜਾਂਦਾ ਹੈ। ਇਥੇ ਬਲਭਦਰ ਤੇ ਸੁਭਦਰਾ ਦੇ ਰੱਥ ਪਹਿਲਾਂ ਪਹੁੰਚ ਚੁੱਕੇ ਸਨ। ਜਗਨਨਾਥ ਰੱਥ ਬਾਅਦ ਵਿਚ ਪਹੁੰਚਿਆ, ਜਿਸ ਨਾਲ ਲੋਕਾਂ ਵਿਚ ਉਸ ਦੇ ਦਰਸ਼ਨ ਦੀ ਹੋੜ ਲੱਗ ਗਈ। ਇਸੇ ਦੌਰਾਨ ਭਗਦੜ ਮਚ ਗਈ, ਜਿਸ ਵਿਚ ਡਿੱਗਣ ਨਾਲ ਕਈ ਲੋਕ ਕੁਚਲੇ ਗਏ। ਦੱਸਿਆ ਜਾ ਰਿਹਾ ਹੈ ਕਿ ਘਟਨਾ ਸਮੇਂ ਉੱਥੇ ਪੁਲਿਸ ਅਧਿਕਾਰੀ ਤਾਇਨਾਤ ਨਹੀਂ ਸੀ। ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਨਾਂ ਬਸੰਤੀ ਸਾਹੂ, ਪ੍ਰੇਮਕਾਂਤੀ ਮਹਾਂਤਿ ਤੇ ਪ੍ਰਭਾਤੀ ਦਾਸ ਹੈ। ਇਨ੍ਹਾਂ ਦੀਆਂ ਮ੍ਰਿਤਕ ਦੇਹਾਂ ਪੁਰੀ ਮੈਡੀਕਲ ਕਾਲਜ ਵਿਚ ਰੱਖੇ ਗਏ ਹਨ।

### ਭਾਜੜ ਦੀ ਘਟਨਾ ਬਹੁਤ ਦੁਖਦ: ਰਾਹੁਲ ਗਾਂਧੀ

ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਇਹ ਤ੍ਰਾਸਦੀ ਇਕ ਗੰਭੀਰ ਚਿਤਾਵਨੀ ਹੈ। ਅਜਿਹੇ ਵੱਡੇ ਆਯੋਜਨਾਂ ਵਿਚ ਸੁਰੱਖਿਆ ਵਿਵਸਥਾ ਅਤੇ ਭੀੜ ਪ੍ਰਬੰਧਨ ਦੀਆਂ ਤਿਆਰੀਆਂ ਦੀ ਗੰਭੀਰਤਾ ਨਾਲ ਤਿਆਰੀ ਅਤੇ ਸਮੀਖਿਆ ਹੋਣੀ ਚਾਹੀਦੀ ਹੈ। ਜੀਵਨ ਦੀ ਰੱਖਿਆ ਸਭ ਤੋਂ ਪਹਿਲਾਂ ਹੈ ਅਤੇ ਇਸ ਜ਼ਿੰਮੇਵਾਰੀ ਵਿਚ ਕੋਈ ਕੁਤਾਹੀ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਜ਼ਾਹਰ ਕਰਦਾ ਹਾਂ ਅਤੇ ਜ਼ਖਮੀ ਸ਼ਰਧਾਲੂਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਮੈਂ ਓਡੀਸ਼ਾ ਸਰਕਾਰ ਨੂੰ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਉਣ ਦੀ ਅਪੀਲ ਕਰਦਾ ਹਾਂ ਅਤੇ ਕਾਂਗਰਸ ਵਰਕਰਾਂ ਨੂੰ ਇਸ ਵਿਚ ਹਰ ਸੰਭਵ ਮੱਦਦ ਪ੍ਰਦਾਨ ਕਰਨ ਦੀ ਅਪੀਲ ਕਰਦਾ ਹਾਂ।

### ਮਜੀਠੀਆ ਮਾਮਲੇ 'ਚ ਸਾਬਕਾ ਪੀਏ ਤੋਂ

ਇਸ ਲਈ ਉਹ ਆਪਣਾ ਬਿਆਨ ਜਨਤਕ ਨਹੀਂ ਕਰਨਾ ਚਾਹੁੰਦੇ, ਤਾਂ ਜੋ ਕੋਈ ਵੀ ਪੁਲਿਸ ਜਾਂਚ ਨੂੰ ਪ੍ਰਭਾਵਿਤ ਨਾ ਕਰ ਸਕੇ। ਤਲਬੀਰ ਨੇ ਕਿਹਾ ਕਿ ਉਹ ਇਹ ਬਿਆਨ ਪਹਿਲਾਂ ਵੀ ਇਕ ਵਾਰ ਦੇ ਚੁੱਕੇ ਹਨ। ਦੋਵਾਂ ਬਿਆਨਾਂ ਵਿਚ ਕੋਈ ਫ਼ਰਕ ਨਹੀਂ ਹੈ। ਜ਼ਿਕਰਯੋਗ ਹੈ ਕਿ ਤਲਬੀਰ ਸਿੰਘ ਗਿੱਲ ਕਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪੀਏ ਸਨ। ਪਰ ਕਿਸੇ ਕਾਰਨ ਕਰਕੇ ਉਹ ਉਨ੍ਹਾਂ ਤੋਂ ਵੱਖ ਹੋ ਗਏ ਅਤੇ ਹੁਣ ਉਹ ਆਮ ਆਦਮੀ ਪਾਰਟੀ ਦਾ ਹਿੱਸਾ ਹਨ।

### ਪਾਕਿਸਤਾਨੀ ਮਾਲ ਲਿਜਾਣ ਵਾਲੇ ਸਮੁੰਦਰੀ ਜਹਾਜ਼ਾਂ

ਕਰਾਚੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਪ੍ਰਧਾਨ ਜਾਵੇਦ ਬਿਲਵਾਨੀ ਨੇ ਕਿਹਾ, "ਭਾਰਤ ਦੀ ਇਸ ਕਾਰਵਾਈ ਕਾਰਨ ਵੱਡੇ ਸਮੁੰਦਰੀ ਜਹਾਜ਼ ਪਾਕਿਸਤਾਨ ਨਹੀਂ ਆ ਰਹੇ ਹਨ, ਜਿਸ ਕਾਰਨ ਸਾਡੀ ਆਯਾਤ 'ਚ 30 ਤੋਂ 50 ਦਿਨ ਦੀ ਦੇਰੀ ਹੋ ਰਹੀ ਹੈ। ਆਯਾਤਕ ਹੁਣ ਫੀਡਰ ਜਹਾਜ਼ਾਂ ਉੱਤੇ ਨਿਰਭਰ ਕਰ ਰਹੇ ਹਨ ਜੋ ਲਾਗਤ ਵਧਾਉਂਦੇ ਹਨ। ਨਿਰਯਾਤਕਾਂ ਨੇ ਵੀ ਭਾਰਤੀ ਪਾਬੰਦੀ ਤੋਂ ਬਾਅਦ ਸ਼ਿਪਿੰਗ ਅਤੇ ਬੀਮਾ ਲਾਗਤਾਂ ਵਿਚ ਵਾਧਾ ਦਰਜ ਕੀਤਾ। ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਨਿਰਯਾਤ ਉੱਤੇ ਸਮੁੱਚਾ ਅਸਰ ਘੱਟ ਹੈ। ਟੈਕਸਟਾਈਲ ਮੇਡ-ਅੱਪਸ ਦੇ ਨਿਰਯਾਤਕ ਆਮਿਰ ਅਜ਼ੀਜ਼ ਨੇ ਕਿਹਾ, ਨਿਰਯਾਤ ਉੱਤੇ ਕੋਈ ਖਾਸ ਅਸਰ ਨਹੀਂ ਪਿਆ ਹੈ। ਬੀਮੇ ਦੀਆਂ ਲਾਗਤਾਂ ਵਿਚ ਵਾਧੇ ਨੂੰ ਛੱਡ ਕੇ। ਮਾਲ ਭਾੜਾ ਤਾਂ ਪਹਿਲਾਂ ਹੀ ਵੱਧ ਗਿਆ ਸੀ। ਪਾਕਿਸਤਾਨ ਦਾ ਨਿਰਯਾਤ ਮੁੱਲ ਵਾਧੇ ਲਈ ਆਯਾਤ ਕੀਤੇ ਮਾਲ ਉੱਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਅਖਬਾਰ ਨੇ ਕਿਹਾ ਕਿ ਵਿਦੇਸ਼ੀ ਮੁਦਰਾ ਬਚਾਉਣ ਲਈ ਸਰਕਾਰ ਵੱਲੋਂ ਆਯਾਤ ਉੱਤੇ ਸਖ਼ਤ ਕੰਟਰੋਲ ਬਣਾਏ ਰੱਖਣ ਨਾਲ ਸਪਲਾਈ ਚੇਨ 'ਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਦਾ ਵਿਆਪਕ ਆਰਥਕ ਅਸਰ ਪੈਂਦਾ ਹੈ। ਪੁਲਵਾਮਾ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਪਾਰਕ ਸਬੰਧਾਂ ਵਿਚ ਖਟਾਸ ਆ ਗਈ ਸੀ, ਜਿਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਆਯਾਤ ਹੋਣ ਵਾਲੀਆਂ ਸਾਰੀਆਂ ਚੀਜ਼ਾਂ ਉੱਤੇ ਆਯਾਤ ਡਿਊਟੀ ਵਧਾ ਕੇ 200 ਫੀ ਸਦੀ ਕਰ ਦਿੱਤੀ ਸੀ। ਪਾਕਿਸਤਾਨ ਅਤੇ ਭਾਰਤ ਵਿਚਾਲੇ ਰਸਮੀ ਵਪਾਰਕ ਸਬੰਧ 2019 ਤੋਂ ਠੱਪ ਹਨ ਅਤੇ ਦੋ-ਪੱਖੀ ਵਪਾਰ 2018 ਵਿਚ 2.41 ਅਰਬ ਡਾਲਰ ਤੋਂ ਘਟ ਕੇ 2024 ਵਿਚ 1.2 ਅਰਬ ਡਾਲਰ ਰਹਿ ਗਿਆ ਹੈ। ਭਾਰਤ ਨੂੰ ਪਾਕਿਸਤਾਨ ਦਾ ਨਿਰਯਾਤ 2019 ਵਿਚ 54.75 ਕਰੋੜ ਡਾਲਰ ਤੋਂ ਘਟ ਕੇ 2024 ਵਿਚ ਸਿਰਫ 480,000 ਡਾਲਰ ਰਹਿ ਗਿਆ।

### ਭਾਰਤ ਵੱਲੋਂ 2030 ਤੱਕ ਇੱਕ ਅਰਬ ਡਾਲਰ

ਸਭ ਤੋਂ ਵੱਧ ਕੀਮਤ ਮਿਲ ਸਕੇ। ਇਸ ਤੋਂ ਪਹਿਲਾਂ ਅੱਜ ਕੇਂਦਰੀ ਕੋਲਾ ਅਤੇ ਖਾਣ ਮੰਤਰੀ ਜੀ.ਕਿਸ਼ਨ ਰੈਡੀ ਨੇ ਹੈਦਰਾਬਾਦ ਦੇ ਬੇਗਮਪੇਟ ਹਵਾਈ ਅੱਡੇ 'ਤੇ ਅਮਿਤ ਸ਼ਾਹ ਦਾ ਸਵਾਗਤ ਕੀਤਾ। ਦੱਸਣਯੋਗ ਹੈ ਕਿ ਹਲਦੀ ਬੋਰਡ ਦੀ ਸਥਾਪਨਾ ਨਿਜ਼ਾਮਾਬਾਦ 'ਚ ਹਲਦੀ ਦੇ ਕਾਸ਼ਤਕਾਰਾਂ ਕਿਸਾਨਾਂ ਦੀ ਵੱਡੀ ਮੰਗ ਰਹੀ ਹੈ ਅਤੇ ਇਹ ਇੱਕ ਮੁੱਖ ਚੋਣ ਮੁੱਦਾ ਵੀ ਸੀ।ਨਿਜ਼ਾਮਾਬਾਦ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਡੀ. ਅਰਵਿੰਦ ਨੇ ਹਲਦੀ ਬੋਰਡ ਸਥਾਪਤ ਕਰਨ ਦਾ ਵਾਅਦਾ ਸੀ।

### ਹਿੰਦੀ ਦੇ ਵਿਰੋਧੀ ਨਹੀਂ ਹਾਂ ਪਰ

ਅਸੀਂ ਸਰਕਾਰੀ ਹੁਕਮ ਦੀਆਂ ਕਾਪੀਆਂ ਸਾੜੀਆਂ ਹਨ, ਜਿਸ ਦਾ ਮਤਲਬ ਹੈ ਕਿ ਅਸੀਂ ਇਸ ਨੂੰ ਸਵੀਕਾਰ ਨਹੀਂ ਕਰਦੇ। ਅਸੀਂ ਹਿੰਦੀ ਦਾ ਵਿਰੋਧ ਨਹੀਂ ਕਰਦੇ, ਪਰ ਅਸੀਂ ਇਸ ਨੂੰ ਥੋਪਣ ਦੀ ਇਜਾਜ਼ਤ ਨਹੀਂ ਦਿਆਂਗੇ। ਮਰਾਠੀ ਨਾਲ ਬੇਇਨਸਾਫ਼ੀ ਹੋਈ ਹੈ। ਸਵਾਲ ਇਹ ਹੈ ਕਿ ਤੁਸੀਂ ਵਿਦਿਆਰਥੀਆਂ 'ਤੇ ਕਿੰਨਾ ਦਬਾਅ ਪਾਉਣ ਜਾ ਰਹੇ ਹੋ। ਸਾਬਕਾ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਮੁੱਦੇ 'ਤੇ 5 ਜੁਲਾਈ ਨੂੰ ਲਾਇਆ ਜਾਣ ਵਾਲ 'ਮੋਰਚਾ' ਬਹੁਤ ਵੱਡਾ ਹੋਵੇਗਾ। ਇਹ ਮੋਰਚਾ ਉਨ੍ਹਾਂ ਦੀ ਪਾਰਟੀ ਅਤੇ ਰਾਜ ਠਾਕਰੇ ਦੀ ਅਗਵਾਈ ਵਾਲੀ ਮਹਾਰਾਸ਼ਟਰ ਨਵਨਿਰਮਾਣ ਸੈਨਾ ਵੱਲੋਂ ਸਾਂਝੇ ਤੌਰ 'ਤੇ ਲਾਇਆ ਜਾਵੇਗਾ। ਸਰਕਾਰ ਨੇ 17 ਜੂਨ ਨੂੰ ਇੱਕ ਹੁਕਮ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਮਰਾਠੀ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪਹਿਲੀ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਹਿੰਦੀ 'ਆਮ ਰੂਪ ਵਿੱਚ' ਤੀਜੀ ਭਾਸ਼ਾ ਵਜੋਂ ਪੜ੍ਹਾਈ ਜਾਵੇਗੀ।

### ਦੇਸ਼ 'ਚ ਮੌਸਮ ਦਾ ਬਦਲਿਆ ਮਿਜਾਜ਼,

ਤੁਹਾਨੂੰ ਦੱਸ ਦੇਈਏ ਕਿ ਮਾਨਸੂਨ ਆਮ ਤੌਰ 'ਤੇ 1 ਜੂਨ ਤੱਕ ਕੇਰਲ ਵਿੱਚ ਦਸਤਕ ਦਿੰਦਾ ਹੈ। ਇਸ ਦੇ ਨਾਲ ਹੀ, ਇਹ 8 ਜੁਲਾਈ ਤੱਕ ਪੂਰੇ ਰਾਜ ਨੂੰ ਕਵਰ ਕਰਦਾ ਹੈ। ਮਾਨਸੂਨ 17 ਸਤੰਬਰ ਦੇ ਆਸਪਾਸ ਉੱਤਰ-ਪੱਛਮ ਭਾਰਤ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੰਦਾ ਹੈ ਅਤੇ 15 ਅਕਤੂਬਰ ਤੱਕ ਪੂਰੀ ਤਰ੍ਹਾਂ ਵਾਪਸ ਚਲਾ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਸਾਲ ਮਾਨਸੂਨ ਨੇ 24 ਮਈ ਨੂੰ ਕੇਰਲ ਵਿੱਚ ਦਸਤਕ ਦਿੱਤੀ ਸੀ। ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਉੱਤੇ ਮਜ਼ਬੂਤ ਘੱਟ ਦਬਾਅ ਪ੍ਰਣਾਲੀਆਂ ਦੇ ਸਮੱਰਥਨ ਨਾਲ ਅਗਲੇ ਕੁਝ ਦਿਨਾਂ ਵਿੱਚ ਮਾਨਸੂਨ ਤੇਜ਼ੀ ਨਾਲ ਅੱਗੇ ਵਧਿਆ ਤੇ 29 ਮਈ ਤੱਕ ਮੁੰਬਈ ਅਤੇ ਪੂਰੇ ਉੱਤਰ-ਪੂਰਬ ਸਮੇਤ ਮੱਧ ਮਹਾਰਾਸ਼ਟਰ ਤੱਕ ਦੇ ਖੇਤਰਾਂ ਨੂੰ ਕਵਰ ਕੀਤਾ।

### ਉੱਤਰਕਾਸ਼ੀ 'ਚ ਬੱਦਲ ਫਟਣ ਕਾਰਨ 2 ਮਜ਼ਦੂਰਾਂ ਦੀ ਮੌਤ,

ਉੱਤਰਾਕਾਸ਼ੀ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਧਿਕਾਰੀਆਂ ਨੇ ਇੱਥੇ ਦੱਸਿਆ ਕਿ ਐਤਵਾਰ ਸਵੇਰੇ 3 ਵਜੇ ਦੇ ਕਰੀਬ ਵਾਪਰੀ ਇਸ ਘਟਨਾ ਵਿੱਚ ਲਾਪਤਾ ਮਜ਼ਦੂਰਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇਹ ਲਾਸ਼ਾਂ ਮੌਕੇ ਤੋਂ 18 ਕਿਲੋਮੀਟਰ ਦੂਰ ਯਮੁਨਾ ਨਦੀ ਦੇ ਕੰਢੇ ਤਿਲਾਡੀ ਸ਼ਹੀਦ ਸਮਾਰਕ ਦੇ ਨੇੜੇ ਮਿਲੀਆਂ। ਉਨ੍ਹਾਂ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ, ਪ੍ਰਸ਼ਾਸਨ, ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ, ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ ਅਤੇ ਹੋਰ ਏਜੰਸੀਆਂ ਰਾਹਤ ਅਤੇ ਬਚਾਅ ਕਾਰਜ ਚਲਾ ਰਹੀਆਂ ਹਨ ਤਾਂ ਜੋ ਸੱਤ ਹੋਰ ਲਾਪਤਾ ਮਜ਼ਦੂਰਾਂ ਨੂੰ ਲੱਭਿਆ ਜਾ ਸਕੇ ਜੋ ਪਾਣੀ ਅਤੇ ਮਲਬੇ ਵਿੱਚ ਵਹਿ ਗਏ ਸਨ। ਇੱਕ ਹੋਟਲ ਦੇ ਨਿਰਮਾਣ ਕਾਰਜ ਵਿੱਚ ਲੱਗੇ 29 ਮਜ਼ਦੂਰ ਉੱਥੇ ਰਹਿੰਦੇ ਸਨ, ਜਿਨ੍ਹਾਂ ਵਿੱਚੋਂ 20 ਮਜ਼ਦੂਰਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਉੱਤਰਕਾਸ਼ੀ ਦੇ ਜ਼ਿਲ੍ਹਾ ਮੈਜਿਸਟ੍ਰੇਟ ਪ੍ਰਸ਼ਾਂਤ ਆਰੀਆ ਨੇ ਕਿਹਾ ਕਿ ਹੋਟਲ ਦੇ ਨੇੜੇ ਇੱਕ ਨਵਾਂ ਜ਼ਮੀਨ ਖਿਸਕਣ ਵਾਲਾ ਖੇਤਰ ਵਿਕਸਤ ਹੋਇਆ ਹੈ। ਬਾਰਕੋਟ ਪੁਲਿਸ ਸਟੇਸ਼ਨ ਦੇ ਇੰਚਾਰਜ ਦੀਪਕ ਕਥੇਟ ਨੇ ਕਿਹਾ ਕਿ ਹਾਦਸੇ ਵਿੱਚ ਲਾਪਤਾ ਮਜ਼ਦੂਰ ਨੇਪਾਲੀ ਮੂਲ ਦੇ ਹਨ। ਸਿਲਾਈਬੈਂਡ ਤੋਂ ਇਲਾਵਾ, ਬੱਦਲ ਫਟਣ ਤੋਂ ਬਾਅਦ ਯਮੁਨੋਤਰੀ ਹਾਈਵੇਅ ਦੋ ਤੋਂ ਤਿੰਨ ਹੋਰ ਥਾਵਾਂ 'ਤੇ ਵੀ ਬੰਦ ਹੈ, ਜਿਸ ਨੂੰ ਰਾਸ਼ਟਰੀ ਹਾਈਵੇਅ ਟੀਮ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਨਾਲ ਹੀ, ਓਜਰੀ ਦੇ ਨੇੜੇ ਸੜਕ ਸੰਪਰਕ ਟੁੱਟ ਗਿਆ ਹੈ। ਜ਼ਿਲ੍ਹਾ ਆਫ਼ਤ ਕੰਟਰੋਲ ਦਫ਼ਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਲਗਾਤਾਰ ਮੀਂਹ ਕਾਰਨ ਯਮੁਨਾ ਨਦੀ ਦਾ ਪਾਣੀ ਦਾ ਪੱਧਰ ਵੀ ਵਧ ਗਿਆ ਹੈ, ਜਦੋਂ ਕਿ ਸਯਾਨਾਚੱਟੀ ਵਿੱਚ ਕੁਪਦਾ ਕੁੰਸ਼ਾਲਾ ਤ੍ਰਿਖਿਲੀ ਮੋਟਰ ਪੁਲ ਵੀ ਖ਼ਤਰੇ ਵਿੱਚ ਆ ਗਿਆ ਹੈ। ਜਾਣਕਾਰੀ ਵਿੱਚ ਕਿਹਾ ਗਿਆ ਹੈ ਕਿ ਕੁਠਨੌਰ ਵਿੱਚ ਵੀ ਭਾਰੀ ਬਾਰਿਸ਼ ਅਤੇ ਬੱਦਲ ਫਟਣ ਕਾਰਨ ਸਥਾਨਕ ਪਿੰਡ ਵਾਸੀਆਂ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਣ ਦੀ ਖ਼ਬਰ ਹੈ ਅਤੇ ਖੇਤ ਮਲਬੇ ਨਾਲ ਭਰੇ ਹੋਏ ਹਨ ਹਾਲਾਂਕਿ, ਕੁਠਨੌਰ ਵਿੱਚ ਇਸ ਸਮੇਂ ਕਿਸੇ ਜਾਨੀ ਜਾਂ ਜਾਨਵਰ ਦੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਮੌਸਮ ਵਿਭਾਗ ਨੇ ਅਗਲੇ 24 ਘੰਟਿਆਂ ਦੌਰਾਨ ਚੰਪਾਵਤ, ਦੇਹਰਾਦੂਨ, ਹਰਿਦੁਆਰ, ਨੈਨੀਤਾਲ, ਪੌੜੀ ਗੜ੍ਹਵਾਲ, ਰੁਦਰਪ੍ਰਯਾਗ, ਟਿਹਰੀ ਗੜ੍ਹਵਾਲ, ਉੱਤਰਕਾਸ਼ੀ ਅਤੇ ਊਧਮ ਸਿੰਘ ਨਗਰ ਜ਼ਿਲ੍ਹਿਆਂ ਦੇ ਕੁਝ ਸਥਾਨਾਂ 'ਤੇ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਹੋਣ ਦੀ ਚੇਤਾਵਨੀ ਜਾਰੀ ਕੀਤੀ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਖੁਦ ਰਾਜ ਦੇ ਵੱਖ-ਵੱਖ ਸਥਾਨਾਂ 'ਤੇ ਬਾਰਿਸ਼ ਦੀ ਸਥਿਤੀ ਬਾਰੇ ਜਾਣਕਾਰੀ ਲੈਣ ਲਈ ਰਾਜ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਪਹੁੰਚੇ ਹਨ। ਇਸ ਦੌਰਾਨ, ਲਗਾਤਾਰ ਬਾਰਿਸ਼ ਅਤੇ ਇਸ ਕਾਰਨ ਹੋਣ ਵਾਲੀਆਂ ਆਫ਼ਤਾਂ ਦੀ ਸੰਭਾਵਨਾ ਨੂੰ ਦੇਖਦੇ ਹੋਏ, ਰਾਜ ਸਰਕਾਰ ਨੇ ਐਤਵਾਰ ਨੂੰ ਚਾਰਧਾਮ ਯਾਤਰਾ ਨੂੰ ਇੱਕ ਦਿਨ ਲਈ ਮੁਲਤਵੀ ਕਰ ਦਿੱਤਾ। ਸ਼ਰਧਾਲੂਆਂ ਦੀ ਸੁਰੱਖਿਆ ਨੂੰ ਸਭ ਤੋਂ ਮਹੱਤਵਪੂਰਨ ਦੱਸਦੇ ਹੋਏ ਗੜ੍ਹਵਾਲ ਦੇ ਕਮਿਸ਼ਨਰ ਵਿਨੇ ਸ਼ੰਕਰ ਪਾਂਡੇ ਨੇ ਇੱਥੇ ਕਿਹਾ ਕਿ ਇਹ ਫ਼ੈਸਲਾ ਮੌਜੂਦਾ ਮੌਸਮੀ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਯਾਤਰਾ ਬਾਰੇ ਫ਼ੈਸਲਾ ਸੋਮਵਾਰ ਨੂੰ ਮੌਸਮ ਦੇ ਹਾਲਾਤਾਂ ਅਤੇ ਰੂਟਾਂ ਦੀ ਸਮੀਖਿਆ ਕਰਨ ਤੋਂ ਬਾਅਦ ਲਿਆ ਜਾਵੇਗਾ। ਕਮਿਸ਼ਨਰ ਨੇ ਸ਼ਰਧਾਲੂਆਂ ਨੂੰ ਪ੍ਰਸ਼ਾਸਨ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਮੌਸਮ ਆਮ ਹੋਣ ਤੱਕ ਤੀਰਥ ਸਥਾਨਾਂ ਲਈ ਨਾ ਜਾਣ ਦੀ ਅਪੀਲ ਵੀ ਕੀਤੀ ਹੈ। ਪਿਛਲੇ ਕੁਝ ਦਿਨਾਂ ਵਿੱਚ ਹੋਈ ਬਾਰਿਸ਼ ਕਾਰਨ ਜ਼ਮੀਨ ਖਿਸਕਣ ਕਾਰਨ ਕਈ ਰਸਤੇ ਬੰਦ ਹੋ ਗਏ ਹਨ, ਜਿਸ ਕਾਰਨ ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬਦਰੀਨਾਥ ਦੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਮੌਸਮ ਸਬੰਧੀ ਜਾਣਕਾਰੀ ਲੈਣ ਤੋਂ ਬਾਅਦ ਹੀ ਯਾਤਰਾ ਕਰਨ ਅਤੇ ਇਸ ਸਮੇਂ ਦੌਰਾਨ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ। ਰਾਜ ਆਫ਼ਤ ਪ੍ਰਬੰਧਨ ਸਕੱਤਰ ਵਿਨੋਦ ਕੁਮਾਰ ਸੁਮਨ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਜਦੋਂ ਤੱਕ ਇਹ ਬਹੁਤ ਜ਼ਰੂਰੀ ਨਾ ਹੋਵੇ, ਬਾਰਿਸ਼ ਦੌਰਾਨ ਯਾਤਰਾ ਨਾ ਕਰਨ ਅਤੇ ਸੁਰੱਖਿਅਤ ਜਗ੍ਹਾ 'ਤੇ ਰਹਿਣ ਅਤੇ ਬਾਰਿਸ਼ ਦੇ ਰੁਕਣ ਦੀ ਉਡੀਕ ਕਰਨ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਦੇ ਵਸਨੀਕਾਂ ਲਈ ਵੱਡਾ ਤੋਹ.ਫਾ; ਧੂਰੀ ਰੇਲਵੇ ਓਵਰਬ੍ਰਿਜ ਦਾ ਕੰਮ ਜਲਦੀ ਸ਼ੁਰੂ ਹੋਵੇਗਾ : ਮੁੱਖ ਮੰਤਰੀ

*** 54.76 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਅਹਿਮ ਪ੍ਰਾਜੈਕਟ 18 ਮਹੀਨਿਆਂ ਵਿੱਚ ਹੋਵੇਗਾ ਪੂਰਾ * ਰੇਲਵੇ ਦੀ ਐਨ.ਓ.ਸੀ. ਵਿੱਚ ਦੇਰੀ ਕਾਰਨ ਪ੍ਰਾਜੈਕਟ ਲਟਕਿਆ**



ਚੰਡੀਗੜ੍ਹ, 29 ਜੂਨ, (ਚ.ਨ.ਸ.) : ਪੰਜਾਬ ਦੇ ਲੋਕਾਂ ਖਾਸ ਕਰਕੇ ਧੂਰੀ ਦੇ ਵਸਨੀਕਾਂ ਲਈ ਵੱਡਾ ਤੋਹਫਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਧੂਰੀ ਵਿਖੇ ਦੋ ਮਾਰਗੀ ਰੇਲਵੇ ਓਵਰਬ੍ਰਿਜ (ਆਰ.ਓ.ਬੀ.) ਦਾ ਨਿਰਮਾਣ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਲਗਾਤਾਰ ਯਤਨਾਂ ਤੋਂ ਬਾਅਦ ਰੇਲਵੇ ਮੰਤਰਾਲੇ ਵੱਲੋਂ ਲੋੜੀਂਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਅਤਿ-ਆਧੁਨਿਕ ਆਰ.ਓ.ਬੀ. ਲੈਵਲ ਕਰਾਸਿੰਗ (ਫਾਟਕ) ਨੰਬਰ 62ਏ 'ਤੇ ਬਣਾਇਆ ਜਾਵੇਗਾ ਅਤੇ ਮਾਲਵਾ ਖੇਤਰ ਦੇ ਲੋਕਾਂ, ਖਾਸ ਕਰ ਕੇ ਧੂਰੀ ਹਿੱਸੇ ਦੇ ਵਸਨੀਕਾਂ ਨੂੰ ਦਰਪੇਸ਼ ਟਰੈਫਿਕ ਸਮੱਸਿਆ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਸ ਪ੍ਰਾਜੈਕਟ ਦੀ ਕੁੱਲ ਲਾਗਤ 54.76 ਕਰੋੜ ਹੈ, ਜਿਸ ਦਾ ਪੂਰਾ ਖਰਚਾ ਸੂਬਾ ਸਰਕਾਰ ਵੱਲੋਂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਹ ਪ੍ਰਾਜੈਕਟ 18 ਮਹੀਨਿਆਂ ਦੇ ਅੰਦਰ ਪੂਰਾ ਹੋ ਜਾਵੇਗਾ। ਭਗਵੰਤ ਸਿੰਘ ਮਾਨ ਨੇ ਜ਼ਿਕਰ ਕੀਤਾ ਕਿ ਪ੍ਰਾਜੈਕਟ ਲਈ ਮੁੱਢਲਾ ਕੰਮ 2024 ਵਿੱਚ ਸ਼ੁਰੂ ਹੋਇਆ ਸੀ ਪਰ ਮਾਰਚ 2025 ਵਿੱਚ ਰੇਲਵੇ ਦੀ ਮਨਜ਼ੂਰੀ/ਐਨ.ਓ.ਸੀ. ਕਾਰਨ ਕੰਮ ਵਿੱਚ ਦੇਰੀ ਹੋਈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਮਾਮਲੇ ਦੀ ਪੂਰੀ ਸਿਰੜ ਨਾਲ ਪੈਰਵੀ ਕੀਤੀ ਹੈ ਅਤੇ ਰੇਲਵੇ ਅਧਿਕਾਰੀਆਂ ਤੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਹੋਣ ਦੇ ਨਾਲ ਪ੍ਰਾਜੈਕਟ 'ਤੇ ਕੰਮ ਜਲਦੀ ਸ਼ੁਰੂ ਹੋ ਜਾਵੇਗਾ।

ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੇ ਦ੍ਰਿੜ੍ਹ ਯਤਨਾਂ ਸਦਕਾ ਪੰਜਾਬ ਬੇਮਿਸਾਲ ਵਿਕਾਸ ਦੇ ਨਵੇਂ ਯੁੱਗ ਦਾ ਗਵਾਹ ਬਣ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਰੰਗਲਾ ਪੰਜਾਬ ਬਣਾਉਣ ਲਈ ਪਹਿਲਾਂ ਹੀ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਹੋਈ ਹੈ ਅਤੇ ਇਹ ਪ੍ਰਾਜੈਕਟ ਇਸੇ ਦਾ ਪ੍ਰਤੀਕ ਹੈ।

# ਆਪਣੇ ਸੋਨੇ ਦੇ ਭੰਡਾਰ ਨੂੰ 12.5 ਕਿਲੋਗ੍ਰਾਮ ਸੋਨੇ ਦੀਆਂ ਇੱਟਾਂ ਦੇ ਰੂਪ ਵਿੱਚ ਰੱਖਦੈ ਆਰ.ਬੀ.ਆਈ.

**ਇਹ ਜਾਣਕਾਰੀ ਆਰ.ਬੀ.ਆਈ. 'ਤੇ ਬਣੀ ਇੱਕ ਦਸਤਾਵੇਜ਼ੀ ਵਿੱਚ ਦਿੱਤੀ ਗਈ**



ਨਵੀਂ ਦਿੱਲੀ, 29 ਜੂਨ, (ਚ.ਨ.ਸ.) : ਦੇਸ਼ ਦੇ ਹਰ ਘਰ ਵਾਂਗ, ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਸੋਨੇ ਦੀ ਮਹੱਤਤਾ ਨੂੰ ਸਮਝਦਾ ਹੈ। ਇਹੀ ਕਾਰਨ ਹੈ ਕਿ 1991 ਦੇ ਆਰਥਿਕ ਸੰਕਟ ਤੋਂ ਬਾਅਦ ਇਸਨੇ ਸੋਨੇ ਦੇ ਭੰਡਾਰ ਵਿੱਚ ਕਈ ਗੁਣਾ ਵਾਧਾ ਕੀਤਾ ਹੈ ਅਤੇ ਮੌਜੂਦਾ ਸਮੇਂ ਵਿੱਚ ਇਹ ਲਗਭਗ 870 ਟਨ ਤੱਕ ਪਹੁੰਚ ਗਿਆ ਹੈ। ਕੇਂਦਰੀ ਬੈਂਕ ਇਸ ਸੋਨੇ ਦੇ ਭੰਡਾਰ ਨੂੰ 12.5 ਕਿਲੋਗ੍ਰਾਮ ਵਜ਼ਨ ਵਾਲੀਆਂ ਸੋਨੇ ਦੀਆਂ ਇੱਟਾਂ ਦੇ ਰੂਪ ਵਿੱਚ ਵੱਖ-ਵੱਖ ਥਾਵਾਂ 'ਤੇ ਰੱਖਦਾ ਹੈ। ਇਹ ਜਾਣਕਾਰੀ ਆਰ.ਬੀ.ਆਈ. 'ਤੇ ਬਣੀ ਇੱਕ ਦਸਤਾਵੇਜ਼ੀ ਵਿੱਚ ਦਿੱਤੀ ਗਈ ਹੈ। ਆਰ.ਬੀ.ਆਈ. ਨੇ ਆਪਣੇ ਕੰਮ ਅਤੇ ਭੂਮਿਕਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਹਾਲ ਹੀ ਵਿੱਚ ਜਾਰੀ ਕੀਤੀ ਇੱਕ ਦਸਤਾਵੇਜ਼ੀ ਰਾਹੀਂ ਇਹ ਵੀ ਦੱਸਿਆ ਹੈ ਕਿ ਸਾਡਾ ਦੇਸ਼ ਦੁਨੀਆ ਵਿੱਚ ਕਰੰਸੀ ਨੋਟਾਂ ਦੇ ਸਭ ਤੋਂ ਵੱਡੇ ਉਤਪਾਦਕਾਂ ਵਿੱਚੋਂ ਇੱਕ ਹੈ। ਜਦੋਂ ਕਿ ਅਮਰੀਕਾ ਵਿੱਚ ਇਹ ਲਗਭਗ 5,000 ਕਰੋੜ ਯੂਨਿਟ ਹੈ, ਯੂਰਪ ਵਿੱਚ ਇਹ 2,900 ਕਰੋੜ ਯੂਨਿਟ ਹੈ, ਭਾਰਤ ਵਿੱਚ ਇਹ 13,000 ਕਰੋੜ ਯੂਨਿਟ ਹੈ (2 ਮਈ, 2025 ਤੱਕ ਪ੍ਰਚਲਨ ਵਿੱਚ ਕੁੱਲ ਨੋਟਾਂ ਦੀ ਕੀਮਤ 38.1 ਲੱਖ ਕਰੋੜ ਰੁਪਏ ਹੈ)। ਇਹ ਪਹਿਲੀ ਵਾਰ ਹੈ ਜਦੋਂ ਆਰ.ਬੀ.ਆਈ. ਦੇ ਕੰਮ ਨੂੰ ਦਸਤਾਵੇਜ਼ੀ ਦੇ ਰੂਪ ਵਿੱਚ ਲਿਆਂਦਾ ਗਿਆ ਹੈ। ਆਰ.ਬੀ.ਆਈ. ਅਨਲੌਕਡ: ਬਿਓਂਡ ਦ ਰੁਪੀ' ਸਿਰਲੇਖ ਵਾਲੀ ਇਹ ਪੰਜ-ਭਾਗਾਂ ਵਾਲੀ ਲੜੀ ਵਿੱਚ ਪਹਿਲੀ ਵਾਰ, ਆਰ.ਬੀ.ਆਈ. ਨੇ ਆਪਣਾ 'ਗੋਲਡ ਵਾਲਟ' ਦਿਖਾਇਆ ਹੈ। ਦਸਤਾਵੇਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ,÷ਕੇਂਦਰੀ ਬੈਂਕ ਨੇ 1991 ਦੇ ਆਰਥਿਕ ਸੰਕਟ ਤੋਂ ਬਾਅਦ ਸੋਨੇ ਦੇ ਭੰਡਾਰ ਵਿੱਚ ਕਈ ਵਾਰ ਵਾਧਾ ਕੀਤਾ ਹੈ ਅਤੇ ਦੇਸ਼ ਵਿੱਚ ਸੋਨੇ ਦੇ ਭੰਡਾਰਾਂ ਦੇ ਰਖਵਾਲੇ ਵਜੋਂ, ਲਗਭਗ 870 ਟਨ ਸੋਨਾ ਬਹੁਤ ਸੁਰੱਖਿਅਤ ਥਾਵਾਂ 'ਤੇ ਰੱਖਿਆ ਗਿਆ ਹੈ। ਬਹੁਤ ਘੱਟ ਲੋਕਾਂ ਕੋਲ ਸੋਨੇ ਦੇ ਭੰਡਾਰਾਂ ਤੱਕ ਪਹੁੰਚ ਹੈ। ਇਹ ਸੋਨਾ ਕੇਂਦਰੀ ਬੈਂਕ ਵਿੱਚ 12.5 ਕਿਲੋਗ੍ਰਾਮ ਭਾਰ ਵਾਲੀਆਂ ਸੋਨੇ ਦੀਆਂ ਇੱਟਾਂ ਦੇ ਰੂਪ ਵਿੱਚ ਰੱਖਿਆ ਜਾਂਦਾ ਹੈ। ਕੇਂਦਰੀ ਬੈਂਕ ਦੇ ਅਧਿਕਾਰੀਆਂ ਦਾ ਕਹਿਣਾ ਹੈ,÷ਸੋਨਾ ਸਿਰਫ਼ ਇੱਕ ਧਾਤ ਨਹੀਂ ਹੈ ਸਗੋਂ ਦੇਸ਼ ਦੀ ਤਾਕਤ ਹੈ। ਦੇਸ਼ ਬਣਦੇ ਅਤੇ ਵਿਗੜਦੇ ਰਹਿਣਗੇ। ਅਰਥਵਿਵਸਥਾ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿਣਗੇ ਪਰ ਸੋਨਾ ਹਮੇਸ਼ਾ ਆਪਣੀ ਕੀਮਤ ਬਣਾਈ ਰੱਖੇਗਾ। ਆਰ.ਬੀ.ਆਈ. ਦੇ ਅੰਕੜਿਆਂ ਅਨੁਸਾਰ, 20 ਜੂਨ ਨੂੰ ਖ਼ਤਮ ਹੋਏ ਹਫ਼ਤੇ ਵਿੱਚ ਸੋਨੇ ਦੇ ਭੰਡਾਰ ਦਾ ਮੁੱਲ 573 ਮਿਲੀਅਨ ਡਾਲਰ ਘਟ ਕੇ 85.74 ਬਿਲੀਅਨ ਡਾਲਰ ਰਹਿ ਗਿਆ। ਇਸ ਸਮੇਂ ਦੌਰਾਨ, ਵਿਦੇਸ਼ੀ ਮੁਦਰਾ ਭੰਡਾਰ 1.01 ਬਿਲੀਅਨ ਡਾਲਰ ਘਟ ਕੇ 697.93 ਬਿਲੀਅਨ ਡਾਲਰ ਰਹਿ ਗਿਆ। ਦਸਤਾਵੇਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ,÷ਅੱਜ, ਕਰੰਸੀ ਨੋਟ ਛਾਪਣ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ, ਮਸ਼ੀਨਾਂ ਤੋਂ ਲੈ ਕੇ ਸਿਆਹੀ ਤੱਕ, ਭਾਰਤ ਵਿੱਚ ਹੀ ਬਣੀਆਂ ਹਨ।÷ ਇਹ ਜ਼ਿਕਰਯੋਗ ਹੈ ਕਿ ਪਹਿਲਾਂ, ਨੋਟ ਆਯਾਤ ਕੀਤੇ ਕਾਗਜ਼ ਤੋਂ ਛਾਪੇ ਜਾਂਦੇ ਸਨ। ਇਹ ਕਾਗਜ਼ ਦੁਨੀਆ ਦੀਆਂ ਕੁਝ ਕੰਪਨੀਆਂ ਦੁਆਰਾ ਬਣਾਇਆ ਜਾਂਦਾ ਸੀ, ਜਿਸ ਕਾਰਨ ਇਨ੍ਹਾਂ ਕੰਪਨੀਆਂ ਦਾ ਬਾਜ਼ਾਰ ਵਿੱਚ ਦਬਦਬਾ ਸੀ ਅਤੇ ਇਸ ਕਾਰਨ ਬਾਜ਼ਾਰ ਵਿੱਚ ਨਕਲੀ ਨੋਟ ਆਉਣ ਦੀ ਸੰਭਾਵਨਾ ਸੀ। ਦਸਤਾਵੇਜ਼ੀ ਵਿੱਚ, ਆਰ.ਬੀ.ਆਈ. ਦੀ ਸਾਬਕਾ ਡਿਪਟੀ ਗਵਰਨਰ ਊਸ਼ਾ ਥੋਰਾਟ ਕਹਿੰਦੀ ਹੈ, ਸਾਨੂੰ ਕਰੰਸੀ ਨੋਟਾਂ ਲਈ ਕਾਗਜ਼ ਆਯਾਤ ਕਰਨਾ ਪਿਆ। ਨਾਸਿਕ ਅਤੇ ਦੇਵਾਸ ਵਿੱਚ ਆਯਾਤ ਕੀਤੇ ਕਾਗਜ਼ ਤੋਂ ਨੋਟ ਛਾਪੇ ਜਾਂਦੇ ਸਨ। ਸਿਰਫ਼ ਕੁਝ ਇਕਾਈਆਂ ਨੇ ਹੀ ਇਸ ਕਾਗਜ਼ ਦਾ ਨਿਰਮਾਣ ਕੀਤਾ... 2010 ਵਿੱਚ, ਇਹ ਪਾਇਆ ਗਿਆ ਕਿ ਬਹੁਤ ਸਾਰੇ ਨਕਲੀ ਨੋਟ ਚੰਗੀ ਗੁਣਵੱਤਾ ਦੇ ਸਨ ਅਤੇ ਇੱਥੇ ਛਾਪੇ ਗਏ ਨੋਟਾਂ ਵਰਗੇ ਹੀ ਦਿਖਾਈ ਦਿੰਦੇ ਸਨ। ਇਸ ਵਿੱਚ ਕਿਹਾ ਗਿਆ ਹੈ, ਇਸ ਸਥਿਤੀ ਨੂੰ ਦੇਖਦੇ ਹੋਏ, ਆਰ.ਬੀ.ਆਈ. ਨੇ ਆਪਣੀ ਕਰੰਸੀ ਲਈ ਕਾਗਜ਼ ਬਣਾਉਣ ਲਈ ਦੇਵਾਸ (ਮੱਧ ਪ੍ਰਦੇਸ਼), ਸਾਲਬੋਨੀ (ਪੱਛਮੀ ਬੰਗਾਲ), ਨਾਸਿਕ (ਮਹਾਰਾਸ਼ਟਰ) ਅਤੇ ਮੈਸੂਰ (ਕਰਨਾਟਕ) ਵਿੱਚ ਫੈਕਟਰੀਆਂ ਸਥਾਪਤ ਕੀਤੀਆਂ ਹਨ। ਅਤੇ ਅੱਜ ਕਰੰਸੀ ਵਿੱਚ ਵਰਤਿਆ ਜਾਣ ਵਾਲਾ ਸਾਰਾ ਕਾਗਜ਼ ਭਾਰਤ ਵਿੱਚ ਹੀ ਤਿਆਰ ਕੀਤਾ ਜਾ ਰਿਹਾ ਹੈ। ਵਰਤਮਾਨ ਵਿੱਚ, ਕਰੰਸੀ ਨੋਟਾਂ ਵਿੱਚ ਵਰਤੇ ਜਾਣ ਵਾਲੇ ਕਾਗਜ਼ ਤੋਂ ਇਲਾਵਾ, ਛਪਾਈ, ਸਿਆਹੀ ਸਮੇਤ ਸਾਰੀਆਂ ਚੀਜ਼ਾਂ ਘਰੇਲੂ ਸਰੋਤਾਂ ਤੋਂ ਲਈਆਂ ਜਾ ਰਹੀਆਂ ਹਨ, ਜੋ ਕਿ 'ਮੇਕ ਇਨ ਇੰਡੀਆ' ਦੀ ਇੱਕ ਚੰਗੀ ਉਦਾਹਰਣ ਹੈ। ਕਰੰਸੀ ਨੋਟਾਂ ਵਿੱਚ ਵਰਤਿਆ ਜਾਣ ਵਾਲਾ ਕਾਗਜ਼ ਬੇਕਾਰ ਕਪਾਹ ਤੋਂ ਤਿਆਰ ਕੀਤਾ ਜਾਂਦਾ ਹੈ ਜੋ ਕਿ ਟੈਕਸਟਾਈਲ ਮਿੱਲਾਂ ਦਾ ਉਪ-ਉਤਪਾਦ ਹੈ। ਕੇਂਦਰੀ ਬੈਂਕ ਦੇ ਅਨੁਸਾਰ, ਬੈਂਕ ਨੋਟਾਂ ਵਿੱਚ 50 ਤੋਂ ਵੱਧ ਸੁਰੱਖਿਆ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹਨਾਂ ਵਿੱਚੋਂ, ਸੁਰੱਖਿਆ ਧਾਗਾ, ਗੁਪਤ ਚਿੱਤਰ ਆਦਿ ਲੋਕਾਂ ਨੂੰ ਪਤਾ ਹੁੰਦਾ ਹੈ ਪਰ ਬਹੁਤ ਸਾਰੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਲੁਕੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸਿਰਫ ਵਿਸ਼ੇਸ਼ ਉਪਕਰਣਾਂ ਰਾਹੀਂ ਹੀ ਦੇਖਿਆ ਜਾ ਸਕਦਾ ਹੈ।

# ਗੁਰਦੁਆਰਾ ਪ੍ਰਬੰਧ 'ਚ ਵੱਧਦੀ ਸਰਕਾਰੀ ਦਖ਼ਲਅੰਦਾਜ਼ੀ ਵਿਰੁੱਧ ਹੋਈ ਅਰਦਾਸ

**ਗੁਰੂ ਸਾਹਿਬ ਸਿੱਖ ਕੌਮ ਨੂੰ ਸੁਤੰਤਰ ਅਤੇ ਖ਼ੁਦਮੁਖ਼ਤਿਆਰ ਪ੍ਰਬੰਧ ਦੇਣ : ਜੀ.ਕੇ.**



ਨਵੀਂ ਦਿੱਲੀ, 29 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਧਦੀ ਸਰਕਾਰੀ ਦਖਲਅੰਦਾਜ਼ੀ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਅਰਦਾਸ ਕੀਤੀ। ਅਕਾਲੀ ਦਲ ਦਫ਼ਤਰ ਤੋਂ ਸੈਂਕੜੇ ਸੰਗਤਾਂ ਨੇ ਦਰਬਾਰ ਹਾਲ ਵਿਖੇ ਗੁਰੂ ਚਰਨਾਂ ਵਿੱਚ ਮੱਥਾ ਟੇਕਣ ਤੋਂ ਬਾਅਦ ਨਿਸ਼ਾਨ ਸਾਹਿਬ ਦੇ ਸਾਹਮਣੇ ਵਰਾਂਡੇ ਵਿੱਚ ਪੰਥ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਅਰਦਾਸ ਦੀ ਇਹ ਲੜੀ ਪਿਛਲੇ ਹਫ਼ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸ਼ੁਰੂ ਹੋਈ ਸੀ। ਪਿਛਲੇ ਹਫ਼ਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਹਰ ਐਤਵਾਰ ਨੂੰ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਨ ਦਾ ਪ੍ਰੋਗਰਾਮ ਦਿੱਤਾ ਗਿਆ ਸੀ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਬੋਲ਼ੀ ਅਤੇ ਗੂੰਗੀ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣ ਤੋਂ ਗੁਰੇਜ਼ ਨਹੀਂ ਕਰ ਰਹੀ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਦੇ ਚੁਣੇ ਹੋਏ ਦਿੱਲੀ ਕਮੇਟੀ ਮੈਂਬਰਾਂ ਦੀ ਮੈਂਬਰਸ਼ਿਪ ਖ਼ਤਮ ਕਰ ਦਿੱਤੀ ਗਈ ਸੀ। ਉਸ ਤੋਂ ਬਾਅਦ ਕਾਨੂੰਨੀ ਪ੍ਰਕਿਰਿਆ ਦਾ ਮਜ਼ਾਕ ਉਡਾਉਂਦੀਆਂ ਆਮ ਚੋਣਾਂ ਦੀ ਬਜਾਏ ਅੰਦਰੂਨੀ ਚੋਣਾਂ ਕਰਵਾਈਆਂ ਗਈਆਂ ਸਨ। ਇਸ ਕਰਕੇ ਸਰਕਾਰ ਦੀ ਕਾਰਜਸ਼ੈਲੀ ਨੇ ਗੁਰਦੁਆਰਿਆਂ ਦੇ ਸੁਤੰਤਰ ਤੇ ਖ਼ੁਦਮੁਖ਼ਤਿਆਰ ਪ੍ਰਬੰਧ ਵਿੱਚ ਰੁਕਾਵਟਾਂ ਪੈਦਾ ਕਰ ਦਿੱਤੀਆਂ ਹਨ। ਮੌਜੂਦਾ ਸੱਤਾਧਾਰੀ ਧਿਰ ਕਿਸੇ ਵੀ ਮੁੱਦੇ 'ਤੇ ਸਰਕਾਰ ਨਾਲ ਗੱਲ ਕਰਨ ਦੀ ਤਾਕਤ ਅਤੇ ਇੱਛਾ ਸ਼ਕਤੀ ਗੁਆ ਚੁੱਕੀ ਹੈ। ਇਹੀ ਕਾਰਨ ਹੈ ਕਿ ਸਿੱਖ ਮਸਲਿਆਂ ਨੂੰ ਹੱਲ ਕਰਨਾ ਤਾਂ ਦੂਰ ਦੀ ਗੱਲ, ਹੁਣ ਇਹ ਸਰਕਾਰ ਨਾਲ ਅੱਖ ਮਿਲਾ ਕੇ ਗੱਲ ਕਰਨ ਦੀ ਚਾਹਤ ਵੀ ਹਵਾ ਵਿੱਚ ਗਾਇਬ ਕਰ ਚੁੱਕੇ ਹਨ। ਇਸ ਲਈ ਜਦੋਂ ਸਾਰੇ ਦੁਨਿਆਵੀ ਰਸਤੇ ਬੰਦ ਹੋ ਜਾਣ, ਤਾਂ ਸਿੱਖ ਕੋਲ ਸਿਰਫ਼ ਅਰਦਾਸ ਦਾ ਵਿਕਲਪ ਬਚਦਾ ਹੈ। ਇਸ ਲਈ ਅਸੀਂ ਗੁਰੂ ਚਰਨਾਂ ਵਿੱਚ ਬੇਨਤੀ ਕੀਤੀ ਹੈ ਕਿ ਸਿੱਖ ਕੌਮ ਨੂੰ ਤੋਂ ਸੁਤੰਤਰ ਅਤੇ ਖੁਦਮੁਖਤਿਆਰ ਗੁਰਦੁਆਰਾ ਪ੍ਰਬੰਧ ਦਿੱਤਾ ਜਾਵੇ। ਜੀ.ਕੇ. ਨੇ ਅੱਜ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਹੋਣ ਦਾ ਗੱਲ ਕਰਦਿਆਂ ਇਸ ਰਾਜ ਦੌਰਾਨ ਸਾਰੇ ਧਰਮਾਂ ਨੂੰ ਪੂਰੇ ਅਧਿਕਾਰ ਅਤੇ ਆਜ਼ਾਦੀ ਹੋਣ ਦਾ ਹਵਾਲਾ ਦਿੱਤਾ।

ਇਸ ਮੌਕੇ ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ ਨੇ ਸਰਕਾਰ ਸਾਹਮਣੇ ਦਿੱਲੀ ਕਮੇਟੀ ਪ੍ਰਬੰਧਕਾਂ ਦੀਆਂ ਆਤਮ ਸਮਰਪਣ ਵਾਲੀਆਂ ਨੀਤੀਆਂ ਦੀ ਨਿੰਦਾ ਕੀਤੀ। ਅਕਾਲੀ ਆਗੂ ਡਾ. ਪਰਮਿੰਦਰ ਪਾਲ ਸਿੰਘ ਨੇ ਅਰਦਾਸ ਕਰਨ ਦੀ ਜ਼ਰੂਰਤ ਅਤੇ ਮੌਜੂਦਾ ਪੰਥਕ ਸਥਿਤੀ ਦੀ ਸਮੀਖਿਆ ਕੀਤੀ। ਇਸ ਮੌਕੇ ਮੌਜੂਦ ਮੁੱਖ ਆਗੂਆਂ ਵਿੱਚ ਬੀਬੀ ਮਨਦੀਪ ਕੌਰ ਬਖਸ਼ੀ, ਦਿੱਲੀ ਕਮੇਟੀ ਦੇ ਕਈ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਸ਼ਾਮਲ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 120ਵੇਂ ਦਿਨ 114 ਨਸ਼ਾ ਤਸਕਰ ਗ੍ਰਿਫ਼ਤਾਰ;

**4.1 ਕਿਲੋ ਹੈਰੋਇਨ, 9.6 ਲੱਖ ਦੀ ਡਰੱਗ ਮਨੀ ਬਰਾਮਦ**

ਚੰਡੀਗੜ੍ਹ, 29 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 120ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 114 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.1 ਕਿਲੋ ਹੈਰੋਇਨ ਅਤੇ 9.6 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 120 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 19,735 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 85 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 367 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 77 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 399 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 54 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

ਇਸਦੇ ਨਾਲ ਹੀ ਪੁਲਿਸ ਟੀਮਾਂ ਵੱਲੋਂ ਅੱਜ ਕਮਿਸ਼ਨਰੇਟ ਜਲੰਧਰ, ਹੁਸ਼ਿਆਰਪੁਰ, ਐਸਬੀਐਸ ਨਗਰ, ਜਲੰਧਰ ਦਿਹਾਤੀ, ਕਪੂਰਥਲਾ ਅਤੇ ਰੂਪਨਗਰ ਸਮੇਤ ਛੇ ਜ਼ਿਲ੍ਹਿਆਂ ਵਿੱਚ 332 ਦਵਾਈਆਂ ਦੀਆਂ ਦੁਕਾਨਾਂ (ਮੈਡੀਕਲਾਂ) ਦੀ ਜਾਂਚ ਵੀ ਕੀਤੀ ਗਈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਵੱਲੋਂ ਕਿਤੇ ਕੋਈ ਨਸ਼ੀਲੀਆਂ ਗੋਲੀਆਂ ਜਾਂ ਹੋਰ ਆਦਤ ਪਾਉਣ ਵਾਲੀਆਂ ਦਵਾਈਆਂ ਤਾਂ ਨਹੀਂ ਵੇਚੀਆਂ ਜਾ ਰਹੀਆਂ ਅਤੇ ਉਹ ਦਵਾਈਆਂ ਦੀ ਵਿਕਰੀ ਸਬੰਧੀ ਨਿਰਧਾਰਤ ਨੇਮਾਂ ਦੀ ਪਾਲਣਾ ਕਰ ਰਹੀਆਂ ਹਨ ਜਾਂ ਨਹੀਂ।

# ਮਜੀਠੀਆ ਨਾਲ ਮੇਰੇ ਵਿਚਾਰਧਾਰਕ ਵੱਖਰੇਵੇਂ ਹਨ ਤੇ ਰਹਿਣਗੇ ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ : ਕੁੰਵਰ ਵਿਜੈ ਪ੍ਰਤਾਪ

**'ਆਪ' ਵਿਧਾਇਕ ਨੂੰ ਫੇਸਬੁੱਕ 'ਤੇ ਪਾਈ ਪੋਸਟ ਪਈ ਮਹਿੰਗੀ**



ਅੰਮ੍ਰਿਤਸਰ, 29 ਜੂਨ, (ਚ.ਨ.ਸ.) : ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਿਛਲੇ ਦਿਨੀਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਸਮੇਂ ਸਰਕਾਰ ਦੀ ਇਸ ਕਾਰਵਾਈ 'ਤੇ ਆਪਣੇ ਪ੍ਰਤੀਕਰਮ ਵਿਚ ਕਿਹਾ ਸੀ ਕਿ ਜਦੋਂ ਮਜੀਠੀਆ 2022 ਵਿੱਚ ਡਰੱਗ ਮਾਮਲੇ ਵਿੱਚ ਜੇਲ੍ਹ ਵਿੱਚ ਸੀ ਤਾਂ 'ਮਾਨ ਸਾਹਬ' ਦੀ ਸਰਕਾਰ ਨੇ ਪੁੱਛਗਿੱਛ ਤੱਕ ਨਹੀਂ ਕੀਤੀ, ਚਲਾਨ ਨਹੀਂ ਪੇਸ਼ ਕੀਤਾ ਅਤੇ ਜ਼ਮਾਨਤ ਕਰਵਾ ਦਿੱਤੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਬਰਗਾੜੀ ਬੇਅਦਬੀ ਦੇ ਇਨਸਾਫ਼ ਵੇਲੇ ਵੀ ਸਰਕਾਰ ਨੇ ਦੋਸ਼ੀ ਪਰਿਵਾਰ ਨਾਲ ਸਮਝੌਤਾ ਕਰ ਲਿਆ। ਦੱਸ ਦੇਈਏ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਆਪਣੇ ਇਸੇ ਪ੍ਰਤੀਕਰਮ ਕਾਰਨ ਹੀ ਪਾਰਟੀ ਵਿੱਚੋਂ ਪੰਜ ਸਾਲ ਲਈ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ 'ਤੇ ਪਾਰਟੀ ਵਿਰੋਧੀ ਸਰਗਰਮੀਆਂ ਦਾ ਦੋਸ਼ ਲਾਇਆ ਗਿਆ ਹੈ। ਅੰਮ੍ਰਿਤਸਰ ਉੱਤਰੀ ਹਲਕੇ ਤੋਂ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ 25 ਜੂਨ ਨੂੰ ਇਕ ਫੇਸਬੁੱਕ ਪੋਸਟ ਵਿਚ ਕਿਹਾ ਸੀ, "ਮਜੀਠੀਆ ਨਾਲ ਮੇਰੇ ਵਿਚਾਰਧਾਰਕ ਮਤਭੇਦ ਹਨ ਅਤੇ ਰਹੇਗਾ, ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ, ਚਾਹੇ ਉਹ ਨੇਤਾ ਹੋਵੇ, ਅਭਿਨੇਤਾ ਹੋਵੇ, ਅਮੀਰ ਹੋਵੇ ਜਾਂ ਗਰੀਬ ਹੋਵੇ, ਦੋਸਤ ਹੋਵੇ ਜਾਂ ਦੁਸ਼ਮਣ। ਤੜਕੇ ਕਿਸੇ ਦੇ ਘਰ 'ਤੇ ਰੇਡ ਮਾਰਨਾ ਨੀਤੀ ਦੇ ਖਿਲਾਫ਼ ਹੈ।" ਸਾਬਕਾ ਪੁਲੀਸ ਅਧਿਕਾਰੀ ਨੇ ਦੋਸ਼ ਲਾਇਆ ਸੀ ਕਿ ਹਰੇਕ ਸਰਕਾਰ ਨੇ ਪੁਲੀਸ ਤੇ ਵਿਜੀਲੈਂਸ ਦੀ ਆਪਣੇ ਫਾਇਦੇ ਲਈ ਵਰਤੋਂ ਕੀਤੀ, ਪਰ ਸਿੱਟਾ ਕੋਈ ਨਹੀਂ ਨਿਕਲਿਆ। 'ਆਪ' ਵਿਧਾਇਕ ਨੇ ਕਿਹਾ, "ਕਿਸੇ ਨਾਲ ਮੇਰਾ ਸਿਆਸੀ ਤੌਰ 'ਤੇ ਮਤਭੇਦ ਹੋ ਸਕਦਾ ਹੈ, ਵਿਚਾਰਧਾਰਕ ਵੱਖਰੇਵਾਂ ਹੋ ਸਕਦਾ ਹੈ, ਪਰ ਨੀਤੀ, ਧਰਮ ਤੇ ਦਿਆਨਤਦਾਰੀ ਦੀ ਗੱਲ ਹੋਵੇ ਤਾਂ ਚਰਚਾ ਕਰਨੀ ਲਾਜ਼ਮੀ ਹੋ ਜਾਂਦੀ ਹੈ।" ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਫੇਸਬੁੱਕ ਪੋਸਟ ਵਿਚ ਅੱਗੇ ਕਿਹਾ, "ਜਦੋਂ ਮਜੀਠੀਆ ਕਾਂਗਰਸ ਸਰਕਾਰ ਵੇਲੇ ਦਰਜ ਹੋਏ ਮੁਕੱਦਮੇ ਵਿੱਚ ਜੇਲ੍ਹ ਵਿੱਚ ਸਨ ਤਾਂ ਮਾਨ ਸਰਕਾਰ ਨੇ ਕੋਈ ਰਿਮਾਂਡ ਨਹੀਂ ਲਿਆ ਅਤੇ ਕੋਈ ਪੁੱਛਗਿੱਛ ਨਹੀਂ ਕੀਤੀ ਗਈ, ਬਾਅਦ ਵਿੱਚ ਸਰਕਾਰੀ ਤੰਤਰ ਨੇ ਜ਼ਮਾਨਤ ਕਰਵਾ ਦਿੱਤੀ ਸੀ। ਹਾਈ ਕੋਰਟ ਨੇ ਇਸ ਆਧਾਰ 'ਤੇ ਜ਼ਮਾਨਤ ਦਿੱਤੀ ਕਿ ਜੇਕਰ ਪੁਲੀਸ ਨੂੰ ਪੁੱਛਗਿੱਛ ਵਾਸਤੇ ਲੋੜੀਂਦਾ ਨਹੀਂ ਹਨ ਤਾਂ ਕਸਟਡੀ ਵਿੱਚ ਰੱਖਣਾ ਕਾਨੂੰਨ ਖ਼ਿਲਾਫ਼ ਹੈ।" ਉਨ੍ਹਾਂ ਕਿਹਾ, "ਜਦੋਂ ਮਜੀਠੀਆ ਕਸਟਡੀ ਵਿੱਚ ਸੀ ਤਾਂ ਸਰਕਾਰ ਨੇ ਜ਼ਮਾਨਤ ਕਰਵਾ ਦਿੱਤੀ ਤੇ ਹੁਣ ਨੋਟਿਸ ਜਾਰੀ ਕਰਕੇ ਪੁੱਛਗਿੱਛ ਕੀਤੀ ਜਾਂਦੀ ਹੈ ਤੇ ਅੱਜ ਘਰ 'ਤੇ ਰੇਡ ਕੀਤਾ ਜਾ ਰਿਹਾ ਹੈ ਅਤੇ ਬਹੁ-ਬੇਟੀ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।"

# ਹਿੰਦੀ ਵਿਵਾਦ : ਮਹਾਰਾਸ਼ਟਰ ਸਰਕਾਰ ਨੇ 'ਤਿੰਨ-ਭਾਸ਼ਾ' ਨੀਤੀ ਬਾਰੇ ਸਰਕਾਰੀ ਹੁਕਮ ਵਾਪਸ ਲਏ

**ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਤਿੰਨ ਭਾਸ਼ਾ ਨੀਤੀ ਲਾਗੂ ਕਰਨ ਲਈ ਬਣਾਈ ਸੀ ਕਮੇਟੀ: ਫੜਨਵੀਸ**

ਮੁੰਬਈ, 29 ਜੂਨ, (ਚ.ਨ.ਸ.) : ਮਹਾਰਾਸ਼ਟਰ ਦੇ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਹਿੰਦੀ ਭਾਸ਼ਾ ਸ਼ੁਰੂ ਕਰਨ ਖ਼ਿਲਾਫ਼ ਵਧ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਸੂਬਾਈ ਕੈਬਨਿਟ ਨੇ ਅੱਜ 'ਤਿੰਨ-ਭਾਸ਼ਾ' ਨੀਤੀ ਬਾਰੇ ਦੋ ਸਰਕਾਰੀ ਆਦੇਸ਼ ਵਾਪਸ ਲੈ ਲਏ ਹਨ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਭਾਸ਼ਾ ਨੀਤੀ ਲਾਗੂ ਕਰਨ ਅਤੇ ਅੱਗੇ ਦਾ ਰਸਤਾ ਸੁਝਾਉਣ ਲਈ ਸਿੱਖਿਆ ਸ਼ਾਸਤਰੀ ਨਰਿੰਦਰ ਜਾਧਵ ਦੀ ਅਗਵਾਈ ਹੇਠ ਕਮੇਟੀ ਦੇ ਗਠਨ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਦੋਸ਼ ਲਾਇਆ ਕਿ ਊਧਵ ਠਾਕਰੇ ਨੇ ਮੁੱਖ ਮੰਤਰੀ ਵਜੋਂ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਤਿੰਨ-ਭਾਸ਼ਾ ਨੀਤੀ ਲਾਗੂ ਕਰਨ ਲਈ ਡਾ. ਰਘੂਨਾਥ ਮਾਸ਼ੇਲਕਰ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਸੀ ਅਤੇ ਨੀਤੀ ਨੂੰ ਲਾਗੂ ਕਰਨ ਲਈ ਇੱਕ ਕਮੇਟੀ ਕਾਇਮ ਕੀਤੀ ਸੀ। ਦੇਵੇਂਦਰ ਫੜਨਵੀਸ ਨੇ ਕਿਹਾ, "ਸੂਬਾ ਮੰਤਰੀ ਮੰਡਲ ਨੇ ਪਹਿਲੀ ਕਲਾਸ ਤੋਂ 'ਤਿੰਨ-ਭਾਸ਼ਾ' ਨੀਤੀ ਲਾਗੂ ਕਰਨ ਸਬੰਧੀ ਅਪਰੈਲ ਅਤੇ ਜੂਨ ਵਿੱਚ ਜਾਰੀ ਕੀਤੇ ਦੋ ਸਰਕਾਰੀ ਹੁਕਮ (ਜੀ.ਆਰ.) ਨੂੰ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। 'ਤਿੰਨ-ਭਾਸ਼ਾ' ਨੀਤੀ ਲਾਗੂ ਕਰਨ ਲਈ ਡਾ. ਨਰੇਂਦਰ ਜਾਧਵ ਦੀ ਅਗਵਾਈ ਹੇਠ ਇੱਕ ਕਮੇਟੀ ਕਾਇਮ ਕੀਤੀ ਜਾਵੇਗੀ।" ਦੱਸਣਯੋਗ ਹੈ ਕਿ ਫੜਨਵੀਸ ਸਰਕਾਰ ਨੇ 16 ਅਪਰੈਲ ਨੂੰ ਇੱਕ ਸਰਕਾਰੀ ਹੁਕਮ ਜਾਰੀ ਕੀਤਾ ਸੀ, ਜਿਸ ਵਿੱਚ ਅੰਗਰੇਜ਼ੀ ਅਤੇ ਮਰਾਠੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹ ਰਹੀ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਹਿੰਦੀ ਨੂੰ ਤੀਜੀ ਲਾਜ਼ਮੀ ਭਾਸ਼ਾ ਬਣਾਇਆ ਗਿਆ ਸੀ। ਹਾਲਾਂਕਿ ਵਿਰੋਧ ਵਧਣ ਕਾਰਨ ਸਰਕਾਰ ਨੇ 17 ਜੂਨ ਸੋਧਿਆ ਹੋਇਆ ਸਰਕਾਰੀ ਹੁਕਮ ਜਾਰੀ ਕਰ ਦਿੱਤਾ ਸੀ, ਜਿਸ ਵਿੱਚ ਹਿੰਦੀ ਨੂੰ 'ਚੋਣਵੀਂ' ਭਾਸ਼ਾ ਬਣਾਇਆ ਗਿਆ ਸੀ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ



ਦੀਨਾਨਗਰ, 29 ਜੂਨ, (ਚ.ਨ.ਸ.) : ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਅੱਜ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਨਾਨਗਰ ਤੇ ਉਨ੍ਹਾਂ ਦੀ ਸ਼ਾਹੀ ਬਾਰਾਂਦਰੀ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਵਿਰਾਸਤੀ ਮੰਚ ਬਟਾਲਾ ਵੱਲੋਂ ਬਾਬਾ ਸ੍ਰੀ ਚੰਦ ਸੇਵਾ ਸੁਸਾਇਟੀ ਅਤੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਨਾਨਗਰ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਬਾਬਾ ਲਖਵਿੰਦਰ ਸਿੰਘ ਦੇ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਭੇਜੇ ਗਏ ਢਾਡੀ ਜਥੇ ਗਿਆਨੀ ਜਗਦੀਸ਼ ਸਿੰਘ ਵਡਾਲਾ ਦੇ ਜਥੇ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਪ੍ਰਸੰਗ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿਰਾਸਤੀ ਮੰਚ, ਬਟਾਲਾ ਦੇ ਸਰਪ੍ਰਸਤ ਐਡਵੋਕੇਟ ਐੱਚ.ਐੱਸ. ਮਾਂਗਟ ਨੇ ਕਿਹਾ ਕਿ ਵਿਰਾਸਤੀ ਮੰਚ ਬਟਾਲਾ ਦਾ ਟੀਚਾ ਇਸ ਇਤਿਹਾਸਕ ਇਮਾਰਤ ਨੂੰ ਮੁੜ ਸੁਰਜੀਤ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਆਪਣੇ ਕੌਮੀ ਨਾਇਕਾਂ ਨੂੰ ਯਾਦ ਰੱਖਣਾ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣਾ ਸਾਡਾ ਨੈਤਿਕ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸ ਨੂੰ ਬਹੁਤ ਵੱਡੀ ਦੇਣ ਹੈ ਅਤੇ ਇੱਕ ਵਿਸ਼ਾਲ ਖ਼ਿੱਤੇ ਉੱਪਰ ਉਨ੍ਹਾਂ ਨੇ ਆਪਣੀ ਕਾਬਲੀਅਤ ਨਾਲ ਰਾਜ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਦੀ ਮੁਰੰਮਤ ਕਰਕੇ ਇਸ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ ਚਾਹੀਦਾ ਹੈ।

# ਧਾਰਮਿਕ ਸੰਗਠਨਾਂ ਨੂੰ ਰਾਜਨੀਤੀ ਤੋਂ ਉੱਪਰ ਰਹਿਣਾ ਚਾਹੀਦਾ : ਜਥੇ: ਗੜਗੱਜ

ਅੰਮ੍ਰਿਤਸਰ, 29 ਜੂਨ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਸਤਿਆਜੀਤ ਸਿੰਘ ਮਜੀਠੀਆ ਦੀ ਚੀਫ਼ ਖਾਲਸਾ ਦੀਵਾਨ ਵੱਲੋਂ ਮੈਂਬਰਸ਼ਿਪ ਰੱਦ ਕਰਨ ਬਾਰੇ ਕਿਹਾ ਕਿ ਧਾਰਮਿਕ ਸੰਗਠਨਾਂ ਨੂੰ ਰਾਜਨੀਤੀ ਤੋਂ ਉਪਰ ਰਹਿਣਾ ਚਾਹੀਦਾ ਹੈ। ਇਹ ਸਿੱਖਾਂ ਦੀ ਬਹੁਤ ਹੀ ਸ਼ਾਨਦਾਰ ਸੰਸਥਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਪਹਿਲਾਂ ਹੋਂਦ ਵਿਚ ਆ ਗਈ ਸੀ। ਇਹ ਪੂਰੀ ਤਰ੍ਹਾਂ ਗੁਰਮਤਿ ਨੂੰ ਪਰਣਾਈ ਹੋਈ ਸੰਸਥਾ ਹੈ, ਜਿਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਤਿਆਰ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮਨਸ਼ਾ ਹੈ ਕਿ ਚੀਫ ਖਾਲਸਾ ਦੀਵਾਨ ਖਾਲਸਾਈ ਸੋਚ ਉੱਤੇ ਚੱਲਦਿਆਂ ਕਾਰਜ ਕਰੇ। ਉਨ੍ਹਾਂ ਕਿਹਾ ਕਿ ਇਹ ਪੰਥ ਦੀਆਂ ਸੰਸਥਾਵਾਂ ਹਨ ਤੇ ਪੰਥ ਨੂੰ ਹੀ ਜਵਾਬਦੇਹ ਹਨ, ਇਸ ਲਈ ਕਿਸੇ ਨੂੰ ਵੀ ਆਪਹੁਦਰੀ ਕਾਰਵਾਈ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਚੀਫ ਖਾਲਸਾ ਦੀਵਾਨ ਦੇ ਕੁਝ ਮੈਂਬਰਾਂ ਵੱਲੋਂ ਮੌਜੂਦਾ ਪ੍ਰਬੰਧ ਨੂੰ ਲੈ ਕੇ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਜਿਸ ਤੇ ਕਾਰਵਾਈ ਕਰਦਿਆਂ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਸਮੇਤ ਕਾਰਜਕਰਨੀ ਕਮੇਟੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਪਣਾ ਪੱਖ ਰੱਖਣ ਲਈ ਬੁਲਾਇਆ ਗਿਆ ਹੈ।

ਜਿਕਰਯਗ ਹੈ ਕਿ ਕੁਝ ਗੱਲਾਂ ਸਮਝ ਤੋਂ ਬਾਹਰ ਹੋ ਰਹੀਆਂ ਹਨ। ਜਥੇਦਾਰ ਗੜਗੱਜ ਦੀ ਨਿਯੁਕਤੀ ਉੱਤੇ ਚੀਫ਼ ਖ਼ਾਲਸਾ ਦੀਵਾਨ ਸਹਿਮਤ ਨਹੀਂ ਹੈ ਤੇ ਉਹ ਗਿਆਨੀ ਰਘਬੀਰ ਸਿੰਘ ਦੇ ਹੱਕ ਵਿੱਚ ਹਨ। ਸੂਤਰਾਂ ਮੁਤਾਬਿਕ ਜਥੇਦਾਰ ਗੜਗੱਜ ਵੱਲੋਂ ਚੀਫ ਖਾਲਸਾ ਦੀਵਾਨ ਨੂੰ ਤਲਬ ਕਰਨ ਤੋਂ ਬਾਅਦ ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਨੇ ਗਿਆਨੀ ਰਘਬੀਰ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨਾਲ ਮੁਲਾਕਾਤ ਵੀ ਕੀਤੀ ਹੈ। ਇੱਕ ਪਾਸੇ ਜਥੇਦਾਰ ਗੜਗੱਜ ਨੇ ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਖਿਲਾਫ਼ ਪੁੱਜੀਆਂ ਸ਼ਿਕਾਇਤਾਂ ਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਕਾਰਜਕਰਨੀ ਕਮੇਟੀ ਨੂੰ ਸ੍ਰੀ ਅਕਾਲ ਸਾਹਿਬ ਵਿਖੇ ਆਪਣਾ ਪੱਖ ਰੱਖਣ ਲਈ ਆਦੇਸ਼ ਕੀਤਾ ਹੈ ਤੇ ਦੂਜੇ ਪਾਸੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਨੂੰ ਲੈ ਕੇ ਬਣਾਈ ਗਈ ਸਬ-ਕਮੇਟੀ ਦੇ ਵਿੱਚ ਚੀਫ ਖਾਲਸਾ ਦੀਵਾਨ ਨੂੰ ਬਤੌਰ ਮੈਂਬਰ ਵਜੋਂ ਸ਼ਾਮਿਲ ਕੀਤਾ ਹੈ। ਕਿਤੇ ਨਾ ਕਿਤੇ ਇੰਜ ਮਹਿਸੂਸ ਹੋ ਰਿਹਾ ਕਿ ਜਥੇਦਾਰ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਆਪਸੀ ਸਹਿਮਤੀ ਨਹੀਂ ਬਣ ਰਹੀ। ਇੱਕ ਚੀਫ਼ ਖਾਲਸਾ ਦੀਵਾਨ ਨੂੰ ਤਲਬ ਕਰ ਰਿਹਾ ਹੈ ਤੇ ਦੂਸਰਾ ਉਹਨਾਂ ਨੂੰ ਮਾਨ ਸਤਿਕਾਰ ਦੇ ਕੇ ਸਬ-ਕਮੇਟੀ ਵਿੱਚ ਸ਼ਾਮਿਲ ਕਰ ਰਿਹਾ ਹੈ। ਇਸ ਨਾਲ ਸਿੱਖ ਸੰਗਤ ਹੋਰ ਦੁਵਿਧਾ ਵਿੱਚ ਪੈ ਰਹੀ ਹੈ।

# ਦੇਸ਼ ਨੂੰ 5 ਟ੍ਰਿਲੀਅਨ ਡਾਲਰ ਇਕਾਨਮੀ ਬਣਾਉਣ 'ਚ ਅਹਿਮ ਯੋਗਦਾਨ ਨਿਭਾਅ ਰਿਹੈ ਆਟੋਮੋਬਾਈਲ ਸੈਕਟਰ



ਨਵੀਂ ਦਿੱਲੀ, 29 ਜੂਨ, (ਚ.ਨ.ਸ.) : ਭਾਰਤ ਦਾ ਆਟੋਮੋਬਾਈਲ ਸੈਕਟਰ ਹੁਣ ਸਿਰਫ਼ ਗੱਡੀਆਂ ਹੀ ਨਹੀਂ ਬਣਾ ਰਿਹਾ, ਸਗੋਂ ਇਹ ਦੇਸ਼ ਦੀ ਅਰਥਵਿਵਸਥਾ ਨੂੰ 5 ਟ੍ਰਿਲੀਅਨ ਡਾਲਰ ਤੱਕ ਲੈ ਜਾਣ ਵਾਲੀ ਮੁੱਖ ਤਾਕਤ ਬਣ ਰਿਹਾ ਹੈ। ਆਟੋਮੋਬਾਈਲ ਸੈਕਟਰ ਹੁਣ ਭਾਰਤ ਦੀ GDP ਵਿੱਚ ਲਗਭਗ 7.1 ਫ਼ੀਸਦੀ ਦਾ ਯੋਗਦਾਨ ਦੇ ਰਿਹਾ ਹੈ, ਜੋ ਕਿ ਨਿਰਯਾਤ ਤੋਂ ਲੈ ਕੇ ਰੋਜ਼ਗਾਰ ਤੱਕ ਹਰ ਪੱਖੋਂ ਦੇਸ਼ ਨੂੰ ਅੱਗੇ ਵਧਾ ਰਿਹਾ ਹੈ। ਇਹ ਸੈਕਟਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਲਗਭਗ 3.7 ਕਰੋੜ ਲੋਕਾਂ ਨੂੰ ਰੋਜ਼ਗਾਰ ਦੇ ਰਿਹਾ ਹੈ। ਇਸ ਦੇ ਨਾਲ-ਨਾਲ EV, ਹਾਈਬ੍ਰਿਡ ਅਤੇ Hydrogen Fuel ਵਰਗੀਆਂ ਨਵੀਆਂ ਤਕਨਾਲੋਜੀਆਂ ਦੀ ਮਦਦ ਨਾਲ ਭਾਰਤ ਨੇਚਰ ਫਰੈਂਡਲੀ ਵਾਹਨਾਂ ਦਾ ਨਿਰਯਾਤ ਕੇਂਦਰ ਵੀ ਬਣ ਰਿਹਾ ਹੈ। TVS, Hero ਅਤੇ Bajaj ਵਰਗੀਆਂ ਕੰਪਨੀਆਂ ਵਿਦੇਸ਼ੀ ਮਾਰਕੀਟਾਂ ਵਿੱਚ ਆਪਣੀ ਠੋਸ ਮੌਜੂਦਗੀ ਦਰਜ ਕਰਵਾ ਰਹੀਆਂ ਹਨ। ਸਰਕਾਰ ਵੱਲੋਂ ਵੀ ਆਟੋ ਸੈਕਟਰ ਨੂੰ ਮਜ਼ਬੂਤ ਬਣਾਉਣ ਲਈ ਵੱਡੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਤਪਾਦਨ-ਸਬੰਧੀ ਉਤਸ਼ਾਹਨ (PLI) ਯੋਜਨਾ, FAME ਸਕੀਮ ਅਤੇ Advanced Chemistry Cell (ACC) ਉਤਸ਼ਾਹਨ ਜਿਹੀਆਂ ਸਕੀਮਾਂ ਹੇਠ ਇਸ ਖੇਤਰ ਵਿੱਚ ਕਰੋੜਾਂ ਰੁਪਏ ਦਾ ਨਿਵੇਸ਼ ਹੋ ਰਿਹਾ ਹੈ। EV ਉਤਪਾਦਨ ਲਈ 26,000 ਕਰੋੜ, ACC ਲਈ 18,000 ਕਰੋੜ ਅਤੇ FAME-II ਲਈ 10,000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਤੋਂ ਇਲਾਵਾ ਭਾਰਤ ਨੇ ਲੋਜਿਸਟਿਕ ਲਾਗਤਾਂ ਨੂੰ ਵੀ ਘਟਾ ਕੇ 16 ਫ਼ੀਸਦੀ ਤੋਂ 10 ਫ਼ੀਸਦੀ ਦੇ ਨੇੜੇ ਲਿਆਉਣ ਦੀ ਯੋਜਨਾ ਬਣਾ ਲਈ ਹੈ, ਜਿਸ ਨਾਲ ਭਾਰਤੀ ਉਤਪਾਦ ਹੋਰ ਸਸਤੇ ਤੇ ਮੁਕਾਬਲੇਯੋਗ ਬਣਨਗੇ। ਆਟੋ ਸੈਕਟਰ ਦੀ ਇਹ ਗਤੀਸ਼ੀਲਤਾ ਸਿਰਫ਼ ਅਰਥਿਕ ਲਾਭ ਹੀ ਨਹੀਂ, ਸਗੋਂ ਸੁਨਹਿਰੇ ਭਵਿੱਖ ਵੱਲ ਵੀ ਇੱਕ ਵੱਡਾ ਕਦਮ ਹੈ।

# ਉੱਤਰਾਖੰਡ 'ਚ ਭਾਰੀ ਮੀਂਹ ਦੀ ਚਿਤਾਵਨੀ, 24 ਘੰਟਿਆਂ ਲਈ ਮੁਅੱਤਲ ਕੀਤੀ ਗਈ ਚਾਰ ਧਾਮ ਦੀ ਯਾਤਰਾ



ਹਰਿਦੁਆਰ, 29 ਜੂਨ, (ਚ.ਨ.ਸ.) : ਉੱਤਰਾਖੰਡ ਵਿੱਚ ਬਹੁਤ ਜ਼ਿਆਦਾ ਮੀਂਹ ਦੀ ਚਿਤਾਵਨੀ ਜਾਰੀ ਕੀਤੇ ਜਾਣ ਤੋਂ ਬਾਅਦ ਚਾਰਧਾਮ ਯਾਤਰਾ 24 ਘੰਟਿਆਂ ਲਈ ਰੋਕ ਦਿੱਤੀ ਗਈ ਹੈ। 29 ਜੂਨ ਤੋਂ 1 ਜੁਲਾਈ ਤੱਕ ਉਤਰਾਖੰਡ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਖਾਸ ਤੌਰ 'ਤੇ 29 ਜੂਨ ਅਤੇ 1 ਜੁਲਾਈ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਇੱਥੇ ਮੀਂਹ ਕਾਰਨ ਪਹਿਲਾਂ ਹੀ ਬਹੁਤ ਸਾਰੀਆਂ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ। ਇਸ ਕਾਰਨ ਕਈ ਲੋਕਾਂ ਦੀ ਜਾਨ ਵੀ ਚਲੀ ਗਈ ਹੈ। ਕੁਝ ਲੋਕ ਅਜੇ ਵੀ ਲਾਪਤਾ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ। ਅਜਿਹੀ ਸਥਿਤੀ ਵਿੱਚ, ਭਾਰੀ ਮੀਂਹ ਦੀ ਚੇਤਾਵਨੀ ਦੇ ਮੱਦੇਨਜ਼ਰ, ਸਾਵਧਾਨੀ ਵਜੋਂ ਚਾਰਧਾਮ ਯਾਤਰਾ ਨੂੰ ਅਗਲੇ 24 ਘੰਟਿਆਂ ਲਈ ਰੋਕ ਦਿੱਤਾ ਗਿਆ ਹੈ। ਮੌਸਮ ਵਿਭਾਗ ਨੇ 1 ਜੁਲਾਈ ਤੱਕ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਹੈ। ਭਾਰੀ ਮੀਂਹ ਪੈਣ 'ਤੇ ਜ਼ਮੀਨ ਖਿਸਕਣ ਦਾ ਖ਼ਤਰਾ ਵੱਧ ਜਾਂਦਾ ਹੈ। ਜ਼ਮੀਨ ਖਿਸਕਣ ਜਾਂ ਹੜ੍ਹ ਕਾਰਨ ਸੜਕਾਂ ਬੰਦ ਹੋ ਜਾਂਦੀਆਂ ਹਨ ਅਤੇ ਸ਼ਰਧਾਲੂ ਪਹਾੜਾਂ ਵਿੱਚ ਫਸ ਜਾਂਦੇ ਹਨ। ਆਉਣ ਵਾਲੇ ਦਿਨਾਂ ਵਿੱਚ ਹੋਰ ਮੀਂਹ ਅਤੇ ਜ਼ਮੀਨ ਖਿਸਕਣ ਦੀ ਸਥਿਤੀ ਵਿੱਚ ਯਾਤਰਾ ਨੂੰ ਦੁਬਾਰਾ ਰੋਕਿਆ ਜਾ ਸਕਦਾ ਹੈ। ਗੜ੍ਹਵਾਲ ਡਿਵੀਜ਼ਨ ਦੇ ਕਮਿਸ਼ਨਰ ਵਿਨੈ ਸ਼ੰਕਰ ਪਾਂਡੇ ਨੇ ਕਿਹਾ, ਭਾਰੀ ਬਾਰਿਸ਼ ਦੀ ਚੇਤਾਵਨੀ ਨੂੰ ਧਿਆਨ ਵਿੱਚ ਰੱਖਦੇ ਹੋਏ, ਚਾਰ ਧਾਮ ਯਾਤਰਾ ਨੂੰ ਅਗਲੇ 24 ਘੰਟਿਆਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਪੁਲਿਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਹਰਿਦੁਆਰ, ਰਿਸ਼ੀਕੇਸ਼, ਸ਼੍ਰੀਨਗਰ, ਰੁਦਰਪ੍ਰਯਾਗ, ਸੋਨਪ੍ਰਯਾਗ ਅਤੇ ਵਿਕਾਸਨਗਰ ਵਿੱਚ ਸ਼ਰਧਾਲੂਆਂ ਨੂੰ ਰੋਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੌਸਮ ਆਮ ਹੋਣ 'ਤੇ ਯਾਤਰਾ ਦੁਬਾਰਾ ਸ਼ੁਰੂ ਹੋਣ ਦੀ ਉਮੀਦ ਹੈ। ਹਾਲਾਂਕਿ, ਅਗਲੇ ਤਿੰਨ ਦਿਨਾਂ ਤੱਕ ਇੱਥੇ ਮੌਸਮ ਖਰਾਬ ਰਹਿ ਸਕਦਾ ਹੈ।ਲਗਾਤਾਰ ਬਾਰਿਸ਼ ਦੇ ਵਿਚਕਾਰ, ਉੱਤਰਕਾਸ਼ੀ ਜ਼ਿਲ੍ਹੇ ਦੇ ਯਮੁਨੋਤਰੀ ਰਾਸ਼ਟਰੀ ਰਾਜਮਾਰਗ 'ਤੇ ਬਾਰਕੋਟ ਖੇਤਰ ਵਿੱਚ ਪਾਲੀਗੜ੍ਹ ਅਤੇ ਓਜਰੀ ਡਾਬਰਕੋਟ ਦੇ ਵਿਚਕਾਰ ਸਿਲਾਈ ਬੰਦ ਦੇ ਨੇੜੇ ਬੱਦਲ ਫਟਣ ਕਾਰਨ ਅੱਠ ਤੋਂ ਨੌਂ ਮਜ਼ਦੂਰ ਲਾਪਤਾ ਹੋ ਗਏ। ਅਧਿਕਾਰੀਆਂ ਨੇ ਇੱਥੇ ਦੱਸਿਆ ਕਿ ਸ਼ਨੀਵਾਰ ਰਾਤ 12 ਵਜੇ ਤੋਂ ਬਾਅਦ ਵਾਪਰੀ ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ, ਪ੍ਰਸ਼ਾਸਨ, ਰਾਜ ਆਫ਼ਤ ਪ੍ਰਤੀਕਿਰਿਆ ਬਲ ਅਤੇ ਹੋਰ ਏਜੰਸੀਆਂ ਨੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਬਾਰਕੋਟ ਪੁਲਿਸ ਸਟੇਸ਼ਨ ਦੇ ਇੰਚਾਰਜ ਦੀਪਕ ਕਥੇਤ ਨੇ ਕਿਹਾ ਕਿ ਸੜਕ ਨਿਰਮਾਣ ਵਿੱਚ ਲੱਗੇ ਕੁਝ ਮਜ਼ਦੂਰ ਉੱਥੇ ਤੰਬੂ ਲਗਾ ਕੇ ਰਹਿ ਰਹੇ ਸਨ ਅਤੇ ਬੱਦਲ ਫਟਣ ਦੌਰਾਨ ਭਾਰੀ ਹੜ੍ਹ ਆਉਣ 'ਤੇ ਉਹ ਵਹਿ ਗਏ। ਉਨ੍ਹਾਂ ਕਿਹਾ ਕਿ ਅੱਠ ਤੋਂ ਨੌਂ ਲੋਕ ਲਾਪਤਾ ਦੱਸੇ ਜਾ ਰਹੇ ਹਨ, ਜਿਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਇਹ ਸਾਰੇ ਮਜ਼ਦੂਰ ਨੇਪਾਲੀ ਮੂਲ ਦੇ ਦੱਸੇ ਜਾ ਰਹੇ ਹਨ। ਬੱਦਲ ਫਟਣ ਤੋਂ ਬਾਅਦ, ਸਿਲਾਈ ਬੰਦ ਤੋਂ ਇਲਾਵਾ, ਯਮੁਨੋਤਰੀ ਹਾਈਵੇਅ ਦੋ ਤੋਂ ਤਿੰਨ ਹੋਰ ਥਾਵਾਂ 'ਤੇ ਬੰਦ ਹੈ, ਜਿਸ ਨੂੰ ਰਾਸ਼ਟਰੀ ਰਾਜਮਾਰਗ ਟੀਮ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਨਾਲ ਹੀ, ਓਜਰੀ ਦੇ ਨੇੜੇ ਸੜਕ ਸੰਪਰਕ ਟੁੱਟ ਗਿਆ ਹੈ। ਜ਼ਿਲ੍ਹਾ ਆਫ਼ਤ ਕੰਟਰੋਲ ਦਫ਼ਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਲਗਾਤਾਰ ਮੀਂਹ ਕਾਰਨ ਯਮੁਨਾ ਨਦੀ ਦਾ ਪਾਣੀ ਦਾ ਪੱਧਰ ਵੀ ਵਧ ਗਿਆ ਹੈ, ਜਦੋਂ ਕਿ ਸਯਾਨਾਚੱਟੀ ਵਿੱਚ ਕੁਪਦਾ ਕੁੰਸ਼ਾਲਾ ਤ੍ਰਿਖਿਲੀ ਮੋਟਰ ਪੁਲ ਵੀ ਖ਼ਤਰੇ ਵਿੱਚ ਆ ਗਿਆ ਹੈ। ਜਾਣਕਾਰੀ ਵਿੱਚ ਕਿਹਾ ਗਿਆ ਹੈ ਕਿ ਕੁਥਨੌਰ ਵਿੱਚ ਵੀ ਭਾਰੀ ਮੀਂਹ ਅਤੇ ਬੱਦਲ ਫਟਣ ਕਾਰਨ ਸਥਾਨਕ ਪਿੰਡ ਵਾਸੀਆਂ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਣ ਦੀ ਖ਼ਬਰ ਹੈ ਅਤੇ ਖੇਤ ਮਲਬੇ ਨਾਲ ਭਰ ਗਏ ਹਨ। ਹਾਲਾਂਕਿ, ਕੁਥਨੌਰ ਵਿੱਚ ਇਸ ਸਮੇਂ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਜਾਨਵਰ ਦੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

## ਸੰਪਾਦਕੀ

# ਡਿਜੀਟਲ ਸੇਵਾਵਾਂ ਮੌਲਿਕ ਹੱਕ

ਸੁਪਰੀਮ ਕੋਰਟ ਦਾ ਇਹ ਫੈਸਲਾ ਕਿ ਡਿਜੀਟਲ ਸੇਵਾਵਾਂ ਤੱਕ ਪਹੁੰਚ ਹਰ ਵਿਅਕਤੀ ਦਾ ਮੌਲਿਕ ਅਧਿਕਾਰ ਹੈ, ਸਮੇਂ ਦੀ ਲੋੜ ਹੈ। ਡਿਜੀਟਲ ਪਹੁੰਚ ਨਾ ਸਿਰਫ਼ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਹੈ ਸਗੋਂ ਜਿਉਣ ਦੇ ਬਰਾਬਰ ਮੌਕੇ ਵੀ ਪ੍ਰਦਾਨ ਕਰਦੀ ਹੈ। ਸਮਾਜਿਕ-ਆਰਥਿਕ ਪਾੜੇ ਨੂੰ ਪੂਰਾ ਕਰਨ ਦਾ ਇੱਕ ਤਰੀਕਾ ਹੈ ਡਿਜੀਟਲ ਮੋਰਚੇ 'ਤੇ ਸਾਰਿਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨਾ। ਇੰਨਾ ਮਹੱਤਵਪੂਰਨ ਮੁੱਦਾ ਦੋ ਤੇਜ਼ਾਬ ਪੀੜਤਾਂ ਕਾਰਨ ਸਾਹਮਣੇ ਆਇਆ। ਇਹਨਾਂ ਵਿੱਚੋਂ ਇੱਕ ਬਚਿਆ ਹੋਇਆ ਵਿਅਕਤੀ ਪਲਕ ਨਹੀਂ ਝਪਕ ਸਕਦਾ ਅਤੇ ਇੱਕ ਪੂਰੀ ਤਰ੍ਹਾਂ ਅੰਨ੍ਹਾ ਹੈ। ਇਸ ਕਾਰਨ ਦੋਵਾਂ ਦਾ ਬੈਂਕ ਕੇਵਾਈਸੀ ਨਹੀਂ ਹੋ ਸਕਿਆ। ਦੋਵਾਂ ਨੇ ਕੇਵਾਈਸੀ ਨਿਯਮਾਂ ਵਿੱਚ ਬਦਲਾਅ ਦੀ ਮੰਗ ਕਰਦੇ ਹੋਏ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਮਾਮਲੇ ਨੂੰ ਵੱਡੇ ਦ੍ਰਿਸ਼ਟੀਕੋਣ ਤੋਂ ਦੇਖਿਆ ਅਤੇ ਸੰਵਿਧਾਨ ਦੀ ਧਾਰਾ 21 ਦਾ ਹਵਾਲਾ ਦਿੱਤਾ, ਜੋ ਹਰ ਕਿਸੇ ਨੂੰ ਸਨਮਾਨ ਨਾਲ ਜਿਊਣ ਅਤੇ ਰੋਜ਼ੀ-ਰੋਟੀ ਕਮਾਉਣ ਦਾ ਅਧਿਕਾਰ ਦਿੰਦੀ ਹੈ। ਅੱਜ ਲਗਭਗ ਸਾਰੀਆਂ ਸੇਵਾਵਾਂ ਅਤੇ ਸਹੂਲਤਾਂ ਡਿਜੀਟਲ ਰੂਪ ਵਿੱਚ ਉਪਲਬਧ ਹਨ। ਜੇਕਰ ਕੋਈ ਸਰੀਰਕ ਸਮੱਸਿਆ ਕਾਰਨ ਇਨ੍ਹਾਂ ਸੇਵਾਵਾਂ ਅਤੇ ਸਹੂਲਤਾਂ ਤੋਂ ਵਾਂਝਾ ਰਹਿੰਦਾ ਹੈ, ਤਾਂ ਇਹ ਉਸਦੇ ਅਧਿਕਾਰਾਂ 'ਤੇ ਹਮਲਾ ਹੈ। ਇਸ ਕਾਰਨ ਕਰਕੇ, ਅਦਾਲਤ ਨੇ ਕੇਂਦਰ, ਆਰਬੀਆਈ ਅਤੇ ਸਾਰੇ ਸਬੰਧਤ ਰੈਗੂਲੇਟਰੀ ਅਥਾਰਟੀਆਂ ਨੂੰ ਕੇਵਾਈਸੀ ਪ੍ਰਕਿਰਿਆ ਨੂੰ ਬਦਲਣ ਦਾ ਹੁਕਮ ਦਿੱਤਾ ਹੈ। ਇੰਟਰਨੈੱਟ ਉਪਭੋਗਤਾਵਾਂ ਦੇ ਮਾਮਲੇ ਵਿੱਚ ਭਾਰਤ ਚੀਨ ਤੋਂ ਬਾਅਦ ਦੂਜੇ ਸਥਾਨ 'ਤੇ ਹੈ। ਪਿਛਲੇ ਸਾਲ ਅਗਸਤ ਵਿੱਚ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਦੇਸ਼ ਵਿੱਚ 95 ਕਰੋੜ ਤੋਂ ਵੱਧ ਇੰਟਰਨੈੱਟ ਗਾਹਕ ਸਨ। ਇਨ੍ਹਾਂ ਵਿੱਚੋਂ ਲਗਭਗ 39 ਕਰੋੜ ਆਬਾਦੀ ਪੇਂਡੂ ਸੀ। ਸਰਕਾਰੀ ਅੰਕੜਿਆਂ ਅਨੁਸਾਰ, 95.15% ਪਿੰਡਾਂ ਵਿੱਚ ਇੰਟਰਨੈੱਟ ਦੀ ਪਹੁੰਚ ਉਪਲਬਧ ਸੀ। ਇਹ ਅੰਕੜੇ ਡਿਜੀਟਲ ਇੰਡੀਆ ਦੀ ਪ੍ਰਗਤੀ ਦੀ ਕਹਾਣੀ ਦੱਸਦੇ ਹਨ, ਪਰ ਇਹ ਕਹਾਣੀ ਉਦੋਂ ਤੱਕ ਅਧੂਰੀ ਹੈ ਜਦੋਂ ਤੱਕ ਲੋਕਾਂ ਨੂੰ ਇੰਟਰਨੈੱਟ ਰਾਹੀਂ ਬਦਲਾਅ ਲਿਆਉਣ ਦਾ ਮੌਕਾ ਨਹੀਂ ਮਿਲਦਾ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਜਿਸ ਡਿਜੀਟਲ ਪਾੜੇ ਦੀ ਗੱਲ ਕੀਤੀ ਹੈ, ਉਹ ਇੱਕ ਵੱਡੀ ਹਕੀਕਤ ਹੈ। ਡਿਜੀਟਲ ਸਹੂਲਤਾਂ ਦਾ ਲਾਭ ਲੈਣ ਦੇ ਮਾਮਲੇ ਵਿੱਚ ਵੀ ਸਮਾਜ ਵਿੱਚ ਇੱਕ ਵੱਡਾ ਪਾੜਾ ਹੈ। ਤਕਨਾਲੋਜੀ, ਸਬੰਧਤ ਜਾਣਕਾਰੀ, ਭਾਸ਼ਾ-ਬਹੁਤ ਸਾਰੀਆਂ ਅਜਿਹੀਆਂ ਰੁਕਾਵਟਾਂ ਹਨ ਜੋ ਵੱਡੀ ਆਬਾਦੀ ਨੂੰ ਡਿਜੀਟਲ ਕ੍ਰਾਂਤੀ ਦਾ ਲਾਭ ਲੈਣ ਤੋਂ ਰੋਕਦੀਆਂ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੀ ਹੱਲ ਕੀਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਡਿਜੀਟਲ ਪਾੜੇ ਨੂੰ ਪੂਰਾ ਕਰਨਾ ਹੁਣ ਨੀਤੀ ਦਾ ਮਾਮਲਾ ਨਹੀਂ ਰਿਹਾ ਸਗੋਂ ਇਹ ਇੱਕ ਸੰਵਿਧਾਨਕ ਜ਼ਰੂਰਤ ਬਣ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਨਾਗਰਿਕ ਨੂੰ ਸਨਮਾਨਜਨਕ ਜੀਵਨ, ਖ਼ੁਦਮੁਖ਼ਤਿਆਰੀ ਅਤੇ ਜਨਤਕ ਜੀਵਨ ਵਿੱਚ ਬਰਾਬਰ ਭਾਗੀਦਾਰੀ ਮਿਲੇ। ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਮੁੱਦੇ 'ਤੇ ਗੰਭੀਰਤਾ ਨਾਲ ਅੱਗੇ ਵਧੇ। ਤਕਨਾਲੋਜੀ ਖੁਦ ਕਦੇ ਵੀ ਵਿਤਕਰਾ ਨਹੀਂ ਕਰਦੀ ਤੇ ਇਸਦੀ ਅਸਲ ਤਾਕਤ ਇਸ ਤੱਥ ਵਿੱਚ ਹੈ ਕਿ ਇਹ ਸਾਰਿਆਂ ਲਈ ਬਰਾਬਰ ਉਪਲਬਧ ਹੈ।

-ਜਗਜੀਤ ਸਿੰਘ ਦਰਦੀ

## ਮੁੱਦਾ ਕੁੰਵਰ ਵਿਜੇਪ੍ਰਤਾਪ ਸਿੰਘ ਦੀ ਬਰਖ਼ਾਸਤਗੀ ਦਾ

# ਕੀ ਪੰਜਾਬ ਦੀ ਰਾਜਨੀਤਕ ਉਥਾਪਟਕ, ਕਿਰਦਾਰਕੁਸ਼ੀ 'ਤੇ ਹੀ ਭਵਿੱਖ ਦੀ ਦਿਸ਼ਾ ਹੋਵੇਗੀ ?



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਅੱਜ ਵੀ ਲੋਕ ਮੁੱਦਿਆਂ ਦੀ ਅਣਦੇਖੀ ਤੇ ਆਪਸੀ ਉਲਝਣ ਪੰਜਾਬ ਦੀ ਸਿਆਸਤ 'ਚ ਲੋਕ ਮੁੱਦੇ ਅਕਸਰ ਪਿਛੋਕੜ 'ਚ ਚਲੇ ਜਾਂਦੇ ਹਨ। ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੇ ਮੁੱਦੇ ਸਿਆਸੀ ਪਾਰਟੀਆਂ ਦੀਆਂ ਚੋਣ ਮੁਹਿੰਮਾਂ ਦਾ ਹਿੱਸਾ ਬਣਦੇ ਹਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਇਹ ਮੁੱਦੇ ਨਜ਼ਰਅੰਦਾਜ਼ ਹੋ ਜਾਂਦੇ ਹਨ। 2020 ਦੇ ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਕਿਸਾਨਾਂ ਦੇ ਹੱਕ ਵਿੱਚ ਬੋਲਣ ਲਈ ਮਜਬੂਰ ਕੀਤਾ, ਪਰ ਬਹੁਤੀਆਂ ਪਾਰਟੀਆਂ ਨੇ ਸਿਰਫ਼ ਵੋਟਾਂ ਦੀ ਸਿਆਸਤ ਹੀ ਕੀਤੀ ਹੈ ਤੇ ਇਸ ਦੇ ਨਾਲ, ਸਿਆਸੀ ਪਾਰਟੀਆਂ ਦੀ ਆਪਸੀ ਉਲਝਣ ਅਤੇ ਨਿੱਜੀ ਹੁਦਰੇਪਣ ਨੇ ਸੂਬੇ ਦੇ ਵਿਕਾਸ ਨੂੰ ਰੋਕਿਆ ਹੈ। ਉਦਾਹਰਣ ਵਜੋਂ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ, ਜੋ ਕਦੇ ਪੰਜਾਬ ਦੀ ਸਿਆਸਤ ਦਾ ਮੁੱਖ ਹਿੱਸਾ ਸੀ, 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟ ਗਿਆ। ਇਸ ਨੇ ਸੂਬੇ ਦੀ ਸਿਆਸੀ ਜ਼ਮੀਨ ਨੂੰ ਹੋਰ ਅਸਥਿਰ ਕਰ ਦਿੱਤਾ ਹੈ।**

ਨੌਕਰਸ਼ਾਹ ਤੋਂ ਰਾਜਨੀਤੀ 'ਚ ਆਏ ਆਪ ਦੇ ਅੰਮ੍ਰਿਤਸਰ ਉੱਤਰੀ ਤੋਂ ਐਮਐਲਏ ਕੁੰਵਰ ਵਿਜੇ ਪ੍ਰਤਾਪ ਸਿੰਘ ਕਾਫ਼ੀ ਦੇਰ ਤੋਂ ਪਾਰਟੀ ਲਾਈਨ ਤੋਂ ਅਲੱਗ ਚੱਲ ਰਹੇ ਸਨ ਤੇ ਅੰਤ ਅੱਜ ਉਨ੍ਹਾਂ ਨੂੰ ਪਾਰਟੀ ਤੋਂ ਬਰਖ਼ਾਸਤ ਕਰ ਹੀ ਦਿੱਤਾ ਗਿਆ।

ਅਸਲ ਵਿੱਚ ਇਹ ਬਰਖਾਸਤਗੀ ਮੌਜੂਦਾ ਸੱਤਾਧਾਰੀ ਆਪ ਦੀ ਅੰਦਰਲੀ ਰੱਸਾਕਸ਼ੀ ਅਤੇ ਖਿੱਚੋਤਾਣ ਨੂੰ ਵੀ ਦਿਖਾਉਂਦੀ ਹੈ ਕਿ ਆਪ ਦੇ ਵਿੱਚ ਵੀ ਸਭ ਕੁੱਝ ਠੀਕ ਨਹੀਂ ਹੈ। ਇਸ ਦਾ ਫੈਸਲਾ ਤਾਂ ਇਤਿਹਾਸ ਹੀ ਕਰੇਗਾ ਪਰੰਤੂ ਆਉਣ ਵਾਲੇ ਦਿਨਾਂ 'ਚ ਰਾਜਨੀਤਿਕ ਤੌਰ 'ਤੇ ਇੱਕ ਉਥੱਲ ਪੁੱਥਲ ਤੇ ਉਥਾਪਟਕ ਦੀ ਸਥਿਤੀ ਵੇਖੀ ਜਾ ਸਕਦੀ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਇਸ ਤਰ੍ਹਾਂ ਦਾ ਕੁੱਝ ਹੋਇਆ ਹੈ ਆਪ ਨੇ ਇਸ ਤੋਂ ਪਹਿਲਾਂ ਵੀ ਆਪਣੇ ਮੰਤਰੀਆਂ ਤੇ ਕਈ ਐਮਐਲਏ ਵੀ ਸਸਪੈਂਡ ਕੀਤੇ ਹਨ ਹਾਲਾਂਕਿ ਭਾਵੇਂ ਬਾਅਦ 'ਚ ਉਨ੍ਹਾਂ ਨੂੰ ਕਲੀਨ ਚਿੱਟ ਵੀ ਦਿੱਤੀ ਗਈ ਹੈ, ਹਾਲ 'ਚ ਹੀ ਸਿੰਗਲਾ ਦਾ ਮਾਮਲਾ ਸਭ ਦੇ ਸਾਹਮਣੇ ਹੈ।

ਕੁੱਝ ਵੀ ਹੋਵੇ ਪੰਜਾਬ ਦਾ ਇਕ ਇਸ ਤਰ੍ਹਾਂ ਦਾ ਇਤਿਹਾਸ ਰਿਹਾ ਹੈ ਕਾਂਗਰਸ ਤੇ ਦੂਜੀਆਂ ਪਾਰਟੀਆਂ 'ਚ ਵੀ ਲੋਕਾਂ ਨੂੰ ਬਰਖ਼ਾਸਤ ਕੀਤਾ ਗਿਆ ਹੈ ਤੇ ਬਾਅਦ 'ਚ ਉਹ ਪਾਰਟੀਆਂ ਵਿੱਚ ਵਾਪਸ ਆਏ ਹੋਣ। ਹੁਣ ਦੇਖਣਾ ਇਹ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਕੁੰਵਰ ਵਿਜੇ ਪ੍ਰਤਾਪ ਸਿੰਘ ਕੀ ਵਾਪਸ ਆਪ ਵਿੱਚ ਆਉਂਦੇ ਹਨ ਕਿ ਉਹ ਕਿਸੇ ਹੋਰ ਪਾਰਟੀ ਵੱਲ ਆਪਣਾ ਰੁਖ ਕਰ ਲੈਂਦੇ ਹਨ।

ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਇੱਕ ਜਟਿਲ ਤੇ ਗਤੀਸ਼ੀਲ ਮੰਚ ਰਹੀ ਹੈ, ਜਿੱਥੇ ਸਿਆਸੀ ਪਾਰਟੀਆਂ, ਆਗੂਆਂ ਦੀ ਉਥਾਪਟਕ, ਕਿਰਦਾਰਕੁਸ਼ੀ ਤੇ ਪਾਰਟੀਆਂ ਬਦਲਣ ਦਾ ਮਾਹੌਲ ਨੇ ਸੂਬੇ ਦੀ ਸਿਆਸੀ ਦਿਸ਼ਾ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬ ਦੀ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ, ਇੰਡੀਅਨ ਨੈਸ਼ਨਲ ਕਾਂਗਰਸ, ਆਮ ਆਦਮੀ ਪਾਰਟੀ (ਆਪ) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਰਗੀਆਂ ਪਾਰਟੀਆਂ ਮੁੱਖ ਪਾਰਟੀਆਂ ਰਹੀਆਂ ਹਨ ਪਰ ਸਮੇਂ ਦੇ ਨਾਲ, ਸਿਆਸੀ ਪਾਰਟੀਆਂ ਦੀ ਆਪਸੀ ਉਲਝਣ, ਨਿੱਜੀ ਸੁਆਰਥ ਤੇ ਲੋਕ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਪ੍ਰਵਿਰਤੀ ਨੇ ਪੰਜਾਬ ਦੀ ਸਿਆਸਤ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਸੂਬੇ ਦੇ ਸਮਾਜਿਕ ਅਤੇ ਰਾਜਨੀਤਕ ਭਵਿੱਖ ਬਾਰੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਇਸ ਲੇਖ ਵਿੱਚ ਪੰਜਾਬ ਦੀ ਸਿਆਸੀ ਸਥਿਤੀ, ਇਸ ਦੀਆਂ ਚੁਣੌਤੀਆਂ ਤੇ ਸੰਭਾਵੀ ਦਿਸ਼ਾ 'ਤੇ ਵਿਚਾਰ ਹੀ ਪੰਜਾਬ ਦਾ ਭਵਿੱਖ ਹੈ।

ਹੁਣ ਪੰਜਾਬ ਦੀ ਸਿਆਸੀ ਉਥਾਪਟਕ ਤੇ ਕਿਰਦਾਰਕੁਸ਼ੀ ਵਿਚ ਪੰਜਾਬ ਦੀ ਸਿਆਸਤ ਵਿੱਚ ਨਵੀਂ ਨਹੀਂ ਹੈ। ਆਗੂਆਂ ਦਾ ਪਾਰਟੀਆਂ ਬਦਲਣਾ, ਗੱਠਜੋੜ ਬਣਾਉਣਾ ਅਤੇ ਤੋੜਨਾ ਅਤੇ ਇੱਕ-ਦੂਜੇ 'ਤੇ ਨਿੱਜੀ ਹਮਲੇ ਕਰਨ ਦੀ ਪ੍ਰਵਿਰਤੀ ਨੇ ਸਿਆਸੀ ਮਾਹੌਲ ਨੂੰ ਪ੍ਰਦੂਸ਼ਿਤ ਕੀਤਾ ਹੈ। ਉਦਾਹਰਣ ਵਜੋਂ, 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ 77 ਸੀਟਾਂ ਜਿੱਤ ਕੇ ਸੱਤਾ ਹਾਸਲ ਕੀਤੀ, ਪਰ 2021 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਚਾਨਕ ਬਰਖਾਸਤਗੀ ਅਤੇ ਚਰਨਜੀਤ ਸਿੰਘ ਚੰਨੀ ਦੀ ਮੁੱਖ ਮੰਤਰੀ ਵਜੋਂ ਨਿਯੁਕਤੀ ਨੇ ਪਾਰਟੀ ਅੰਦਰ ਆਪਸੀ ਖਿੱਚੋਤਾਣ ਨੂੰ ਸਪੱਸ਼ਟ ਕੀਤਾ।

ਇਸੇ ਤਰ੍ਹਾਂ ਆਮ ਆਦਮੀ ਪਾਰਟੀ 'ਚ ਵੀ ਸੁਖਪਾਲ ਸਿੰਘ ਖਹਿਰਾ ਤੇ ਹੋਰ ਵਿਧਾਇਕਾਂ ਦੇ ਪਾਰਟੀ ਛੱਡਣ ਦੀਆਂ ਘਟਨਾਵਾਂ ਨੇ ਅੰਦਰੂਨੀ ਕਲੇਸ਼ ਨੂੰ ਉਜਾਗਰ ਕੀਤਾ ਹੈ। ਉਧਰ ਕਿਰਦਾਰਕੁਸ਼ੀ ਦਾ ਮੁੱਦਾ ਵੀ ਪੰਜਾਬ ਦੀ ਸਿਆਸਤ ਵਿੱਚ ਡੂੰਘਾ ਜੁੜਿਆ ਹੋਇਆ ਹੈ। ਸਿਆਸੀ ਆਗੂ ਅਕਸਰ ਲੋਕ ਮੁੱਦਿਆਂ ਨੂੰ ਛੱਡ ਕੇ ਇੱਕ-ਦੂਜੇ 'ਤੇ ਨਿੱਜੀ ਹਮਲੇ ਕਰਦੇ ਹਨ। ਇਹ ਹਮਲੇ ਸਮਾਜਿਕ ਮੀਡੀਆ ਅਤੇ ਰੈਲੀਆਂ ਰਾਹੀਂ ਹੋਰ ਤਿੱਖੇ ਹੋ ਜਾਂਦੇ ਹਨ, ਜਿਸ ਨਾਲ ਲੋਕਾਂ ਦਾ ਸਿਆਸਤ ਤੋਂ ਵਿਸ਼ਵਾਸ ਘਟਦਾ ਜਾ ਰਿਹਾ ਹੈ।

ਅੱਜ ਵੀ ਲੋਕ ਮੁੱਦਿਆਂ ਦੀ ਅਣਦੇਖੀ ਤੇ ਆਪਸੀ ਉਲਝਣ ਪੰਜਾਬ ਦੀ ਸਿਆਸਤ 'ਚ ਲੋਕ ਮੁੱਦੇ ਅਕਸਰ ਪਿਛੋਕੜ 'ਚ ਚਲੇ ਜਾਂਦੇ ਹਨ। ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਸਮੱਸਿਆਵਾਂ, ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੇ ਮੁੱਦੇ ਸਿਆਸੀ ਪਾਰਟੀਆਂ ਦੀਆਂ ਚੋਣ ਮੁਹਿੰਮਾਂ ਦਾ ਹਿੱਸਾ ਬਣਦੇ ਹਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਇਹ ਮੁੱਦੇ ਨਜ਼ਰਅੰਦਾਜ਼ ਹੋ ਜਾਂਦੇ ਹਨ। 2020 ਦੇ ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਕਿਸਾਨਾਂ ਦੇ ਹੱਕ ਵਿੱਚ ਬੋਲਣ ਲਈ ਮਜਬੂਰ ਕੀਤਾ, ਪਰ ਬਹੁਤੀਆਂ ਪਾਰਟੀਆਂ ਨੇ ਸਿਰਫ਼ ਵੋਟਾਂ ਦੀ ਸਿਆਸਤ ਹੀ ਕੀਤੀ ਹੈ ਤੇ ਇਸ ਦੇ ਨਾਲ, ਸਿਆਸੀ ਪਾਰਟੀਆਂ ਦੀ ਆਪਸੀ ਉਲਝਣ ਅਤੇ ਨਿੱਜੀ ਹੁਦਰੇਪਣ ਨੇ ਸੂਬੇ ਦੇ ਵਿਕਾਸ ਨੂੰ ਰੋਕਿਆ ਹੈ। ਉਦਾਹਰਣ ਵਜੋਂ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ, ਜੋ ਕਦੇ ਪੰਜਾਬ ਦੀ ਸਿਆਸਤ ਦਾ ਮੁੱਖ ਹਿੱਸਾ ਸੀ, 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟ ਗਿਆ। ਇਸ ਨੇ ਸੂਬੇ ਦੀ ਸਿਆਸੀ ਜ਼ਮੀਨ ਨੂੰ ਹੋਰ ਅਸਥਿਰ ਕਰ ਦਿੱਤਾ ਹੈ।

ਅੱਜ ਪੰਜਾਬ ਦੀ ਸਿਆਸਤ ਦੀ ਦਿਸ਼ਾ ਤੇ ਪੰਜਾਬ ਦੀ ਸਿਆਸਤ ਦੀ ਮੌਜੂਦਾ ਦਿਸ਼ਾ ਨੂੰ ਦੇਖਦੇ ਹੋਏ ਇਹ ਸਪੱਸ਼ਟ ਹੈ ਕਿ ਸੂਬਾ ਇੱਕ ਸਿਆਸੀ ਤੇ ਸਮਾਜਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪਾਰਟੀਆਂ ਦੀ ਆਪਸੀ ਉਲਝਣ ਤੇ ਲੋਕ ਮੁੱਦਿਆਂ ਦੀ ਅਣਦੇਖੀ ਨੇ ਪੰਜਾਬ ਦੀ ਸਿਆਸਤ ਨੂੰ ਦਿਸ਼ਾਹੀਣ ਬਣਾ ਦਿੱਤਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤ ਕੇ ਇੱਕ ਨਵੀਂ ਸਿਆਸੀ ਸੰਭਾਵਨਾ ਪੈਦਾ ਕੀਤੀ, ਪਰ ਇਸ ਦੀ ਸਫ਼ਲਤਾ ਦਾ ਸਵਾਲ ਅਜੇ ਵੀ ਬਣਿਆ ਹੋਇਆ ਹੈ।

ਅੱਜ ਪੰਜਾਬ ਦੀ ਸਿਆਸਤ ਦੀਆਂ ਮੁੱਖ ਸਮੱਸਿਆਵਾਂ ਵਿੱਚ ਸ਼ਾਮਲ ਮੁੱਖ ਤੌਰ 'ਤੇ ਜਜ਼ਬਾਤੀ ਮੁੱਦਿਆਂ ਦੀ ਸਿਆਸਤ ਹੀ ਹੈ ਤੇ ਪਾਰਟੀਆਂ ਅਕਸਰ ਜਜ਼ਬਾਤੀ ਮੁੱਦਿਆਂ (ਜਿਵੇਂ ਧਾਰਮਿਕ ਮੁੱਦੇ ਜਾਂ ਖੇਤੀ ਕਾਨੂੰਨ) ਨੂੰ ਉਭਾਰਦੀਆਂ ਹਨ, ਪਰ ਅਸਲ ਸਮੱਸਿਆਵਾਂ ਜਿਵੇਂ ਸਿੱਖਿਆ, ਸਿਹਤ ਤੇ ਰੁਜ਼ਗਾਰ ਨੂੰ ਨਜ਼ਰਅੰਦਾਜ਼ ਕਰਦੀਆਂ ਹਨ।

ਪੰਜਾਬ ਦੀਆਂ ਪਾਰਟੀਆਂ ਦੀ ਅੰਦਰੂਨੀ ਅਸਥਿਰਤਾ ਕਾਂਗਰਸ, ਅਕਾਲੀ ਦਲ ਤੇ ਆਪ ਵਰਗੀਆਂ ਪਾਰਟੀਆਂ ਅੰਦਰੂਨੀ ਕਲੇਸ਼ ਤੇ ਆਗੂਆਂ ਦੇ ਪਾਰਟੀ ਬਦਲਣ ਨਾਲ ਜੂਝ ਰਹੀਆਂ ਹਨ। ਪਰਿਵਾਰਵਾਦ ਤੇ ਸੁਆਰਥ ਪਹਿਲਾਂ ਹੀ ਉਨ੍ਹਾਂ 'ਤੇ ਭਾਰੀ ਹੈ ਪੰਜਾਬ ਦੀ ਸਿਆਸਤ 'ਚ ਪਰਿਵਾਰਵਾਦ ਤੇ ਨਿੱਜੀ ਸੁਆਰਥ ਹਾਵੀ ਹਨ, ਜਿਸ ਨਾਲ ਲੋਕਾਂ ਦੀਆਂ ਅਸਲ ਸਮੱਸਿਆਵਾਂ ਪਿੱਛੇ ਰਹਿ ਜਾਂਦੀਆਂ ਹਨ।

ਹੁਣ ਪੰਜਾਬ ਦਾ ਸਮਾਜਿਕ ਤੇ ਰਾਜਨੀਤਕ ਭਵਿੱਖ ਕਈ ਅਹਿਮ ਸਵਾਲਾਂ ਦੇ ਘੇਰੇ 'ਚ ਹੈ। ਜੇਕਰ ਸਿਆਸੀ ਪਾਰਟੀਆਂ ਨੇ ਆਪਣੀ ਦਿਸ਼ਾ ਨਾ ਬਦਲੀ, ਤਾਂ ਸੂਬੇ ਦਾ ਭਵਿੱਖ ਅਨਿਸ਼ਚਿਤਤਾ ਦੀ ਡੂੰਘੀ ਖਾਈ ਵਿੱਚ ਡੁੱਬ ਸਕਦਾ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ 'ਚ ਵੱਧ ਰਹੀ ਨਿਰਾਸ਼ਤਾ, ਬੇਰੁਜ਼ਗਾਰੀ ਤੇ ਨਸ਼ਿਆਂ ਦੀ ਸਮੱਸਿਆ ਨੇ ਸਮਾਜਿਕ ਸਥਿਰਤਾ ਨੂੰ ਖ਼ਤਰੇ ਵਿੱਚ ਪਾਇਆ ਹੋਇਆ ਹੈ।

ਅੱਜ ਪੰਜਾਬ ਦੀ ਸਿਆਸਤ ਨੂੰ ਇੱਕ ਸਥਾਈ ਤੇ ਲੋਕ-ਕੇਂਦਰਿਤ ਰਾਜਨੀਤਿਕ ਦਿਸ਼ਾ ਦੀ ਲੋੜ ਹੈ। ਇਸ ਲਈ ਮਹੱਤਵਪੂਰਨ ਹੈ ਕਿ ਲੋਕ ਮੁੱਦਿਆਂ 'ਤੇ ਧਿਆਨ ਤੇ ਸਿਆਸੀ ਪਾਰਟੀਆਂ ਨੂੰ ਨਸ਼ਿਆਂ, ਬੇਰੁਜ਼ਗਾਰੀ, ਸਿੱਖਿਆ ਤੇ ਸਿਹਤ ਵਰਗੇ ਮੁੱਦਿਆਂ 'ਤੇ ਠੋਸ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

ਰਾਜਨੀਤਕ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਸਿਆਸੀ ਆਗੂਆਂ ਨੂੰ ਆਪਣੇ ਵਾਅਦਿਆਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ ਤੇ ਸਰਕਾਰੀ ਪ੍ਰਕਿਰਿਆਵਾਂ 'ਚ ਪਾਰਦਰਸ਼ਤਾ ਲਿਆਉਣੀ ਚਾਹੀਦੀ ਹੈ। ਯੋਗਤਾ ਅਧਾਰਤ ਨਿਯੁਕਤੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਵਰਗੀਆਂ ਸੰਸਥਾਵਾਂ ਨੂੰ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਕਰਕੇ ਯੋਗਤਾ ਅਧਾਰਤ ਨਿਯੁਕਤੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਹੁਣ ਪੰਜਾਬ ਦੀ ਸਿਆਸਤ ਦਾ ਭਵਿੱਖ ਸੂਬੇ ਦੀ ਸਮਾਜਿਕ ਤੇ ਆਰਥਿਕ ਸਥਿਤੀ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀ ਆਪਸੀ ਉਲਝਣ, ਕਿਰਦਾਰਕੁਸ਼ੀ ਅਤੇ ਲੋਕ ਮੁੱਦਿਆਂ ਦੀ ਅਣਦੇਖੀ ਨੇ ਪੰਜਾਬ ਨੂੰ ਇੱਕ ਦਿਸ਼ਾਹੀਣ ਰਾਹ 'ਤੇ ਧੱਕ ਦਿੱਤਾ ਹੈ।

ਅੱਜ ਜੇਕਰ ਸਿਆਸੀ ਧਿਰਾਂ ਨੇ ਸਮੇਂ ਸਿਰ ਸੁਧਾਰ ਨਾ ਕੀਤੇ, ਤਾਂ ਪੰਜਾਬ ਦਾ ਸਮਾਜਿਕ ਅਤੇ ਰਾਜਨੀਤਕ ਭਵਿੱਖ ਖਤਰੇ 'ਚ ਪੈ ਸਕਦਾ ਹੈ। ਦੂਜੇ ਪਾਸੇ, ਜੇਕਰ ਪਾਰਟੀਆਂ ਲੋਕ-ਕੇਂਦਰਿਤ ਨੀਤੀਆਂ ਅਪਣਾਉਂਦੀਆਂ ਹਨ ਤੇ ਸਮਾਜ ਦੀਆਂ ਅਸਲ ਸਮੱਸਿਆਵਾਂ 'ਤੇ ਧਿਆਨ ਦਿੰਦੀਆਂ ਹਨ, ਤਾਂ ਪੰਜਾਬ ਇੱਕ ਸਥਿਰ ਤੇ ਖੁਸ਼ਹਾਲ ਭਵਿੱਖ ਵੱਲ ਵੱਧ ਸਕਦਾ ਹੈ। ਸਮਾਂ ਹੁਣ ਸਿਆਸੀ ਇੱਛਾਸ਼ਕਤੀ ਅਤੇ ਸਮਾਜਿਕ ਜਾਗਰੂਕਤਾ ਦੀ ਮੰਗ ਕਰਦਾ ਹੈ, ਤਾਂ ਜੋ ਪੰਜਾਬ ਨੂੰ ਉਸ ਦੀ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦੇ ਅਨੁਰੂਪ ਇੱਕ ਉੱਜਵਲ ਭਵਿੱਖ ਮਿਲ ਸਕੇ।

ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦੀ ਆਪ ਸਰਕਾਰ ਨੂੰ ਵੀ ਕਈ ਸਵਾਲਾਂ ਦੇ ਘੇਰੇ 'ਚੋਂ ਨਿਕਲਣਾ ਹੋਵੇਗਾ ਪੰਜਾਬੀ ਰਾਜਨੀਤਿਕ ਪਾਰਟੀਆਂ ਦੇ ਵਿੱਚੋਂ ਵੀ ਅੱਗੇ ਵਧਣਾ ਜਾਣਦੇ ਹਨ। ਕਾਸ਼, ਸਰਕਾਰ ਤੇ ਰਾਜਨੀਤਿਕ ਪਾਰਟੀਆਂ ਪੰਜਾਬ ਕੇਂਦਰਿਤ ਹੋ ਕੇ ਪੰਜਾਬ ਦੇ ਲੋਕਾਂ ਬਾਰੇ ਸੋਚਣ।



# ਲਿਵ-ਇਨ ਰਿਲੇਸ਼ਨ: ਪਿਆਰ, ਮਰਯਾਦਾ ਜਾਂ ਮੌਤ ਦਾ ਰਿਸ਼ਤਾ ?



ਵਿੰਕਲਜੀਤ ਸਿੰਘ ਸਰਾ
9501477889

**ਪਿਆਰ ਦੀ ਆਜ਼ਾਦੀ ਜਾਂ ਨੈਤਿਕਤਾ ਦੀ ਉਲੰਘਣਾ ?**

21ਵੀਂ ਸਦੀ ਦੇ ਭਾਰਤ ਵਿੱਚ ਜਿੱਥੇ ਇਕ ਪਾਸੇ ਚੰਦ 'ਤੇ ਮਿਸ਼ਨ ਜਾ ਰਹੇ ਹਨ, ਉਥੇ ਹੀ ਦੂਜੇ ਪਾਸੇ ਨੌਜਵਾਨ ਪੀੜ੍ਹੀ ਆਪਣੇ ਰਿਸ਼ਤਿਆਂ ਦੇ ਰੂਪ ਨੂੰ ਨਵੇਂ ਢੰਗ ਨਾਲ ਜੀ ਰਹੀ ਹੈ। ਲਿਵ-ਇਨ ਰਿਲੇਸ਼ਨ ਵੀ ਇਨ੍ਹਾਂ ਨਵੇਂ ਰਿਸ਼ਤਿਆਂ 'ਚੋਂ ਇੱਕ ਹੈ, ਜਿਸ ਵਿੱਚ ਦੋ ਵਿਅਕਤੀ ਵਿਆਹ ਤੋਂ ਬਿਨਾਂ ਇਕੱਠੇ ਰਹਿੰਦੇ ਹਨ। ਇਹ ਰਿਸ਼ਤਾ ਨੈਤਿਕ ਅਤੇ ਕਾਨੂੰਨੀ ਦੋਹਾਂ ਪੱਖਾਂ ਨਾਲ ਲੰਮੇ ਸਮੇਂ ਤੋਂ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ।

**ਤਾਜ਼ਾ ਹਾਲਾਤ: ਮੋਹ ਤੋਂ ਮੌਤ ਤੱਕ ਦਾ ਸਫ਼ਰ (2023-2025 ਦੀਆਂ ਕੁਝ ਮੁੱਖ ਘਟਨਾਵਾਂ):**

1. ਸ਼੍ਰੱਧਾ ਵਾਕਰ ਮਾਮਲਾ (2022, ਦਿੱਲੀ): ਲਿਵ-ਇਨ ਸਾਥੀ ਆਫਤਾਬ ਨੇ ਸ਼੍ਰੱਧਾ ਦੀ ਹੱਤਿਆ ਕਰਕੇ ਉਸ ਦੇ ਅੰਗਾਂ ਨੂੰ ਟੁਕੜਿਆਂ 'ਚ ਕੱਟ ਦਿੱਤਾ ਗਿਆ। ਇਹ ਮਾਮਲਾ ਦੇਸ਼ ਭਰ 'ਚ ਚਰਚਾ ਦਾ ਕੇਂਦਰ ਬਣਿਆ।
2. ਨਿਕਿਤਾ ਕੌਰ ਮਾਮਲਾ (2024, ਹਰਿਆਣਾ): ਲਿਵ-ਇਨ ਵਿੱਚ ਰਹਿ ਰਹੀ ਨਿਕਿਤਾ ਕੌਰ ਨੂੰ ਉਸ ਦੇ ਸਾਥੀ ਨੇ ਗਰਭਵਤੀ ਹੋਣ ਤੋਂ ਬਾਅਦ ਛੱਡ ਦਿੱਤਾ। ਮਾਂ-ਬਾਪ ਨੇ ਅਦਾਲਤ 'ਚ ਦਰਖ਼ਾਸਤ ਦਿੱਤੀ ਕਿ ਲਿਵ-ਇਨ ਦੇ ਨਾਂ 'ਤੇ ਔਰਤਾਂ ਦੀ ਬੇਇੱਜ਼ਤੀ ਕੀਤੀ ਜਾ ਰਹੀ ਹੈ।
3. ਮੋਨੀਕਾ ਰਾਣਾ ਹੱਤਿਆ ਮਾਮਲਾ (2025, ਉੱਤਰ ਪ੍ਰਦੇਸ਼): ਆਪਣੇ ਪਿਆਰ 'ਚ ਰਹਿੰਦੇ ਹੋਏ ਲਿਵ-ਇਨ ਸਾਥੀ ਨੇ ਮੋਨੀਕਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

**ਕਾਨੂੰਨੀ ਦਰਿਸ਼ਟੀਕੋਣ: ਕੀ ਲਿਵ-ਇਨ ਭਾਰਤ ਵਿੱਚ ਕਾਨੂੰਨੀ ਹੈ ?** : ਭਾਰਤ 'ਚ ਲਿਵ-ਇਨ ਰਿਲੇਸ਼ਨ ਨੂੰ ਵਿਆਹ ਦੀ ਤਰ੍ਹਾਂ ਕਾਨੂੰਨੀ ਮਾਨਤਾ ਨਹੀਂ, ਪਰ ਸੰਵਿਧਾਨਿਕ ਰੱਖਿਆ ਜ਼ਰੂਰ ਦਿੱਤੀ ਗਈ ਹੈ।

**ਕੁਝ ਮੁੱਖ ਨਿਯਮ ਅਤੇ ਅਦਾਲਤੀ ਫੈਸਲੇ:** **ਸੁਪਰੀਮ ਕੋਰਟ** (2010): ਲਿਵ-ਇਨ ਰਿਸ਼ਤਾ ਅਪਰਾਧ ਨਹੀਂ। ਦੋ ਬਾਲਗ ਆਪਣੀ ਮਰਜ਼ੀ ਨਾਲ ਇਕੱਠੇ ਰਹਿ ਸਕਦੇ ਹਨ।

**ਡੋਮੇਸਟਿਕ ਵਾਇਲੰਸ ਐਕਟ** 2005: ਲਿਵ-ਇਨ ਵਿੱਚ ਰਹਿ ਰਹੀਆਂ ਔਰਤਾਂ ਵੀ ਉਤਪੀੜਨ ਤੋਂ ਸੁਰੱਖਿਅਤ ਹਨ।

**ਮੈਟਰੀਮੋਨੀਅਲ ਰਾਈਟਸ:** ਜੇ ਲਿਵ-ਇਨ ਰਿਸ਼ਤਾ ਲੰਮਾ ਚੱਲੇ ਤਾਂ ਔਰਤ ਨੂੰ ਪਤੀ ਦੀ ਤਰ੍ਹਾਂ ਭਾਈਚਾਰਾ ਮਿਲ ਸਕਦਾ ਹੈ। ਪਰ ਇਹ ਸਾਰੀਆਂ ਸੁਰੱਖਿਆਵਾਂ ਸਾਬਤ ਕਰਨ 'ਤੇ ਨਿਰਭਰ ਕਰਦੀਆਂ ਹਨ-ਜਿਵੇਂ ਕਿ ਲੰਬਾ ਸਮਾਂ ਇਕੱਠੇ ਰਹਿਣ ਦੇ ਸਬੂਤ, ਆਮ-ਲੋਕਾਂ ਦੀ ਗਵਾਹੀ ਆਦਿ।

**ਸਮਾਜਕ ਸੱਚਾਈ: ਮਾਨਤਾ ਤੋਂ ਇਨਕਾਰ** : ਭਾਵੇਂ ਕਾਨੂੰਨ ਲਿਵ-ਇਨ ਰਿਸ਼ਤੇ ਨੂੰ ਰੋਕਦਾ ਨਹੀਂ, ਪਰ ਸਮਾਜ ਅਜੇ ਵੀ ਇਸ ਨੂੰ ਅਸਵੀਕਾਰ ਕਰਦਾ ਹੈ: ਕਿਰਾਏ ਦੇ ਘਰ ਨਾ ਮਿਲਣਾ। ਮੁਹੱਲੇ ਜਾਂ ਪਰਿਵਾਰ ਵਿੱਚ ਬਦਨਾਮੀ। ਮਹਿਲਾ ਨੂੰ ਅਵੈਧ ਰਿਸ਼ਤੇ ਵਾਲੀ ਸਮਝਣਾ। ਵਿਆਹ ਤੋਂ ਪਹਿਲਾਂ ਸੰਭੋਗ ਦੀ ਨਿੰਦਾ। ਇਹੀ ਨਹੀਂ, ਕਈ ਵਾਰੀ ਮਾਪੇ ਵੀ ਆਪਣੇ ਬੱਚਿਆਂ ਨੂੰ ਘਰ ਤੋਂ ਕੱਢ ਦਿੰਦੇ ਹਨ ਜੇ ਉਹ ਲਿਵ-ਇਨ ਵਿੱਚ ਰਹਿਣ ਦੀ ਚੋਣ ਕਰ ਲੈਣ।

**ਔਰਤਾਂ ਲਈ ਵੱਧ ਰਿਹਾ ਖ਼ਤਰਾ:** ਲਿਵ-ਇਨ ਰਿਸ਼ਤੇ 'ਚ ਅਕਸਰ ਔਰਤਾਂ ਹੀ ਸ਼ਿਕਾਰ ਬਣਦੀਆਂ ਹਨ: ਵਿਆਹ ਦਾ ਝੂਠਾ ਵਾਅਦਾ। ਸਰੀਰਕ ਸਬੰਧ ਬਾਅਦ ਦਿਲਚਸਪੀ ਖਤਮ। ਜਨਾਨੀ ਹੋਣ ਦੇ ਬਾਅਦ ਪਿੱਛਾ ਛੁਡਾਣਾ। ਘਰੇਲੂ ਹਿੰਸਾ ਅਤੇ ਆਰਥਿਕ ਉਤਪੀੜਨ। ਜਾਨੋਂ ਮਾਰਨ ਜਾਂ ਮਰੇ ਹੋਏ ਛੱਡ ਜਾਣਾ। ਹਰ ਮਹੀਨੇ ਭਾਰਤ ਵਿੱਚ ਲਗਭਗ 15-20 ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਜੋ ਕਿ ਮੀਡੀਆ ਤੱਕ ਨਹੀਂ ਪਹੁੰਚਦੇ।

**ਆਪਣੇ ਪਿਆਰ ਦੀ ਸੁਰੱਖਿਆ ਕਿਵੇਂ ਕੀਤੀ ਜਾਵੇ ?** ਲਿਵ-ਇਨ ਰਿਸ਼ਤੇ ਦੀ ਸ਼ੁਰੂਆਤ ਤੋਂ ਪਹਿਲਾਂ: 1. ਲਿਖਤੀ ਸਮਝੌਤਾ : ਜਿਹੜਾ ਦੋਹਾਂ ਦੀਆਂ ਉਮੀਦਾਂ ਅਤੇ ਹੱਦਾਂ ਨੂੰ ਦਰਸਾਵੇ। 2. ਕੁਟੰਬਿਕ ਸਹਿਮਤੀ: ਪਰਿਵਾਰ ਨੂੰ ਜਾਣੂ ਕਰਨਾ, ਜਦੋਂ ਤੱਕ ਸੰਭਵ ਹੋਵੇ। 3. ਆਪਸੀ ਆਦਰ ਅਤੇ ਆਰਥਿਕ ਪੱਖ ਦੀ ਸਵਤੰਤਰਤਾ।

**ਜੇਕਰ ਉਤਪੀੜਨ ਹੋਵੇ:** 1. ਪੁਲਿਸ ਜਾਂ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ। 2. ਡੋਮੇਸਟਿਕ ਵਾਇਲੰਸ ਐਕਟ ਹੇਠ ਕਾਨੂੰਨੀ ਕਾਰਵਾਈ। 3. ਮਨੋਚਿਕਿਤਸਕ ਮਦਦ ਜਾਂ ਔਰਤ ਸਹਾਇਤਾ ਕੇਂਦਰ।

**ਹਿੰਦੁਸਤਾਨ ਨੂੰ ਲੋੜ ਹੈ ਨਵੇਂ ਕਾਨੂੰਨਾਂ ਦੀ** : 1. ਲਿਵ-ਇਨ ਪੰਜੀਕਰਨ ਵਿਵਸਥਾ: ਜਿਵੇਂ ਕਿ ਵਿਆਹ ਰਜਿਸਟਰੀ, ਲਿਵ-ਇਨ ਦੀ ਵੀ ਸੂਚੀਬੱਧਤਾ ਹੋਵੇ। 2. ਵਿਛੋੜੇ ਤੇ ਆਰਥਿਕ ਹੱਕ: ਜੇ ਸੰਬੰਧ ਖਤਮ ਹੋਵੇ, ਔਰਤ ਨੂੰ ਮੁਆਵਜ਼ਾ ਮਿਲੇ। 3. ਬੱਚਿਆਂ ਦੇ ਹੱਕ: ਜੇ ਲਿਵ-ਇਨ ਸਾਥੀਆਂ ਦੇ ਬੱਚੇ ਹੋਣ, ਤਾਂ ਉਨ੍ਹਾਂ ਦੀ ਪ੍ਰਵਰਿਸ਼ ਤੇ ਜਾਇਦਾਦ 'ਚ ਹਿੱਸਾ ਨਿਰਧਾਰਤ ਹੋਵੇ। 4. ਅਧਿਕਾਰੀ ਰਾਹੀਂ ਤਸਦੀਕ ਕੀਤੀ ਸਮਝੌਤਾ ਪ੍ਰਕਿਰਿਆ।

**ਸੋਸ਼ਲ ਮੀਡੀਆ, ਐਪਸ 'ਤੇ 'ਟਿੰਡਰ ਯੁੱਗ'** : ਸੋਸ਼ਲ ਮੀਡੀਆ 'ਤੇ ਡੇਟਿੰਗ ਐਪਸ ਨੇ ਲੋਕਾਂ ਨੂੰ ਇਕੱਠੇ ਲਿਆਉਣ 'ਚ ਭੂਮਿਕਾ ਨਿਭਾਈ, ਪਰ ਇਹ ਰਿਸ਼ਤਿਆਂ ਦੀ ਗੰਭੀਰਤਾ ਨੂੰ ਵੀ ਘਟਾਉਂਦੇ ਹਨ। ਕਈ ਲੋਕ ਝੂਠੇ ਪਹਿਚਾਣ ਨਾਲ ਰਿਸ਼ਤਾ ਬਣਾਉਂਦੇ ਹਨ, ਜਿਨ੍ਹਾਂ ਤੋਂ ਬਾਅਦ ਹਿੰਸਾ ਜਾਂ ਧੋਖਾਧੜੀ ਹੁੰਦੀ ਹੈ।

**ਨਿਸ਼ਕਰਸ਼: ਲਿਵ-ਇਨ=ਆਜ਼ਾਦੀ + ਜ਼ਿੰਮੇਵਾਰੀ** : ਲਿਵ-ਇਨ ਰਿਸ਼ਤਾ ਕਿਸੇ ਦੀ ਨਿੱਜੀ ਚੋਣ ਹੋ ਸਕਦੀ ਹੈ, ਪਰ ਇਹ "ਸਿਰਫ਼ ਪਿਆਰ" ਨਹੀਂ, ਸਗੋਂ ਜਵਾਬਦੇਹੀ ਹੈ - ਆਪਣੀ ਜ਼ਿੰਦਗੀ ਤੇ ਦੂਜੇ ਦੀ ਸੁਰੱਖਿਆ ਦੋਹਾਂ ਲਈ। ਭਾਰਤ ਨੂੰ ਲੋੜ ਹੈ ਕਿ ਇਨ੍ਹਾਂ ਨਵੇਂ ਰਿਸ਼ਤਿਆਂ ਲਈ ਨਵੇਂ ਕਾਨੂੰਨੀ ਤੇ ਸਮਾਜਿਕ ਮਾਪਦੰਡ ਬਣਾਏ ਜਾਣ। ਜਦ ਤੱਕ ਇਹ ਨਹੀਂ ਹੁੰਦਾ, ਤਦ ਤੱਕ ਅਜਿਹੀਆਂ ਹੱਤਿਆਵਾਂ ਤੇ ਅਣਹੋਣੀਆਂ ਰੋਕਣ 'ਚ ਮੁਸ਼ਕਲ ਰਹੇਗੀ।

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਮੋ. 97816-46008

# ਸਮਾਜ ਵਿਚਲੀ ਚੰਗਿਆਈ ਨੂੰ ਘੁਣ ਵਾਂਗ ਖਾ ਰਿਹੈ ਸੋਸ਼ਲ ਮੀਡੀਆ

ਜੇਕਰ ਇਹ ਕਹਿ ਲਿਆ ਜਾਵੇ ਕਿ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਅਜੋਕੇ ਸੰਸਾਰਕ ਜੀਵਾਂ ਲਈ 'ਲਾਈਫ਼ਲਾਈਨ' ਬਣ ਚੁੱਕੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਪੇਂਡੂ ਹੋਵੇ ਜਾਂ ਸ਼ਹਿਰੀ, ਵੱਧ ਪੜ੍ਹਿਆ ਹੋਵੇ ਜਾਂ ਘੱਟ, ਮਰਦ ਹੋਵੇ ਜਾਂ ਇਸਤਰੀ ਤੇ ਬੱਚਾ ਹੋਵੇ ਜਾਂ ਬਜ਼ੁਰਗ ਹਰੇਕ ਲਈ ਪਹਿਲਾਂ ਮੋਬਾਇਲ ਫ਼ੋਨ ਤੇ ਫਿਰ ਫ਼ੋਨ 'ਚ ਇੰਟਰਨੈੱਟ ਤੇ ਫਿਰ ਇੰਟਰਨੈੱਟ 'ਤੇ ਸੋਸ਼ਲ ਮੀਡੀਆ ਦੀ ਵਰਤੋਂ ਤਾਂ ਜ਼ਿੰਦਗੀ ਦਾ ਲਾਜ਼ਮੀ ਜਿਹਾ ਹਿੱਸਾ ਬਣ ਚੁੱਕੇ ਹਨ। ਅਜੋਕੇ ਬੱਚੇ ਅਤੇ ਨੌਜਵਾਨ ਰੋਟੀ ਤੋਂ ਤਾਂ ਭੁੱਖੇ ਰਹਿ ਸਕਦੇ ਹਨ ਪਰ ਮੋਬਾਇਲ ਫ਼ੋਨ ਤੇ ਉਸ ਵਿਚਲੇ ਇੰਟਰਨੈੱਟ ਤੋਂ ਬਗ਼ੈਰ ਇਹ ਇਕ ਪਲ ਵੀ ਨਹੀਂ ਕੱਢ ਸਕਦੇ ਹਨ। ਸੋਸ਼ਲ ਮੀਡੀਆ ਅਸਲ ਵਿੱਚ ਮਨੁੱਖ ਨੂੰ ਦਿੱਤਾ ਤਾਂ ਮਨੋਰੰਜਨ ਤੇ ਪ੍ਰਚਾਰ ਲਈ ਗਿਆ ਸੀ ਪਰ ਕੁਝ ਗ਼ਲਤ ਅਨਸਰਾਂ ਦੇ ਹੱਥਾਂ 'ਚ ਚਲਾ ਜਾਣ ਕਰਕੇ ਤੇ ਇਸਦੀ ਅਨੈਤਿਕ ਵਰਤੋਂ ਹੋਣ ਕਰਕੇ ਇਹ ਗਾਲੀ-ਗਲੋਚ ਤੇ ਕਤਲੋਗ਼ਾਰਤ ਦਾ ਸਬੱਬ ਬਣ ਚੁੱਕਾ ਹੈ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਅਤੇ ਸਰਕਾਰ ਨੂੰ ਜਾਗ ਪੈਣਾ ਚਾਹੀਦਾ ਹੈ ਤੇ ਸੋਸ਼ਲ ਮੀਡੀਆ 'ਤੇ ਪਏ 'ਗੰਦ' ਤੇ 'ਕੂੜਾ-ਕਰਕਟ' ਨੂੰ ਸਾਫ਼ ਕਰਨ ਲਈ ਕੁਝ ਕਰੜੇ ਨਿਯਮ ਬਣਾਉਣੇ ਤੇ ਲਾਗੂ ਕਰਨੇ ਪੈਣਗੇ।

ਇਥੇ ਸਮਝਣ ਵਾਲੀ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਸੰਸਾਰ ਦੀ ਕੁੱਲ ਆਬਾਦੀ 812 ਕਰੋੜ ਦੇ ਨੇੜੇ ਹੈ ਤੇ ਇਸ ਵਿੱਚੋਂ 556 ਕਰੋੜ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਤੇ ਉਨ੍ਹਾਂ ਵਿੱਚੋਂ ਵੀ ਅਪ੍ਰੈਲ, 2025 'ਚ 531 ਕਰੋੜ ਲੋਕ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਨ ਜੋ ਕਿ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਦੀ ਕੁੱਲ ਸੰਖਿਆ ਦਾ 94.24 ਫ਼ੀਸਦੀ ਬਣਦਾ ਸੀ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਸੋਸ਼ਲ ਮੀਡੀਆ ਵਰਤੋਂਕਾਰਾਂ 'ਚ 26 ਕਰੋੜ ਦੇ ਕਰੀਬ ਵਰਤੋਂਕਾਰ ਅਜੇ ਪਿਛਲੇ ਹੀ ਵਰ੍ਹੇ 'ਚ ਨਵੇਂ ਸ਼ਾਮਲ ਹੋਏ ਸਨ। ਹੈਰਾਨੀਜਨਕ ਤੱਥ ਹੈ ਕਿ ਦੁਨੀਆਂ ਵਿਚਲੇ ਕੁੱਲ ਬਾਲਗਾਂ ਵਿੱਚੋਂ 87.3 ਫ਼ੀਸਦੀ ਬਾਲਗ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ।

ਇਸੇ ਸਬੰਧ 'ਚ ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤ ਅੰਦਰ ਫ਼ਰਵਰੀ, 2025 'ਚ ਕੁੱਲ ਆਬਾਦੀ 146 ਕਰੋੜ ਤੇ ਮੋਬਾਇਲ ਫ਼ੋਨਾਂ ਦੀ ਸੰਖਿਆ 112 ਕਰੋੜ ਸੀ। ਇਨ੍ਹਾਂ 'ਚੋਂ ਇੰਟਰਨੈੱਟ ਵਰਤੋਂਕਾਰਾਂ ਦੀ ਸੰਖਿਆ 80.6 ਕਰੋੜ ਦੇ ਕਰੀਬ ਸੀ ਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੀ ਸੰਖਿਆ 49.1 ਕਰੋੜ ਦੇ ਕਰੀਬ ਸੀ। ਹਰੇਕ ਭਾਰਤੀ ਔਸਤਨ ਚਾਰ ਘੰਟੇ ਪ੍ਰਤੀ ਦਿਨ ਮੋਬਾਇਲ ਫ਼ੋਨ ਚਲਾਉਣ ਸਮੇਤ ਕੰਪਿਊਟਰ, ਟੈਬਲੈੱਟ, ਸਮਾਰਟ ਟੀ.ਵੀ. ਜਾਂ ਹੋਰ ਸਾਧਨਾਂ ਰਾਹੀਂ ਸੱਤ ਘੰਟੇ ਪ੍ਰਤੀ ਦਿਨ ਦੇ ਹਿਸਾਬ ਨਾਲ ਇੰਟਰਨੈੱਟ ਦੀ ਵਰਤੋਂ ਕਰਦਾ ਸੀ। ਭਾਰਤ ਵਿਚ ਵਟਸਐਪ ਅਤੇ ਫ਼ੇਸਬੁੱਕ ਚਲਾਉਣ ਵਾਲਿਆਂ ਦੀ ਸੰਖਿਆ ਮਈ 2025 ਵਿਚ ਕ੍ਰਮਵਾਰ 85 ਕਰੋੜ (ਕੁਝ ਲੋਕ ਇਕ ਹੀ ਨੰਬਰ 'ਤੇ ਵਟਸਐਪ ਬਿਜ਼ਨਸ ਅਕਾਊਂਟ ਨਾਮਕ ਵੱਖਰਾ ਅਕਾਊਂਟ ਵੀ ਚਲਾਉਂਦੇ ਹਨ) ਤੇ 58 ਕਰੋੜ ਤੋਂ ਵੱਧ ਸੀ ਜਦੋਂ ਕਿ ਇੰਸਟਾਗ੍ਰਾਮ ਅਤੇ ਮੈਸੈਂਜਰ ਆਦਿ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਕ੍ਰਮਵਾਰ 39.25 ਕਰੋੜ ਅਤੇ 38.88 ਕਰੋੜ ਸੀ।

ਉਪਰੋਕਤ ਸਾਰੇ ਅੰਕੜੇ ਅਤੇ ਸਮੁੱਚਾ ਬਿਰਤਾਂਤ ਇਹ ਇਸ਼ਾਰਾ ਕਰਦਾ ਹੈ ਕਿ ਭਾਰਤ ਵਿਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੀ ਸੰਖਿਆ ਕਾਫੀ



ਜ਼ਿਆਦਾ ਹੈ ਤੇ ਇਹ ਸੰਖਿਆ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਗਤੀ ਨਾਲ ਵੱਧ ਰਹੀ ਹੈ। ਇਨ੍ਹਾਂ ਦੀ ਗਿਣਤੀ ਦਾ ਵਧਣਾ ਕੋਈ ਗ਼ਲਤ ਜਾਂ ਮਾੜੀ ਗੱਲ ਨਹੀਂ ਹੈ। ਹਰੇਕ ਯੁੱਗ ਵਿੱਚ ਸਮੇਂ ਦੀ ਚਾਲ ਨਾਲ ਚਾਲ ਮਿਲਾ ਕੇ ਚੱਲਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਇੰਟਰਨੈੱਟ ਦੀ ਤੇ ਵਿਸ਼ੇਸ਼ ਕਰਕੇ ਸੋਸ਼ਲ ਮੀਡੀਆ ਦੀ ਵਰਤੋਂ ਚੰਗੇ ਤੇ ਉਸਾਰੂ ਕਾਰਜਾਂ ਦੀ ਥਾਂ ਮਾੜੇ ਤੇ ਢਾਹੂ ਕੰਮਾਂ ਲਈ ਕਰਨਾ ਬਹੁਤ ਹੀ ਨਿੰਦਣਯੋਗ ਤੇ ਚਿੰਤਾਜਨਕ ਹੈ। ਆਪਣੇ ਗਿਆਨ ਨੂੰ ਆਪਣੀ ਕਲਾ ਨੂੰ ਆਪਣੇ ਹੁਨਰ ਨੂੰ ਅਤੇ ਆਪਣੇ ਕਾਰੋਬਾਰ ਨੂੰ ਸੋਸ਼ਲ ਮੀਡੀਆ ਰਾਹੀਂ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਦਾ ਯਤਨ ਕਰਨਾ ਬਹੁਤ ਹੀ ਚੰਗੀ ਗੱਲ ਹੈ ਪਰ ਸੋਸ਼ਲ ਮੀਡੀਆ ਦੀ ਵਰਤੋਂ ਨੰਗੇਜ਼ਵਾਦ, ਅਸ਼ਲੀਲਤਾ, ਧਾਰਮਿਕ ਕੱਟੜਤਾ, ਝੂਠ, ਨਫ਼ਰਤ ਤੇ ਹਿੰਸਾ ਫ਼ੈਲਾਉਣ ਲਈ ਕਰਨਾ ਬੇਹੱਦ ਘਟੀਆ ਤੇ ਅਫ਼ਸੋਸਨਾਕ ਹੈ।

ਸੋਸ਼ਲ ਮੀਡੀਆ ਰਾਹੀਂ ਕੁਝ ਔਰਤਾਂ ਤੇ ਮਰਦਾਂ ਵੱਲੋਂ ਪ੍ਰਸਿੱਧ ਹੋਣ ਲਈ ਜਾਂ ਪੈਸੇ ਕਮਾਉਣ ਲਈ ਅਸ਼ਲੀਲ ਇਸ਼ਾਰਿਆਂ ਜਾਂ ਭਾਸ਼ਾ ਦੀ ਵਰਤੋਂ ਕਰਨਾ ਜਿੰਨਾ ਗ਼ਲਤ ਅਤੇ ਨਿੰਦਣਯੋਗ ਹੈ, ਉਨ੍ਹਾਂ ਹੀ ਨਿੰਦਣਯੋਗ ਅਜਿਹੇ ਅਨਸਰਾਂ ਨੂੰ ਸਜ਼ਾ ਦੇਣ ਲਈ ਕਿਸੇ ਵੀ ਸ਼ਖ਼ਸ ਵੱਲੋਂ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣਾ ਵੀ ਹੈ। ਦੋਵਾਂ ਧਿਰਾਂ ਨੂੰ ਨੈਤਿਕਤਾ ਦੇ ਪੈਮਾਨਿਆਂ ਦੀ ਪਰਵਾਹ ਕਰਨ ਤੇ ਸਮਾਜ ਨੂੰ ਸੇਧ ਦੇਣ ਵਾਲਾ ਕੁਝ ਉਸਾਰੂ ਕੰਟੈਂਟ ਸੋਸ਼ਲ ਮੀਡੀਆ ਰਾਹੀਂ ਸਾਂਝਾ ਕਰਨ ਦੀ ਲੋੜ ਹੈ। ਛੇਤੀ ਨਾਲ ਸੋਸ਼ਲ ਮੀਡੀਆ 'ਤੇ ਮਸ਼ਹੂਰ ਹੋਣ ਜਾਂ ਘਟੀਆ ਹਰਕਤਾਂ ਰਾਹੀਂ ਪੈਸੇ ਕਮਾਉਣ ਦੀ ਚਾਹਤ ਰੱਖਣ ਵਾਲਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜ ਵਿਚਲੇ ਬੱਚੇ ਤੇ ਨੌਜਵਾਨ ਸਾਡੇ ਮੁਲਕ ਦਾ ਭਵਿੱਖ ਹਨ ਤੇ ਇਨ੍ਹਾਂ ਨੂੰ ਕੁਰਾਹੇ ਪਾਉਣ ਵਾਲਾ ਭਰਮਾਊ ਜਾਂ ਉਕਸਾਊ ਕੰਟੈਂਟ (ਸਮੱਗਰੀ) ਸੋਸ਼ਲ ਮੀਡੀਆ ਰਾਹੀਂ ਸ਼ੇਅਰ ਕਰਨਾ ਬਿਲਕੁਲ ਵੀ ਵਾਜਬ ਨਹੀਂ ਹੈ। ਸਾਨੂੰ ਗੰਦਾ ਤੇ ਮੰਦਾ ਕੰਟੈਂਟ ਸ਼ੇਅਰ ਕਰਨ ਦੀ ਥਾਂ ਵਧੀਆ ਤੋਂ ਵਧੀਆ ਕੰਟੈਂਟ ਸ਼ੇਅਰ ਕਰਕੇ ਪ੍ਰਸਿੱਧ ਹੋਣ ਤੇ ਪੈਸਾ ਕਮਾਉਣ ਦਾ ਯਤਨ ਕਰਨਾ ਚਾਹੀਦਾ ਹੈ। ਬਹੁਤ ਸਾਰੇ ਭਲੇ ਲੋਕ ਅਜਿਹਾ ਹੀ ਕਰ ਰਹੇ ਹਨ ਤੇ ਉਨ੍ਹਾਂ ਦੇ ਯਤਨ ਬੇਹੱਦ ਸਰਾਹੁਣਯੋਗ ਹਨ। ਗ਼ਲਤ ਕੰਟੈਂਟ ਸੋਸ਼ਲ ਮੀਡੀਆ 'ਤੇ ਪਾਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਇਸ ਭੈੜੀ ਪ੍ਰਵਿਰਤੀ ਦੇ ਖ਼ਾਤਮੇ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਸਹੀ ਢੰਗ ਨਾਲ ਕੌਂਸਲਿੰਗ ਕਰਕੇ ਸਬੰਧਤ ਪੁਰਸ਼ ਜਾਂ ਇਸਤਰੀ ਦੀ ਸੋਚ ਤੇ ਮਨੋਦਸ਼ਾ ਬਦਲਣੀ ਚਾਹੀਦੀ ਹੈ। ਜੇਕਰ ਕੋਈ ਫਿਰ ਵੀ ਨਾ ਮੰਨੇ ਤਾਂ ਅਜਿਹੇ ਅਨਸਰਾਂ ਖ਼ਿਲਾਫ਼ ਪੁਲਿਸ ਤੇ ਕਾਨੂੰਨ ਦਾ ਡੰਡਾ ਬਿਨਾ ਕਿਸੇ 'ਉੱਪਰੀ ਦਬਾਅ' ਦੇ ਚੱਲਣਾ ਚਾਹੀਦਾ ਹੈ ਤੇ ਸਮੁੱਚੇ ਸਮਾਜ ਵੱਲੋਂ ਵੀ ਅਜਿਹੇ ਗ਼ਲਤ ਲੋਕਾਂ ਦਾ ਮੁਕੰਮਲ ਬਾਈਕਾਟ ਕਰਨ ਦੀ ਪਿਰਤ ਸ਼ੁਰੂ ਹੋਣੀ ਚਾਹੀਦੀ ਹੈ।

ਸਮਾਜ ਦੇ ਨਾਲ-ਨਾਲ ਸਿਵਲ ਪ੍ਰਸ਼ਾਸਨ ਤੇ ਹਰੇਕ ਸਰਕਾਰ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੋਸ਼ਲ ਮੀਡੀਆ ਨੂੰ ਸਾਫ਼-ਸੁਥਰਾ ਰੱਖਣ ਲਈ ਆਪੋ-ਆਪਣੀ ਭੂਮਿਕਾ ਪੂਰੀ ਤਨਦੇਹੀ ਨਾਲ ਨਿਭਾਉਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤੇ ਜਾ ਸਕਣ ਵਾਲੇ ਕੰਟੈਂਟ ਲਈ ਕੁਝ ਸਪੱਸ਼ਟ ਮਾਪਦੰਡ ਨਿਰਧਾਰਤ ਕਰੇ, ਜਿਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇ। ਇਨ੍ਹਾਂ ਮਾਪਦੰਡਾਂ ਬਾਰੇ ਪ੍ਰਚਾਰ ਸਾਧਨਾਂ ਰਾਹੀਂ ਤੇ ਵਿਦਿਅਕ ਅਦਾਰਿਆਂ 'ਚ ਸੈਮੀਨਾਰਾਂ ਰਾਹੀਂ ਜਾਗਰੂਕਤਾ ਫ਼ੈਲਾਈ ਜਾਵੇ। ਗ਼ਲਤ ਕੰਟੈਂਟ ਪਰੋਸਣ ਵਾਲਿਆਂ ਦੀ ਕਮਾਈ 'ਤੇ ਇੰਨੇ ਕੁ ਟੈਕਸ ਲੱਗਣੇ ਚਾਹੀਦੇ ਹਨ ਕਿ ਉਨ੍ਹਾਂ ਦੇ ਹੱਥ ਪੱਲੇ ਕੁਝ ਵੀ ਨਾ ਪਏ ਤੇ ਉਸਾਰੂ ਕੰਟੈਂਟ ਪ੍ਰਸਾਰਿਤ ਕਰਨ ਵਾਲਿਆਂ ਲਈ ਵਿੱਤੀ ਇਨਾਮ, ਪ੍ਰਸੰਸਾ ਪੱਤਰ ਅਤੇ ਹੋਰ ਸਨਮਾਨ ਐਲਾਨੇ ਜਾਣੇ ਚਾਹੀਦੇ ਹਨ ਤਾਂ ਜੋ ਵੱਧ ਤੋਂ ਵੱਧ ਲੋਕ ਸੋਸ਼ਲ ਮੀਡੀਆ 'ਤੇ ਚੰਗਾ ਕੰਟੈਂਟ ਪਾਉਣ ਲਈ ਪ੍ਰੇਰਿਤ ਹੋਣ। ਮੁੱਕਦੀ ਗੱਲ ਇਹ ਵੀ ਹੈ ਕਿ ਭੱਦਾ ਤੇ ਅਸ਼ਲੀਲ ਮੈਟਰ ਸੋਸ਼ਲ ਮੀਡੀਆ 'ਤੇ ਪਾਉਣ ਵਾਲੇ ਖ਼ੁਦ ਹੀ ਆਪਣੇ ਜ਼ਮੀਰ ਅੰਦਰ ਝਾਕ ਕੇ ਵੇਖਣ ਕਿ ਕੀ ਉਹ ਨੇਕੀ ਤੇ ਹੱਕ ਦੀ ਕਮਾਈ ਖਾ ਰਹੇ ਹਨ ? ਜੇਕਰ ਪਰਮਾਤਮਾ ਨੇ ਸਾਨੂੰ ਖ਼ੂਬਸੂਰਤ ਜਿਸਮ ਬਖ਼ਸ਼ ਕੇ ਸਾਡੇ 'ਤੇ ਬਾਕੀਆਂ ਨਾਲੋਂ ਵੱਧ ਕਿਰਪਾ ਕੀਤੀ ਹੈ ਤਾਂ ਸਾਨੂੰ ਉਸਦਾ ਸ਼ੁਕਰਾਨਾ ਕਰਦਿਆਂ ਹੋਇਆਂ ਆਪਣੇ ਜਿਸਮ ਦੀ ਸੰਭਾਲ ਅਤੇ ਕਦਰ ਕਰਨੀ ਚਾਹੀਦੀ ਹੈ ਤੇ ਉਸਦੀ ਵਰਤੋਂ ਨੰਗੇਜ਼ ਅਤੇ ਅਸ਼ਲੀਲਤਾ ਫ਼ੈਲਾਉਣ ਲਈ ਹਰਗਿਜ਼ ਵੀ ਨਹੀਂ ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਅੰਦਰ ਗਾਉਣ, ਨੱਚਣ, ਸੰਗੀਤਕ ਸਾਜ਼ ਵਜਾਉਣ, ਸੁਆਦੀ ਪਕਵਾਨ ਬਣਾਉਣ, ਸੋਹਣੇ ਅਤੇ ਡਿਜ਼ਾਇਨਰ ਕੱਪੜੇ ਸਿਊਣ ਅਤੇ ਚੰਗਾ ਸਾਹਿਤ ਰਚਣ ਦਾ ਹੁਨਰ ਪੈਦਾ ਕਰਕੇ ਸੋਸ਼ਲ ਮੀਡੀਆ 'ਤੇ ਵੰਡਣਾ ਚਾਹੀਦਾ ਹੈ ਫਿਰ ਵੇਖੋ ਸਾਨੂੰ ਕਰੋੜਾਂ 'ਲਾਈਕਸ' ਅਤੇ ਲੱਖਾਂ ਰੁਪਏ ਵੀ ਮਿਲਣਗੇ ਅਤੇ ਇੱਜ਼ਤ ਦੀ ਰੋਟੀ ਕਮਾਅ ਕੇ ਖਾਣ ਨਾਲ ਸਿਰ ਉੱਚਾ ਕਰਕੇ ਜਿਊਣ ਦਾ ਸ਼ਰਫ਼ ਵੀ ਹਾਸਿਲ ਹੋਵੇਗਾ।




## ਆਲਮੀ ਸਿੱਖਿਆ ਮਜ਼ਬੂਤ ਕਰਨ ਵਿੱਚ ਅਹਿਮ ਕਦਮ ਚੁੱਕਣ ਸਦਕਾ ਜੀ.ਐਨ.ਡੀ.ਯੂ. ਦੇ ਵੀ.ਸੀ. ਦਾ ਕੈਨੇਡੀਅਨ ਐਮ.ਪੀ. ਵੱਲੋਂ ਸਨਮਾਨ

ਅੰਮ੍ਰਿਤਸਰ, 29 ਜੂਨ, (ਗੁਰਦਿਆਲ ਸਿੰਘ) : ਸਿੱਖਿਆ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਸਹਿਯੋਗ ਨੂੰ ਮਜਬੂਤ ਕਰਨ ਵਾਲੀ ਇੱਕ ਮਹੱਤਵਪੂਰਨ ਪਹਿਲਕਦਮੀ ਦੇ ਰੂਪ ਵਿੱਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਨੂੰ ਕੈਨੇਡਾ ਦੇ ਮੈਂਬਰ ਆਫ ਪਾਰਲੀਮੈਂਟ ਸੁਖ ਧਾਲੀਵਾਲ ਨੇ ਸਨਮਾਨਿਤ ਕੀਤਾ ਹੈ। ਇਹ ਸਨਮਾਨ ਸਿੱਖਿਆ ਅਤੇ ਅਕਾਦਮਿਕ ਲੀਡਰਸ਼ਿਪ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਦਿੱਤਾ ਗਿਆ ਹੈ।ਸਰੀ-ਨਿਊਟਨ ਚ ਜਾਰੀ ਕੀਤੇ ਗਏ ਇਸ ਆਨਰੇਸ਼ਨ ਸਰਟੀਫਿਕੇਟ ਵਿੱਚ ਐਮਪੀ ਧਾਲੀਵਾਲ ਨੇ ਪ੍ਰੋਫੈਸਰ ਕਰਮਜੀਤ ਸਿੰਘ ਸਿੰਘ ਦੀ ਸਿੱਖਿਆ ਸ਼ਾਸਤਰੀ , ਪ੍ਰਬੰਧਕ ਅਤੇ ਵਾਈਸ ਚਾਂਸਲਰ ਵਜੋਂ ਸਮਰਪਣ ਲਈ ਸ਼ਲਾਘਾ ਕੀਤੀ ਹੈ, ਜਿਸ ਨਾਲ ਯੂਨੀਵਰਸਿਟੀ ਸਹਿਯੋਗ ਨੂੰ



ਵਧਾਉਣ ਵਿੱਚ ਮਦਦ ਮਿਲੀ ਹੈ। ਸਰਟੀਫਿਕੇਟ ਵਿੱਚ ਲਿਖਿਆ ਹੈ, ਡਾ. ਕਰਮਜੀਤ ਸਿੰਘ ਦਾ ਦ੍ਰਿਸ਼ਟੀਕੋਣ ਪ੍ਰੇਰਣਾਦਾਇਕ ਹੈ। ਮੈਂ ਉਨ੍ਹਾਂ ਦੀ ਸਫਲਤਾ ਲਈ ਆਪਣੀ ਹਾਰਦਿਕ ਸ਼ੁਭਕਾਮਨਾਵਾਂ ਪ੍ਰਦਾਨ ਕਰਦਾ ਹਾਂ ਅਤੇ ਸਿੱਖਿਆ ਸੇਵਾ ਵਿੱਚ ਉਨ੍ਹਾਂ ਦੇ ਨਿਰੰਤਰ ਯਤਨਾਂ ਲਈ ਸ਼ੁਭ ਇੱਛਾਵਾਂ ਭੇਜਦਾ ਹਾਂ। ਇਹ ਸਨਮਾਨ ਉਦੋਂ ਮਿਲਿਆ ਜਦੋਂ ਪ੍ਰੋਫੈਸਰ ਕਰਮਜੀਤ ਸਿੰਘ ਕੈਨੇਡਾ ਦੀ ਆਕਾਦਮਿਕ ਫੇਰੀ 'ਤੇ ਸਨ, ਜਿਸਦਾ ਮਕਸਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਕੈਨੇਡੀਅਨ ਯੂਨੀਵਰਸਿਟੀਆਂ ਵਿਚਕਾਰ ਸੰਸਥਾਗਤ ਸਾਂਝੇਦਾਰੀ, ਫੈਕਲਟੀ ਐਕਸਚੇਂਜ ਅਤੇ ਸਹਿਯੋਗੀ ਖੋਜ ਨੂੰ ਮਜਬੂਤ ਕਰਨਾ ਸੀ। ਉਨ੍ਹਾਂ ਦੇ ਯਤਨਾਂ ਨੇ ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਦੀ ਸਟ੍ਰੈਟੇਜਿਕ ਅੰਤਰਰਾਸ਼ਟਰੀਕਰਨ ਏਜੰਡਾ ਨੂੰ ਆਕਾਰ ਦੇਣ ਅਤੇ ਯੂਨੀਵਰਸਿਟੀ ਨੂੰ ਗਲੋਬਲ ਅਕਾਦਮਿਕ ਸਟੇਕਹੋਲਡਰ ਵਜੋਂ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪ੍ਰੋਫੈਸਰ ਸਿੰਘ ਦੀ ਅਗਵਾਈ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਰਾਸ਼ਟਰੀ ਅਤੇ ਗਲੋਬਲ ਰੈਂਕਿੰਗ ਵਿੱਚ ਉਭਾਰ ਹਾਸਿਲ ਕੀਤਾ ਹੈ, ਜੋ ਸਿੱਖਿਆ, ਖੋਜ ਅਤੇ ਅੰਤਰਰਾਸ਼ਟਰੀ ਸਹਿਯੋਗ ਵਿੱਚ ਨਵੀਂ ਦਿਸ਼ਾ ਨਾਲ ਚਲਾਇਆ ਗਿਆ ਹੈ। ਇੱਕ ਕੈਨੇਡੀਅਨ ਐਮਪੀ ਵਲੋਂ ਉਨ੍ਹਾਂ ਦਾ ਸਨਮਾਨ ਗਲੋਬਲ ਮਾਮਲਿਆਂ ਵਿੱਚ ਅਕਾਦਮਿਕ ਡਿਪਲੋਮੇਸੀ ਦੇ ਵਧਦੇ ਮਹੱਤਵ ਨੂੰ ਦਰਸਾਉਂਦਾ ਹੈ।

## ਵਾਤਾਵਰਨ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ : ਨਾਇਬ ਤਹਿਸੀਲਦਾਰ ਰਣਜੀਤ ਸਿੰਘ



ਤਰਸਿੱਕਾ, 29 ਜੂਨ, (ਦਵਿੰਦਰ ਸਿੰਘ ਤਰਸਿੱਕਾ) : ਜਿਸ ਤਰ੍ਹਾਂ ਸਮੁੱਚੇ ਸੰਸਾਰ ਵਿੱਚ ਤਾਪਮਾਨ ਵਧ ਰਿਹਾ ਹੈ ਉਸ ਨਾਲ ਸਾਡੀ ਧਰਤੀ ਤੇ ਅਨੇਕਾਂ ਮੁਸ਼ਕਲਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਇਸ ਲਈ ਹੁਣ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਦੇ ਲਈ ਵੱਧ ਤੋਂ ਵੱਧ ਦਰਖਤ ਲਗਾਈਏ। ਇਹ ਸ਼ਬਦ ਨਾਇਬ ਤਹਿਸੀਲਦਾਰ ਰਣਜੀਤ ਸਿੰਘ ਸਬ ਤਹਿਸੀਲ ਤਰਸਿੱਕਾ ਨੇ ਸਬ ਤਹਿਸੀਲ ਤਰਸਿੱਕਾ ਦੇ ਕੰਪਲੈਕਸ ਵਿੱਚ ਬੂਟੇ ਲਗਾਉਂਦਿਆਂ ਕਹੇ। ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਐਸ.ਸੀ.ਵਿੰਗ ਦੇ ਪ੍ਰਧਾਨ ਰਵਿੰਦਰ ਸਿੰਘ ਕਲੇਰ ਵੀ ਹਾਜ਼ਰ ਸਨ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹਰੇਕ ਨਰਸਰੀ ਵਿੱਚੋਂ ਦਰਖਤ ਲਗਾਉਣ ਲਈ ਸਰਕਾਰ ਵੱਲੋਂ ਫਰੀ ਦਿੱਤੇ ਜਾ ਰਹੇ ਹਨ ਇਸ ਲਈ ਜ਼ਿਆਦਾ ਤੋਂ ਜ਼ਿਆਦਾ ਦਰਖਤ ਨਰਸੀ 'ਚੋਂ ਲੈ ਕੇ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਪਾਲਣਾ ਵੀ ਚਾਹੀਦਾ ਹੈ । ਉਹਨਾਂ ਕਿਹਾ ਕਿ ਜੇਕਰ ਅਸੀਂ ਵਾਤਾਵਰਨ ਨੂੰ ਸ਼ੁੱਧ ਰੱਖਣਾ ਚਾਹੁੰਦੇ ਹਾਂ, ਤਾਂ ਸਾਨੂੰ ਦਰਖਤ ਵੱਧ ਤੋਂ ਵੱਧ ਲਗਾ ਕੇ ਧਰਤੀ ਮਾਂ ਦਾ ਕਰਜ ਵੀ ਉਤਾਰਨਾ ਚਾਹੀਦਾ ਹੈ । ਇਸ ਮੌਕੇ ਸਪਤਸੀਲ ਤਰਸਿੱਕਾ ਦੇ ਸਕੱਤਰ ਸਿੰਘ, ਲਾਡਲਾ ਸ਼ਿੰਦਾ ਡਰਾਈਵਰ, ਮਾਸਟਰ ਬਲਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਦਸੰਬਰ ਤੱਕ ਚਾਲੂ ਕਰ ਦਿੱਤਾ ਜਾਵੇਗਾ ਅਜਨਾਲਾ ਦਾ 220 ਕੇਵੀ ਬਿਜਲੀ ਸਬ ਸਟੇਸ਼ਨ : ਧਾਲੀਵਾਲ

ਅਜਨਾਲਾ , 29 ਜੂਨ (ਸੁਖਦੇਵ ਸਿੰਘ ਖਾਲਸਾ) : ਅਜਨਾਲਾ ਵਿਖੇ ਨਵੇਂ ਉਸਾਰੇ ਜਾ ਰਹੇ 220 ਕੇਵੀ ਸਬ ਸਟੇਸ਼ਨ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਣ ਲਈ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਇਸ ਸਟੇਸ਼ਨ ਚਾਲੂ ਕਰ ਦਿੱਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਧਾਲੀਵਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਅਜਨਾਲਾ ਵਿੱਚ 66 ਕੇ ਵੀ ਸਬ ਸਟੇਸ਼ਨ ਪਿਛਲੇ ਕਰੀਬ 50 ਸਾਲ ਤੋਂ ਕੰਮ ਕਰ ਰਿਹਾ ਸੀ। ਉਹਨਾਂ ਕਿਹਾ ਕਿ ਸਮੇਂ ਦੇ ਨਾਲ ਨਾਲ ਲੋਡ ਬਹੁਤ ਜਿਆਦਾ ਵੱਧ ਗਿਆ ਸੀ, ਜਿਸ ਕਾਰਨ ਬਿਜਲੀ ਸਪਲਾਈ ਵਿੱਚ ਸਮੱਸਿਆ ਆ ਰਹੀ ਸੀ, ਪਰ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਇਸ ਜ਼ਰੂਰੀ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ।

ਉਹਨਾਂ ਕਿਹਾ ਕਿ ਇਸ ਸਮੱਸਿਆ ਦਾ ਪੱਕਾ ਹੱਲ ਕਰਨ ਲਈ ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਤਾਂ ਉਹਨਾਂ ਨੇ ਸਾਡੇ ਇਲਾਕੇ



ਦੀ ਸਮੱਸਿਆ ਦਾ ਹੱਲ ਕਰਦੇ ਹੋਏ 220 ਕੇ ਵੀ ਸਬ ਸਟੇਸ਼ਨ ਦੀ ਪ੍ਰਵਾਨਗੀ ਦੇ ਦਿੱਤੀ, ਜਿਸ ਦਾ ਕਿ ਥੋੜਾ ਸਮਾਂ ਪਹਿਲਾਂ ਹੀ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ। ਉਹਨਾਂ ਕਿਹਾ ਕਿ ਇਹ ਸਟੇਸ਼ਨ ਲੱਗਣ ਨਾਲ ਅਗਲੇ 30 ਸਾਲ ਤੱਕ ਅਜਨਾਲਾ ਹਲਕੇ ਵਿੱਚ ਬਿਜਲੀ ਦੀਆਂ ਸਮੱਸਿਆਵਾਂ ਦਾ ਪੱਕਾ ਹੱਲ ਹੋ ਜਾਵੇਗਾ। ਇਸ ਮੌਕੇ ਐਸਡੀਓ ਸ੍ਰੀ ਲਖਬੀਰ ਸਿੰਘ, ਜੇਈ ਮੰਗਲ ਸਿੰਘ ਅਤੇ ਹੋਰ ਮੁਹਤਬਰ ਵੀ ਉਹਨਾਂ ਨਾਲ ਹਾਜ਼ਰ ਸਨ।

## ਯੁੱਧ ਨਸ਼ਿਆਂ ਵਿਰੁੱਧ : ਬਸਤੀ ਗੁਜ਼ਾਂ 'ਚ ਨਸ਼ਾ ਤਸਕਰ ਦੀ ਗ਼ੈਰ-ਕਾਨੂੰਨੀ ਉਸਾਰੀ ਢਾਹੀ



ਜਲੰਧਰ, 29 ਜੂਨ, (ਸੰਦੀਪ ਕੌਲ) : ਨਸ਼ਿਆਂ ਖਿਲਾਫ ਕਾਰਵਾਈ ਨੂੰ ਜਾਰੀ ਰੱਖਦਿਆਂ ਨਗਰ ਨਿਗਮ ਜਲੰਧਰ ਵੱਲੋਂ ਕਮਿਸ਼ਨਰੇਟ ਪੁਲਿਸ ਜਲੰਧਰ ਦੇ ਸਹਿਯੋਗ ਨਾਲ ਸ਼ਨੀਵਾਰ ਨੂੰ ਬਸਤੀ ਗੁਜ਼ਾਂ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ ਗਿਆ। 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਗੈਰ-ਕਾਨੂੰਨੀ ਕਬਜ਼ੇ ਢਾਹੁਣ ਦੀ ਚੱਲ ਰਹੀ ਮੁਹਿੰਮ ਤਹਿਤ ਅਧਿਕਾਰੀਆਂ ਵੱਲੋਂ ਉਸਾਰੇ ਗਏ ਕਬਜ਼ੇ ਵਾਲੇ ਢਾਂਚੇ ਨੂੰ ਢਾਹ ਦਿੱਤਾ ਗਿਆ। ਕਬਜ਼ਾ ਢਾਹੁਣ ਦੀ ਕਾਰਵਾਈ ਦੌਰਾਨ ਪੁਲਿਸ ਟੀਮਾਂ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪੁਲਿਸ ਸਹਾਇਤਾ ਮੁਹੱਈਆ ਕਰਵਾਈ ਗਈ।

ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਨੂੰ ਬਦਨਾਮ ਨਸ਼ਾ ਤਸਕਰ ਵਿਸ਼ਾਲ ਉਰਫ਼ ਚੂਚਾ ਵੱਲੋਂ ਇੱਕ ਗੈਰ-ਕਾਨੂੰਨੀ ਉਸਾਰੀ ਬਾਰੇ ਸੂਚਨਾ ਮਿਲੀ ਸੀ। ਜਿਸ 'ਤੇ ਨਗਰ ਨਿਗਮ ਅਤੇ ਪੁਲਿਸ ਟੀਮਾਂ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਕਬਜ਼ੇ ਵਾਲੇ ਢਾਂਚੇ ਨੂੰ ਢਾਹ ਦਿੱਤਾ, ਜਿਸ ਨਾਲ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਖ਼ਤ ਸੰਦੇਸ਼ ਗਿਆ ਹੈ ਕਿ ਜਲੰਧਰ ਸ਼ਹਿਰ ਵਿੱਚ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਆਦਤਨ ਅਪਰਾਧੀ ਹੈ, ਜਿਸ ਦੇ ਖਿਲਾਫ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ (ਐਨ.ਡੀ.ਪੀ.ਐਸ.) ਐਕਟ ਤਹਿਤ ਕੁੱਲ ਚਾਰ ਮਾਮਲੇ ਦਰਜ ਹਨ। ਇਹ ਕਾਰਵਾਈ ਨਸ਼ਾ ਤਸਕਰਾਂ ਦੇ ਵਿੱਤੀ ਨੈੱਟਵਰਕ ਨੂੰ ਖ਼ਤਮ ਕਰਨ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੀ ਦਿਸ਼ਾ 'ਚ ਅਹਿਮ ਕਦਮ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਲਗਾਤਾਰ ਤੇਜ਼ੀ ਫੜਦੀ ਜਾ ਰਹੀ ਹੈ ਅਤੇ ਅਧਿਕਾਰੀਆਂ ਨੇ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਅਜਿਹੀਆਂ ਕਾਰਵਾਈਆਂ ਅਮਲ ਵਿੱਚ ਲਿਆਂਦੀਆਂ ਗਈਆਂ ਹਨ, ਜਿਨ੍ਹਾਂ ਵਿੱਚ ਫਿਲੌਰ ਖੇਤਰ, ਧਨਕੀਆਂ ਮੁਹੱਲਾ, ਰਾਮਾ ਮੰਡੀ, ਗੜ੍ਹਾ, ਭਾਰਗਵ ਨਗਰ ਅਤੇ ਲੋਹੀਆਂ ਵਿੱਚ ਨਸ਼ਾ ਤਸਕਰਾਂ ਨਾਲ ਸਬੰਧਤ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣਾ ਸ਼ਾਮਲ ਹੈ।

ਕਮਿਸ਼ਨਰੇਟ ਪੁਲਿਸ ਨੇ ਸਮਾਜ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਨਾਗਰਿਕਾਂ ਨੂੰ ਜਲੰਧਰ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਸਰਗਰਮ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ।

## ਸਮਾਜਿਕ ਗਤੀਵਿਧੀਆਂ ਸੁਸਾਇਟੀ ਲਗਾਤਾਰ ਖ਼ੂਨਦਾਨ ਦੇ ਖੇਤਰ ਵਿੱਚ ਆਪਣੀ ਭੂਮਿਕਾ ਨਿਭਾਅ ਰਹੀ ਹੈ : ਅਭੇ ਮਹਾਜਨ




ਗੁਰਦਾਸਪੁਰ, 29 ਜੂਨ (ਜਸਵਿੰਦਰ ਸਿੰਘ) : ਖੂਨ ਦਾਨ ਨੂੰ ਸਭ ਤੋਂ ਵੱਡੀ ਮਾਨਵਤਾ ਦੀ ਸੇਵਾ ਮੰਨਿਆ ਜਾਂਦਾ ਹੈ। ਇਨ੍ਹਾਂ ਹੀ ਉੱਚੇ ਉਦੇਸ਼ਾਂ ਨੂੰ ਲੈ ਕੇ ਬਲੱਡ ਡੋਨਰ ਸੁਸਾਇਟੀ ਰਜਿ. ਗੁਰਦਾਸਪੁਰ ਅਤੇ ਸਮਾਜਿਕ ਗਤੀਵਿਧੀਆਂ ਸੋਸਾਇਟੀ ਲਗਾਤਾਰ ਖੂਨ ਦਾਨ ਦੇ ਖੇਤਰ ਵਿੱਚ ਆਪਣੀ ਭੂਮਿਕਾ ਨਿਭਾ ਰਹੀ ਹੈ। ਸੰਸਥਾ ਵੱਲੋਂ ਨਿਰੰਤਰ ਖੂਨ ਦਾਨ ਕੈਂਪ ਲਗਾ ਕੇ ਜ਼ਰੂਰਤਮੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਲਈ ਯਤਨ ਕੀਤੇ ਜਾਂਦੇ ਹਨ।ਅੱਜ ਵੀ ਇਕ ਹੋਰ ਉਦਾਹਰਨ ਸਥਾਪਤ ਕਰਦਿਆਂ, ਸਿਵਿਲ ਹਸਪਤਾਲ ਗੁਰਦਾਸਪੁਰ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਬਲੱਡ ਬੈਂਕਾਂ ਵਿੱਚ ਆ ਰਹੀ ਖੂਨ ਦੀ ਘਾਟ ਨੂੰ ਦੇਖਦੇ ਹੋਏ ਦੋਹਾਂ ਸੰਸਥਾਵਾਂ ਦੇ ਸਹਿਯੋਗ ਨਾਲ ਲਗਭਗ 5 ਖੂਨ ਦਾਨੀਆਂ ਨੇ ਜ਼ਰੂਰਤਮੰਦ ਮਰੀਜ਼ਾਂ ਲਈ ਖੂਨ ਦਾਨ ਕੀਤਾ। ਇਹ ਯਤਨ ਨਾ ਸਿਰਫ਼ ਮਰੀਜ਼ਾਂ ਲਈ ਜੀਵਨ ਦਾਇਨੀ ਸਾਬਤ ਹੋ ਰਿਹਾ ਹੈ, ਸਗੋਂ ਸਮਾਜ ਵਿੱਚ ਖੂਨ ਦਾਨ ਪ੍ਰਤੀ ਜਾਗਰੂਕਤਾ ਵੀ ਫੈਲਾਅ ਰਿਹਾ ਹੈ ਇਸ ਮੌਕੇ ਬਲਡ ਡੋਨਰ ਸੁਸਾਇਟੀ ਦੇ ਸਿਟੀ ਪ੍ਰਧਾਨ ਅਭੇ ਮਹਾਜਨ ਨੇ ਕਿਹਾ ਕਿ ਖੂਨ ਦਾਨ ਸਭ ਤੋਂ ਵੱਡਾ ਦਾਨ ਹੈ। ਉਹਨਾਂ ਕਿਹਾ ਕਿ ਇੱਕ ਯੂਨਿਟ ਖੂਨ ਕਿਸੇ ਦੀ ਜ਼ਿੰਦਗੀ ਬਚਾ ਸਕਦਾ ਹੈ। ਉਹਨਾਂ ਨੇ ਕਿਹਾ ਕਿ ਗਰਮੀਆਂ ਵਿੱਚ ਬਲੱਡ ਬੈਂਕ ਵਿੱਚ ਖੂਨ ਦੀ ਕਾਫੀ ਕਮੀ ਹੁੰਦੀ ਹੈ, ਇਸ ਲਈ ਮੈਂ ਨੌਜਵਾਨਾਂ ਨੂੰ ਅਪੀਲ ਕਰਦਾ ਹਾਂ ਕਿ ਵਧ-ਚੜ੍ਹ ਕੇ ਖੂਨ ਦਾਨ ਮੁਹਿੰਮ ਵਿੱਚ ਹਿੱਸਾ ਲੈਣ। ਸਮਾਜਕ ਜਿੰਮੇਵਾਰੀ ਨੂੰ ਅੱਗੇ ਵਧਾਉਂਦੇ ਹੋਏ ਇਹ ਸੰਸਥਾ ਸਮੇਂ-ਸਮੇਂ ਤੇ ਹੋਰ ਖੂਨ ਦਾਨ ਕੈਂਪ ਲਗਾਉਣ ਦੇ ਯਤਨ ਕਰ ਰਹੀ ਹੈ। ਖੂਨ ਦਾਨ ਬਲਡ ਬੈਂਕ ਦੀ ਇੰਚਾਰਜ਼ ਡਾ ਪੂਜਾ ਖੋਸਲਾ ਅਗਵਾਈ ਕੀਤਾ ਗਿਆ। ਇਸ ਮੌਕੇ ਤੇ ਰਾਹੁਲ ਵਰਮਾ, ਰੋਹਿਤ, ਵਿਸ਼ਾਲ, ਰਕੇਸ਼ ਕੁਮਾਰ, ਦਿਵਯਮ ਮਹਾਜਨ ਆਦਿ ਨੇ ਖੂਨ ਦਾਨ ਕੀਤਾ

## ਸਿਹਤ ਵਿਭਗ ਨੇ ਆਮ ਆਦਮੀ ਕਲੀਨਿਕਾਂ ਦੇ ਡਾਕਟਰਾਂ ਨੂੰ ਹਲਕਾਅ ਅਤੇ ਗ਼ੈਰਸੰਚਾਰੀ ਰੋਗਾਂ ਸਬੰਧੀ ਸਿਖਲਾਈ ਦਿੱਤੀ

ਅੰਮ੍ਰਿਤਸਰ, 29 ਜੂਨ, (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋਂ ਆਮ ਆਦਮੀ ਕਲੀਨਿਕਾਂ ਦੇ ਸਮੂਹ ਮੈਡੀਕਲ ਅਫਸਰਾਂ ਨੂੰ ਗੈਰ ਸੰਚਾਰੀ ਬਿਮਾਰੀਆਂ ਅਤੇ ਹਲਕਾਅ ਸਬੰਧੀ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਮਾਵਾਂ ਦੇ ਮੁਫਤ ਇਲਾਜ ਦੇ ਨਾਲ ਨਾਲ ਗੈਰ ਸੰਚਾਰੀ ਬਿਮਾਰੀਆਂ ਜਿਵੇਂ ਕਿ ਸ਼ੂਗਰ, ਹਾਈਪਰਟੈਂਸ਼ਨ, ਕੈਂਸਰ ਅਤੇ ਰੇਬੀਜ਼ ਵਰਗੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾਣਾ ਸੰਭਵ ਹੋ ਸਕੇਗਾ, ਇਸੇ ਹੀ ਸਬੰਧ ਵਿੱਚ ਅੱਜ ਹੋਟਲ ਕਿਓਨ ਵਿਖੇ ਇੱਕ ਵਿਸ਼ੇਸ਼ ਟ੍ਰੇਨਿੰਗ ਵਰਕਸ਼ਾਪ ਲਗਾਈ ਜਾ ਰਹੀ ਹੈ, ਜਿਸ ਵਿੱਚ ਸਮੂਹ ਆਦਮ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਇਹਨਾਂ ਬਿਮਾਰੀਆਂ




ਸਬੰਧੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਤਾਂ ਜੋ ਆਮ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨਜ਼ਦੀਕੀ ਸਾਰੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ। ਉਹਨਾਂ ਆਖਿਆ ਕਿ ਹੁਣ ਜਲਦ ਹੀ ਆਮ ਆਦਮੀ ਕਲੀਨਿਕਾਂ ਵਿੱਚ ਹਲਕਾਅ ਦੀ ਵੈਕਸੀਨ ਵੀ ਮੁਹਈਆ ਕਰਵਾਈ ਜਾਵੇਗੀ।

ਇਸ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜ਼ਿਲ੍ਹਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ, ਜ਼ਿਲ੍ਹਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ, ਵੱਲੋਂ ਇਹ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ 'ਤੇ ਸਮੂਹ ਸੀਨੀਅਰ ਮੈਡੀਕਲ ਅਫਸਰ, ਸਮੂਹ ਨੋਡਲ ਅਫਸਰ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਟ੍ਰੇਨਿੰਗ ਕੋਆਰਡੀਨੇਟਰ ਕਮਲ ਭੱਲਾ, ਨਵਦੀਪ ਸਿੰਘ, ਸਮੇਤ ਸਾਰਾ ਸਟਾਫ ਹਾਜ਼ਰ ਸੀ।

## 12ਵੇਂ ਸਮਰ ਆਰਟ ਕੈਂਪ 'ਚ ਥੀਏਟਰ ਸਮਾਰੋਹ ਕਰਵਾਇਆ



ਅੰਮ੍ਰਿਤਸਰ, 29 ਜੂਨ, (ਗੁਰਦਿਆਲ ਸਿੰਘ) : ਇੰਡੀਅਨ ਅਕੈਡਮੀ ਆਫ ਫਾਈਨ ਆਰਟਸ ਵਿੱਚ ਨੌਰਥ ਜ਼ੋਨ ਕਲਚਰ ਸੈਂਟਰ, ਪਟਿਆਲਾ ਦੇ ਸਹਿਯੋਗ ਨਾਲ ਚੱਲ ਰਹੇ 12ਵੇਂ ਸਮਰ ਆਰਟ ਕੈਂਪ (1 ਜੂਨ ਤੋਂ 30 ਜੂਨ) ਤਹਿਤ ਅੱਜ ਇੱਕ ਵਿਸ਼ੇਸ਼ ਥੀਏਟਰ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕੈਂਪ ਵਿੱਚ ਥੀਏਟਰ ਵਿਸ਼ੇ ਸਿੱਖ ਰਹੇ ਬੱਚਿਆਂ ਵੱਲੋਂ ਦੋ ਨਾਟਕਾਂ ਦੀ ਪ੍ਰਸਤੁਤੀ ਕੀਤੀ ਗਈ।

ਏ.ਆਈ.ਐਫ.ਏ. ਦੇ ਜਨਰਲ ਸੈਕਟਰੀ ਡਾ. ਪੀ.ਐਸ. ਗਰੋਵਰ ਨੇ ਦੱਸਿਆ ਕਿ ਦੋਹਾਂ ਨਾਟਕਾਂ ਦੀ ਨਿਰਦੇਸ਼ਨਾ ਥੀਏਟਰ ਡਾਇਰੈਕਟਰ ਵਿਸ਼ਾਲ ਸ਼ਰਮਾ ਵੱਲੋਂ ਕੀਤੀ ਗਈ। ਪਹਿਲਾ ਨਾਟਕ 'ਮੇਰੇ ਸੁਫਨੇ' ਬੱਚਿਆਂ ਦੇ ਸੁਫਨਿਆਂ, ਉਨ੍ਹਾਂ ਦੀਆਂ ਉਮੀਦਾਂ ਅਤੇ ਮਾਪਿਆਂ ਨਾਲ ਸੰਬੰਧਾਂ ਉੱਤੇ ਆਧਾਰਿਤ ਸੀ। ਇਹ ਨਾਟਕ ਮਾਪਿਆਂ ਅਤੇ ਬੱਚਿਆਂ ਵਿਚਕਾਰ ਸੰਵਾਦ ਅਤੇ ਸਮਝ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਦਰਸਾਉਂਦਾ ਹੈ।

ਦੂਜਾ ਨਾਟਕ 'ਦ ਬਲੈਂਡ ਮੈਨਸ ਕਲੱਬ'ਜੋ ਕਿ ਚੰਦਰਸ਼ੇਖਰ ਫਾਂਸਲੇਕਰ ਦੀ ਲਿਖਤ 'ਤੇ ਆਧਾਰਤ ਹੈ, ਦਾ ਪੰਜਾਬੀ ਅਨੁਵਾਦ ਅਤੇ ਨਿਰਦੇਸ਼ਨ ਵਿਸ਼ਾਲ ਸ਼ਰਮਾ ਵੱਲੋਂ ਕੀਤਾ ਗਿਆ। ਨਾਟਕ ਵਿੱਚ ਅੰਨਿਆਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਮਨੋਭਾਵਨਾ ਦਰਸਾਈ ਗਈ ਕਿ ਜ਼ਿੰਦਗੀ ਵਿੱਚ ਕੋਈ ਵੀ ਨੁਕਸਾਨ ਇਂਸਾਨੀ ਜਜ਼ਬੇ ਤੋਂ ਵੱਡਾ ਨਹੀਂ ਹੋ ਸਕਦਾ।

ਦੋਹਾਂ ਨਾਟਕ ਇੰਡੀਅਨ ਅਕੈਡਮੀ ਆਫ ਫਾਈਨ ਆਰਟਸ ਦੇ ਸਮਰ ਕੈਂਪ ਵਿੱਚ ਥੀਏਟਰ ਲੈ ਰਹੇ ਬੱਚਿਆਂ ਵੱਲੋਂ ਤਿਆਰ ਤੇ ਰੰਗਮੰਚ 'ਤੇ ਲਿਆਂਦੇ ਗਏ। ਉਨ੍ਹਾਂ ਦੀ ਅਦਾਕਾਰੀ ਅਤੇ ਰਚਨਾਤਮਕ ਪ੍ਰਸਤੁਤੀ ਦਰਸ਼ਕਾਂ ਲਈ ਕਾਬਿਲ-ਏ-ਦਾਦ ਸੀ।

ਇਸ ਮੌਕੇ ਦੇ ਮੁੱਖ ਮਹਿਮਾਨ ਸੀਮਤੀ ਤਜਿੰਦਰ ਛੀਨਾ ਜੀ ਸਨ, ਜਿਨ੍ਹਾਂ ਦਾ ਸਵਾਗਤ ਇੰਡਿਯਨ ਅਕੈਡਮੀ ਆਫ ਫਾਈਨ ਆਰਟਸ ਦੇ ਪ੍ਰਧਾਨ ਸ. ਰਜਿੰਦਰ ਮੋਹਨ ਸਿੰਘ ਛੀਨਾ ਜੀ ਵੱਲੋਂ ਫੁੱਲਾਂ ਦੇ ਗੁਲਦਸਤੇ ਨਾਲ ਕੀਤਾ ਗਿਆ।

ਛੀਨਾ ਜੀ ਨੇ ਬੱਚਿਆਂ ਵੱਲੋਂ ਕੀਤੀ ਗਈ ਨਾਟਕਕਲਾ ਦੀ ਭਰਪੂਰ ਤਾਰੀਫ ਕੀਤੀ, ਉਨ੍ਹਾਂ ਨੂੰ ਅਸ਼ੀਰਵਾਦ ਦਿੱਤੇ ਅਤੇ ਆਏ ਹੋਏ ਸਾਰੇ ਦਰਸ਼ਕਾਂ ਦਾ ਵੀ ਹਾਰਦਿਕ ਸਵਾਗਤ ਕੀਤਾ।

ਸਭ ਦਰਸ਼ਕਾਂ ਨੇ ਦੋਹਾਂ ਨਾਟਕਾਂ ਨੂੰ ਬਹੁਤ ਹੀ ਇੰਜੋਏ ਕੀਤਾ ਅਤੇ ਬੱਚਿਆਂ ਦੀ ਪ੍ਰਸਤੁਤੀ ਉੱਤੇ ਖੁੱਲ੍ਹ ਕੇ ਤਾਲੀਆਂ ਵਜਾਈਆਂ। ਇਹ ਰੰਗਮੰਚੀ ਰਚਨਾਵਾਂ ਸਮਰ ਆਰਟ ਕੈਂਪ ਵਿੱਚ ਰਚਨਾਤਮਕਤਾ ਅਤੇ ਅਭਿਵੈਕਤੀ ਦੀ ਸ਼ਾਨਦਾਰ ਝਲਕ ਸਾਬਤ ਹੋਈਆਂ।

ਇਸ ਮੌਕੇ 'ਤੇ ਏ.ਆਈ.ਐਫ.ਏ. ਨਾਲ ਜੁੜੇ ਹੋਰ ਕਈ ਮਾਣਯੋਗ ਵਿਅਕਤੀ ਵੀ ਮੌਜੂਦ ਸਨ, ਜਿਵੇਂ ਪੁਸ਼ਪਿੰਦਰ ਸਿੰਘ ਗਰੋਵਰ, ਨਰਿੰਦਰ ਸਿੰਘ ਮੂਰਤੀਕਾਰ, ਨਰਿੰਦਰਜੀਤ ਸਿੰਘ, ਨਰਿੰਦਰਨਾਥ ਕਪੂਰ, ਕੁਲਵੰਤ ਸਿੰਘ ਗਿਲ, ਧਰਮਿੰਦਰ ਸ਼ਰਮਾ ਅਤੇ ਸ਼ਹਿਰ ਦੇ ਹੋਰ ਕਈ ਮਸ਼ਹੂਰ ਕਲਾਕਾਰ ਅਤੇ ਸਮਾਜਿਕ ਸ਼ਖ਼ਸੀਅਤਾਂ।

## ਗੋਲਡਨ ਗਰੁੱਪ ਆ.ਫ ਇੰਸਟੀਚਿਊਸ਼ਨ ਵਿਖੇ ਸ਼ਖ਼ਸੀਅਤ ਵਿਕਾਸ ਅਤੇ ਪ੍ਰਗਤੀ ਰਿਪੋਰਟ ਕਾਰਡ ਦੇ ਆਧਾਰ 'ਤੇ ਸੈਮੀਨਾਰ ਕਰਵਾਇਆ

ਗੁਰਦਾਸਪੁਰ, 29 ਜੂਨ, (ਜਸਵਿੰਦਰ ਸਿੰਘ) : ਗੋਲਡਨ ਗਰੁੱਪ ਆਫ ਇੰਸਟੀਚਿਊਸ਼ਨ ਵਿਖੇ ਸ਼ਖਸ਼ੀਅਤ ਵਿਕਾਸ ਅਤੇ ਪ੍ਰਗਤੀ ਰਿਪੋਰਟ ਕਾਰਡ ਤੇ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਸ਼ਖਸ਼ੀਅਤ ਵਿਕਾਸ, ਆਤਮ ਵਿਸ਼ਵਾਸ ਨਿਰਮਾਤਾ ਅਤੇ ਸਿਸ਼ਟਾਚਾਰ ਕੋਚ ਦਿਵਿਆ ਜੁਲਕਾ ਦੀ ਅਗਵਾਈ ਵਿੱਚ ਹੋਇਆ, ਜਿਸ ਵਿੱਚ ਗੋਲਡਨ ਗਰੁੱਪ ਇੰਸੀਟਿਊਸ਼ਨ ਦੇ ਚੇਅਰਮੈਨ ਡਾਕਟਰ ਮੋਹਿਤ ਮਹਾਜਨ ਜੀ, ਡਾਇਰੈਕਟਰ ਰਾਘਵ ਮਹਾਜਨ ਜੀ, ਡਾਇਰੈਕਟਰ ਵਿਨਾਇਕ ਮਹਾਰਾਜ ਜੀ, ਉਚੇਚੇ ਤੌਰ 'ਤੇ ਪਹੁੰਚੇ ਉਹਨਾਂ ਦੇ ਨਾਲ ਟੀ.ਆਰ ਸ਼ਰਮਾ ਡਾਕਟਰ ਨਿਧੀ ਮਹਾਜਨ ਪ੍ਰਿੰਸੀਪਲ ਗੋਲਡਨ ਗਰੁੱਪ ਆਫ ਇੰਸਟੀਚਿਊਸ਼ਨ ਗੋਲਡਨ ਸੀਨੀਅਰ ਸੈਕੈਂਡਰੀ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸ਼ਰਮਾ ਅਤੇ ਪ੍ਰਿੰਸੀਪਲ ਪ੍ਰਿਅੰਕਾ ਮਹਾਜਨ ਸ਼੍ਰੀ ਨੰਗਲੀ ਅਕੈਡਮਿਕ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ਼ਿਖਾ ਮਦਾਨ ਜੀ ਵੀ ਹਾਜ਼ਰ ਸਨ, ਜਿਨ੍ਹਾਂ ਨੇ ਸੈਮੀਨਾਰ ਕਰਤਾ ਦਾ ਨਿੱਘਾ ਸਵਾਗਤ ਕੀਤਾ। ਇਸਸੈਮੀਨਾਰ ਵਿੱਚ ਗੋਲਡਨ ਸਕੂਲ ਅਤੇ ਸ੍ਰੀ ਨੰਗਲੀ ਸਕੂਲ ਦਾ ਸਮੂਹ ਸਟਾਫ ਹਾਜਰ ਹੋਇਆ। ਦਿਵਿਆ ਜੁਲਕਾ ਜੀ ਨੇ ਇਸ ਸੈਮੀਨਰ ਵਿੱਚ ਸ਼ਖਸ਼ੀਅਤ ਵਿਕਾਸ ਇੱਕ ਵਿਅਕਤੀ ਦੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ



ਜਿਸ ਵਿੱਚ ਉਸ ਦੀ ਮਾਨਸਿਕਤਾ ਵਿਵਹਾਰ ਅਤੇ ਸਮਾਜਿਕ ਪ੍ਰਸਪਰਪ੍ ਭਾਵ ਸ਼ਾਮਿਲ ਹਨ ਬਾਰੇ ਚਰਚਾ ਕੀਤੀ, ਜਿਸ ਵਿੱਚ ਅਧਿਆਪਕਾਂ ਨੇ ਉਤਸ਼ਾਹ ਪੂਰਵਕ ਭਾਗ ਲਿਆ। ਇਸ ਸੈਮੀਨਾਰ ਵਿੱਚ ਉਹਨਾਂ ਨੂੰ ਆਤਮ ਵਿਸ਼ਵਾਸ ਅਤੇ ਆਤਮ ਸੁਧਾਰ ਦੀ ਦਿਸ਼ਾ ਵਿੱਚ ਮਹੱਤਵਪੂਰਨ ਮਾਰਗ ਦਰਸ਼ਨ ਮਿਲਿਆ। ਅੰਤ ਵਿੱਚ ਸਾਰਿਆਂ ਨੇ ਆਏ ਹੋਏ ਪ੍ਰਮੁੱਖਵਕਤਾ ਦਾ ਧੰਨਵਾਦ ਕੀਤਾ ਅਤੇ ਅਧਿਆਪਕਾਂ ਨੂੰ ਹਮੇਸ਼ਾ ਸੈਮੀਨਾਰਾਂ ਵਿੱਚ ਵਧ ਚੜ੍ਹਕੇ ਭਾਗ ਲੈਣ ਲਈ ਉਤ ਸ਼ਾਹਿਤ ਕੀਤਾ।

## ਪੰਜਾਬ ਵਿੱਚ ਬਿਜਲੀ ਬੋਰਡ ਦੇ ਨਿਜੀਕਰਨ ਵਿਰੁੱਧ 14 ਜੁਲਾਈ ਨੂੰ ਇਕੱਠ



ਤਰਸਿੱਕਾ, 29 ਜੂਨ, (ਦਵਿੰਦਰ ਸਿੰਘ ਤਰਸਿੱਕਾ) : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਅਮ੍ਰਿਤਸਰ ਵੱਲੋਂ 29/6/25 ਨੂੰ ਜੋਨ ਬਾਬਾ ਬੁਢਾ ਸਾਹਿਬ ਵਿਸ਼ਾਲ ਇਕੱਠ ਪਿੰਡ ਅਲਕੜੇ 'ਚ ਕੀਤਾ ਜਿਸ ਨੂੰ ਸੰਬੋਧਨ ਕਰਦਿਆਂ ਸਰਵਣ ਸਿੰਘ ਪੰਧੇਰ ਤੇ ਕੰਧਾਰਾ ਸਿੰਘ ਭੋਏਵਾਲ ਨੇ ਕਿਹਾ ਕੇਂਦਰ ਦੀ ਮੋਦੀ ਸਰਕਾਰ ਮੌਜੂਦਾ ਮਾਨਸੂਨ ਸੈਸ਼ਨ 'ਚ ਬਿਜਲੀ ਸੋਧ ਬਿੱਲ 2025 ਨੂੰ ਪਾਸ ਕਰਵਾਕੇ ਬਿਜਲੀ ਬੋਰਡ ਨੂੰ ਪ੍ਰਾਈਵੇਟ ਕੰਪਨੀਆਂ ਨੂੰ ਵੇਚਣ ਦੀ ਤਿਆਰੀ ਕੇਂਦਰੀ ਮੰਤਰੀ ਖਟੜ ਦਾ ਬਿਆਨ ਕੀ 31 ਅਗਸਤ ਤੱਕ ਚਿਪ ਵਾਲੇ ਸਮਾਰਟ ਮੀਟਰ ਮੁਲਾਜ਼ਮਾ ਦੇ ਘਰਾਂ ਚ ਲਗਾਉਣੇ ਇਸ ਤਰਾਂ ਸਾਰੇ ਖਪਤਕਾਰਾਂ ਦੇ ਘਰਾਂ ਚ ਬਾਈ ਫੋਰਸ ਮੀਟਰ ਲਾਉਣ ਦੀ ਤਿਆਰੀ ਪੰਜਾਬ ਸਰਕਾਰ ਕੇਂਦਰ ਦੀ ਨੀਤੀ ਨੂੰ ਲਾਗੂ ਕਰਦਿਆਂ ਮੁਹਾਲੀ ਤੇ ਲਾਲੜੂ ਸਬ ਡਵਿਜਨਾਂ ਨੂੰ ਪ੍ਰਾਈਵੇਟ ਹੱਥਾਂ ਚ ਦੇਣ ਦਾ ਫੈਸਲਾ ਕੀਤਾ ਇਸ ਜਨਤਕ ਖੇਤਰ ਨੂੰ ਬਚਾਉਣ ਲਈ ਮਜਦੂਰ ਮੁਲਾਜ਼ਮਾ ਸਹਿਰੀ ਦੁਕਾਨਦਾਰਾਂ ਕਿਸਾਨਾਂ ਬਿਜਲੀ ਚੀਫ ਬਾਡਰਜੋਨ ਵਿਸ਼ਾਲ ਇਕੱਠ 'ਚ ਪਹੁੰਚਣ ਦਾ ਸਦਾ ਦਿੱਤਾ। ਜੋਨ ਪ੍ਰਧਾਨ ਗੁਰਭੇਜ ਸਿੰਘ ਝੰਡੇ ਨੇ ਮੰਗ ਕੀਤੀ ਕਿ ਜੁਰਮਾਨੇ ਪਾਵਨ ਦੀ ਵਿਧੀ ਸਰਲ ਕੀਤੀ ਜਾਵੇ। ਇਸ ਦੀ ਪੜਤਾਲ ਦਾ ਹਕ SDO ਤੇ ਐਕਸੀਅਨ ਨੂੰ ਦਿੱਤਾ ਜਾਵੇ ਸੜੇ ਟਰਾਂਸਫਾਰਮਰ 24 ਘੰਟਿਆਂ ਚ ਚੜਾਏ ਜਾਣ ਖਪਤਕਾਰਾਂ ਦੇ ਘਰਾਂ 'ਚ ਜਬਰੀ ਚੀਪ ਵਾਲੇ ਮੀਟਰ ਨਾ ਲਾਏ ਜਾਣ, ਬਿਜਲੀ ਦਫਤਰਾਂ 'ਚ ਭ੍ਰਿਸ਼ਟਾਚਾਰ ਖਤਮ ਕੀਤਾ ਜਾਵੇ। ਇਸ ਤਰ੍ਹਾਂ ਅੱਜ ਮਜੀਠਾ ਜੋਨ ਦੇ ਪਿੰਡਾਂ 'ਚ ਮੀਟਿੰਗਾਂ ਸਰਵਣ ਸਿੰਘ ਪੰਧੇਰ ਮੁਖਤਾਰ ਸਿੰਘ ਭੰਗਵਾਂ ਕਿਰਪਾਲ ਕਲੇਰ ਨੇ ਬੋੜੇਵਾਲਕੰਗ ਵੇਗੇਵਾਲ ਲੂਦਰ ਭੈਨੀਗਿਲ ਨੰਗਲ ਪੰਨਵਾਂ 'ਚ ਇਕ ਦਿਨਾਂ ਇਕੱਠ ਦੀ ਤਿਆਰੀ ਕਰਵਾਈ ਯਾਦ ਰਹੇ ਬੀਤੇ ਕਲ ਕੱਥੂਨੰਗਲ ਜੋਨ ਦੀ ਮੀਟਿੰਗ ਜੋਨ ਪ੍ਰਧਾਨ ਲਖਬੀਰ ਸਿੰਘ ਤੇ ਗੁਰਬਾਜ ਸਿੰਘ ਭੁੱਲਰ ਦੀ ਅਗਵਾਈ ਚ ਹੋਈ, ਜਿਸ ਨੂੰ ਜ਼ਿਲ੍ਹਾ ਪ੍ਰਧਾਨ ਰਣਜੀਤ ਕਲੇਰਬਾਲਾ ਤੇ ਕੰਧਾਰਾ ਸਿੰਘ ਭੋਏਵਾਲ ਨੇ ਸੰਬੋਧਨ ਕੀਤਾ ਜ਼ਿਲ੍ਹਾ ਅਮ੍ਰਿਤਸਰ ਦੇ ਪਿੰਡਾਂ 'ਚ ਕੇਂਦਰ ਤੇ ਪੰਜਾਬ ਸਰਕਾਰ ਦੇ ਬਿਜਲੀ ਬੋਰਡ ਨਿਜੀਕਰਨ ਵਿਰੋਧ ਵਿੱਚ ਰੋਸ ਲਹਿਰ ਉਠ ਰਹੀ ਅੱਜ ਦੀ ਮੀਟਿੰਗ 'ਚ ਬਾਬਾ ਬੁਢਾ ਜੋਣ ਦੇ ਆਗੂ ਜਗਤਾਰ ਅਬਦਾਲ ਕਾਬਲ ਵਰਿਆਮ ਜੰਗ ਸਿੰਘ ਟੇਕ ਸਿੰਘ ਹਾਜ਼ਰ ਸਨ।

## ਲਾਇਲਪੁਰ ਖ਼ਾਲਸਾ ਕਾਲਜ ਦੇ ਬੀ. ਡਿਜ਼ਾਇਨ (ਮਲਟੀਮੀਡੀਆ) ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ

ਜਲੰਧਰ, 29 ਜੂਨ, (ਸੰਦੀਪ ਕੌਲ): : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਬੀ. ਡਿਜ਼ਾਇਨ (ਮਲਟੀਮੀਡੀਆ) ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਗੀਤਿਕਾ ਨੇ 10 ਵਿੱਚੋਂ 9.04 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚ ਤੀਜਾ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸ਼ੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਵਿਚ



ਹੋਰ ਵੱਡੀਆਂ ਪ੍ਰਾਪਤੀਆਂ ਦੀ ਕਾਮਨਾ ਕੀਤੀ। ਵਿਦਿਆਰਥਣ ਨੇ ਆਪਣੀ ਇਸ ਉਪਲੱਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਨ ਨੂੰ ਦਿੱਤਾ। ਇਸ ਮੌਕੇ ਵਾਈਸ-ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਸਾਇੰਸ ਵਿਭਾਗ ਅਤੇ ਪ੍ਰੋ. ਐਨੀ ਗੋਇਲ ਵੀ ਹਾਜ਼ਰ ਸਨ।

## ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਹੈਡ ਗ੍ਰੰਥੀ ਦੇ ਮਾਤਾ ਜਸਵੰਤ ਕੌਰ ਦੀ ਅੰਤਿਮ ਅਰਦਾਸ 'ਤੇ ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੇ ਕੀਤੇ ਸ਼ਰਧਾ ਦੇ ਫੁੱਲ ਭੇਂਟ



ਅੰਮ੍ਰਿਤਸਰ, 29 ਜੂਨ, (ਬਬਲੂ ਮਹਾਜਨ) : ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਜਸਵੰਤ ਕੌਰ ਜੀ ਜੋ ਪਿਛਲੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ। ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਦੀ ਅੰਤਿਮ ਅਰਦਾਸ ਗੁਰੂਦਵਾਰਾ ਦਮਦਮਾ ਸਾਹਿਬ, ਮਾਲ ਮੰਡੀ, ਗੁਰੂ ਤੇਗ ਬਹਾਦਰ ਨਗਰ, ਸ੍ਰੀ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ, ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪ੍ਰਧਾਨ ਸ਼੍ਰੋਮਣੀ ਦੇ ਮਾਨਯੋਗ ਪ੍ਰਧਾਨ ਸਾਹਿਬ ਦੇ ਓਐਸਡੀ ਸੁਖਬੀਰ ਸਿੰਘ ਧਾਮੀ, ਮੈਨੇਜਰ ਜੇਪੀ ਸਿੰਘ ਜਸਬੀਰ ਸਿੰਘ ਬਿਕਰਮ ਸਿੰਘ, ਜਗਜੀਤ ਸਿੰਘ ਜੱਗੀ, ਬਾਬਾ ਅਮਰੀਕ ਸਿੰਘ, ਬਾਬਾ ਗੁਰਬਖਸ਼ੀਸ਼ ਸਿੰਘ ਗੁਰੂ ਕੇ ਬਾਗ ਵਾਲੇ, ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ, ਸਰਦਾਰ ਚੈਂਚਲ ਸਿੰਘ ਬੇਰ ਸਾਹਿਬ ਸੁਲਤਾਨਪੁਰ ਲੋਧੀ, ਗਿਆਨੀ ਜਸਵੰਤ ਸਿੰਘ ਮੰਜੀ ਸਹਿਬ, ਗਿਆਨੀ ਬਚਿੱਤਰ ਸਿੰਘ ਗੁਰੂ ਨਾਨਕ ਪਿਆਓ ਦਿੱਲੀ, ਐਡੀਸ਼ਨਲ ਹੈਡ ਗ੍ਰੰਥੀ ਭਾਈ ਮਲਕੀਤ ਸਿੰਘ, ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਹਰਜਾਪ ਸਿੰਘ ਮੈਂਬਰ ਐਸਜੀਪੀਸੀ, ਮੁਖਵਿੰਦਰ ਸਿੰਘ ਖਾਪੜਖੇੜੀ, ਬੀਬੀ ਗੁਰਪ੍ਰੀਤ ਸਿੰਘ ਕੌਰ ਰੋਹੀ, ਗੁਰਿੰਦਰ ਪਾਲ ਸਿੰਘ ਲਾਲੀ ਰਣੀਕੇ ਸੂਚਨਾ ਅਧਿਕਾਰੀ ਜਤਿੰਦਰ ਪਾਲ ਸਿੰਘ ਸਰਬਜੀਤ ਸਿੰਘ ,ਕੈਪਟਨ ਹਰਮਿੰਦਰ ਸਿੰਘ ਹਲਕਾ ਇੰਚਾਰਜ ਅਕਾਲੀ ਦਲ, ਐਡਵੋਕੇਟ ਲੋਕ ਦੀਪ ਸਿੰਘ ਘੁੰਮਣ, ਹਰਜੀਤ ਸਿੰਘ ਇਨਚਾਰਜ ਗੁਰਦਾਸ ਹਾਲ ਜਗਜੀਤ ਸਿੰਘ ਜੱਗੀ ਸਾਬਕਾ ਸਕੱਤਰ ਐਸਜੀਪੀਸੀ ਗੁਰਸੇਵਕ ਸਿੰਘ ਸ਼੍ਰੋਮਣੀ ਅਕਾਲੀ ਦਲ ਆਗੂ ਤਰਨ ਤਾਰਨ, ਗੁਰਚਰਨ ਸਿੰਘ ਟਿੱਬੀ ਚੇਅਰਮੈਨ ਮਾਰਕੀਟ ਕਮੇਟੀ,

ਚੇਅਰਮੈਨ ਗੁਰਿੰਦਰ ਪਾਲ ਸਿੰਘ ਢਭਈਆਂ, ਜਥੇਦਾਰ ਸ਼ਮਸ਼ੇਰ ਸਿੰਘ ਭਰੋਆਟਾ ਜਨਰਲ ਸਕੱਤਰ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਸਮੇਤ ਕਈ ਹੋਰ ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੇ ਭਾਈ ਸੁਰਜੀਤ ਸਿੰਘ ਸਭਰਾਅ ਨਾਲ ਦੁੱਖ ਸਾਂਝਾ ਕੀਤਾ।

## ਦਰਬਾਰ ਸਾਹਿਬ ਵਿਖੇ ਨਤਮਸਤਕ ਹੋਈ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ

### ਅਖੰਡ ਪਾਠ ਸਾਹਿਬ ਦੇ ਭੋਗ ਤੇ ਆਰੰਭਤਾ ਮੌਕੇ ਹਰਸਿਮਰਤ ਕੌਰ ਬਾਦਲ ਨੇ ਭਰੀ ਹਾਜ਼ਰੀ

ਅੰਮ੍ਰਿਤਸਰ, 29 ਜੂਨ, (ਬਬਲੂ ਮਹਾਜਨ) : ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਅੱਜ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ। ਉਨ੍ਹਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਅਤੇ ਨਵੇਂ ਅਖੰਡ ਪਾਠ ਸਾਹਿਬ ਦੀ ਆਰੰਭਤਾ ਮੌਕੇ ਗੁਰਦੁਆਰਾ ਸਾਹਿਬ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਦੀ ਹਾਜਰੀ ਲਾਈ। ਇਹ ਲੜੀਵਾਰ ਅਖੰਡ ਪਾਠ ਸਾਹਿਬ ਪਿਛਲੇ ਕਈ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਵਿਖੇ ਨਿਰੰਤਰ ਚਲ ਰਹੇ ਹਨ, ਜੋ ਕਿ ਸੰਸਾਰ ਭਰ ਦੀ ਖੇਤਰੀ ਅਮਨ-ਚੈਨ, ਭਾਈਚਾਰੇ ਅਤੇ ਸਾਧ ਸੰਗਤ ਦੀ ਭਲਾਈ ਲਈ ਅਰਪਿਤ ਕੀਤੇ ਜਾਂਦੇ ਹਨ। ਹਰਸਿਮਰਤ ਕੌਰ ਬਾਦਲ ਨੇ ਗੁਰੂ ਘਰ ਦੀ ਹਾਜ਼ਰੀ ਦੌਰਾਨ ਗੁਰਬਾਣੀ ਦੀ



ਸੇਵਾ ਸੁਣੀ। ਉਨ੍ਹਾਂ ਨੇ ਕਿਹਾ ਕਿ ਗੁਰੂ ਘਰ ਆ ਕੇ ਅੰਦਰੋਂ ਸ਼ਾਂਤੀ ਮਿਲਦੀ ਹੈ ਅਤੇ ਇਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦੀ ਆਤਮਿਕ ਤਾਕਤ ਦਾ ਕੇਂਦਰ ਹੈ।

ਬੀਬੀ ਬਾਦਲ ਨੇ ਸੰਗਤ ਨਾਲ ਮੁਲਾਕਾਤ ਕੀਤੀ ਅਤੇ ਸਾਰੇ ਲੋਕਾਂ ਦੀ ਭਲਾਈ ਲਈ ਅਰਦਾਸ ਵੀ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸਦਾ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣਾ ਚਾਹੀਦਾ ਹੈ, ਤਾਂ ਜੋ ਅਸਲ ਸਿੱਖੀ ਜੀਵਨ ਵਿਚ ਉਤਾਰੀ ਜਾ ਸਕੇ।

# ਮੁੱਖ ਮੰਤਰੀ ਦੇ ਦੋਹਰੇ ਕਿਰਦਾਰ ਨੇ ਸਰਕਾਰੀ ਦਾਅਵਿਆਂ ਦੀ ਹਵਾ ਕੱਢੀ : ਗੋਸ਼ਾ



ਲੁਧਿਆਣਾ 29 ਜੂਨ (ਵਿਸ਼ਾਲ ਸ਼ਰਮਾਂ) ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਮੁਕਤ ਪੰਜਾਬ ਬਣਾਉਣ ਦੇ ਐਲਾਨ ਮਗਰੋਂ 29 ਮਈ 2022 ਨੂੰ ਗ੍ਰਿਫ਼ਤਾਰ ਕੀਤੇ ਗਏ ਡਾ: ਵਿਜੇ ਸਿੰਗਲਾ ਨੂੰ ਆਮ ਆਦਮੀ ਹਕੂਮਤ ਵੱਲੋਂ ਕਲੀਨ ਚਿੱਟ ਦੇਣ ਨਾਲ ਮੁੱਖ ਮੰਤਰੀ ਭਗਵੰਤ ਮਾਨ ਦਾ ਦੋਹਰਾ ਤੇ ਵਿਰਾਟ ਰੂਪ ਪੰਜਾਬੀਆਂ ਦੇ ਸਾਹਮਣੇ ਨੰਗਾ ਹੋ ਗਿਆ ਹੈ ਇਹ ਪ੍ਰਗਟਾਵਾ ਪੰਜਾਬ ਭਾਜਪਾ ਦੇ ਮੀਡੀਆ ਪੈਨਲਿਸਟ ਗੁਰਦੀਪ ਸਿੰਘ ਗੋਸ਼ਾ ਵੱਲੋਂ ਪ੍ਰੈਸ ਨੂੰ ਜਾਰੀ ਇੱਕ ਗਿਆਨ ਰਾਹੀਂ ਕੀਤਾ ਗਿਆ।ਭਾਜਪਾ ਆਗੂ ਨੇ ਮੁੱਖ ਮੰਤਰੀ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਆਪਣੀ ਤਾਕਤ ਦੀ ਦੁਰਰਤੋਂ ਕਰਕੇ ਜਿੱਥੇ ਆਪਣੇ ਸਿਆਸੀ ਵਿਰੋਧੀਆਂ ਉੱਤੇ ਝੂਠੇ ਅਤੇ ਬੇਬੁਨਿਆਦ ਮਾਮਲੇ ਦਰਜ ਕਰਕੇ ਉਨ੍ਹਾਂ ਉੱਤੇ ਅੱਤਿਆਚਾਰ ਕੀਤੇ ਜਾ ਰਹੇ ਹਨ ਉੱਥੇ ਸਰਕਾਰ ਵਿੱਚ ਸ਼ਾਮਲ ਆਪਣੇ ਭ੍ਰਿਸ਼ਟ ਮੰਤਰੀਆਂ, ਵਿਧਾਇਕਾਂ ਅਤੇ ਲੀਡਰਾਂ ਨੂੰ ਚਿੱਟੇ ਦਿਨ ਸ਼ਰੇਆਮ ਬਚਾਇਆ ਜਾ ਰਿਹਾ ਹੈ ਜਿਹੜਾ ਕਿ ਸੰਵਿਧਾਨ ਦਾ ਘੋਰ ਅਪਮਾਨ ਹੈ। ਗੋਸ਼ਾ ਨੇ ਮੁੱਖ ਮੰਤਰੀ ਅਤੇ ਸਰਕਾਰ ਦੇ ਦੋਹਰੇ ਕਿਰਦਾਰ ਦੀ ਬਾਤ ਪਾਉਂਦਿਆਂ ਖੁਲਾਸਾ ਕੀਤਾ ਕਿ ਕੈਬਨਿਟ ਮੰਤਰੀ ਡਾ: ਵਿਜੇ ਸਿੰਗਲਾ ਤੋਂ ਇਲਾਵਾ ਲਾਲ ਚੰਦ ਕਟਾਰੂਚੱਕ, ਬਲਕਾਰ ਸਿੰਘ, ਡਾ: ਰਵਜੋਤ ਸਿੰਘ,ਫੌਜਾ ਸਿੰਘ ਸਰਾਰੀ,ਬਲਕਾਰ ਸਿੰਘ ਸਿੱਧੂ, ਸਰਬਜੀਤ ਕੌਰ ਮਾਣੂਕੇ, ਨਰਿੰਦਰ ਕੌਰ ਭਰਾਜ ਅਤੇ ਜਗਦੀਪ ਗੋਲਡੀ ਸਮੇਤ ਅਨੇਕਾਂ ਭ੍ਰਿਸ਼ਟ ਅਤੇ ਚਰਿੱਤਰਹੀਣ ਸਾਥੀਆਂ ਨੂੰ ਦਾਗ਼ ਮੁਕਤ ਸਰਟੀਫਿਕੇਟ ਪ੍ਰਦਾਨ ਕਰਕੇ ਭਾਰਤੀ ਸੰਵਿਧਾਨ ਦੀ ਚੁੱਕੀ ਸੌਂਹ ਦਾ ਘੋਰ ਨਿਰਾਦਰ ਅਤੇ ਸ਼ਹੀਦਾਂ ਦਾ ਅਪਮਾਨ ਕੀਤਾ ਗਿਆ ਹੈ ਭਾਜਪਾ ਆਗੂ ਨੇ ਹਕੂਮਤ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਹੁਣ ਡਾਕਟਰ ਸਿੰਗਲਾ ਕੇਸ ਵਿੱਚ ਸਹਿ ਦੋਸ਼ੀ ਪ੍ਰਦੀਪ ਕੁਮਾਰ ਨੂੰ ਬਲੀ ਦਾ ਬੱਕਰਾ ਬਣਾਇਆ ਜਾਵੇਗਾ। ਸਰਦਾਰ ਗੋਸ਼ਾ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਸਰਕਾਰ ਦੀਆਂ ਸਾਢੇ ਤਿੰਨ ਸਾਲ ਦੀਆਂ ਨਾਕਾਮੀਆਂ ਅਤੇ ਕੀਤੇ ਗਏ ਕਾਲੇ ਕਾਰਨਾਮਿਆਂ ਉੱਤੇ ਪਰਦਾ ਪਾਉਣ ਦੀ ਕੋਝੀ ਕੋਸ਼ਿਸ਼ ਕੀਤੀ ਅਤੇ ਵਿਰੋਧੀ ਨੇਤਾਵਾਂ ਅਤੇ ਵਰਕਰਾਂ ਤੇ ਸਿਆਸੀ ਕਾਰਵਾਈ ਕਰਨ ਲਈ ਤਿਆਰੀ ਵਿੱਚ ਹੈ ਜਿਸ ਦਾ ਜਵਾਬ ਲੋਕ 2027 ਦੀਆਂ ਆਮ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦਾ ਸੂਪੜਾ ਸਾਫ ਕਰਕੇ ਦੇਣਗੇ। ਗੋਸ਼ਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਵੱਲੋਂ ਆਪਣੀ ਪਾਰਟੀ ਦੇ ਆਗੂਆਂ ਨੂੰ ਦਿੱਤੀ ਗਈ ਕਲੀਨ ਚਿੱਟ ਦੇ ਨਾਲ-ਨਾਲ ਆਪ ਆਗੂਆਂ ਵੱਲੋਂ ਪਿਛਲੇ ਸਾਢੇ ਤਿੰਨ ਸਾਲ ਵਿੱਚ ਬਣਾਈਆਂ ਗਈਆਂ ਨਾਮੀਂ-ਬੇਨਾਮੀਂ ਜਾਇਦਾਦਾਂ ਦੀ ਉੱਚ ਪੱਧਰੀ ਜਾਂਚ ਅਮਲ ਵਿੱਚ ਲਿਆਕੇ ਦੋਸ਼ੀਆਂ ਵਿਰੁੱਧ ਲੋੜੀਂਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋਂ ਪੰਜਾਬ ਦੀ ਅੰਨ੍ਹੀ ਲੁੱਟ ਨੂੰ ਰੋਕਿਆ ਜਾ ਸਕੇ।

# ਸੱਟੇਬਾਜ਼ੀ ਵਿਰੁੱਧ ਸਖ਼ਤ ਕਾਰਵਾਈ

ਲੁਧਿਆਣਾ, 29 ਜੂਨ (ਵਿਸ਼ਾਲ ਸ਼ਰਮਾਂ) ਸੂਬਾ ਪੁਲਿਸ ਨੇ ਪੰਜਾਬ ਵਿੱਚ ਦੜਾ ਸੱਟਾ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਵੱਖ-ਵੱਖ ਇਲਾਕਿਆਂ ਤੋਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਤੋਂ ਕੁੱਲ 6920 ਰੁਪਏ ਨਕਦ ਵੀ ਬਰਾਮਦ ਕੀਤੇ ਹਨ। ਪਹਿਲਾ ਮਾਮਲਾ ਜੋਧੇਵਾਲ ਥਾਣੇ ਦਾ ਹੈ, ਜਿੱਥੋਂ ਪੁਲਿਸ ਨੇ ਗੁਰਦੀਪ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਮੁਹੱਲਾ ਵਾਲੀਆ ਬਿਹਾਰ ਦਾ ਰਹਿਣ ਵਾਲਾ ਹੈ ਅਤੇ ਸੱਟੇਬਾਜ਼ੀ ਦੀਆਂ ਪਰਚੀਆਂ ਭਰ ਰਿਹਾ ਸੀ।ਪੁਲਿਸ ਨੇ ਉਸ ਤੋਂ 4920 ਰੁਪਏ ਨਕਦ ਬਰਾਮਦ ਕੀਤੇ ਹਨ। ਜਾਂਚ ਅਧਿਕਾਰੀ ਥਾਣੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਦੋਸ਼ੀ ਵਿਰੁੱਧ ਜੂਆ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।ਦੂਜਾ ਮਾਮਲਾ ਪੀਏਯੂ ਥਾਣਾ ਖੇਤਰ ਦਾ ਹੈ, ਜਿੱਥੇ ਪੁਲਿਸ ਨੇ ਦੋ ਮੁਲਜ਼ਮਾਂ ਸੰਜੀਵ ਕੁਮਾਰ (ਰਿਸ਼ੀ ਨਗਰ ਵਾਸੀ) ਅਤੇ ਨਰੇਸ਼ ਕੁਮਾਰ (ਸਲੇਮ ਟਾਬਰੀ ਵਾਸੀ) ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਤੋਂ 2000 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ।ਜਾਂਚ ਅਧਿਕਾਰੀ ਥਾਣੇਦਾਰ ਹਰਚਰਨ ਸਿੰਘ ਨੇ ਦੱਸਿਆ ਕਿ ਦੋਵਾਂ ਖ਼?ਲਾਫ਼ ਜੂਆ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਖ਼?ਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।

# ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੋਈ ਅਹੁਦੇਦਾਰਾਂ ਦੀ ਮੀਟਿੰਗ



ਪਾਇਲ /ਦੋਰਾਹਾ 29 ਜੂਨ (ਨਰਿੰਦਰ ਸ਼ਾਹਪੁਰ):ਆਮ ਆਦਮੀ ਪਾਰਟੀ ਹਲਕਾ ਪਾਇਲ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਦਰਸ਼ਨ ਸਿੰਘ ਕੂਹਲੀ ਅਤੇ ਪਾਰਟੀ ਵਲੋਂ ਨਵ ਨਿਯੁਕਤ ਕੀਤੇ ਹਲਕਾ ਪਾਇਲ ਦੇ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੂੰਨਰ ਦੀ ਅਗਵਾਈ ਵਿੱਚ ਸ਼ਹਿਰ ਦੋਰਾਹਾ ਵਿਖੇ ਹੋਈ। ਜਿਸ ਵਿਚ ਪੰਜਾਬ ਦੇ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਚੌਂਦਾ, ਸਪੋਰਟਸ ਪਰਸਨ ਰਮਨ ਚਾਂਦੀ ਤੋਂ ਇਲਾਵਾ ਜ਼ਿਲ੍ਹਾ ਸੈਕਟਰੀ ਅਮਨਚੈਨ ਸਿੰਘ, ਚੇਅਰਮੈਨ ਬੂਟਾ ਸਿੰਘ ਰਾਣੋਂ, ਚੇਅਰਮੈਨ ਕਰਨ ਸਿਹੋੜਾ, ਸੁਦਰਸ਼ਨ ਕੁਮਾਰ ਸ਼ਰਮਾ ਪ੍ਰਧਾਨ ਨਗਰ ਕੌਂਸਲ ਦੋਰਾਹਾ, ਡਾਇਰੈਕਟਰ ਤਰਲੋਚਨ ਸਿੰਘ ਬੁਆਣੀ , ਬਲਾਕ ਪ੍ਰਧਾਨ ਅਵਿਨਾਸ਼ ਪ੍ਰੀਤ ਸਿੰਘ ਜੱਲ੍ਹਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਸਮੇਂ ਪੰਜਾਬ ਦੇ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਚੌਂਦਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਲਈ ਅਣਥੱਕ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਅਹੁਦੇ ਅਤੇ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪਾਰਟੀ ਵਲੋਂ ਨਵ ਨਿਯੁਕਤ ਕੀਤੇ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੂੰਨਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਫ਼ਲ ਹੋਣਗੇ। ਜ਼ਿਲ੍ਹਾ ਪ੍ਰਧਾਨ ਗੁਰਦਰਸ਼ਨ ਸਿੰਘ ਕੂਹਲੀ ਨੇ ਪਾਰਟੀ ਦੇ ਟਕਸਾਲੀ ਅਤੇ ਨਵੇਂ ਵਰਕਰਾਂ ਨੂੰ ਇੱਕਜੁਟਤਾ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਅਪੀਲ ਕੀਤੀ। ਇਸ ਸਮੇਂ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੂੰਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਦਿੱਤੀ ਜ਼ੁਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਕਾਰਨ ਲਈ ਦਿਨ ਰਾਤ ਇੱਕ ਕਰਨਗੇ। ਇਸ ਸਮੇਂ ਰਾਣਾ ਕੂੰਨਰ ਨੇ ਪਾਰਟੀ ਦੇ ਵਰਕਰਾਂ ਨੂੰ ਇੱਕਜੁਟਤਾ ਨਾਲ ਲਾਮਬੰਦ ਕਰਨ ਲਈ ਸੀਨੀਅਰ ਸਾਥੀਆਂ ਦਾ ਸਹਿਯੋਗ ਮੰਗਿਆ। ਇਸ ਸਮੇਂ ਪਾਰਟੀ ਵਲੋਂ ਨਵ ਨਿਯੁਕਤ ਕੀਤੇ ਜ਼ਿਲ੍ਹਾ ਸੈਕਟਰੀ ਅਮਨਚੈਨ ਸਿੰਘ ਅਤੇ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੂੰਨਰ ਦਾ ਸਮੂਹ ਅਹੁਦੇਦਾਰਾਂ ਵਲੋਂ ਸਨਮਾਨ ਕੀਤਾ ਗਿਆ। ਇਸ ਇਕੱਤਰਤਾ ਮੌਕੇ ਪਾਰਟੀ ਦੇ ਸਮੂਹ ਅਹੁਦੇਦਾਰਾਂ ਦਾ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਸ਼ਰਮਾ ਨੇ ਧੰਨਵਾਦ ਕੀਤਾ। ਇਸ ਮੌਕੇ ਤੇ ਸਰਪੰਚ ਪ੍ਰਗਟ ਸਿੰਘ ਸਿਆੜ, ਸਰਪੰਚ ਪਲਵਿੰਦਰ ਸਿੰਘ ਲੰਢਾ, ਜਸਵੀਰ ਸਿੰਘ ਐਸ ਡੀ ਓ, ਕੁਲਵੰਤ ਸਿੰਘ ਕੌਂਸਲਰ, ਇੰਦਰਜੀਤ ਸਿੰਘ ਫ਼ੌਜੀ, ਸਿਮਰਦੀਪ ਸਿੰਘ ਦੋਬੁਰਜੀ ਆਦਿ ਹਾਜ਼ਰ ਸਨ।

# ਕੇਅਰ ਫਾਰ ਆਟਿਜਮ ਨੇ ਅਨੋਖਾ ਸਭਿਆਚਾਰਕ ਪ੍ਰੋਗਰਾਮ ਕਰਵਾਇਆ



ਲੁਧਿਆਣਾ, 29 ਜੂਨ (ਰਵਿੰਦਰ ਸਿੰਘ ਨਿੱਝਰ )-ਕੇਅਰ ਫਾਰ ਆਟਿਜਮ ਸੈਂਟਰ, ਕੋਚਰ ਮਾਰਕੀਟ ਵਲੋਂ ਭਾਵਨਾਤਮਕ ਅਤੇ ਜਾਗਰੂਕਤਾ ਨਾਲ ਭਰਪੂਰ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਹਾਲ ਹੀ ਵਿਚ ਰਿਲੀਜ ਹੋਈ ਅਮੀਰ ਖਾਨ ਦੀ ਫਿਲਮ 'ਸਿਤਾਰੇ ਜਮੀਨ ਪਰ' ਤੋਂ ਪ੍ਰੇਰਿਤ ਸੀ, ਜਿਸ ਦਾ ਉਦੇਸ ਸਪੇਸਲ ਲੋੜਵੰਦ ਬੱਚਿਆਂ ਜਿਹੇ ਵਿਸ਼ਿਆਂ ਤੇ ਸਮਾਜ ਨੂੰ ਸੰਵੇਦਨਸੀਲ ਬਣਾਉਣਾ ਹੈ। ਪ੍ਰੋਗਰਾਮ ਦੀ ਸੁਰੂਆਤ ਆਟਿਜਮ ਜਾਗਰੂਕਤਾ ਰੀਬਨ ਨਾਲ ਹੋਈ ਜਿਸ ਵਿਚ ਕੇਅਰ ਫਾਰ ਆਟਿਜਮ ਦੀ ਸਮਰਪਿਤ ਟੀਮ ਨੇ ਮਾਲ ਵਿਚ ਹਾਜਰ ਲੋਕਾਂ ਨੂੰ ਰੀਬਨ ਪਿੰਨ ਕਰਕੇ ਆਟਿਜਮ ਦੇ ਬਾਰੇ ਵਿਚ ਜਾਗਰੂਕ ਕੀਤਾ ਅਤੇ ਆਟਿਜਮ ਨਾਲ ਜੁੜੀ ਸਰਲ ਅਤੇ. ਜਾਣਕਾਰੀ ਭਰਪੂਰ ਪਰਚੇ ਵੀ ਵੰਡੇ ਗਏ ਤਾਂ ਕਿ ਜਿਆਦਾ ਤੋਂ ਜਿਆਦਾ ਲੋਕ ਇਸ ਵਿਸੇ ਨੂੰ ਸਮਝ ਸਕਣ । ਇਸੇ ਲੜੀ ਦੇ ਤਹਿਤ ਸੰਸਥਾ ਵਲੋਂ ਵਿਸੇਸ ਜਰੂਰਤਮੰਦ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਲਈ ਅਮੀਰ ਖਾਨ ਦੀ ਫਿਲਮ ਸਿਤਾਰੇ ਜਮੀਨ ਪਰ ਦੀ ਇਕ ਵਿਸ਼ੇਸ਼ ਸਕਰੀਨਿੰਗ ਆਯੋਜਿਤ ਕੀਤੀ ਗਈ ਜੋ ਕੇਵਲ ਮਨੋਰੰਜਨ ਤੱਕ ਸੀਮਤ ਨਹੀਂ ਰਹੀ, ਬਲਕਿ ਇਹ ਉਨ੍ਹਾਂ ਪਰਿਵਾਰਾਂ ਦੇ ਲਈ ਆਤਮੀਅਤਾ, ਜੁੜਾਵ ਅਤੇ ਸਮਾਜਿਕ ਹਿੱਸੇਦਾਰੀ ਦਾ ਇੱਕ ਅਨੁਭਵ ਬਣ ਗਈ। ਇਸ ਮੌਕੇ ਸੈਂਟਰ ਦੇ ਅਪਰੇਸਨਲ ਅਤੇ ਕਲੀਨੀਕਲ ਸਾਈਕਾਲਜਿਸਟ ਡਾ. ਅਤੁੱਲ ਮਦਾਨ ਨੇ ਦੱਸਿਆ ਕਿ ਲੱਛਣਾਂ ਨੂੰ ਸਮੇਂ ਤੇ ਪਹਿਚਾਨਣਾ ਅਤੇ ਅਰਲੀ ਇੰਟਰਵੰਸਨ ਸੁਰੂ ਕਰਨਾ ਬੱਚਿਆਂ ਦੇ ਵਿਕਾਸ ਵਿਚ ਬੜਾ ਬਦਲਾਅ ਲਿਆ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮਾਂ ਰਹਿੰਦੇ ਪਹਿਚਾਣ ਕਰਕੇ ਜੇਕਰ ਇਲਾਜ ਸੁਰੂ ਕੀਤਾ ਜਾਵੇ ਤਾਂ ਬੱਚਿਆਂ ਦੇ ਵਿਕਾਸ ਵਿਚ ਬਹੁਤ ਸੁਧਾਰ ਸੰਭਵ ਹੁੰਦੇ ਹਨ। ਉਨ੍ਹਾਂ ਕਿਹਾ ਕਿ ਆਟਿਜਮ ਕੋਈ ਬਿਮਾਰੀ ਨਹੀਂ ਹੈ। ਇਹ ਬੱਸ ਸੋਚਣ, ਸਮਝਣ ਅਤੇ ਸਿੱਖਣ ਦਾ ਇਕ ਵੱਖਰਾ ਤਰੀਕਾ ਹੈ। ਜਰੂਰਤ ਹੈ ਤਾਂ ਬੱਸ ਸਮਝ, ਸਹਿਯੋਗ ਅਤੇ ਸਹੀ ਮਾਰਗ ਦਰਸਨ ਦੀ। ਸੰਸਥਾ ਦੇ ਸੰਸਥਾਪਕ ਨਿਦੇਸਕ ਰਘੂ ਬਹਿਲ ਨੇ ਆਏ ਸੱਜਣਾ ਦਾ ਧੰਨਵਾਦ ਕੀਤਾ। ਮੁੱਖ ਮਹਿਮਾਨ ਵਜੋਂ ਪੁੱਜੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਇੰਦਰਪ੍ਰੀਤ ਕੌਰ ਨੇ ਕਿਹਾ ਕਿ ਸੈਂਟਰ ਦਾ ਇਹ ਯਤਨ ਸਲਾਘਾ ਯੋਗ ਹੈ।

# ਤਿੰਨ ਰੋਜ਼ਾ ਮਹਾਨ ਅਕੱਥ ਕਥਾ ਤੇ ਨਾਮ ਸਿਮਰਨ ਅਭਿਆਸ ਸਮਾਗਮ ਸੰਪੰਨ

## ਬੈਨੀਪਾਲ ਨੇ ਸਾਥੀਆਂ ਸਮੇਤ ਜੈਕਾਰਿਆਂ ਦੀ ਗੂੰਜ 'ਚ ਭਾਈ ਟੋਹਾਣਾ ਨੂੰ ਕੀਤਾ ਸਨਮਾਨਿਤ



ਲੁਧਿਆਣਾ 29 ਜੂਨ ( ਕਰਨੈਲ ਸਿੰਘ ਐੱਮ.ਏ.)ਅਕਾਲ ਪੁਰਖ ਦਾ ਸਿਮਰਨ ਕਰਨਾ ਹਰ ਇਨਸਾਨ ਦਾ ਮੁੱਢਲਾ ਫ਼ਰਜ ਹੈ, ਉਹ ਜਿਤਨਾ ਵੱਧ ਤੋਂ ਵੱਧ ਪ੍ਰਭੂ ਦਾ ਸਿਮਰਨ ਆਪਾ ਮਿਟਾ ਕੇ ਕਰੇਗਾ ਉਤਨੀ ਜਲਦੀ ਉਹ ਪ੍ਰਭੂ ਦੀ ਬਖਸ਼ਿਸ਼ਾਂ ਨੂੰ ਪ੍ਰਾਪਤ ਕਰਕੇ ਉਸ ਵਿੱਚ ਲੀਨ ਹੋ ਜਾਵੇਗਾ । ਇਸ ਲਈ ਜਿਨ੍ਹਾਂ ਪ੍ਰੇਮੀਆਂ ਵਿੱਚ ਅਕਾਲ ਪੁਰਖ ਪ੍ਰਤੀ ਜਿਤਨਾ ਪ੍ਰੇਮ, ਵਿਸ਼ਵਾਸ਼ ਤੇ ਸ਼ਰਧਾ ਭਾਵਨਾ ਹੋਵੇਗੀ ਉਨ੍ਹਾਂ ਹੀ ਉਹ ਗੁਰਮਤਿ ਦੇ ਮਾਰਗ ਤੇ ਚੱਲ ਕੇ, ਨਾਮ ਅਭਿਆਸ ਦੀ ਕਮਾਈ ਕਰਕੇ, ਪ੍ਰਭੂ ਦੀ ਹਜ਼ੂਰੀ ਨੂੰ ਅੰਤਰਆਤਮੇ ਅਨੁਭਵ ਕਰਨਗੇ ਅਤੇ ਆਪਣੀ ਹਉਮੈਂ ਨੂੰ ਉੱਕਾ ਹੀ ਮਿਟਾ ਕੇ ਆਪਣਾ ਜੀਵਨ ਗੁਰ ਆਸੇ ਅਨੁਸਾਰ ਸਫਲ ਕਰਨਗੇ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲਿਆਂ ਨੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਚੱਲ ਰਹੇ ਤਿੰਨ ਰੋਜ਼ਾ ਮਹਾਨ ਅਕੱਥ ਕਥਾ ਤੇ ਨਾਮ ਸਿਮਰਨ ਅਭਿਆਸ ਸਮਾਗਮ ਦੀ ਸਮਾਪਤੀ ਮੌਕੇ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕੀਤਾ । ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਨਸਾਨ ਦਾ ਪ੍ਰਭੂ ਮਿਲਾਪ ਦਾ ਰਸਤਾ ਇੱਕ ਲਗਾਤਾਰ ਚੱਲਦੀ ਪ੍ਰਤੀਕਿਰਿਆ ਹੈ । ਇਸ ਪਾਉੜੀ ਤੇ ਚੜ੍ਹਦਿਆਂ ਇਨਸਾਨ ਕਈ ਜਨਮ ਲੈਂਦਾ ਹੈ ਅਤੇ ਜਿਤਨਾ ਨਾਮ ਸਿਮਰਨ ਉਹ ਕਰਦਾ ਹੈ, ਉਨ੍ਹਾਂ ਹੀ ਗੁਰੂ ਦਾ ਪਿਆਰਾ ਬਣਦਾ ਹੈ।ਇਸ ਲਈ ਮਨੁੱਖ ਨੂੰ ਗੁਰਬਾਣੀ ਦੀ ਅਕੱਥ ਕਥਾ ਤੇ ਨਾਮ ਸਿਮਰਨ ਦੀ ਸ਼ੈਲੀ ਨਾਲ ਜੁੜ ਕੇ ਆਪਣੇ ਅੰਦਰ ਰੂਹਾਨੀ ਪ੍ਰੇਮ ਪੈਦਾ ਕਰਨ ਦਾ ਰਸਤਾ ਪੈਦਾ ਕਰਨ ਦੀ ਸਮਰੱਥਾ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਅਧਿਆਤਮਕ ਤੇ ਰੂਹਾਨੀਅਤ ਦੇ ਸਕੂਨ ਦੀ ਪ੍ਰਾਪਤੀ ਹੋ ਸਕੇ।ਇਸ ਦੌਰਾਨ ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲਿਆਂ ਨੇ ਤਿੰਨ ਦਿਨ ਦੇ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਵਾਲੀਆਂ ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕੀਤਾ ਤੇ ਕਿਹਾ ਕਿ ਸਾਰੇ ਪ੍ਰਾਣੀ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੇ ਸਾਰੇ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਸੀ.ਆਰ.ਪੀ ਕਲੋਨੀ ਦੁੱਗਰੀ ਲੁਧਿਆਣਾ ਦੇ ਮੁੱਖ ਸੇਵਾਦਾਰ ਸ੍: ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ ਤਿੰਨ ਰੋਜ਼ਾ ਸਮਾਗਮ ਸੰਗਤਾਂ ਨੂੰ ਨਾਮ ਸਿਮਰਨ ਅਭਿਆਸ ਨਾਲ ਜੋੜਨ ਵਿੱਚ ਸਹਾਈ ਹੋਇਆ ਹੈ, ਕਿਉ ਕਿ ਗੁਰਬਾਣੀ ਕੀਰਤਨ, ਅਕੱਥ ਕਥਾ ਤੇ ਨਾਮ ਸਿਮਰਨ ਦੇ ਲਾਹਾ ਸਦਕਾ ਹੀ ਸੰਗਤਾਂ ਨੇ ਅਧਿਆਤਮਕ ਤੇ ਰੂਹਾਨੀਅਤ ਸਕੂਨ ਦੀ ਪ੍ਰਾਪਤੀ ਕੀਤੀ,ਸ੍: ਬੈਨੀਪਾਲ ਨੇ ਕਿਹਾ ਕਿ ਤੀਜੇ ਦਿਨ ਦੇ ਸਮਾਗਮ ਅੰਦਰ ਭਾਈ ਸਾਹਿਬ ਵੱਲੋਂ ਕਰਵਾਇਆ ਗਿਆ ਨਾਮ ਸਿਮਰਨ ਅਭਿਆਸ ਇੱਕ ਮਿਸਾਲੀ ਕਾਰਜ ਹੈ ਜਿਸ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਦੀ ਹੈ ਉੱਥੇ ਸਮੁੱਚੀਆਂ ਸੰਗਤਾਂ ਦੀ ਵੀ ਧੰਨਵਾਦੀ ਹੈ ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਸਮਾਗਮ ਨੂੰ ਸਫਲ ਕੀਤਾ ।ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍: ਕੁਲਵਿੰਦਰ ਸਿੰਘ ਬੈਨੀਪਾਲ, ਗੁਰਦੀਪ ਸਿੰਘ ਕਾਲੜਾ, ਪਰਮਿੰਦਰ ਸਿੰਘ, ਬਲਬੀਰ ਸਿੰਘ, ਤਰਲੋਕ ਸਿੰਘ ਸਚਦੇਵਾ, ਜਗਮੋਹਨ ਸਿੰਘ ਅਤੇ ਪਰਮਿੰਦਰ ਸਿੰਘ( ਰਿਟ.ਪੀ. ਏ.ਯੂ.ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸਾਂਝੇ ਤੌਰ ਤੇ ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲਿਆਂ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਿਰੋਪਾਉ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ । ਇਸ ਦੌਰਾਨ ਆਯੋਜਿਤ ਕੀਤੇ ਗਏ ਤਿੰਨ ਰੋਜ਼ਾ ਨਾਮ ਸਿਮਰਨ ਅਭਿਆਸ ਸਮਾਗਮ ਅੰਦਰ ਗੁ: ਸਾਹਿਬ ਦੇ ਚੇਅਰਮੈਨ ਬਲਜੀਤ ਸਿੰਘ ਸੇਠੀ, ਮਲਕੀਤ ਸਿੰਘ, ਯਸ਼ਪਾਲ ਸਿੰਘ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ,ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਸਰਬਜੀਤ ਸਿੰਘ ਚੰਗਰ, ਮਲਕੀਤ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੀ ਇਸਤਰੀ ਸਤਿਸੰਗ ਸਭਾ ਦੀਆਂ ਪ੍ਰਮੁੱਖ ਬੀਬੀਆਂ ਕੁਲਜੀਤ ਕੌਰ, ਬਲਵਿੰਦਰ ਕੌਰ ਬੱਤਰਾ, ਬੀਬੀ ਦਵਿੰਦਰ ਕੌਰ, ਸਿਮਰਨ ਕੌਰ, ਕਰਮਜੀਤ ਕੌਰ, ਅੰਮ੍ਰਿਤਪਾਲ ਕੌਰ ਨੇ ਵਿਸ਼ੇਸ਼ ਤੌਰ ਤੇ ਆਪਣੀਆਂ ਹਾਜ਼ਰੀਆਂ ਭਰੀਆਂ । ਇਸ ਦੌਰਾਨ ਤਿੰਨ ਰੋਜ਼ਾ ਸਮਾਗਮ ਵਿੱਚ ਸਾਮਲ ਸੰਗਤਾਂ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੁੱਟ ਲੰਗਰ ਤੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ ।

# ਵਿਦੇਸ਼ੋਂ ਪਰਤਣ ਤੇ ਵੱਖ-ਵੱਖ ਸੰਸਥਾਵਾਂ ਨੇ ਮੁਕਾਰੋਪੁਰ ਦਾ ਕੀਤਾ ਸਨਮਾਨ



ਫਤਿਹਗੜ੍ਹ ਸਾਹਿਬ, 29 ਜੂਨ (ਟਿਵਾਣਾ) - ਸਰਹਿੰਦ ਮੰਡੀ ਵਿਖੇ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਵਪਾਰ ਮੰਡਲ ਸਰਹਿੰਦ ਵੱਲੋਂ ਨਰਿੰਦਰ ਕੁਮਾਰ ਗੁਪਤਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਅਕਾਲੀ ਦਲ ਬਾਦਲ ਦੇ ਸ਼ਹਿਰੀ ਪ੍ਰਧਾਨ ਮਨਮੋਹਨ ਸਿੰਘ ਮੁਕਾਰੋਪੁਰ ਦਾ ਵਿਦੇਸ਼ੋਂ ਪਰਤਣ ਤੇ ਸਮੂਹ ਸੰਸਥਾਵਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਵੱਖ-ਵੱਖ ਸੰਸਥਾਵਾਂ ਵੱਲੋਂ ਇਕੱਠੇ ਹੋ ਕੇ ਇਸ ਮੀਟਿੰਗ ਵਿੱਚ ਜਿੱਥੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ, ਉੱਥੇ ਹੀ ਮਨਮੋਹਨ ਸਿੰਘ ਮਕਾਰੋਪੁਰ ਨੂੰ ਵਿਸ਼ਵਾਸ ਦਵਾਇਆ ਗਿਆ ਹੈ ਕਿ ਪਾਰਟੀ ਵੱਲੋਂ ਉਨਾਂ ਨੂੰ ਜਿਸ ਤਰ੍ਹਾਂ ਦੀ ਵੀ ਡਿਊਟੀ ਲਗਾਈ ਜਾਵੇਗੀ ਉਹ ਆਪਣੀਆਂ ਵੱਖ-ਵੱਖ ਪਾਰਟੀਆਂ ਤੋਂ ਉੱਪਰ ਉੱਠ ਕੇ ਉਹਨਾਂ ਦੀ ਤਨ ਮਨ ਧਨ ਨਾਲ ਮਦਦ ਕਰਨਗੇ। ਉਹਨਾਂ ਕਿਹਾ ਕਿ ਪਿਛਲੇ 40 ਸਾਲਾਂ ਤੋਂ ਮਨਮੋਹਨ ਸਿੰਘ ਮਕਾਰੋਪੁਰ ਨਾਲ ਇਹਨਾਂ ਸੰਸਥਾਵਾਂ ਦੇ ਪਰਿਵਾਰਿਕ ਸਬੰਧ ਹਨ ਜਿਸ ਕਰਕੇ ਵੱਖ-ਵੱਖ ਪਾਰਟੀਆਂ ਨਾਲ ਸਬੰਧ ਰੱਖਣ ਵਾਲੇ ਇਹਨਾਂ ਤਮਾਮ ਆਗੂਆਂ ਵੱਲੋਂ ਮਨਮੋਹਨ ਸਿੰਘ ਮਕਾਰੋਂਪੁਰ ਦੀ ਸਿਆਸਤ ਵਿੱਚ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਵਾਇਆ ਗਿਆ ਹੈ। ਉਹਨਾਂ ਕਿਹਾ ਕਿ ਮਨਮੋਹਨ ਸਿੰਘ ਮਕਾਰੋਂਪੁਰ ਨਾਮਵਰ ਸਿਆਸਤਦਾਨ ਹੋਣ ਦੇ ਨਾਲ ਨਾਲ ਇੱਕ ਚੰਗੇ ਸਮਾਜ ਸੇਵਕ ਵੀ ਹਨ ਜਿਨਾਂ ਵੱਲੋਂ ਸ਼ਹਿਰ ਜਾਂ ਪਿੰਡ ਵਿੱਚ ਕਿਸੇ ਤਰ੍ਹਾਂ ਦੇ ਸਮਾਜ ਸੇਵੀ ਕਾਰਜ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਹਰਵਿੰਦਰ ਸਿੰਘ ਬੱਬਲ, ਬਾਬੂ ਸੂਦ, ਵਿਜੇ ਬੰਸਲ, ਪ੍ਰਵੀਨ ਜਿੰਦਲ, ਮੋਹਨਜੀਤ ਪਟਵਾਰੀ, ਨਰਿੰਦਰ ਤਕਿਆਰ, ਬਿੱਟੂ ਸਿੰਘੀ, ਸਾਬਕਾ ਡੀਐਸਪੀ ਸੁਰਜੀਤ ਸਿੰਘ, ਹਰਜਿੰਦਰ ਚੱਢਾ, ਪਰਾਸ਼ਾ ਸੂਦ, ਨੀਲੂ, ਜਸਵੀਰ ਸਿੰਘ ਲੰਬੜਦਾਰ, ਮੈਨੇਜਰ ਬਰਿੰਦਰ ਸਿੰਘ ਆਦੀ ਹਾਜ਼ਰ ਸਨ।

# ਧਾਰੀਵਾਲ ਅੰਦਰ ਚੱਲ ਰਹੇ ਨਾਜਾਇਜ਼ ਸ਼ਰਾਬ ਦੇ ਠੇਕੇ ਹੋਣ ਬੰਦ : ਪ੍ਰਧਾਨ ਬੱਬਾ ਗਿੱਲ



ਧਾਰੀਵਾਲ 28 ਜੂਨ (ਅਸ਼ੋਕ ਕੁਮਾਰ) ਪੰਜਾਬ ਸਰਕਾਰ ਦੁਆਰਾ ਜਿੱਥੇ ਯੁੱਧ ਨਸ਼ਿਆ ਵਿਰੋਧ ਦੀ ਸਲਾਂਘਾ ਕਰਦੇ ਹੋਏ ਕ੍ਰਿਸ਼ਚਨ ਨੈਸ਼ਨਲ ਫਰੰਟ ਦੇ ਪੰਜਾਬ ਪ੍ਰਧਾਨ ਬੱਬਾ ਗਿੱਲ ਨੇ ਧਾਰੀਵਾਲ ਸਹਿਰ ਅਤੇ ਗਲੀਆਂ ਮੁਹੱਲਿਆਂ ਵਿਚ ਚੱਲ ਰਹੀਆਂ ਨਜਾਇਜ ਸ਼ਰਾਬ ਦੇ ਠੇਕਿਆਂ ਦੀਆਂ ਬ੍ਰਾਂਚਾਂ ਵੱਲ ਪੰਜਾਬ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕ੍ਰਿਸ਼ਚਨ ਨੈਸ਼ਨਲ ਫਰੰਟ ਦੇ ਪੰਜਾਬ ਪ੍ਰਧਾਨ ਬੱਬਾ ਗਿੱਲ ਨੇ ਦੱਸਿਆ ਕਿ ਭਗਤ ਸਿੰਘ ਚੌਂਕ ਬੱਸ ਸਟੈਂਡ ਧਾਰੀਵਾਲ ਵਿਖੇ ਨੈਸ਼ਨਲ ਹਾਈਵੇ ਤੇ ਠੇਕੇ ਤੇ ਲੰਬੀਆਂ ਲੰਬੀਆਂ ਲਾਈਨਾਂ ਵਿਚ ਪਿਆਕਰ ਖੜ੍ਹੇ ਦੇਖੇ ਜਾਂਦੇ ਹਨ। ਜਦਕਿ ਬੱਸਾਂ ਤੋਂ ਉਤਰਦੇ ਸਮੇਂ ਪੰਜਾਬ ਦੀਆਂ ਬੇਟੀਆਂ, ਭੈਣਾਂ ਦਾ ਜੀਣਾ ਮੁਹਾਲ ਹੋਇਆ ਹੈ, ਬੱਸ ਦੀ ਉਡੀਕ ਕਰਨ ਲਈ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਹੀ ਬਸ ਨਹੀ, ਗਲੀਆਂ ਮੁਹੱਲਿਆਂ ਅਤੇ ਵੱਖ ਵੱਖ ਪਿੰਡਾਂ ਵਿੱਚ ਨਜਾਇਜ ਚੱਲ ਰਹੀਆਂ ਠੇਕੇ ਦੀਆਂ ਬ੍ਰਾਂਚਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸ਼ਰਾਬ ਦੀਆਂ ਬ੍ਰਾਂਚਾਂ ਇੱਕ ਹਫ਼ਤੇ ਤੱਕ ਬੰਦ ਨਾ ਕੀਤੀਆਂ ਤਾਂ ਕ੍ਰਿਸ਼ਚਨ ਨੈਸ਼ਨਲ ਫਰੰਟ ਸੰਘਰਸ਼ ਕਰੇਗਾ ਜਿਸਦੀ ਪੰਜਾਬ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

# ਗਰੀਨ ਵਰਲਡ ਮਿਸ਼ਨ ਦੇ ਸਹਿਯੋਗ ਨਾਲ ਬਿਧੀਪੁਰ ਵਿਖੇ ਪੌਦੇ ਲਗਾਏ

ਧਾਰੀਵਾਲ 28 ਜੂਨ (ਅਸ਼ੋਕ ਕੁਮਾਰ) ਗਰੀਨ ਵਰਲਡ ਮਿਸ਼ਨ (ਪਹਿਲ) ਬ੍ਰਾਂਚ ਗੁਰਦਾਸਪੁਰ ਦੇ ਸਹਿਯੋਗ ਨਾਲ ਅੱਜ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਕੁਮਾਰ ਦੁੱਗਲ ਅਤੇ ਡਾ. ਕੰਵਲਜੀਤ ਸਿੰਘ ਕੇਜੇ ਵਲੋਂ ਸਾਂਝੇ ਤੌਰ ਤੇ ਦੇਵਗੋਤਰਾ ਟਾਇਲ ਸ਼ੋਰੂਮ ਬਿਧੀਪੁਰ (ਧਾਰੀਵਾਲ) ਦੇ ਸਾਹਮਣੇ ਫ਼ਲਦਾਰ ਪੌਦੇ ਲਗਾਏ ਗਏ। ਇਸ ਮੌਕੇ ਉਨ੍ਹਾਂ ਸਾਂਝੇ ਤੌਰ ਤੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਹਰੇਕ ਵਿਅਕਤੀ ਨੂੰ ਇਕ ਇਕ ਪੌਦਾ ਲਗਾਉਣਾ ਚਾਹੀਦਾ ਹੈ। ਇਸ ਮੌਕੇ ਰਮਨੀ ਕੁਮਾਰੀ, ਕਾਜਲ ਡੇਵਗੋਤਰਾ, ਨਰਿੰਦਰ ਦੇਵਗੋਤਰਾ, ਮਨਮੋਹਨ ਸਿੰਘ ਗਿੱਲ, ਵਿਜੇ ਵਰਮਾ , ਸੋਨੂ ਸਿਆਲ, ਪਵਨ, ਰਵੀ ਸੋਨੂੰ ਤੋਂ ਇਲਾਵਾ ਹੋਰ ਮਾਜੂਦ ਸਨ।



ਲੁਧਿਆਣਾ ਦੇ ਡਾਬਾ ਰੋਡ ਵਿਖੇ ਪੰਜਾਬੀ ਲਘੂ ਫਿਲਮ 'ਏਕਮ-2' ਦੀ ਸ਼ੂਟਿੰਗ ਮੌਕੇ ਫਿਲਮ ਦੇ ਨਿਰਮਾਤਾ ਹਰਪ੍ਰੀਤ ਮਠਾੜੂ, ਮਲਕੀਤ ਦਿਓਲ, ਮਲਕੀਤ ਰੌਣੀ ਅਤੇ ਕੁਲਦੀਪ ਸਿੰਘ ਬਿੱਟਾ ਪਨੇਸਰ ਆਦਿ ਖੜ੍ਹੇ ਨਜ਼ਰ ਆ ਰਹੇ ਹਨ। ਫੋਟੋ ਤੇ ਵੇਰਵਾ-ਰਵਿੰਦਰ ਸਿੰਘ ਨਿੱਝਰ

# ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਲਗਾਇਆ ਬੂਟਿਆਂ ਦਾ ਲੰਗਰ



ਲੁਧਿਆਣਾ 29 ਜੂਨ (ਰਵਿੰਦਰ ਸਿੰਘ ਨਿਜਰ ) ਮਾਨਵਤਾ ਭਲਾਈ ਸੇਵਾ ਸੁਸਾਇਟੀ ਰਜਿਸਟਰ ਵੱਲੋਂ ਅੱਜ ਗੁਰਦੁਆਰਾ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਬੂਟਿਆਂ ਦਾ ਲੰਗਰ ਲਗਾਇਆ ਗਿਆ ਜਿਸ ਵਿੱਚ ਉਚੇਚੇ ਤੌਰ ਤੇ ਸੀਨੀਅਰ ਵਕੀਲ ਸਰਦਾਰ ਪਰਉਪਕਾਰ ਸਿੰਘ ਘੁੰਮਣ ਪੁੱਜੇ ਜਿਨ੍ਹਾਂ ਨੇ ਸੰਗਤਾਂ ਨੂੰ ਦੱਸਿਆ ਕਿ ਮਾਨਵਤਾ ਭਲਾਈ ਸੇਵਾ ਸੋਸਾਇਟੀ ਵੱਲੋਂ ਅੱਜ 21 ਬੂਟੇ ਸੰਗਤਾਂ ਨੂੰ ਸਮਰਪਿਤ ਕੀਤੇ ਗਏ ਇਸ ਸੁਸਾਇਟੀ ਸਮਾਜ ਸੇਵਾ ਦੇ ਵਿੱਚ ਪੂਰੀ ਤਰ੍ਹਾਂ ਜੁਟੀ ਹੋਈ ਹੈ ਪਿਛਲੇ ਮਹੀਨੇ ਹੀ ਇਸ ਸੰਸਥਾ ਵੱਲੋਂ ਬੱਚਿਆਂ ਨੂੰ ਫਰੀ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ ਸੀ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਜੀ ਨੇ ਦੱਸਿਆ ਕਿ ਸੁਸਾਇਟੀ ਹਰ ਮਹੀਨੇ ਇਸੇ ਤਰ੍ਹਾਂ ਦੇ ਉਪਰਾਲੇ ਕਰਦੇ ਰਹੇਗੀ ਜੁਲਾਈ ਮਹੀਨੇ ਦੇ ਵਿੱਚ ਜਿੱਥੇ ਬੱਚਿਆਂ ਨੂੰ ਸਕੂਲ ਦੇ ਬੂਟ ਵੰਡਣ ਦਾ ਪ੍ਰੋਗਰਾਮ ਹੈ ਉਥੇ ਹੀ ਮੈਡੀਕਲ ਕੈਂਪ ਲਾਉਣ ਦਾ ਵੀ ਪ੍ਰੋਗਰਾਮ ਬਣਾਇਆ ਗਿਆ ਹੈ ਮੀਂਹ ਦੇ ਬਾਵਜੂਦ ਸੰਗਤਾਂ ਵੱਡੀ ਗਿਣਤੀ ਵਿੱਚ ਪੁੱਜੀਆਂ ਤੇ ਉਹਨਾਂ ਨੇ ਬੂਟੇ ਪ੍ਰਾਪਤ ਕੀਤੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਰਕੇਸ਼ ਕੁਮਾਰ ਪ੍ਰਧਾਨ ਮਨਜੀਤ ਸਿੰਘ ਅਰੋੜਾ ਜਨਰਲ ਸਕੱਤਰ ਕਿਰਪਾਲ ਸਿੰਘ ਸਹਾਰਾ ਖਜਾਨਚੀ ਸਰਦਾਰ ਜਸਬੀਰ ਸਿੰਘ ਨਾਮਧਾਰੀ ਸਰਦਾਰ ਜਗਜੀਤ ਸਿੰਘ ਖੋਸਲਾ ਜੀ ਮਨਿੰਦਰ ਸਿੰਘ ਗਿਆਸਪੁਰਾ ਸਰਦਾਰ ਪਵਿੱਤਰ ਸਿੰਘ ਸੁਖਮਿੰਦਰ ਸਿੰਘ ਰਕੇਸ਼ ਗੋਇਲ ਸਰਬਜੀਤ ਸਿੰਘ ਛਾਪਾ ਹਰਪ੍ਰੀਤ ਸਿੰਘ ਪਟਨਾ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਿਲ ਹੋਏ ਥਾਣਾ ਮਾਡਲ ਟਾਊਨ ਦੇ ਐਸ ਐਚ ਓ ਸਾਹਿਬ ਵੀ ਉਚੇਚੇ ਤੌਰ ਤੇ ਪੁੱਜੇ ਤੇ ਉਹਨਾਂ ਨੇ ਵੀ ਬੂਟਿਆਂ ਦਾ ਲੰਗਰ ਵੰਡਿਆ

# ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਵੱਧ ਤੋਂ ਬੂਟੇ ਲਗਾਏ ਜਾਣ:ਬੱਦੋਵਾਲ



ਸ੍ਰੀ ਹਰਗੋਬਿੰਦਪੁਰ ਸਾਹਿਬ/ ਘੁਮਾਣ 29 ਜੂਨ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) ਅੱਜ ਦੇ ਯੁੱਗ ਵਿੱਚ ਵਾਤਾਵਰਣ ਏਨਾਂ ਪ੍ਰਦੂਸ਼ਿਤ ਹੋ ਗਿਆ ਹੈ ਕਿ ਮਨੁੱਖ ਨੂੰ ਸਾਹ ਲੈਣ ਵੀ ਮੁਸ਼ਕਿਲ ਹੋ ਰਿਹਾ ਹੈ, ਅਤੇ ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਨਾਲ ਮਨੁਖ ਨੂੰ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਜਨਰਲ ਸਕੱਤਰ ਹਰਦੇਵ ਸਿੰਘ ਬੱਦੋਵਾਲ ਨੇ ਕਿਹਾ ਕਿ ਅਸੀਂ ਕੁਦਰਤ ਨਾਲ ਖਿਲਵਾੜ ਕਰਕੇ ਉਸ ਦੀ ਅੱਜ ਸਜ਼ਾ ਭੁਗਤ ਰਹੇ ਹਾਂ। ਉਂਨਾ ਆਖਿਆ ਕਿ ਵਾਤਾਵਰਨ ਨੂੰ ਹਰਿਆ ਭਰਿਆ ਅਤੇ ਸਾਫ਼ ਸੁਥਰਾ ਰੱਖਣ ਲਈ ਹਰ ਵਿਅਕਤੀ ਨੂੰ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ। ਉਂਨਾ ਆਖਿਆ ਕਿ ਜਿਥੇ ਇਹ ਬੂਟੇ ਵਾਤਾਵਰਨ ਨੂੰ ਹਰਿਆ ਭਰਿਆ ਰੱਖਦੇ ਹਨ। ਉਥੇ ਇਨ੍ਹਾਂ ਬੂਟਿਆਂ ਦੀ ਬਦੌਲਤ ਸਾਨੂੰ ਆਕਸੀਜਨ ਵੀ ਵੱਡੀ ਮਾਤਰਾ ਵਿੱਚ ਮਿਲਦੀ ਹੈ। ਪਰ ਅੱਜ ਦਾ ਮਨੁੱਖ ਬੂਟੇ ਲਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸਗੋਂ ਦਿਨ ਰਾਤ ਬੂਟਿਆਂ ਦੀ ਕਟਾਈ ਕਰਨ ਵਿੱਚ ਰੁੱਝਾ ਹੋਇਆ ਹੈ। ਉਂਨਾ ਆਖਿਆ ਕਿ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਬੂਟੇ ਲਾਈਏ।

# ਡਾ. ਭੀਮ ਰਾਓ ਅੰਬੇਦਕਰ ਮਿਸ਼ਨ ਵੈਲਫੇਅਰ ਸੁਸਾਇਟੀ ਨੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਸਮਰਾਲਾ, 28 ਜੂਨ ( ਵਰਿੰਦਰ ਸਿੰਘ ਹੀਰਾ/ ਜਸਵੀਰ ਹੇਡੋਂ )ਸਮਰਾਲਾ ਦੀ ਸਮਾਜ ਸੇਵੀ ਸੰਸਥਾ ਡਾ. ਭੀਮ ਰਾਓ ਅੰਬੇਦਕਰ ਮਿਸ਼ਨ ਵੈਲਫੇਅਰ ਸੁਸਾਇਟੀ ਸਮਰਾਲਾ ਵੱਲੋਂ ਅੱਤ ਦੀ ਪੈ ਰਹੀ ਗਰਮੀ ਦੇ ਮੱਦੇਨਜ਼ਰ ਮਜ਼ਦੂਰ ਭਰਾਵਾਂ ਅਤੇ ਆਮ ਰਾਹਗੀਰਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸੁਸਾਇਟੀ ਦੇ ਪ੍ਰਧਾਨ ਧਰਮਜੀਤ ਸਿੰਘ ਅਤੇ ਮੀਤ ਪ੍ਰਧਾਨ ਇੰਜ: ਰਘਬੀਰ ਸਿੰਘ ਨੇ ਕਿਹਾ ਕਿ ਬੀਤੇ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਹੁੰਮਸ ਭਰੀ ਗਰਮੀ ਨੇ ਆਮ ਇਨਸਾਨਾਂ ਅਤੇ ਪਸ਼ੂਆਂ ਪੰਛੀਆਂ ਦੀ ਜੀਣਾ ਮੁਹਾਲ ਕੀਤਾ ਹੋਇਆ ਹੈ। ਜਿਸ ਕਾਰਨ ਸੁਸਾਇਟੀ ਵੱਲੋਂ ਮਜ਼ਦੂਰਾਂ ਅਤੇ ਆਮ ਰਾਹਗੀਰ ਜੋ ਸਮਰਾਲਾ ਦੀਆਂ ਕਚਹਿਰੀਆਂ ਅਤੇ ਥਾਣੇ ਵਿੱਚ ਕੰਮ ਕਰਾਉਣ ਆਉਂਦੇ ਹਨ, ਨੂੰ ਪੀਣ ਵਾਲੇ ਪਾਣੀ ਦਾ ਵਧੀਆ ਪ੍ਰਬੰਧ ਨਾ ਹੋਣ ਕਾਰਨ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਦੇ ਚੱਲਦੇ ਸੁਸਾਇਟੀ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾ ਕੇ ਸਭ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸੁਸਾਇਟੀ ਵੱਲੋਂ ਪਹਿਲਾਂ ਹੀ ਲੇਬਰ ਚੌਂਕ ਵਿੱਚ ਠੰਡੇ ਜਲ ਵਾਲੀ ਟੈਂਕੀ ਵੀ ਲਗਾਈ ਗਈ ਹੈ, ਜਿਸ ਤੋਂ ਮਜ਼ਦੂਰ ਭਰਾ ਆਪਣੀ ਪਿਆਸ ਬੁਝਾ ਸਕਦੇ ਹਨ।ਸੁਸਾਇਟੀ ਵੱਲੋਂ ਲਗਾਈ ਗਈ ਠੰਡੇ ਮਿੱਠੇ ਜਲ ਦੀ ਛਬੀਲ ਨੂੰ ਆਮ ਰਾਹਗੀਰਾਂ ਨੇ ਵੱਡੀ ਗਿਣਤੀ ਵਿੱਚ ਛਕੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਤਵਿੰਦਰ ਸਿੰਘ ਕੈਸ਼ੀਅਰ, ਸ਼ਵਿੰਦਰ ਸਿੰਘ ਉੱਪਲ ਪ੍ਰੈਸ ਸਕੱਤਰ, ਮੈਨੇਜਰ ਕਰਮ ਚੰਦ ਉੱਘੇ ਲੇਖਕ, ਸਿਕੰਦਰ ਸਿੰਘ, ਕੇਵਲ ਸਿੰਘ, ਕੇਸਰ ਸਿੰਘ ਸੂਬੇਦਾਰ, ਸੋਹਣ ਸਿੰਘ, ਹਰਨੇਕ ਸਿੰਘ ਸਾਰੇ ਸਲਾਹਕਾਰ, ਠੇਕੇਦਾਰ ਲਛਮਣ ਸਿੰਘ ਆਦਿ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਅਤੇ ਸੁਸਾਇਟੀ ਦੇ ਸਮੂਹ ਮੈਂਬਰ ਵੀ ਹਾਜ਼ਰ ਸਨ।

# ਵਿਧਾਇਕ ਗਰੇਵਾਲ ਨੇ ਨਵੇਂ ਲਗਾਏ ਟਿਊਬਵੈੱਲ ਦਾ ਉਦਘਾਟਨ ਕੀਤਾ



ਲੁਧਿਆਣਾ,29 ਜੂਨ (ਵਿਸ਼ਾਲ ਸ਼ਰਮਾਂ) ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਵਾਰਡ ਨੰਬਰ 13 ਦੀ ਨਿਊ ਰਾਜੂ ਕਲੋਨੀ ਵਿੱਚ ਇੱਕ ਨਵੇਂ ਲਗਾਏ ਗਏ ਟਿਊਬਵੈੱਲ ਦਾ ਉਦਘਾਟਨ ਕੀਤਾ। ਇਲਾਕਾ ਨਿਵਾਸੀਆਂ ਦੇ ਨਾਲ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਨਿਵਾਸੀਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ,ਇਲਾਕੇ ਵਿੱਚ ਇੱਕ ਨਵਾਂ ਟਿਊਬਵੈੱਲ ਲਗਾਇਆ ਗਿਆ ਹੈ। ਇਸ ਨਾਲ ਨਿਊ ਰਾਜੂ ਕਲੋਨੀ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਸੁਚਾਰੂ ਹੋਵੇਗੀ। ਵਿਧਾਇਕ ਦਲਜੀਤ ਸਿੰਘ ਗਰੇਵਾਲ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ (ਮੁੱਖ ਮੰਤਰੀ) ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਮਿਆਰੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ।ਉਦਘਾਟਨ ਸਮਾਰੋਹ ਦੌਰਾਨ ਸੁਰਜੀਤ ਠੇਕੇਦਾਰ,ਕਮਲ ਮਨੋਚਾ,ਗੁਰਨਾਮ ਸਿੰਘ ਗਾਮਾ,ਸ਼ੈਲੀ, ਸੂਰਜ ਬੇਦੀ,ਅਸ਼ੋਕ ਨੰਦਾ,ਸੁਭਾਸ਼ ਨੰਦਨ,ਰੋਹਿਤ,ਸ਼ਾਲਿਨੀ,ਪ੍ਰਵੀਨ, ਸੀਮਾ ਸਮੇਤ ਹੋਰ ਵੀ ਮੌਜੂਦ ਸਨ।

# ਗੀਤਕਾਰ ਫੱਲੜੂ ਦੀ ਪੁਸਤਕ 'ਜੱਟੀ ਮੈਂ ਪੰਜਾਬ ਦੀ' ਰਿਲੀਜ



ਲੁਧਿਆਣਾ 29 ਜੁਲਾਈ (ਰਵਿੰਦਰ ਸਿੰਘ ਨਿੱਝਰ) ਅੱਜ ਇੱਥੇ ਸਥਾਨਕ ਬੱਸ ਸਟੈਂਡ ਦੇ ਨੇੜੇ ਜਵਾਹਰ ਕੈਂਪ ਵਿੱਚ ਗਾਇਕੀ ਦੇ ਉਸਤਾਦ ਕਹੇ ਜਾਂਦੇ ਲਾਲ ਚੰਦ ਜਮਲਾ ਜੱਟ ਦੇ ਡੇਰੇ ਤੇ ਪੀਰ ਕਟੋਰੇ ਸਾਹ ਦਾ ਮੇਲਾ ਲਗਾਇਆ ਗਿਆ। ਇਸ ਮੇਲੇ ਵਿੱਚ ਗੀਤਕਾਰ ਠਾਕੁਰ ਸਿੰਘ ਦੀ ਪੁਸਤਕ 'ਜੱਟਾ, ਜੱਟੀ ਮੈਂ ਪੰਜਾਬ ਦੀ' ਰਿਲੀਜ ਕੀਤੀ ਗਈ। ਪੁਸਤਕ ਰਿਲੀਜ ਕਰਨ ਦੀ ਰਸਮ ਲੋਕ ਗਾਇਕ ਕਲਾ ਮੰਚ ਦੇ ਪ੍ਰਧਾਨ ਹਾਕਮ ਬਖਤੜੀ ਵਾਲਾ ਅਤੇ ਸਾਥੀਆਂ ਨੇ ਨਿਭਾਈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ

## ਪੰਚਾਇਤਾਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਲਈ ਪੁਲਿਸ ਦਾ ਸਾਥ ਦੇਣ: ਡੀਐਸਪੀ ਹੇਮੰਤ ਮਲਹੋਤਰਾ



ਪਾਇਲ 29 ਜੂਨ (ਨਰਿੰਦਰ ਸ਼ਾਹਪੁਰ) -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਆਰੰਭੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਜਰਗ ਵਿਖੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ,ਪਤਵੰਤਿਆਂ ਤੇ ਆਗੂਆਂ ਦੀ ਅਹਿਮ ਮੀਟਿੰਗ ਹੇਮੰਤ ਕੁਮਾਰ ਮਲਹੋਤਰਾ ਡੀ .ਐਸ .ਪੀ. ਪਾਇਲ ਦੀ ਅਗਵਾਈ ਹੇਠ ਬੁਲਾਈ ਗਈ, ਜਿਸ ਵਿੱਚ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਲਈ ਪੰਚਾਇਤਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਗਈ। ਡੀ .ਐਸ.ਪੀ. ਪਾਇਲ ਹੇਮੰਤ ਕੁਮਾਰ ਮਲਹੋਤਰਾ ਨੇ ਕਿਹਾ ਕਿ ਅੱਜ ਵਰਲਡ ਡਰੱਗ ਡੇਅ ਹੈ । ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਅੰਦਰ 9 ਕਰੋੜ ਦੇ ਕਰੀਬ ਲੋਕ ਨਸ਼ਾ ਕਰਦੇ ਹਨ ਅਤੇ 1 ਕਰੋੜ 8 ਲੱਖ ਨਸ਼ਿਆਂ ਕਾਰਨ ਵੱਖੋ-ਵੱਖਰੀਆਂ ਜਾਨ ਲੇਵਾ ਬਿਮਾਰੀਆਂ ਤੋਂ ਪੀੜ੍ਹਤ ਹੋ ਕੇ ਮਰਨ ਕਿਨਾਰੇ ਪਏ ਹਨ ਅਤੇ 16 ਲੱਖ ਨੌਜਵਾਨ ਨਸ਼ਿਆਂ ਦੇ ਆਦੀ ਹੋ ਕੇ ਆਪਣੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿਛਲੇ 117 ਦਿਨਾਂ ਤੋਂ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਠੋਸ ਕਦਮ ਚੁੱਕੇ ਗਏ ਹਨ । ਇਸੇ ਮੁਹਿੰਮ ਤਹਿਤ ਹਲਕਾ ਪਾਇਲ ਦੇ ਕਈ ਪਿੰਡਾਂ ਵਿੱਚ ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਜਾਇਜ਼ ਬਣਾਈ ਗਈਆਂ ਜਾਇਦਾਦਾਂ ਵਿਰੁੱਧ ਪੀਲਾ ਪੰਜਾ ਫੇਰ ਕੇ ਢਾਹਿਆ ਗਿਆ ਹੈ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਸਬਕ ਸਿਖਾਉਣ ਲਈ ਜੇਲ੍ਹਾਂ ਅੰਦਰ ਡੱਕਿਆ ਗਿਆ ਹੈ। ਉਹਨਾਂ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਪੰਜਾਬ ਤੋਂ ਹਜ਼ਾਰਾਂ ਤਸਕਰਾਂ ਅਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਸੌਦਾਗਰਾਂ ਤੋਂ ਇਲਾਵਾ ਗੈਂਗਸਟਰਾਂ ਅਤੇ ਅਪਰਾਧੀਆਂ ਦੇ ਜਾਲ ਵਿੱਚ ਨਾ ਫਸਣ, ਨਹੀਂ ਤਾਂ ਪੁਲਿਸ ਕਾਰਵਾਈ ਅਤੇ ਅਦਾਲਤੀ ਕੇਸਾਂ ਕਾਰਨ ਤੁਹਾਡੀ ਜ਼ਿੰਦਗੀ ਬਰਬਾਦ ਹੋ ਜਾਵੇਗੀ। ਨਸ਼ਾ ਇੱਕ ਭੈੜੀ ਬੀਮਾਰੀ ਹੈ ਜਿੱਥੇ ਨਸ਼ਾ ਨੌਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ ਉੱਥੇ ਉਹ ਆਰਥਿਕ ਪੱਖੋਂ ਵੀ ਕਮਜ਼ੋਰ ਕਰਦਾ ਹੈ। ਉਹਨਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਨਸ਼ਾ ਮੁਕਤ ਸਮਾਜ ਸਿਰਜਣ ਲਈ ਪਿੰਡਾਂ ਵਿੱਚ ਪਹਿਲ ਦੇ ਆਧਾਰ 'ਤੇ ਖੇਡ ਤੇ ਦੰਗਲ ਮੇਲੇ ਕਰਵਾਉਣ। ਉਹਨਾਂ ਕਿਹਾ ਕਿ ਐੱਸ.ਐਸ.ਪੀ. ਖੰਨਾ ਡਾਕਟਰ ਜੋਤੀ ਯਾਦਵ ਬੈਂਸ ਵੱਲੋਂ ਵੀ ਨਸ਼ਿਆਂ ਤੋਂ ਨੌਜਵਾਨੀ ਨੂੰ ਮੁਕਤ ਕਰਨ ਲਈ ਪਿੰਡਾਂ,ਸ਼ਹਿਰਾਂ ਤੇ ਕਸਬਿਆਂ ਵਿੱਚ ਅਜਿਹੇ ਕੈਂਪ ਲਗਾ ਕੇ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪੁਲਿਸ ਚੌਂਕੀ ਰੌਣੀ ਦੇ ਇੰਚਾਰਜ ਹਰਦਮ ਸਿੰਘ ਨੇ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਲੋਕ ਪੁਲਿਸ ਨੂੰ ਬੇਝਿਜਕ ਹੋ ਕੇ ਸੱਚੀ ਇਤਲਾਹ ਦੇਣ । ਪੁਲਿਸ ਵੱਲੋਂ ਸੂਚਨਾ ਦੇਣ ਵਾਲੇ ਦਾ ਨਾਮ ਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ 'ਤੇ ਪੰਚਾਇਤਾਂ ਅਤੇ ਪਤਵੰਤਿਆਂ ਨੇ ਪੁਲਿਸ ਨੂੰ ਸਾਥ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ ਸਰਪੰਚ ਸਰਬਜੀਤ ਸਿੰਘ ਮੰਡੇਰ ਜਰਗ, ਆਪ ਇੰਚਾਰਜ ਪਰਮਜੋਤ ਸਿੰਘ ਅਮਨਾ , ਦਵਿੰਦਰ ਸਿੰਘ ਗਿੱਲ ਬਲਾਕ ਪ੍ਰਧਾਨ, ਸਰਪੰਚ ਹਰਪ੍ਰੀਤ ਸਿੰਘ ਦੀਵਾ ਮੰਡੇਰ, ਜੋਗਿੰਦਰ ਸਿੰਘ ਆਜ਼ਾਦ ਜਰਗ ਪ੍ਰਧਾਨ ਮਨੁੱਖੀ ਅਧਿਕਾਰ ਮੰਚ ਰਜਿ.ਪੰਜਾਬ, ਭਾਰਤ ਸਰਕਲ ਪਾਇਲ, ਐਡਵੋਕੇਟ ਹਰਵਿੰਦਰ ਸਿੰਘ ਮੰਡੇਰ , ਬਸਪਾ ਜਨਰਲ ਸਕੱਤਰ ਜਗਦੀਪ ਸਿੰਘ ਸਿਰਥਲਾ , ਜ਼ਿਲ੍ਹਾ ਮੀਤ ਪ੍ਰਧਾਨ ਤਰਸੇਮ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦਰਵਾਜ਼ਾ ਕੀਤਾ ਹੋਰ ਤੰਗ

ਟੋਰਾਂਟੋ, 29 ਜੂਨ (ਚ.ਨ.ਸ.): ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦਰਵਾਜ਼ਾ ਹੋਰ ਤੰਗ, ਇਨਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਰਕ ਪਰਮਿਟ ਬੰਦ, ਜ਼ਿਕਰਯੋਗ ਹੈ ਕਿ ਇਸ ਵਰਕ ਪਰਮਿਟ ਦੇ ਅਧਾਰ 'ਤੇ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ 'ਚ ਰਹਿਣ ਤੇ ਮਿੱਥੇ ਸਮੇਂ ਬਾਅਦ ਪਰਮਾਨੈਂਟ ਰੈਜ਼ੀਡੈਂਸੀ ਲਈ ਅਪਲਾਈ ਕਰਨ ਦਾ ਮੌਕਾ ਮਿਲਦਾ। ਟੋਰਾਂਟੋ ਪਹਿਲਾਂ ਤੋਂ ਹੀ ਆਪਣੇ ਭਵਿੱਖ ਨੂੰ ਲੈ ਕਿ ਚਿੰਤਾ ਦਾ ਸਾਹਮਣਾ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੈਨੇਡਾ ਸਰਕਾਰ ਨੇ ਅੱਜ ਇੱਕ ਅਹਿਮ ਫੈਸਲਾ ਲੈਂਦਿਆਂ ਦੇਸ਼ 'ਚ ਦਾਖ਼ਲੇ ਦਾ ਦਰਵਾਜ਼ਾ ਹੋਰ ਤੰਗ ਕਰ ਦਿੱਤਾ ਹੈ। ਕੈਨੇਡਾ ਇਮੀਗ੍ਰੇਸ਼ਨ ਅਤੇ ਸਿਟੀਜ਼ਨ ਵਿਭਾਗ ਨੇ 178 ਵਰਗਾਂ 'ਚ ਪੜ੍ਹਾਈ ਕਰਨ ਵਾਲੇ ਗੈਰ-ਡਿਗਰੀ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੁਣ ਪੜ੍ਹਾਈ ਤੋਂ ਬਾਅਦ ਦਿੱਤਾ ਜਾਣ ਵਾਲਾ ਵਰਕ ਪਰਮਿਟ ਬੰਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸ ਵਰਕ ਪਰਮਿਟ ਦੇ ਅਧਾਰ 'ਤੇ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ 'ਚ ਰਹਿਣ ਤੇ ਮਿੱਥੇ ਸਮੇਂ ਬਾਅਦ ਪਰਮਾਨੈਂਟ ਰੈਜ਼ੀਡੈਂਸੀ ਲਈ ਅਪਲਾਈ ਕਰਨ ਦਾ ਮੌਕਾ ਮਿਲਦਾ ਸੀ। ਹਾਲਾਂਕਿ ਸਰਕਾਰ




ਨੇ ਵਰਕ ਪਰਮਿਟ ਅਪਲਾਈ ਕਰਨ ਲਈ ਯੋਗ ਸ਼੍ਰੇਣੀਆਂ 'ਚ 119 ਅਹਿਮੀਅਤ ਨਵਾਂ ਨੂੰ ਸ਼ਾਮਿਲ ਵੀ ਕੀਤਾ ਹੈ।ਪਰ ਸਰਕਾਰ ਦੇ ਉਪਰੋਕਤ ਫੈਸਲੇ ਨਾਲ 178 ਸ਼੍ਰੇਣੀਆਂ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ 'ਚ ਰਹਿਣਾ ਸੰਭਵ ਨਹੀਂ ਹੋਵਗਾ, ਜਿਨ੍ਹਾਂ ਨੇ ਹੇਠਾਂ ਦਿੱਤੀ ਤਰੀਕ ਤੋਂ ਬਾਅਦ ਅਪਲਾਈ ਕਰਨਾ ਹੈ। ਇਸ ਬਦਲਾਅ ਤੋਂ ਬਾਅਦ ਹੁਣ ਪੜ੍ਹਾਈ ਕਰਨ ਵਾਲੇ ਕੁੱਲ 920 ਵਰਗ ਹਨ। ਯੋਗਤਾ ਸੂਚੀ ਵਿੱਚ ਕਟੌਤੀਆਂ ਸਿਰਫ਼ ਉਨ੍ਹਾਂ 'ਤੇ ਲਾਗੂ ਹੁੰਦੀਆਂ ਹਨ, ਜਿਨ੍ਹਾਂ ਨੇ 25 ਜੂਨ, 2025 ਨੂੰ ਜਾਂ ਇਸ ਤੋਂ ਬਾਅਦ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਸੀ। ਜਿਨ੍ਹਾਂ ਨੇ ਉਸ ਮਿਤੀ ਤੋਂ ਪਹਿਲਾਂ ਅਰਜ਼ੀ ਦਿੱਤੀ ਸੀ, ਉਹ ਯੋਗ ਰਹਿਣਗੇ। ਯੋਗ ਮੇਜਰਾਂ ਦੀ ਸੂਚੀ 'ਚ ਹੋਰ ਖਤਰੇ ਸ਼ਾਮਲ ਕੀਤੇ ਖਤਰੇ ਵਿੱਚ ਸਿਹਤ ਸੰਭਾਲ, ਸਮਾਜਿਕ ਸੇਵਾਵਾਂ, ਸਿੱਖਿਆ ਅਤੇ ਖੇਤੀਬਾੜੀ ਅਤੇ ਹੋਰ ਸ਼ਾਮਲ ਹਨ।ਆਈਆਰਸੀਸੀ ਦਾ ਕਹਿਣਾ ਹੈ ਕਿ ਯੋਗਤਾ ਤੋਂ ਕੱਟੇ ਗਏ ਪ੍ਰੋਗਰਾਮਾਂ ਵਿੱਚ ਉਹ ਸ਼ਾਮਲ ਹਨ ਜੋ "ਲੰਬੇ ਸਮੇਂ ਦੇ ਕਿਰਤ ਘਾਟ ਵਾਲੇ ਕਿੱਤਿਆਂ ਨਾਲ ਜੁੜੇ ਹਨ।" ਵਿਸ਼ੇਸ਼ ਜ਼ਰੂਰਤਾਂ ਸਿਰਫ਼ ਗੈਰ-ਡਿਗਰੀ ਪ੍ਰੋਗਰਾਮਾਂ ਵਿੱਚ ਉਹਨਾਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਲਾਗੂ ਹੁੰਦੀਆਂ ਹਨ, ਜਿਨ੍ਹਾਂ ਨੇ 1 ਨਵੰਬਰ, 2024 ਨੂੰ ਜਾਂ ਇਸ ਤੋਂ ਬਾਅਦ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ, ਭਾਵ ਬੈਚਲਰ, ਮਾਸਟਰ ਜਾਂ ਡਾਕਟਰੇਟ ਪ੍ਰੋਗਰਾਮਾਂ ਤੋਂ ਗ੍ਰੈਜੂਏਟ ਹੋਣ ਵਾਲੇ ਲੋਕ ਇਸ ਬਦਲਾਅ ਦੇ ਅਧੀਨ ਨਹੀਂ ਹਨ।

## ਈਰਾਨ ਦੇ ਫੌਜੀ ਕਮਾਂਡਰ ਤੇ ਵਿਗਿਆਨੀ ਦੀਆਂ ਅੰਤਿਮ ਰਸਮਾਂ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਕੀਤੀ ਸ਼ਿਰਕਤ

ਦੁਬਈ, 29 ਜੂਨ (ਚ.ਨ.ਸ.): ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਹਮਲਿਆਂ ਵਿਚ ਈਰਾਨ ਰੈਵੋਲਿਊਸ਼ਨਰੀ ਗਾਰਡ ਦੇ ਮੁਖੀ ਤੇ ਹੋਰ ਚੋਟੀ ਦੇ ਕਮਾਂਡਰ ਅਤੇ ਪਰਮਾਣੂ ਵਿਗਿਆਨੀ ਮਾਰੇ ਗਏ



ਸਨ, ਜਿਨ੍ਹਾਂ ਦੀਆਂ ਅੰਤਿਮ ਰਸਮਾਂ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਅੱਜ ਤਹਿਰਾਨ ਪੁੱਜੇ। ਇਸ ਮੌਕੇ ਵੱਡੀ ਗਿਣਤੀ ਲੋਕਾਂ ਨੇ ਤਹਿਰਾਨ ਦੀਆਂ ਸੜਕਾਂ 'ਤੇ ਸੋਗ ਮਨਾਉਂਦਿਆਂ ਆਪਣੀ ਫੌਜ ਦੇ ਸਿਖਰਲੇ ਕਮਾਂਡਰਾਂ ਨੂੰ ਸਲਾਮੀ ਦਿੱਤੀ। ਜਦੋਂ ਗਾਰਡ ਦੇ ਮੁਖੀ ਜਨਰਲ ਹੁਸੈਨ ਸਲਾਮੀ, ਗਾਰਡ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਦੇ ਮੁਖੀ ਜਨਰਲ ਅਮੀਰ ਅਲੀ ਹਾਜੀਜ਼ਾਦੇਹ ਅਤੇ ਹੋਰਾਂ ਦੀਆਂ ਦੇਹਾਂ ਨੂੰ ਰਾਜਧਾਨੀ ਦੀ ਅਜ਼ਾਦੀ ਸਟਰੀਟ 'ਤੇ ਟਰੱਕਾਂ ਵਿਚ ਲਿਜਾਇਆ ਗਿਆ ਤਾਂ ਲੋਕਾਂ ਨੇ ਅਮਰੀਕਾ ਤੇ ਇਜ਼ਰਾਈਲ ਖ਼ਿਲਾਫ਼ ਨਾਅਰੇ ਲਾਏ। ਜ਼ਿਕਰਯੋਗ ਹੈ ਕਿ ਸਲਾਮੀ ਅਤੇ ਹਾਜੀਜ਼ਾਦੇਹ ਦੋਵੇਂ ਜੰਗ ਦੇ ਪਹਿਲੇ ਦਿਨ (13 ਜੂਨ) ਉਸ ਵੇਲੇ ਮਾਰੇ ਗਏ ਸਨ ਜਦੋਂ ਇਜ਼ਰਾਈਲ ਨੇ ਜੰਗ ਸ਼ੁਰੂ ਕਰਦਿਆਂ ਈਰਾਨ ਦੇ ਪਰਮਾਣੂ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਸੀ। ਜਦੋਂ ਈਰਾਨ ਵਿੱਚ ਇਨ੍ਹਾਂ ਦੇ ਸਸਕਾਰ ਦੇ ਖਾਸ ਸਮਾਗਮ ਦਾ ਸਰਕਾਰੀ ਪ੍ਰਸਾਰਣ ਕੀਤਾ ਗਿਆ ਪਰ ਈਰਾਨ ਦੇ ਸੁਪਰੀਮ ਆਗੂ ਆਯਤੁੱਲਾ ਅਲੀ ਖਮੇਨੀ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਨਹੀਂ ਕੀਤਾ। ਉਹ ਇਸ ਜੰਗ ਸ਼ੁਰੂ ਹੋਣ ਤੋਂ ਬਾਅਦ ਜਨਤਕ ਤੌਰ 'ਤੇ ਸਾਹਮਣੇ ਨਹੀਂ ਆਏ। ਇਸ ਮੌਕੇ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ, ਜਨਰਲ ਇਸਮਾਈਲ ਕਾਨੀ (ਕੁਦਸ ਫੋਰਸ ਤੇ ਰੈਵੋਲਿਊਸ਼ਨਰੀ ਗਾਰਡ ਦੇ ਵਿਦੇਸ਼ੀ ਵਿੰਗ ਦੇ ਮੁਖੀ) ਅਤੇ ਜਨਰਲ ਅਲੀ ਸ਼ਮਖਾਨੀ (ਖਮੇਨੀ ਦੇ ਸਲਾਹਕਾਰ) ਵੀ ਸੋਗ ਮਨਾਉਣ ਵਾਲਿਆਂ ਵਿੱਚ ਸ਼ਾਮਲ ਸਨ।

## ਘੱਗਰ ਬ੍ਰਾਂਚ 'ਚ ਪਿੰਡ ਕੋਟੜਾ ਨੇੜੇ 20 ਫੁੱਟ ਦੇ ਕਰੀਬ ਪਾੜ ਪਿਆ, 25 ਤੋਂ 30 ਏਕੜ ਫਸਲ 'ਚ ਪਾਣੀ ਖੜ੍ਹਾ

ਸੰਗਰੂਰ: 29 ਜੂਨ (ਚ.ਨ.ਸ.): ਲਹਿਰਾਗਾਗਾ ਵਿੱਚ ਦੀ ਲੰਘਦੀ ਘੱਗਰ ਬਰਾਂਚ ਵਿੱਚ ਪਿੰਡ ਕੋਟੜਾ ਨੇੜੇ 20 ਫੁੱਟ ਦੇ ਕਰੀਬ ਪਾੜ ਪਿਆ। ਉਸ ਪਾੜ ਪੈਣ ਨਾਲ 25 ਤੋਂ 30 ਏਕੜ ਫਸਲ ਵਿੱਚ ਪਾਣੀ ਖੜ ਗਿਆ। ਬੇਸ਼ੱਕ ਪ੍ਰਸ਼ਾਸਨ ਮੌਕੇ 'ਤੇ ਪਹੁੰਚ ਕੇ ਪਾੜ ਨੂੰ ਪੂਰਨ ਦੀ ਕੋਸ਼ਿਸ਼ ਕਰ ਰਿਹਾ ਪਰ ਗੱਲ ਘੱਗਰ ਬਰਾਂਚ ਦੀ ਕਰੀਏ ਤਾਂ ਕਈ ਜਗ੍ਹਾ ਦੇ ਉੱਤੇ ਨਹਿਰ ਖਸਤਾ ਹਾਲਤ ਵਿੱਚ ਹੋਣ ਕਾਰਨ ਨੁਕਸਾਨ ਹੋਣ ਦਾ ਹੋਰ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕਿਸਾਨ ਬਲਜਿੰਦਰ ਸਿੰਘ ਅਤੇ ਅਮਰੀਕ ਸਿੰਘ ਨੇ ਦੱਸਿਆ ਨਹਿਰ ਟੁੱਟਣ ਨਾਲ 25 ਤੋਂ 30 ਏਕੜ ਫਸਲ ਵਿੱਚ ਪਾਣੀ ਖੜ ਗਿਆ ਹੈ। ਇਹ ਨਹਿਰ ਸਵੇਰੇ 5 ਵਜੇ ਦੇ ਕਰੀਬ ਟੁੱਟੀ ਹੈ। ਇਹ ਪਾਣੀ ਪਿੰਡ ਗਾਗਾ ਅਤੇ ਅਲਮਪੁਰ ਦੇ ਰੱਕੇ ਨਾਲ ਜਾ ਕੇ ਰੱਲ ਗਿਆ। ਇਸ ਪਾਣੀ ਨਾਲ ਮੂੰਗੀ, ਨਰਮਾ, ਮੱਕੀ ਅਤੇ ਜੀਰੀ ਦਾ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਦੱਸਿਆ ਹੈ ਕਿ ਇਹ ਨਹਿਰ ਇੱਕ ਜਗ੍ਹਾ ਤੋਂ ਨਹੀਂ ਕਾਫੀ ਜਗ੍ਹਾ ਦੇ ਉੱਤੇ ਟੁੱਟੀ ਹੋਈ ਹੈ। ਜਦੋਂ ਨਹਿਰ ਖਾਲੀ ਹੁੰਦੀ ਹੈ ਤਾਂ ਪ੍ਰਸ਼ਾਸਨ ਇਸ ਵੱਲ ਧਿਆਨ ਨਹੀਂ ਦਿੰਦਾ, ਜੇਕਰ



ਧਿਆਨ ਦਿੱਤਾ ਹੁੰਦਾ ਤਾਂ ਅੱਜ ਇਹ ਨਹਿਰ ਨਾ ਟੁੱਟਦੀ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲੀ ਵਾਰ ਨਹੀਂ ਹੋਇਆ, ਇਸ ਤੋਂ ਪਹਿਲਾਂ ਵੀ ਇਹ ਨਹਿਰ ਇਸ ਜਗ੍ਹਾ ਦੇ ਕੋਲੋਂ ਹੀ ਟੁੱਟ ਚੁੱਕੀ ਹੈ। ਪਾੜ ਪੂਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਧਰ ਮੌਕੇ 'ਤੇ ਪਹੁੰਚੇ ਐਕਸੀਅਨ ਕਿਰਨਦੀਪ ਕੌਰ ਨੇ ਦੱਸਿਆ ਹੈ ਕਿ ਸਵੇਰੇ ਚਾਰ-ਪੰਜ ਵਜੇ ਸਾਨੂੰ ਮੈਸੇਜ ਲੱਗਿਆ ਸੀ ਕਿ ਨਹਿਰ ਵਿੱਚ ਪਾੜ ਪਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਮੌਕੇ 'ਤੇ ਹੀ ਮਨਰੇਗਾ ਅਤੇ ਨਹਿਰੀ ਵਿਭਾਗ ਦੇ ਸਾਰਾ ਪ੍ਰਸ਼ਾਸਨ ਮੌਕੇ 'ਤੇ ਪਹੁੰਚ ਗਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਮਨਰੇਗਾ ਦੇ ਨਾਲ ਤੇ ਪਿੰਡ ਵਾਸੀਆਂ ਦੀ ਮਦਦ ਨਾਲ ਪਾੜ ਪੂਰਨ ਦਾ ਕੰਮ ਕੀਤਾ ਜਾ ਰਿਹਾ ਹੈ। ਹਾਲੇ ਨਹੀਂ ਕਿਸੇ ਨੁਕਸਾਨ ਦੀ ਖ਼ਬਰ: ਉਥੇ ਹੀ ਲਹਿਰਾਗਾਗਾ ਦੇ ਤਹਿਸੀਲਦਾਰ ਪ੍ਰਵੀਨ ਛਿੱਬਰ ਨੇ ਦੱਸਿਆ ਹੈ ਕਿ ਨਹਿਰੀ ਵਿਭਾਗ ਤੇ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਨਹਿਰ ਦੇ ਪਾੜ ਨੂੰ ਬੰਦ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਪਾੜ ਪੈਣ ਦੇ ਨਾਲ ਖੇਤਾਂ ਨੂੰ ਜ਼ਿਆਦਾ ਨੁਕਸਾਨ ਨਹੀਂ ਹੋਇਆ, ਕਿਉਂਕਿ ਜ਼ਿਆਦਾਤਰ ਖੇਤ ਖਾਲੀ ਸੀ, ਜਿਨ੍ਹਾਂ 'ਚ ਫ਼ਸਲ ਹਾਲੇ ਬੀਜੀ ਜਾਂ ਲਗਾਈ ਜਾਣੀ ਸੀ। ਤਹਿਸੀਲਦਾਰ ਨੇ ਕਿਹਾ ਕਿ ਜੇ ਕਿਤੇ ਨੁਕਸਾਨ ਹੋਇਆ ਵੀ ਹੈ ਤਾਂ ਉਸ ਦਾ ਸਰਵੇ ਕਰਕੇ ਸਰਕਾਰ ਨੂੰ ਭੇਜਿਆ ਜਾਵੇਗਾ।

## ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਵਿੰਦਰ ਢਿੱਲੋਂ ਨੇ 'ਆਪ' ਦੇ ਨਵ-ਨਿਯੁਕਤ ਸੰਗਠਨ ਇੰਚਾਰਜ ਦਾ ਕੀਤਾ ਸਨਮਾਨ



ਮੰਡੀ ਗੋਬਿੰਦਗੜ੍ਹ, 29 ਜੂਨ (ਸੂਦ): ਆਮ ਆਦਮੀ ਪਾਰਟੀ ਵੱਲੋਂ ਗੁਰਮੀਤ ਸਿੰਘ ਬਾਜਵਾ ਨੂੰ ਹਲਕਾ ਫਤਹਿਗੜ੍ਹ ਸਾਹਿਬ ਦਾ ਸੰਗਠਨ ਇੰਚਾਰਜ ਲਗਾਇਆ ਗਿਆ ਹੈ। ਮਾਰਕੀਟ ਕਮੇਟੀ ਸਰਹਿੰਦ ਦੇ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਅਤੇ ਮਾਰਕੀਟ ਕਮੇਟੀ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਨਵ-ਨਿਯੁਕਤ ਸੰਗਠਨ ਇੰਚਾਰਜ ਗੁਰਮੀਤ ਸਿੰਘ ਬਾਜਵਾ ਦਾ ਸਨਮਾਨ ਕੀਤਾ। ਸ੍ਰੀ ਢਿੱਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਉਹ ਪਾਰਟੀ ਹੈ, ਜਿਸ ਵਿੱਚ ਕੰਮ ਕਰਨ ਵਾਲੇ ਹਰ ਵਰਕਰ ਦਾ ਸਤਿਕਾਰ ਹੁੰਦਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਦਿਨ ਰਾਤ ਕੰਮ ਕਰਨਗੇ। ਇਸ ਮੌਕੇ ਪਾਰਟੀ ਦੇ ਬਲਾਕ ਪ੍ਰਧਾਨ ਬਲਬੀਰ ਸਿੰਘ ਸੋਢੀ, ਜਰਨੈਲ ਸਿੰਘ ਡਡਹੇੜੀ, ਰਮਨਜੀਤ ਸਿੰਘ ਡਡਹੇੜੀ ਤੇ ਤਰਨਪਾਲ ਸਿੰਘ ਢਿੱਲੋਂ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।

## ਜਾਇਦਾਦ ਦੇ ਲਾਲਚ 'ਚ ਪੁੱਤਰ ਨੇ ਨੂੰਹ ਨਾਲ ਮਿਲ ਕੇ ਪਿਓ ਦਾ ਕੀਤਾ ਕਤਲ

ਖੰਨਾ, 29 ਜੂਨ (ਚ.ਨ.ਸ.): ਜਟਾਣਾ ਪਿੰਡ 'ਚ ਪੁੱਤਰ ਨੇ ਨੂੰਹ ਨਾਲ ਮਿਲ ਕੇ ਜਾਇਦਾਦ ਦੇ ਲਾਲਚ 'ਚ ਕੁਹਾੜੀ ਨਾਲ ਵੱਢ ਕੇ ਆਪਣੇ ਪਿਓ ਦਾ ਕਤਲ ਕਰ ਦਿੱਤਾ। ਦੋਵਾਂ ਨੇ ਪਹਿਲਾਂ ਪਿਤਾ ਨੂੰ ਰਾਤ ਨੂੰ ਨੀਂਦ ਦੀਆਂ ਗੋਲੀਆਂ ਖੁਆ ਦਿੱਤੀਆਂ ਫਿਰ ਸਿਰ 'ਤੇ ਡੰਡੇ ਨਾਲ ਵਾਰ ਕਰ ਕੇ ਉਸ ਨੂੰ ਬੇਹੋਸ਼ ਕਰ ਦਿੱਤਾ। ਬਾਅਦ 'ਚ ਚਿਹਰੇ ਤੇ ਗਰਦਨ 'ਤੇ ਕੁਹਾੜੀ ਨਾਲ ਵਾਰ ਕਰ ਕੇ ਉਸ ਨੂੰ ਮਾਰ ਦਿੱਤਾ। ਦੋਵਾਂ ਨੇ ਇਸ ਨੂੰ ਹਾਦਸਾ ਦਿਖਾਉਣ ਦੀ ਵੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਪਿਤਾ ਨੂੰ ਕੋਈ ਜ਼ਖ਼ਮੀ ਕਰ ਗਿਆ ਹੈ। ਉਨ੍ਹਾਂ ਨੇ ਰਿਸ਼ਤੇਦਾਰਾਂ ਨੂੰ ਬੁਲਾਇਆ ਤੇ ਸਸਕਾਰ ਲਈ ਸ਼ਮਸ਼ਾਨਘਾਟ ਪਹੁੰਚੇ ਪਰ ਇਸ ਦੌਰਾਨ ਕਿਸੇ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਤੇ ਪੁੱਤਰ ਤੇ ਨੂੰਹ ਨੂੰ ਹਿਰਾਸਤ 'ਚ ਲੈ ਲਿਆ ਗਿਆ, ਜਿਸ ਤੋਂ ਬਾਅਦ ਕਤਲ ਦਾ ਖ਼ੁਲਾਸਾ ਹੋਇਆ। ਪੁਲਿਸ ਨੇ ਜੁਗਰਾਜ ਸਿੰਘ ਤੇ ਉਸ ਦੀ ਪਤਨੀ ਰੇਨੂ ਰਾਣੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ



ਮ੍ਰਿਤਕ ਦੇ ਭਰਾ ਭਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦੇ ਭਰਾ ਦੀ ਜ਼ਮੀਨ ਨੂੰ ਜਾਇਦਾਦ ਦੇ ਲਾਲਚ ਵਿੱਚ ਉਸ ਦੇ ਪੁੱਤਰ ਤੇ ਨੂੰਹ ਨੇ ਕੁਹਾੜੀ ਨਾਲ ਵੱਢ ਕੇ ਮਾਰ ਦਿੱਤਾ। ਉਸ ਦਾ ਭਰਾ ਬਲਵੀਰ ਸਿੰਘ ਆਪਣੇ ਪੁੱਤਰ ਜੁਗਰਾਜ ਸਿੰਘ ਤੇ ਨੂੰਹ ਰੇਨੂੰ ਰਾਣੀ ਨਾਲ ਰਹਿੰਦਾ ਸੀ। ਸਾਲ 2023 'ਚ ਰੇਨੂੰ ਰਾਣੀ ਗੁੱਸੇ ਹੋ ਕੇ ਪੇਕੇ ਪਿੰਡ ਮਾਜਰੀ ਚਲੀ ਗਈ ਸੀ। ਉਸ ਦੀ ਮੰਗ ਸੀ ਕਿ ਉਸ ਦਾ ਸਹੁਰਾ ਬਲਵੀਰ ਸਿੰਘ ਆਪਣਾ ਰਿਹਾਇਸ਼ੀ ਮਕਾਨ ਉਸ ਦੇ ਨਾਂ ਕਰਵਾ ਦੇਵੇਗਾ। ਉਸ ਦਾ ਭਤੀਜਾ ਜੁਗਰਾਜ ਸਿੰਘ ਨਸ਼ਾ ਕਰਨ ਦਾ ਆਦੀ ਹੈ ਤੇ ਜੋ ਕੋਈ ਕੰਮ ਨਹੀਂ ਕਰਦਾ। ਬਲਵੀਰ ਸਿੰਘ ਸ਼ਟਰਿੰਗ ਦਾ ਕੰਮ ਕਰਦਾ ਸੀ, ਜਿਸ ਕੋਲ ਗੱਡੀ ਟਾਟਾ 407 ਸੀ, ਜਿਸ ਨੂੰ ਜੁਗਰਾਜ ਸਿੰਘ ਨੇ ਵੇਚ ਦਿੱਤਾ ਸੀ ਤੇ ਸ਼ਟਰਿੰਗ ਦਾ ਸਾਮਾਨ ਵੀ ਵੇਚਦਾ ਰਹਿੰਦਾ ਸੀ। ਭਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਬਲਵੀਰ ਸਿੰਘ ਨੇ ਦੱਸਿਆ ਸੀ ਕਿ ਉਸ ਦਾ ਲੜਕਾ ਕੋਈ ਕੰਮ-ਕਾਰ ਨਹੀਂ ਕਰਦਾ ਜਿਸ ਕਰਕੇ ਉਸ ਨੇ ਮਕਾਨ ਨੂੰਹ ਦੇ ਨਾਂ ਨਹੀਂ ਕਰਵਾਇਆ ਸੀ। 25 ਜੂਨ ਨੂੰ ਉਸ ਦਾ ਭਰਾ ਪਿੰਡ ਦੇ ਗੇਟ ਵਾਲੇ ਚੌਂਤਰੇ 'ਤੇ ਮਿਲਿਆ ਸੀ, ਜਿਸ ਨੇ ਕਿਹਾ ਸੀ ਕਿ ਉਸ ਦਾ ਪੁੱਤਰ ਤੇ ਨੂੰਹ ਉਸ ਨੂੰ ਪਰੇਸ਼ਾਨ ਕਰਦੇ ਹਨ ਤੇ ਮਕਾਨ ਨੂੰਹ ਦੇ ਨਾਂ ਨਾ ਕਰਵਾਉਣ 'ਤੇ ਉਸ ਨੂੰ ਮਾਰ ਦੇਣਗੇ। ਉਸ ਨੇ ਦੱਸਿਆ ਕਿ ਜਾਇਦਾਦ ਖਾਤਰ ਦੋਵਾਂ ਨੇ ਸੁੱਤੇ ਪਏ ਬਲਵੀਰ ਸਿੰਘ 'ਤੇ ਕੁਹਾੜੀ ਨਾਲ ਵਾਰ ਕਰਕੇ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ। ਡੀਐੱਸਪੀ ਕਰਮਵੀਰ ਤੂਰ ਨੇ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਤੇ ਉਸ ਦੀ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

## ਫਲਾਈਓਵਰ 'ਤੇ ਲੋਕਾਂ ਨੇ ਦੇਖਿਆ ਦਿਲ ਦਹਿਲਾ ਦੇਣ ਵਾਲਾ ਮੰਜ਼ਰ

ਫ਼ਤਹਿਗੜ੍ਹ ਸਾਹਿਬ, 29 ਜੂਨ (ਚ.ਨ.ਸ): ਸਰਹਿੰਦ ਜੀਟੀ ਰੋਡ 'ਤੇ ਸ਼ਨਿਚਰਵਾਰ ਸਵੇਰੇ ਪੁਰਾਣੇ ਬੱਸ ਸਟੈਂਡ ਤੋਂ ਲੰਘਦੇ ਹਾਈਵੇ ਫਲਾਈਓਵਰ 'ਤੇ ਲੋਕਾਂ ਨੇ ਦਿਲ ਦਹਿਲਾ ਦੇਣ ਵਾਲਾ ਮੰਜ਼ਰ ਦੇਖਿਆ। ਹਾਈਵੇ ਤੋਂ ਲੰਘਦੀਆਂ ਤੇਜ਼ ਰਫ਼ਤਾਰ ਗੱਡੀਆਂ ਹੇਠ ਇੱਕ ਲਾਸ਼ ਕੁਚਲੀ ਜਾ ਰਹੀ ਸੀ। ਸੂਚਨਾ ਮਿਲਣ 'ਤੇ ਪੁਲਿਸ ਪੁੱਜੀ ਤੇ ਟ੍ਰੈਫਿਕ ਡਾਇਵਰਟ ਕਰ ਕੇ ਬਚੀ-ਖੁਚੀ ਲਾਸ਼ ਸੜਕ ਤੋਂ ਕਹੀ ਨਾਲ ਖੁਰਚ ਕੇ ਲਾਹੀ। ਸ਼ਨਿਚਰਵਾਰ ਸਵੇਰੇ ਕੁਝ ਲੋਕਾਂ ਨੇ ਹਾਈਵੇ ਫਲਾਈਓਵਰ ਦੇ ਫੁਟਪਾਥ ਕੋਲ ਇਨਸਾਨੀ ਹੱਥ ਪਿਆ ਦੇਖਿਆ, ਜਿਸ ਦੀ ਸੂਚਨਾ ਥਾਣਾ ਸਰਹਿੰਦ ਪੁਲਿਸ ਨੂੰ ਦਿੱਤੀ। ਮੌਕੇ 'ਤੇ ਪੁੱਜੀ ਪੁਲਿਸ ਨੂੰ ਹਾਈਵੇ 'ਤੇ ਇਨਸਾਨੀ ਸਰੀਰ ਦੇ ਚੀਥੜੇ ਮਿਲੇ। ਸਿਰਫ਼ ਇਕ ਬਾਂਹ ਹੀ ਸੜਕ ਕੰਢੇ ਪਈ ਮਿਲੀ। ਹਾਈਵੇ 'ਤੇ ਦੂਰ-ਦੂਰ ਖਿਲਰੇ ਪਏ ਚੀਥੜਿਆਂ ਨੂੰ ਖੁਰਚ ਕੇ ਲਾਹੁਣਾ ਪਿਆ। ਇੱਥੇ ਅਜਿਹਾ ਕੁਝ ਵੀ ਨਹੀਂ ਮਿਲਿਆ, ਜਿਸ ਨਾਲ ਉਸ ਦੀ ਸ਼ਨਾਖ਼ਤ ਵਿਚ ਮਦਦ ਮਿਲ ਸਕੇ। ਸੜਕ ਤੋਂ ਲਾਸ਼ ਦੇ ਜਿਹੜੇ ਚੀਥੜੇ ਖੁਰਚ ਕੇ ਲਾਹੇ ਗਏ ਉਨ੍ਹਾਂ ਤੋਂ ਵੀ ਸ਼ਨਾਖ਼ਤ ਹੋਣ ਦੀ ਕੋਈ



ਖ਼ਾਸ ਉਮੀਦ ਨਹੀਂ ਪ੍ਰਗਟਾਈ ਜਾ ਰਹੀ। ਮਾਮਲੇ ਦੀ ਜਾਂਚ ਕਰ ਰਹੇ ਥਾਣੇਦਾਰ ਸੰਜੀਵ ਕੁਮਾਰ ਮੁਤਾਬਕ, ਰਾਤ ਭਰ ਗੱਡੀਆਂ ਦੇ ਲੰਘਣ ਕਾਰਨ ਲਾਸ਼ ਕਈ ਟੁਕੜਿਆਂ ਵਿਚ ਖਿੱਲਰ ਗਈ ਸੀ। ਮ੍ਰਿਤਕ ਦੀ ਸਥਿਤੀ ਬਾਰੇ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਲਾਸ਼ ਦੇ ਚੀਥੜਿਆਂ ਨੂੰ 72 ਘੰਟੇ ਲਈ ਜ਼ਿਲ੍ਹਾ ਹਸਪਤਾਲ ਦੀ ਮੋਰਚਰੀ ਵਿਚ ਰੱਖਿਆ ਜਾਵੇਗਾ। ਇਨਸਾਨੀ ਲਾਸ਼ ਦੇ ਚੀਥੜੇ ਗੱਡੀਆਂ ਹੇਠ ਕੁਚਲੇ ਜਾਣ ਦੇ ਪ੍ਰਤੱਖਦਰਸ਼ੀ ਰਹੇ ਲੋਕਾਂ ਨੇ ਸਵਾਲ ਚੁੱਕਿਆ ਕਿ ਰਾਤ ਨੂੰ ਹਾਈਵੇ 'ਤੇ ਪੈਟ੍ਰੋਲਿੰਗ ਲਈ ਪੁਲਿਸ ਦੀ ਡਿਊਟੀ ਰਹਿੰਦੀ ਹੈ, ਇਸ ਤੋਂ ਇਲਾਵਾ ਸੜਕ ਸੁਰੱਖਿਆ ਫੋਰਸ ਵੀ ਪੈਟ੍ਰੋਲਿੰਗ ਕਰਦੀ ਹੈ। ਇਸ ਦੇ ਬਾਵਜੂਦ ਇਕ ਲਾਸ਼ ਹਾਈਵੇ ਦੀਆਂ ਤੇਜ਼ ਰਫ਼ਤਾਰ ਗੱਡੀਆਂ ਹੇਠ ਕੁਚਲੀ ਜਾਂਦੀ ਰਹੀ। ਇਹ ਵੀ ਸਾਫ਼ ਨਹੀਂ ਹੋ ਸਕਿਆ ਕਿ ਇਹ ਚੀਥੜੇ ਕਿਸੇ ਸੜਕ ਦੁਰਘਟਨਾ ਦੇ ਸ਼ਿਕਾਰ ਹੋਏ ਕਿਸੇ ਵਿਅਕਤੀ ਦੇ ਹਨ ਜਾਂ ਫਿਰ ਇਸ ਦੇ ਪਿੱਛੇ ਕੋਈ ਸ਼ੱਕੀ ਘਟਨਾ ਹੈ। ਰਾਤ ਦੇ ਸਮੇਂ ਹਾਈਵੇ ਫਲਾਈਓਵਰ 'ਤੇ ਪੈਦਲ ਰਾਹਗੀਰ ਦਾ ਹੋਣਾ ਮੁਸ਼ਕਲ ਹੈ ਕਿਉਂਕਿ ਕਰੀਬ ਦੋ ਕਿਲੋਮੀਟਰ ਲੰਬੇ ਇਸ ਫਲਾਈਓਵਰ ਤੋਂ ਹੇਠਾਂ ਲਿੰਕ ਰੋਡ 'ਤੇ ਉਤਰਨ ਲਈ ਕੋਈ ਪੌੜੀਆਂ ਵੀ ਨਹੀਂ ਹਨ।

## ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ ਇੱਕ ਹੋਰ ਨਸ਼ਾ ਤਸਕਰ ਦੇ ਘਰ ਨੂੰ ਢਹਿ-ਢੇਰੀ ਕੀਤਾ



ਫਾਜ਼ਿਲਕਾ, 29 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸ੍ਰੀ ਗੌਰਵ ਯਾਦਵ ਆਈ.ਪੀ.ਐਸ., ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ; ਸ੍ਰੀ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ., ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਅਤੇ ਸ੍ਰੀ ਗੁਰਮੀਤ ਸਿੰਘ, ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਜ਼ਿਲਕਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਇੱਕ ਹੋਰ ਵੱਡੀ ਕਾਰਵਾਈ ਕੀਤੀ ਗਈ। ਅੱਜ ਥਾਣਾ ਅਰਨੀਵਾਲਾ ਦੇ ਤਹਿਤ ਆਉਂਦੇ ਪਿੰਡ ਟਾਹਲੀਵਾਲਾ ਬੋਦਲਾ ਵਿੱਚ ਨਸ਼ਾ ਤਸਕਰ ਪ੍ਰਵੀਨ ਰਾਣੀ (ਰਵੀਨਾ) ਪੁੱਤਰੀ ਚੀਮਨ ਲਾਲ ਵਾਸੀ ਟਾਹਲੀਵਾਲਾ ਬੋਦਲਾ ਦੇ ਘਰ ਨੂੰ ਢਾਹ ਦਿੱਤਾ ਗਿਆ। ਇਹ ਮਹਿਲਾ ਨਸ਼ਾ ਤਸਕਰੀ ਦੇ ਗੈਰਕਾਨੂੰਨੀ ਧੰਦੇ ਵਿੱਚ ਲਗਾਤਾਰ ਸ਼ਾਮਲ ਸੀ ਅਤੇ ਉਸ ਵਿਰੁੱਧ ਪਹਿਲਾਂ ਹੀ ਮਾਮਲੇ ਦਰਜ ਹਨ। ਪ੍ਰਵੀਨ ਰਾਣੀ ਨੇ ਗੈਰਕਾਨੂੰਨੀ ਢੰਗ ਨਾਲ ਨਸ਼ਾ ਵੇਚਣ ਅਤੇ ਚੋਰੀ ਦਾ ਸਮਾਨ ਰੱਖਣ ਜਿਹੇ ਗੰਭੀਰ ਅਪਰਾਧ ਕੀਤੇ ਹਨ। ਸਿਵਲ ਪ੍ਰਸ਼ਾਸਨ ਵੱਲੋਂ ਮੰਗ ਕੀਤੇ ਜਾਣ ਉਪਰੰਤ, ਪੁਲਿਸ ਵੱਲੋਂ ਮੌਕੇ 'ਤੇ ਪੁੱਜ ਕੇ ਨਜਾਇਜ਼ ਢੰਗ ਨਾਲ ਬਣੇ ਹੋਏ ਉਸ ਦੇ ਘਰ ਨੂੰ ਢਾਹੁਣ ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ। ਐਸ.ਐਸ.ਪੀ. ਫਾਜ਼ਿਲਕਾ ਸ੍ਰੀ ਗੁਰਮੀਤ ਸਿੰਘ ਜੀ ਨੇ ਕਿਹਾ ਕਿ ਨਸ਼ਾ ਤਸਕਰਾਂ ਖ਼ਿਲਾਫ਼ ਇਹ ਜੰਗ ਅਜੇ ਠਹਿਰੀ ਨਹੀਂ। ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਅਜਿਹੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ। ਫਾਜ਼ਿਲਕਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਚੱਲ ਰਹੀ ਜੰਗ ਵਿਚ ਨਸ਼ਾ ਵੇਚਣ ਵਾਲਿਆਂ ਨੂੰ ਕਾਬੂ ਕਰਨਾ ਹੀ ਨਹੀਂ, ਸਗੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਵੀ ਨਵੀਂ ਜ਼ਿੰਦਗੀ ਦੇਣ ਲਈ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦਾ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ ਅਤੇ ਸਿਹਤ ਵਿਭਾਗ ਵੱਲੋਂ ਹਰ ਤਰ੍ਹਾਂ ਦੀ ਸਹੂਲਤ ਉਪਲੱਬਧ ਕਰਵਾਈ ਜਾ ਰਹੀ ਹੈ। ਫਾਜ਼ਿਲਕਾ ਪੁਲਿਸ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਯੁੱਧ ਵਿੱਚ ਸਾਡਾ ਸਾਥ ਦੇਣ।

ਜੇਕਰ ਤੁਹਾਡੇ ਆਸ-ਪਾਸ ਕਿਸੇ ਵੀ ਵਿਅਕਤੀ ਵੱਲੋਂ ਨਸ਼ਾ ਵੇਚਣ ਜਾਂ ਖਰੀਦਣ ਦੀ ਗਤੀਵਿਧੀ ਦਿਖਾਈ ਦਿੰਦੀ ਹੈ, ਤਾਂ ਤੁਰੰਤ ਸੂਚਨਾ ਫਾਜ਼ਿਲਕਾ ਕੰਟਰੋਲ ਰੂਮ ਨੰਬਰ 85588-00900 ਜਾਂ ਸੇਫ ਪੰਜਾਬ ਚੈਟਬੋਟ ਨੰਬਰ 97791-00200 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦਾ ਨਾਮ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

## ਸੰਤ ਬਾਬਾ ਦਲਵਾਰਾ ਸਿੰਘ ਰੋਹੀਸਰ ਵਾਲਿਆਂ ਨੇ ਸਮਾਜ ਸੇਵੀ ਡਾ. ਰਘਵੀਰ ਸ਼ੁਕਲਾ ਦਾ ਕੀਤਾ ਸਨਮਾਨ



ਅਮਲੋਹ, 29 ਜੂਨ (ਜਸਵੰਤ ਸਿੰਘ): ਸੰਤ ਬਾਬਾ ਦਲਵਾਰਾ ਸਿੰਘ ਰੋਹੀਸਰ ਵਾਲਿਆਂ ਨੇ ਸ਼ੁਕਲਾ ਹਸਪਤਾਲ ਅਮਲੋਹ ਦੇ ਮਾਲਕ ਡਾ. ਰਘਵੀਰ ਸ਼ੁਕਲਾ ਵਲੋਂ ਲੰਬੇ ਅਰਸੇ ਤੋਂ ਸਮਾਜ ਸੇਵਾ ਦੇ ਖੇਤਰ ਵਿਚ ਅਤੇ ਵਧੀਆ ਸਿਹਤ ਸੇਵਾਵਾਂ ਵਿਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਡਾਕਟਰੀ ਪੇਸ਼ਾ ਅੱਜ ਜਿਥੇ ਕੁਝ ਡਾਕਟਰਾਂ ਦੀਆਂ ਘਾਟਾਂ ਕਾਰਣ ਬਦਨਾਮ ਹੋ ਰਿਹਾ ਹੈ, ਉਥੇ ਡਾ. ਸੁਕਲਾ ਵਰਗੇ ਡਾਕਟਰ ਵੱਲੋਂ ਕੀਤੀਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਸੱਦਕਾ ਇਸ ਪੇਸ਼ੇ ਦਾ ਲੋਕ ਸਤਿਕਾਰ ਵੀ ਕਰਦੇ ਹਨ। ਇਸ ਮੌਕੇ ਗੁਰਦੀਪ ਸਿੰਘ ਦਸ਼ਮੇਸ਼ ਕਲੋਨੀ ਮੰਡੀ ਗੋਬਿੰਦਗੜ੍ਹ ਨੇ ਦੱਸਿਆ ਕਿ ਉਹ ਕਰੀਬ 5 ਸਾਲ ਪਹਿਲਾ ਪੀਲੀਏ ਦਾ ਸ਼ਿਕਾਰ ਹੋਇਆ ਸੀ, ਉਸ ਨੇ ਮੰਡੀ ਗੋਬਿੰਦਗੜ੍ਹ ਅਤੇ ਆਸ ਪਾਸ ਪ੍ਰਾਈਵੇਟ ਅਤੇ ਦੇਸੀ ਡਾਕਟਰਾਂ ਤੋਂ ਬਹੁਤ ਇਲਾਜ ਕਰਵਾਇਆ ਪ੍ਰੰਤੂ ਇਲਾਜ ਨਾ ਹੋਣ ਕਾਰਣ ਸ਼ੁਕਲਾ ਹਸਪਤਾਲ ਦਾ ਸਹਾਰਾ ਲਿਆ, ਜਿਥੇ ਇਕ ਹਫ਼ਤੇ ਵਿਚ ਹੀ ਉਸ ਨੂੰ ਅਰਾਮ ਆ ਗਿਆ ਅਤੇ ਉਸ ਅਰਸੇ ਤੋਂ ਉਹ ਅਤੇ ਉਨ੍ਹਾਂ ਦਾ ਪ੍ਰੀਵਾਰ ਇਲਾਜ ਲਈ ਇਥੇ ਹੀ ਆਉਂਦਾ ਹੈ। ਇਸੇ ਤਰ੍ਹਾਂ ਪਿੰਡ ਟੌਹੜਾ ਦੇ ਜਸ਼ਨਪ੍ਰੀਤ ਸਿੰਘ ਪੁੱਤਰ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਉਹ ਪ੍ਰਾਈਵੇਟ ਨੌਕਰੀ ਕਰਦਾ ਹੈ ਅਤੇ ਕੁਝ ਦਿਨ ਪਹਿਲਾਂ ਪੀਲੀਏ ਦਾ ਸ਼ਿਕਾਰ ਹੋ ਗਿਆ ਸੀ। ਉਸ ਨੂੰ ਪਿੰਡ ਗੁਣੀਆਂ ਮਾਜਰੇ ਤੋਂ ਡਾ. ਸ਼ੁਕਲਾ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਉਸ ਨੇ ਇਸ ਹਸਪਤਾਲ ਵਿਚ ਆਪਣਾ ਇਲਾਜ ਸ਼ੁਰੂ ਕਰਵਾਇਆ, ਜਿਥੇ ਕਾਫ਼ੀ ਅਰਾਮ ਹੈ ਅਤੇ ਬਹੁਤ ਹੀ ਘੱਟ ਪੈਸਿਆਂ ਨਾਲ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾ. ਸ਼ੁਕਲਾ ਨੇ ਦਸਿਆ ਕਿ ਉਸ ਵਲੋਂ ਲੋੜਵੰਦਾਂ ਦਾ ਮੁਫ਼ਤ ਇਲਾਜ ਵੀ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਜੰਕ ਫੂਡ ਤੋਂ ਪ੍ਰਹੇਜ਼ ਕਰਦੇ ਹੋਏ ਮੌਸਮੀ ਫ਼ਲ ਅਤੇ ਸਬਜ਼ੀਆਂ ਖਾਣ ਦੀ ਸਲਾਹ ਦਿੱਤੀ। ਇਸ ਮੌਕੇ ਭਾਜਪਾ ਦੇ ਯੁਵਾ ਮੋਰਚੇ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ, ਏਕਮ ਕੌਰ ਟੌਹੜਾ, ਹਰਚੰਦ ਸਿੰਘ ਅਮਲੋਹ, ਮਨਦੀਪ ਸ਼ਰਮਾ ਮੱਨੀ ਅਤੇ ਬਲਵੀਰ ਸਿੰਘ ਮੰਡੀ ਗੋਬਿੰਦਗੜ੍ਹ ਆਦਿ ਹਾਜ਼ਰ ਸਨ।

## ਬਦਲਾਖੋਰੀ ਦੀ ਭਾਵਨਾ ਨਾਲ ਮਜੀਠੀਆ 'ਤੇ ਦਰਜ ਕੀਤਾ ਮਾਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਜਥੇਦਾਰ ਰਿਆ

ਫਤਹਿਗੜ੍ਹ ਸਾਹਿਬ, 29 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਨੇ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਦਰਜ ਕੀਤੇ ਗਏ ਮਾਮਲੇ 'ਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ



ਕਿਹਾ ਕਿ ਇਹ ਮਾਮਲਾ ਬਦਲਾਖੋਰੀ ਦੀ ਰਾਜਨੀਤੀ ਦੇ ਤਹਿਤ ਕੀਤਾ ਗਿਆ ਹੈ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਬਿਕਰਮ ਸਿੰਘ ਮਜੀਠੀਆ 'ਤੇ ਆਮਦਨ ਤੋਂ ਵੱਧ ਖਰਚ ਦੇ ਦੋਸ਼ ਐਫਆਈਆਰ ਵਿੱਚ ਲਗਾਏ ਗਏ ਹਨ ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਮਾਮਲੇ ਨਾਲ ਜੋੜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਖ ਨੂੰ ਬਦਨਾਮ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਤੋਂ ਪੰਜਾਬ ਨਿਵਾਸੀ ਚੰਗੀ ਤਰ੍ਹਾਂ ਵਾਕਿਫ ਹਨ। ਜਥੇਦਾਰ ਰਿਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਬਿਕਰਮ ਸਿੰਘ ਮਜੀਠੀਆ ਸਰਕਾਰ ਦੇ ਖਿਲਾਫ ਸੱਚ ਬੋਲ ਕੇ ਲੋਕਾਂ ਵਿੱਚ ਸਰਕਾਰ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਦੇ ਆ ਰਹੇ ਹਨ ਜਿਸ ਨੂੰ ਦੇਖਦਿਆਂ ਹੋਇਆਂ ਬੁਖਲਾਹਟ ਵਿੱਚ ਆ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਜੀਠੀਆ ਨੂੰ ਸਾਜਿਸ਼ ਦੇ ਤਹਿਤ ਫਸਾ ਕੇ ਮਾਮਲਾ ਦਰਜ ਕੀਤਾ ਗਿਆ ਤਾਂ ਕਿ ਮਜੀਠੀਆ ਦੀ ਆਵਾਜ਼ ਨੂੰ ਦਬਾਇਆ ਜਾ ਸਕੇ । ਉਹਨਾਂ ਕਿਹਾ ਕਿ ਇਹ ਕਿਸੇ ਵੀ ਹਾਲਤ ਵਿੱਚ ਨਹੀਂ ਹੋਵੇਗਾ ਕਿ ਸੱਚ ਨੂੰ ਦਬਾਇਆ ਜਾ ਸਕੇ।

## ਐੱਸ.ਆਰ.ਐੱਨ. ਸਪੈਸ਼ਲ ਸਕੂਲ ਇਕਲਾਹਾ ਦੇ ਵਿਦਿਆਰਥੀਆਂ ਤੇ ਮਾਪਿਆਂ ਨੇ ਡਲਹੌਜ਼ੀ ਦਾ ਕੀਤਾ ਟੂਰ

ਅਮਲੋਹ, 29 ਜੂਨ (ਜਸਵੰਤ ਸਿੰਘ): ਪੰਜਾਬ ਅਤੇ ਗੁਆਂਢੀ ਸੂਬਿਆਂ ਦੇ ਸਪੈਸ਼ਲ ਬੱਚਿਆਂ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਐਸਆਰਐਨ ਸਪੈਸ਼ਲ ਸਕੂਲ ਇਕਲਾਹਾ ਦੇ ਮੈਨੇਜਿੰਗ ਡਾਇਰੈਕਟਰ ਜੀ. ਪ੍ਰਸ਼ਾਦ ਦੀ ਅਗਵਾਈ ਹੇਠ ਸਕੂਲੀ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਕੜ੍ਹਕਦੀ ਗਰਮੀ ਤੋਂ ਰਾਹਤ ਦਿਵਾਉਣ ਲਈ ਡਲਹੌਜ਼ੀ ਦੀਆਂ ਵਾਦੀਆਂ ਦਾ 3 ਰੋਜ਼ਾ ਟੂਰ ਕਰਵਾਇਆ ਗਿਆ। ਏਸੀ ਸਹੂਲਤ ਵਾਲੀ ਬੱਸ ਰਾਹੀਂ ਜਿਥੇ ਰਸਤੇ ਵਿਚ



ਖਾਣ-ਪੀਣ ਦਾ ਸ਼ਾਨਦਾਰ ਪ੍ਰਬੰਧ ਸੀ ਉਥੇ ਦੁਪਹਿਰ ਦਾ ਭੋਜਨ ਪਠਾਨਕੋਟ ਨਜ਼ਦੀਕ ਅੰਮ੍ਰਿਤਸਰ ਹਵੇਲੀ ਵਿਚ ਦਿੱਤਾ ਗਿਆ ਅਤੇ ਬਾਅਦ ਵਿਚ ਇਹ ਕਾਫ਼ਲਾ ਹੋਟਲ ਹਿੱਲ ਮਾਊਂਟਵਿੱਊ ਡਲਹੌਜ਼ੀ ਵਿਖੇ ਪਹੁੰਚਿਆ, ਜਿਥੇ ਵਿਦਿਆਰਥੀ, ਮਾਪੇ ਅਤੇ ਸਕੂਲ ਸਟਾਫ਼ ਨੇ ਖੂਬ ਨੱਚ ਟੱਪ ਕੇ ਅਨੰਦ ਮਾਣਿਆ। ਇਸ ਸਕੂਲ ਵਿਚ ਏਸੀ ਹੋਸਟਲ ਅਤੇ ਮਾਪਿਆਂ ਦੀ ਸਹੂਲਤ ਲਈ ਸੀਸੀਟੀਵੀ ਕੈਮਰਿਆਂ ਦੀ ਸਹੂਲਤ ਕਾਰਣ ਇਹ ਸਕੂਲ ਮਾਪਿਆਂ ਲਈ ਵਰਦਾਨ ਅਤੇ ਖਿੱਚ ਦਾ ਕੇਂਦਰ ਹੈ ਅਤੇ ਮਾਪੇ ਆਪਣੇ ਬੱਚਿਆਂ ਨਾਲ 3 ਦਿਨ ਅਤੇ ਰਾਤ ਰਹਿ ਕੇ ਉਨ੍ਹਾਂ ਵਿਚ ਆਏ ਪਰਿਵਰਤਨ ਤੋਂ ਬਹੁਤ ਖੁਸ਼ ਸਨ। ਅਗਲੇ ਦਿਨ ਉਸ ਖੇਤਰ ਦੀ ਇਕ ਹੋਰ ਬੱਸ ਰਾਹੀਂ ਇਨ੍ਹਾਂ ਨੂੰ 'ਭਲੇਈ' ਮਾਤਾ ਦੇ ਮੰਦਰ ਲਿਜਾਇਆ ਗਿਆ, ਜਿਸ ਉਪਰੰਤ 'ਚਮੇਰਾ' ਲੇਕ ਲਿਜਾਇਆ ਗਿਆ, ਜਿਥੇ ਬੱਚਿਆਂ ਅਤੇ ਮਾਪਿਆਂ ਨੇ ਕਿਸ਼ਤੀਆਂ ਆਦਿ ਵਿਚ ਘੁੰਮ ਕੇ ਖੂਬ ਅਨੰਦ ਮਾਣਿਆ। ਇਸ ਤਰ੍ਹਾਂ ਇਹ ਤਿੰਨ ਰੋਜ਼ਾ ਟੂਰ ਬੱਚਿਆਂ ਅਤੇ ਮਾਪਿਆਂ ਲਈ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਇਸ ਟੂਰ ਵਿਚ ਮੈਨੇਜਿੰਗ ਡਾਇਰੈਕਟਰ ਜੀ.ਪ੍ਰਸ਼ਾਦ, ਕੋਆਰਡੀਨੇਟਰ ਸਸ਼ੀ ਪ੍ਰਭਾ, ਅਧਿਆਪਕ ਪ੍ਰੇਮ ਕੁਮਾਰ ਪਰਮਾਨੀ, ਬਿਨੂਦਨੀ ਪਰਮਾਨੀ, ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ ਤੋਂ ਇਲਾਵਾ ਕੈਨੇਡਾ ਦੇ ਜੰਮਪਲ ਵਿਦਿਆਰਥੀ ਏਕਮ ਸਿੰਘ ਸੋਹਲ, ਅਭਿਸ਼ੇਕ ਮਾਂਡਲਾ, ਉਸ ਦੇ ਪਿਤਾ ਤਿਲਕ ਰਾਜ ਮਾਂਡਲਾ, ਗਿੰਨੀ ਸੂਦ, ਉਸ ਦੀ ਮਾਤਾ ਮੰਜੂ ਸੂਦ, ਸਤਿੰਦਰਪਾਲ ਸਿੰਘ, ਉਸ ਦੇ ਪਿਤਾ ਗੁਰਬਖਸ਼ ਸਿੰਘ ਗਿੱਲ, ਮਾਤਾ ਗਗਨਪ੍ਰੀਤ ਕੌਰ ਅਤੇ ਰੋਜ਼ੀ ਤੇ ਉਸ ਦੇ ਪਿਤਾ ਨਰੇਸ਼ ਵਿੱਜ ਆਦਿ ਸ਼ਾਮਲ ਸਨ।

## ਜ਼ਿਲ੍ਹਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਨੇ ਵਨੀਤ ਅਰੋੜਾ ਦਾ ਜਨਮਦਿਨ ਮਨਾਇਆ




ਫ਼ਾਜ਼ਿਲਕਾ, 29 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਜ਼ਿਲ੍ਹਾ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਫ਼ਾਜ਼ਿਲਕਾ ਵੱਲੋਂ ਪੱਤਰਕਾਰ ਵਨੀਤ ਅਰੋੜਾ ਦਾ ਜਨਮਦਿਨ ਪੀਜਾ ਗਲੇਰੀਆ ਵਿਖੇ ਕੇਕ ਕੱਟ ਕੇ ਮਨਾਇਆ ਗਿਆ। ਇਸ ਦੌਰਾਨ ਵਨੀਤ ਅਰੋੜਾ ਨੂੰ ਐਸੋਸੀਏਸ਼ਨ ਦਾ ਉਪ-ਪ੍ਰਧਾਨ ਨਿਯੁਕਤ ਕੀਤਾ ਗਿਆ, ਜਿਸ ਨੇ ਜਨਮਦਿਨ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ। ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ, ਪ੍ਰਧਾਨ ਬਖ਼ਸ਼ੀਸ਼ ਸਿੰਘ (ਹੈਪੀ), ਰਾਜੇਸ਼ ਅਨੇਜਾ, ਸਾਜਨ ਗੁਗਲਾਨੀ, ਧੀਰਜ ਕੁਮਾਰ (ਸੰਨੀ ਦੁਮੜਾ), ਸੁਖਵਿੰਦਰ ਪ੍ਰਦੇਸੀ, ਮਨੀਸ਼ ਛਾਬੜਾ, ਜਸਪ੍ਰੀਤ ਦੁਰੇਜਾ, ਪਾਰਸ ਡੋਡਾ, ਰਣਜੀਤ ਸਿੰਘ, ਪ੍ਰਦੀਪ ਰਾਜਪੂਤ, ਦਲੀਪ ਦੱਤ, ਹਿਤੇਸ਼ ਬਾਂਸਲ ਅਤੇ ਆਰਵ ਦੱਤ ਸਮੇਤ ਕਈ ਪੱਤਰਕਾਰ ਮੌਜੂਦ ਸਨ। ਇਸ ਮੌਕੇ ਪੰਕਜ ਧਮੀਜਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਵਨੀਤ ਅਰੋੜਾ ਨੂੰ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਵਨੀਤ ਅਰੋੜਾ ਸਿਰਫ਼ ਇੱਕ ਕਾਬਲ ਪੱਤਰਕਾਰ ਹੀ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਨਿਭਾਉਣ ਵਾਲੇ ਸੱਚੇ ਸੇਵਕ ਵੀ ਹਨ, ਜੋ ਹਮੇਸ਼ਾ ਸਚਾਈ ਨੂੰ ਉਜਾਗਰ ਕਰਦੇ ਹਨ। ਵਨੀਤ ਅਰੋੜਾ ਵੱਲੋਂ ਪੱਤਰਕਾਰੀ ਦੇ ਕਿੱਤੇ ਅੰਦਰ ਦਿੱਤੀਆਂ ਜਾ ਰਹੀਆਂ ਵਧੀਆ ਤੇ ਬੇਦਾਗ ਸੇਵਾਵਾਂ ਨੂੰ ਵੇਖਦਿਆਂ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਵਨੀਤ ਅਰੋੜਾ ਨੂੰ ਸਰਬਸੰਮਤੀ ਨਾਲ ਐਸੋਸੀਏਸ਼ਨ ਦੇ ਉਪ ਪ੍ਰਧਾਨ ਦੇ ਅਹੁਦੇ 'ਤੇ ਨਿਵਾਜਿਆ ਗਿਆ। ਇਸ ਮੌਕੇ ਪੰਕਜ ਧਮੀਜਾ ਨੂੰ ਵੀ ਐਸੋਸੀਏਸ਼ਨ ਦਾ ਨਵਾਂ ਮੈਂਬਰ ਬਣਾਇਆ ਗਿਆ।

## ਗੋਬਿੰਦਗੜ੍ਹ ਦੁਕਾਨਦਾਰ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਭਾਟੀਆ ਤੇ ਡਾ. ਸੰਦਲ ਨੂੰ ਰੱਥ ਯਾਤਰਾ ਦਾ ਦਿੱਤਾ ਸੱਦਾ ਪੱਤਰ

ਮੰਡੀ ਗੋਬਿੰਦਗੜ੍ਹ, 29 ਜੂਨ (ਸੂਦ): ਇਸਕੋਨ ਫੈਸਟੀਵਲ ਕਮੇਟੀ ਮੰਡੀ ਗੋਬਿੰਦਗੜ੍ਹ ਵੱਲੋਂ 8 ਜੁਲਾਈ ਨੂੰ ਅੰਤਰਰਾਸ਼ਟਰੀ ਸ਼੍ਰੀ ਕ੍ਰਿਸ਼ਨ ਭਗਤਾ ਅੰਮ੍ਰਿਤ ਸੰਘ ਚੰਡੀਗੜ੍ਹ ਦੇ ਸਹਿਯੋਗ ਨਾਲ 23ਵੀਂ ਭਗਵਾਨ ਜਗਨਨਾਥ ਰੱਥ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸੰਘ ਦੇ ਜਨਰਲ ਸਕੱਤਰ ਐਡਵੋਕੇਟ ਆਰ.ਕੇ. ਬੱਸੀ ਨੇ ਕਿਹਾ ਕਿ ਭਗਵਾਨ ਜਗਨ ਨਾਥ 8 ਜੁਲਾਈ ਨੂੰ ਭੈਣ ਸੁਭੱਦਰਾ ਤੇ ਭਰਾ ਬਲਰਾਮ ਦੇ ਨਾਲ ਸ਼ਰਧਾਲੂਆਂ ਨੂੰ ਅਸ਼ੀਰਵਾਦ ਦੇਣ ਲਈ ਰੱਥ 'ਤੇ ਸਵਾਰ ਹੋਣਗੇ। ਉਨ੍ਹਾਂ ਦੱਸਿਆ ਕਿ 7 ਜੁਲਾਈ ਸ਼ਾਮ 6 ਵਜੇ ਸ਼੍ਰੀ ਰਾਮ ਮੰਦਰ ਵਿਖੇ ਭਗਵਾਨ ਦਾ ਸਵਾਗਤ ਕੀਤਾ ਜਾਵੇਗਾ। ਰੱਥ ਯਾਤਰਾ ਦੇ ਸਵਾਗਤ ਲਈ ਸ਼ਹਿਰ ਦੇ ਵੱਖ-ਵੱਖ ਮੰਦਰਾਂ ਤੋਂ ਪ੍ਰਭਾਤਫੇਰੀਆਂ ਤੇ ਸੰਧਿਆ ਫੇਰੀਆਂ ਦਾ ਵੀ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਇਸਕੋਨ




ਚੰਡੀਗੜ੍ਹ 22 ਸਾਲਾਂ ਤੋਂ ਮੰਡੀ ਗੋਬਿੰਦਗੜ੍ਹ ਵਿੱਚ ਭਗਵਾਨ ਜਗਨ ਨਾਥ ਯਾਤਰਾ ਉਤਸਵ ਦਾ ਆਯੋਜਨ ਕਰ ਰਿਹਾ ਹੈ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਸੈਂਕੜੇ ਇਸਕੋਨ ਸ਼ਰਧਾਲੂ ਹਿੱਸਾ ਲੈਂਦੇ ਹਨ ਤੇ ਸ਼ਹਿਰ ਦੇ ਮਾਹੌਲ ਨੂੰ ਬ੍ਰਹਮਤਾ ਪ੍ਰਦਾਨ ਕਰਦੇ ਹਨ। ਇਸ ਪ੍ਰੋਗਰਾਮ ਵਿੱਚ ਮਿੱਠਾ ਹਰੀ ਨਾਮ ਸੰਕੀਰਤਨ, ਭਗਤੀ ਨਾਚ, ਪ੍ਰਸ਼ਾਦ ਦੀ ਭਰਪੂਰ ਵੰਡ, ਆਕਰਸ਼ਕ ਝਾਕੀਆਂ, ਸ਼੍ਰੀ ਪ੍ਰਭੂਪਾਦ ਜੀ ਦੇ ਕੰਮਾਂ ਦੀ ਪ੍ਰਸ਼ੰਸਾ ਇਸ ਤਿਉਹਾਰ ਦਾ ਮੁੱਖ ਆਕਰਸ਼ਣ ਹੋਵੇਗਾ। ਇਸਕਾਨ ਫੈਸਟੀਵਲ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਤੇ ਰੱਥ ਯਾਤਰਾ ਦੇ ਨਿਰਦੇਸ਼ਕ ਦਿਨੇਸ਼ ਮਹਿਤਾ, ਜਨਰਲ ਸਕੱਤਰ ਐਡਵੋਕੇਟ ਆਰ.ਕੇ. ਬੱਸੀ ਤੇ ਖਜ਼ਾਨਚੀ ਅਸ਼ੋਕ ਸਿੰਗਲਾ ਨੇ ਪ੍ਰਭਾਤ ਫੇਰੀਆਂ ਤੇ ਰੱਥ ਯਾਤਰਾ ਲਈ ਸੱਦਾ ਪੱਤਰ ਸਮਾਜ ਸੇਵਕ ਤੇ ਗੋਬਿੰਦਗੜ੍ਹ ਦੁਕਾਨਦਾਰ ਐਸੋਸੀਏਸ਼ਨ ਦੇ ਮੁਖੀ ਨਰਿੰਦਰ ਭਾਟੀਆ, ਜਨਰਲ ਸਕੱਤਰ ਡਾ. ਅਮਿਤ ਸੰਦਲ, ਖਜ਼ਾਨਚੀ ਕਮਲ ਨੇਤਰਾ ਸ਼ਰਮਾ, ਸਮਾਜ ਸੇਵਕ ਸੰਜੇ ਗਰਗ ਤੇ ਸੋਨੂੰ ਗੋਬਿੰਦਗੜ੍ਹੀਆ ਆਦਿ ਨੂੰ ਦਿੱਤਾ।

## ਗਰੀਨ ਵਰਲਡ ਮਿਸ਼ਨ (ਪਹਿਲ) ਦੇ ਸਹਿਯੋਗ ਨਾਲ ਬਿਧੀਪੁਰ ਵਿਖੇ ਪੌਦੇ ਲਗਾਏ

ਧਾਰੀਵਾਲ, 29 ਜੂਨ (ਅਸ਼ੋਕ




ਕੁਮਾਰ): ਗਰੀਨ ਵਰਲਡ ਮਿਸ਼ਨ (ਪਹਿਲ) ਬ੍ਰਾਂਚ ਗੁਰਦਾਸਪੁਰ ਦੇ ਸਹਿਯੋਗ ਨਾਲ ਅੱਜ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਕੁਮਾਰ ਦੁੱਗਲ ਅਤੇ ਡਾ. ਕੰਵਲਜੀਤ ਸਿੰਘ ਕੇਜੇ ਵਲੋਂ ਸਾਂਝੇ ਤੌਰ 'ਤੇ ਦੇਵਗੋਤਰਾ ਟਾਇਲ ਸ਼ੋਅਰੂਮ ਬਿਧੀਪੁਰ (ਧਾਰੀਵਾਲ) ਦੇ ਸਾਹਮਣੇ ਫ਼ਲਦਾਰ ਪੌਦੇ ਲਗਾਏ ਗਏ। ਇਸ ਮੌਕੇ ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਹਰੇਕ ਵਿਅਕਤੀ ਨੂੰ ਇਕ ਇਕ ਪੌਦਾ ਲਗਾਉਣਾ ਚਾਹੀਦਾ ਹੈ। ਇਸ ਮੌਕੇ ਰਮਨੀ ਕੁਮਾਰੀ, ਕਾਜਲ ਡੇਵਗੋਤਰਾ, ਨਰਿੰਦਰ ਦੇਵਗੋਤਰਾ, ਮਨਮੋਹਨ ਸਿੰਘ ਗਿੱਲ, ਵਿਜੇ ਵਰਮਾ , ਸੋਨੂ ਸਿਆਲ, ਪਵਨ, ਰਵੀ ਸੋਨੂੰ ਤੋਂ ਇਲਾਵਾ ਹੋਰ ਮੌਜੂਦ ਸਨ।

## ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਖਾਲੀ ਪਏ ਪਲਾਟਾਂ ਲਈ ਹੁਕਮ ਕੀਤੇ ਜਾਰੀ

ਫਿਰੋਜ਼ਪੁਰ, 29 ਜੂਨ (ਤਿਵਾੜੀ): ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਦਮਨਜੀਤ ਸਿੰਘ ਮਾਨ ਪੀ.ਸੀ.ਐਸ. ਨੇ ਹੁਕਮ ਜਾਰੀ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਸ਼ਹਿਰ ਵਿੱਚ ਜਗ੍ਹਾ-ਜਗ੍ਹਾ 'ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ, ਜੋ ਵੱਖ-ਵੱਖ ਪ੍ਰਕਾਰ ਦੀਆਂ ਬੀਮਾਰੀਆਂ (ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆਂ ਆਦਿ) ਫੈਲਾਉਂਦੇ ਹਨ। ਇਸ ਤਰ੍ਹਾਂ ਇਹ ਬਿਮਾਰੀਆਂ ਸ਼ਹਿਰ ਵਾਸੀਆਂ ਦੀ ਸਿਹਤ ਲਈ ਇੱਕ ਗੰਭੀਰ ਅਤੇ ਜਾਨਲੇਵਾ ਖਤਰਾ ਹਨ। ਅਜਿਹੀ ਸਥਿਤੀ ਵਿੱਚ ਇਹਨਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਹਨਾਂ ਖਾਲੀ ਪਏ ਪਲਾਟਾਂ ਦੀ ਸਾਫ-ਸਫਾਈ ਹੋਣੀ ਜ਼ਰੂਰੀ ਹੈ। ਇਸ ਲਈ ਮਨੁੱਖੀ ਸਿਹਤ ਅਤੇ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ, ਫ਼ਿਰੋਜ਼ਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਿਰੋਜ਼ਪੁਰ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜੇ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬੀਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇਂ ਪ੍ਰਬੰਧ ਯਕੀਨੀ ਬਨਾਉਣ ਲਈ ਹੁਕਮ ਜਾਰੀ ਕੀਤਾ ਹੈ। ਉਨ੍ਹਾਂ ਜਾਰੀ ਹੁਕਮ ਵਿੱਚ ਕਿਹਾ ਕਿ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣਗੇ। ਆਪਣੇ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰ-ਦੀਵਾਰੀ ਜਾਂ ਫੈਨਸਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਪਲਾਟ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।

## ਅਜੈ ਸਚਦੇਵਾ ਤੇ ਪੂਜਾ ਲੂਥਰਾ ਸਚਦੇਵਾ ਨੇ ਵਿਆਹ ਦੀ ਵਰ੍ਹੇਗੰਢ ਮੌਕੇ ਲਗਾਇਆ ਬੂਟਿਆਂ ਦਾ ਲੰਗਰ

ਫਾਜ਼ਿਲਕਾ, 29 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਆਮ ਤੌਰ 'ਤੇ ਵਿਆਹ ਦੀ ਵਰ੍ਹੇਗੰਢ ਮਨਾਉਣ ਲਈ ਲੋਕ ਪਾਰਟੀਆਂ ਜਾਂ ਖਾਣ-ਪੀਣ ਦਾ ਪ੍ਰਬੰਧ ਕਰਦੇ ਹਨ, ਪਰ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲਫ਼ੇਅਰ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਉਨ੍ਹਾਂ ਦੀ ਪਤਨੀ ਪੂਜਾ ਲੂਥਰਾ ਸਚਦੇਵਾ ਨੇ ਆਪਣੇ ਜੀਵਨ ਦੇ ਇਸ ਵਿਸ਼ੇਸ਼ ਦਿਨ ਨੂੰ ਕੁਝ ਵੱਖਰੇ ਢੰਗ ਨਾਲ ਮਨਾਉਂਦੇ ਹੋਏ ਸਮਾਜ ਸੇਵਾ ਦੀ ਇਕ ਮਿਸਾਲ ਪੇਸ਼ ਕੀਤੀ। ਸਲੇਮਸ਼ਾਹ ਰੋਡ ਸਥਿਤ ਆਪਣੇ ਦਫਤਰ 'ਚ ਇਨ੍ਹਾਂ ਦੋਹਾਂ ਨੇ ਮਿਲ ਕੇ ਇਕ ਵਿਲੱਖਣ 'ਬੂਟਿਆਂ ਦਾ ਲੰਗਰ' ਲਗਾਇਆ, ਜਿਨ੍ਹਾਂ ਵਿੱਚ ਫਲਦਾਰ, ਛਾਂਦਾਰ ਅਤੇ ਸਜਾਵਟੀ ਬੂਟੇ



ਸ਼ਾਮਲ ਸਨ। ਸਮਾਗਮ ਦੌਰਾਨ ਸੈਂਕੜੇ ਪੌਦੇ ਲੋਕਾਂ ਵਿੱਚ ਵੰਡੇ ਗਏ। ਉਨ੍ਹਾਂ ਦੱਸਿਆ ਕਿ ਪ੍ਰਕਿਰਤੀ ਨਾਲ ਪਿਆਰ ਅਤੇ ਵਾਤਾਵਰਣ ਸੰਭਾਲ ਦੀ ਮਹੱਤਤਾ ਨੂੰ ਨਜ਼ਰ ਵਿਚ ਰੱਖਦੇ ਹੋਏ ਇਹ ਲੰਗਰ ਲਗਾਇਆ ਗਿਆ। ਇਹ ਉਨ੍ਹਾਂ ਦੀ ਵਿਆਹ ਦੀ ਵਰ੍ਹੇਗੰਢ ਨੂੰ ਯਾਦਗਾਰ ਬਣਾਉਣ ਦੀ ਕੋਸ਼ਿਸ਼ ਸੀ ਜੋ ਨਾਲੇ ਆਉਣ ਵਾਲੀ ਪੀੜ੍ਹੀ ਲਈ ਹਰਾ-ਭਰਾ ਭਵਿੱਖ ਵੀ ਨਿਸ਼ਚਿਤ ਕਰੇਗਾ। ਅਜੈ ਸਚਦੇਵਾ ਨੇ ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਕਿਹਾ, ਬੂਟਿਆਂ ਦਾ ਲੰਗਰ ਲਗਾਉਣ ਦਾ ਮਕਸਦ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਹਰਿਆਲੀ ਪ੍ਰਤੀ ਜਾਗਰੂਕ ਕਰਨਾ ਹੈ।

# ਪਨਾਮਾ ਤੋਂ ਇੰਗਲੈਂਡ ਪਹੁੰਚਣ ਵਾਲੇ ਜਹਾਜ਼ 'ਚੋਂ ਕੋਕੀਨ ਬਰਾਮਦ

ਲੰਡਨ, 29 ਜੂਨ (ਚ.ਨ.ਸ.): ਬ੍ਰਿਟਿਸ਼ ਅਧਿਕਾਰੀਆਂ ਨੇ ਪਨਾਮਾ ਤੋਂ ਇੰਗਲੈਂਡ ਪਹੁੰਚਣ ਵਾਲੇ ਇਕ ਜਹਾਜ਼ ਵਿਚ 2.4 ਮੀਟ੍ਰਿਕ ਟਨ ਕੋਕੀਨ ਜ਼ਬਤ ਕੀਤੀ ਹੈ। ਬ੍ਰਿਟਿਸ਼ ਰਾਜਧਾਨੀ ਦੇ ਪੂਰਬ ਵਿਚ ਲੰਡਨ



ਗੇਟਵੇ ਬੰਦਰਗਾਹ ਉਤੇ ਇਕ ਜਹਾਜ਼ ਉਤੇ ਕੰਟੇਨਰਾਂ ਹੇਠੋਂ ਨਸ਼ੀਲੇ ਪਦਾਰਥ ਮਿਲੇ, ਜਿਨ੍ਹਾਂ ਦੀ ਕੀਮਤ 9.6 ਕਰੋੜ ਪੌਂਡ (13.2 ਕਰੋੜ ਡਾਲਰ) ਹੈ। ਅਧਿਕਾਰੀਆਂ ਨੇ ਖ਼ੁਫ਼ੀਆ ਜਾਣਕਾਰੀ ਦੀ ਅਗਵਾਈ ਵਾਲੀ ਮੁਹਿੰਮ ਤੋਂ ਬਾਅਦ ਇਹ ਖੇਪ ਬਰਾਮਦ ਕੀਤੀ। ਬਰਤਾਨੀਆਂ ਦੇ ਗ੍ਰਹਿ ਮੰਤਰਾਲੇ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਹ ਹੁਣ ਤਕ ਦੀ ਛੇਵੀਂ ਸੱਭ ਤੋਂ ਵੱਡੀ ਕੋਕੀਨ ਬਰਾਮਦਗੀ ਹੈ। ਯੂ.ਕੇ. ਬਾਰਡਰ ਫੋਰਸ ਮੈਰੀਟਾਈਮ ਦੇ ਡਾਇਰੈਕਟਰ ਚਾਰਲੀ ਈਸਟਬਾਗ ਨੇ ਕਿਹਾ ਕਿ ਇਹ ਬਰਾਮਦਗੀ ਇਸ ਗੱਲ ਦੀ ਇਕ ਉਦਾਹਰਣ ਹੈ ਕਿ ਕਿਵੇਂ ਸੀਮਾ ਬਲ ਦੇ ਸਮਰਪਿਤ ਸਮੁੰਦਰੀ ਅਧਿਕਾਰੀ ਸਾਡੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਵਾਲੇ ਅਪਰਾਧੀ ਗਿਰੋਹਾਂ ਤੋਂ ਇਕ ਕਦਮ ਅੱਗੇ ਹਨ। ਉਨ੍ਹਾਂ ਕਿਹਾ, "ਇਨ੍ਹਾਂ ਅਪਰਾਧੀਆਂ ਨੂੰ ਸਾਡਾ ਸੰਦੇਸ਼ ਸਪੱਸ਼ਟ ਹੈ ਕਿ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਸੀਂ ਤੁਹਾਡੇ ਆਪਰੇਸ਼ਨਾਂ ਨੂੰ ਰੋਕਣ ਅਤੇ ਖ਼ਤਮ ਕਰਨ ਲਈ ਖ਼ੁਫ਼ੀਆ ਅਤੇ ਕੌਮਾਂਤਰੀ ਕਾਨੂੰਨ ਲਾਗੂ ਕਰਨ ਵਾਲੇ ਸਹਿਯੋਗ ਦੀ ਵਰਤੋਂ ਕਰ ਰਹੇ ਹਾਂ।" ਨੈਸ਼ਨਲ ਕ੍ਰਾਈਮ ਏਜੰਸੀ ਮੁਤਾਬਕ ਬਰਤਾਨੀਆਂ ਕੋਕੀਨ ਲਈ ਯੂਰਪ ਦੇ ਸੱਭ ਤੋਂ ਵੱਡੇ ਬਾਜ਼ਾਰਾਂ ਵਿਚੋਂ ਇਕ ਹੈ। ਬਰਤਾਨੀਆਂ ਸਰਕਾਰ ਦਾ ਕਹਿਣਾ ਹੈ ਕਿ ਇੰਗਲੈਂਡ ਅਤੇ ਵੇਲਜ਼ ਵਿਚ ਕੋਕੀਨ ਨਾਲ ਹੋਣ ਵਾਲੀਆਂ ਮੌਤਾਂ ਵਿਚ 2022 ਅਤੇ 2023 ਵਿਚਾਲੇ 31 ਫ਼ੀ ਸਦੀ ਦਾ ਵਾਧਾ ਹੋਇਆ ਹੈ।

# ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਵੱਧ ਸਕਦੀਆਂ ਨੇ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ

ਚੰਡੀਗੜ੍ਹ, 29 ਜੂਨ (ਚ.ਨ.ਸ.): ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਨੇ ਸ਼ਨਿੱਚਰਵਾਰ ਨੂੰ ਇਸ ਮਾਮਲੇ 'ਚ ਆਪਣੇ ਬਿਆਨ ਦਰਜ ਕਰਵਾਏ। ਨਿਰੰਜਨ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਪੁਲਿਸ ਦੀ ਐੱਫਆਈਆਰ ਵਿਚ ਮਜੀਠੀਆ ਦਾ ਨਾਂ ਨਹੀਂ ਸੀ ਪਰ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਉਨ੍ਹਾਂ ਦਾ ਨਾਂ ਸਾਹਮਣੇ ਆਇਆ ਸੀ। ਬਾਅਦ 'ਚ ਜਦੋਂ ਉਨ੍ਹਾਂ ਨੇ ਵਿੱਤੀ ਪਹਿਲੂਆਂ ਦੀ ਜਾਂਚ ਕੀਤੀ ਤਾਂ ਕਈ ਚੀਜ਼ਾਂ ਸਾਹਮਣੇ ਆਈਆਂ। ਇਸ ਮਾਮਲੇ 'ਚ ਵਿਜੀਲੈਂਸ ਬਿਊਰੋ ਹੁਣ ਮਜੀਠੀਆ ਦੇ ਪੀਏ ਨੂੰ ਸੰਮਨ ਦੇ ਕੇ ਤਲਬ ਕਰਨ ਜਾ ਰਿਹਾ ਹੈ। ਨਾਲ ਹੀ ਬਰਖ਼ਾਸਤ ਅਰਜੁਨ ਐਵਾਰਡੀ ਡੀਐੱਸਪੀ ਜਗਦੀਸ਼ ਸਿੰਘ ਭੋਲਾ ਤੇ ਮਾਮਲੇ ਵਿਚ ਸ਼ਾਮਲ ਬਿੱਟੂ ਔਲਖ ਨੂੰ ਵੀ ਪੁੱਛਗਿੱਛ ਲਈ ਛੇਤੀ ਬੁਲਾਇਆ ਜਾ ਸਕਦਾ ਹੈ। ਨਿਰੰਜਨ ਸਿੰਘ ਲਗਭਗ ਇਕ ਵਜੇ ਵਿਜੀਲੈਂਸ ਬਿਊਰੋ ਪੁੱਜੇ। ਉਹ ਵਿਜੀਲੈਂਸ ਬਿਊਰੋ 'ਚ ਲਗਭਗ ਦੋ ਘੰਟੇ ਰਹੇ। ਸੂਤਰਾਂ ਮੁਤਾਬਕ



ਈਡੀ ਦੇ ਸਾਬਕਾ ਡਾਇਰੈਕਟਰ ਨਿਰੰਜਨ ਸਿੰਘ ਨੇ ਵਿਜੀਲੈਂਸ ਨੂੰ ਦੱਸਿਆ ਕਿ ਜਗਜੀਤ ਸਿੰਘ ਚਹਿਲ ਤੇ ਬਿੱਟੂ ਔਲਖ ਨਸ਼ੇ ਦੇ ਕਾਰੋਬਾਰ 'ਚ ਸ਼ਾਮਲ ਸਨ ਤੇ ਉਨ੍ਹਾਂ ਦੇ ਕੈਨੇਡਾ ਤੱਕ ਗਾਹਕ ਸਨ। ਅਜਿਹਾ ਹੀ ਇਕ ਗਾਹਕ ਪਰਮਿੰਦਰ ਸਿੰਘ ਪਿੰਡੀ ਸੀ, ਜਿਹੜਾ ਸਤਪ੍ਰੀਤ ਸਿੰਘ ਸੱਤਾ ਦਾ ਨੇੜਲਾ ਸਾਥੀ ਹੈ। ਸੱਤਾ ਤੇ ਮਜੀਠੀਆ ਦੋਸਤ ਹਨ ਤੇ ਮਜੀਠੀਆ ਵੱਲੋਂ ਸੱਤਾ ਨੂੰ ਮੁਹੱਈਆ ਕਰਵਾਏ ਗਏ ਸੁਰੱਖਿਆ ਮੁਲਾਜ਼ਮ ਸਣੇ ਉਹ ਇੱਕ-ਦੂਜੇ ਦੀ ਮਹਿਮਾਨ-ਨਿਵਾਜ਼ੀ ਦਾ ਲੁਤਫ਼ ਲੈਂਦੇ ਸਨ। ਚਹਿਲ ਤੇ ਬਿੱਟੂ ਔਲਖ ਗਰੁੱਪ ਦਾ ਪਿੰਡੀ ਤੇ ਸੱਤਾ ਨਾਲ ਉਨ੍ਹਾਂ ਨੂੰ ਸਪਲਾਈ ਕੀਤੀ ਗਈ ਦਵਾਈ ਦੀ ਗੁਣਵੱਤਾ ਦੇ ਮਾਪਦੰਡ ਬਾਰੇ ਝਗੜਾ ਹੋਇਆ ਸੀ। ਉਸ ਝਗੜੇ ਨੂੰ ਮਜੀਠੀਆ ਨੇ ਹੱਲ ਕਰਵਾਇਆ ਸੀ। ਉਸ ਤੋਂ ਬਾਅਦ ਜਗਜੀਤ ਚਹਿਲ ਨੇ ਨਿਆਮ ਅਤੇ ਮਜੀਠੀਆ ਦੇ ਪੀਏ ਸਾਹਮਣੇ ਕਰੋੜਾਂ ਦੀ ਰਕਮ ਦਾ ਭੁਗਤਾਨ ਕੀਤਾ ਸੀ। ਨਿਰੰਜਨ ਸਿੰਘ ਨੇ ਕਿਹਾ ਕਿ ਅੱਜ ਦੀ ਗੱਲ ਕੀਤੀ, ਜਿਸ ਨਾਲ ਉਨ੍ਹਾਂ ਮਾਮਲੇ ਦੀ ਜਾਂਚ ਸਨ ਤੇ ਇਸ ਮਾਮਲੇ 'ਚ ਨਹੀਂ ਸਗੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਹੈ ਪਰ ਗਵਾਹੀ ਉਹੀ ਹੈ, ਇਸ ਲਈ ਬਿਆਨ ਦਰਜ ਕਰਨ ਲਈ ਬੁਲਾਇਆ ਗਿਆ ਸੀ। ਇਸ ਮਾਮਲੇ 'ਚ 68 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ 17 ਲੋਕਾਂ ਨੂੰ ਸਜ਼ਾ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪੁੱਛਗਿੱਛ ਵਿਚ ਭੋਲਾ ਤੇ ਹੋਰਨਾਂ ਮੁਲਜ਼ਮਾਂ ਤੋਂ ਮਜੀਠੀਆ ਬਾਰੇ ਕੀ ਜਾਣਕਾਰੀ ਮਿਲੀ, ਇਸ ਦੀ ਜਾਣਕਾਰੀ ਉਨ੍ਹਾਂ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮੇਰੀ ਜਾਂਚ ਤੇ ਸਟੇਟਮੈਂਟ ਅਦਾਲਤ ਵਿਚ ਹੈ। ਵਿਜੀਲੈਂਸ ਅਧਿਕਾਰੀਆਂ ਨੇ ਕਿਹਾ ਕਿ ਉਹ ਅਦਾਲਤ ਤੋਂ ਇਸ ਨੂੰ ਹਾਸਲ ਕਰ ਲੈਣਗੇ। ਉਨ੍ਹਾਂ ਕਿਹਾ ਕਿ ਮੇਰੀ ਜਾਂਚ ਦੀ ਰਿਪੋਰਟ ਦੇ ਆਧਾਰ 'ਤੇ ਹਾਈ ਕੋਰਟ ਵਿਚ ਰਿਪੋਰਟ ਦਾਖ਼ਲ ਕੀਤੀ ਗਈ ਸੀ, ਉਸੇ ਦੇ ਆਧਾਰ 'ਤੇ ਐੱਸਟੀਐੱਫ ਨੇ ਆਬਜ਼ਰਵੇਸ਼ਨ ਲਗਾ ਕੇ ਰਿਪੋਰਟ ਹਾਈ ਕੋਰਟ 'ਚ ਦਿੱਤੀ ਸੀ। ਹਾਈ ਕੋਰਟ ਨੇ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕਰਨ ਲਈ ਕਿਹਾ ਸੀ ਪਰ ਤਤਕਾਲੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। 2021 ਵਿਚ ਮੰਗੀ ਤੇ ਐੱਸਟੀਐੱਫ ਦੀ ਰਿਪੋਰਟ ਦੇ ਆਧਾਰ 'ਤੇ ਐੱਫਆਈਆਰ ਹੋਈ। ਵਿਜੀਲੈਂਸ ਨੇ ਇਹ ਨਵਾਂ ਮਾਮਲਾ ਦਰਜ ਕੀਤਾ ਹੈ। ਇਹ ਸਾਰੇ ਮਾਮਲੇ ਇਕ-ਦੂਜੇ ਨਾਲ ਜੁੜੇ ਹੋਏ ਹਨ।

# ਸਾਬਕਾ ਸਿਹਤ ਮੰਤਰੀ ਡਾ. ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮਿਲੀ ਕਲੀਨ ਚਿੱਟ

ਚੰਡੀਗੜ੍ਹ, 29 ਜੂਨ (ਚ.ਨ.ਸ.): ਪੰਜਾਬ ਦੇ ਸਾਬਕਾ ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਕਲੀਨ ਚਿੱਟ ਦੇ ਦਿੱਤੀ ਗਈ ਹੈ। ਹਾਲਾਂਕਿ, ਸਿੰਗਲਾ ਦੇ ਓਐੱਸਡੀ ਪ੍ਰਦੀਪ ਕੁਮਾਰ ਦੀ ਭੂਮਿਕਾ ਦੀ ਜਾਂਚ ਜਾਰੀ ਹੈ। ਇਹ ਮਾਮਲਾ 2022 'ਚ ਮੁਹਾਲੀ ਦੇ ਫੇਜ਼-8 ਪੁਲਿਸ ਸਟੇਸ਼ਨ 'ਚ ਦਰਜ ਕੀਤਾ ਗਿਆ ਸੀ, ਜਿਸ ਵਿਚ ਸਰਕਾਰੀ ਠੇਕਿਆਂ ਦੀ ਅਲਾਟਮੈਂਟ ਬਦਲੇ ਇਕ ਫ਼ੀਸਦ ਕਮਿਸ਼ਨ ਦੀ ਮੰਗ ਦਾ ਦੋਸ਼ ਲਗਾਇਆ ਗਿਆ ਸੀ। ਪੁਲਿਸ ਨੇ ਹਾਲ ਹੀ 'ਚ ਅਦਾਲਤ 'ਚ ਇਕ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਮੁਲਜ਼ਮ ਖ਼ਿਲਾਫ਼ ਕਾਰਵਾਈ ਲਈ ਕੋਈ ਮਜ਼ਬੂਤ ਸਬੂਤ ਨਹੀਂ ਮਿਲੇ। ਪੁਲਿਸ ਸੂਤਰਾਂ ਅਨੁਸਾਰ, ਸ਼ਿਕਾਇਤਕਰਤਾ ਰਾਜਿੰਦਰ ਸਿੰਘ ਨੇ ਵੀ ਅਦਾਲਤ 'ਚ ਬਿਆਨ ਦੇ ਕੇ ਕਲੋਜ਼ਰ ਰਿਪੋਰਟ ਨਾਲ ਸਹਿਮਤੀ ਜਤਾਈ ਹੈ। ਹੁਣ ਮੁਹਾਲੀ ਦੀ ਇਕ ਅਦਾਲਤ 14 ਜੁਲਾਈ ਨੂੰ ਇਸ ਰਿਪੋਰਟ 'ਤੇ ਆਖ਼ਰੀ ਫ਼ੈਸਲਾ ਲਵੇਗੀ। ਹਾਲਾਂਕਿ, ਪੁਲਿਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਓਐੱਸਡੀ ਪ੍ਰਦੀਪ ਕੁਮਾਰ ਦੀ ਭੂਮਿਕਾ ਦੀ ਜਾਂਚ ਅਜੇ ਵੀ ਜਾਰੀ ਹੈ, ਭਾਵੇਂ ਉਨ੍ਹਾਂ ਖ਼ਿਲਾਫ਼ ਪਹਿਲਾਂ ਹੀ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ। ਇਹ ਸ਼ਿਕਾਇਤ ਰਾਜਿੰਦਰ ਸਿੰਘ ਨੇ ਦਰਜ ਕਰਵਾਈ ਸੀ, ਜੋ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ 'ਚ ਡੈਪੂਟੇਸ਼ਨ 'ਤੇ ਕੰਮ ਕਰ ਰਹੇ ਇਕ ਸਰਕਾਰੀ ਇੰਜੀਨੀਅਰ ਸਨ। ਸ਼ਿਕਾਇਤ ਅਨੁਸਾਰ, ਮਈ 2022 'ਚ ਉਨ੍ਹਾਂ ਨੂੰ ਪੰਜਾਬ ਭਵਨ ਬੁਲਾਇਆ ਗਿਆ, ਜਿੱਥੇ ਉਨ੍ਹਾਂ ਦੀ ਮੁਲਾਕਾਤ ਤਤਕਾਲੀ ਸਿਹਤ ਮੰਤਰੀ ਵਿਜੇ ਸਿੰਗਲਾ ਤੇ ਉਨ੍ਹਾਂ ਦੇ ਓਐੱਸਡੀ ਪ੍ਰਦੀਪ ਕੁਮਾਰ ਨਾਲ ਹੋਈ। ਰਾਜਿੰਦਰ ਸਿੰਘ ਅਨੁਸਾਰ, ਪ੍ਰਦੀਪ ਕੁਮਾਰ ਨੇ 58 ਕਰੋੜ ਰੁਪਏ ਦੇ ਕੰਮਾਂ ਦੇ ਠੇਕੇ 'ਚੋਂ 2 ਫ਼ੀਸਦ ਕਮਿਸ਼ਨ—ਲਗਭਗ 1.16 ਕਰੋੜ ਰੁਪਏ ਦੀ ਮੰਗ ਕੀਤੀ, ਜਿਸ ਵਿੱਚੋਂ 17 ਕਰੋੜ ਰੁਪਏ ਦੇ ਕੰਮ ਪਹਿਲਾਂ ਹੀ ਠੇਕੇਦਾਰਾਂ ਨੂੰ ਦਿੱਤੇ ਜਾ ਚੁੱਕੇ ਸਨ।



# ਸਾਬਕਾ ਮੁੱਖ ਮੰਤਰੀ ਚੰਨੀ ਦੇ ਯਤਨਾਂ ਸਦਕਾ ਆਦਮਪੁਰ ਹਵਾਈ ਅੱਡੇ ਤੋਂ ਹੁਣ ਮੁੰਬਈ ਦੇ ਲਈ ਘਰੇਲੂ ਉਡਾਣਾਂ ਦੀ ਸ਼ੁਰੂਆਤ

ਜਲੰਧਰ, 29 ਜੂਨ (ਚ.ਨ.ਸ.): ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਯਤਨਾਂ ਸਦਕਾ ਆਦਮਪੁਰ ਹਵਾਈ ਅੱਡੇ ਤੋਂ ਹੁਣ ਮੁੰਬਈ ਦੇ ਲਈ ਘਰੇਲੂ ਉਡਾਣਾਂ ਦੀ ਸ਼ੁਰੂਆਤ ਹੋ ਰਹੀ ਹੈ ਤੇ 2 ਜੁਲਾਈ ਨੂੰ ਇੱਥੋਂ ਮੁੰਬਈ ਲਈ ਪਹਿਲੀ ਫਲਾਈਟ ਉੱਡੇਗੀ।



ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਦੀ ਆਵਾਜਾਈ ਵਧਾਉਣ ਦੇ ਲਈ ਉਨ੍ਹਾਂ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਤੇ ਇਸ ਸਬੰਧੀ ਉਨ੍ਹਾਂ ਵੱਲੋਂ ਲੋਕ ਸਭਾ ਵਿੱਚ ਵੀ ਮੁੱਦਾ ਚੁੱਕਿਆ ਗਿਆ ਜਦ ਕਿ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨਾਲ ਵੀ ਮੁਲਾਕਾਤ ਕਰਕੇ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਮੰਗ ਕੀਤੀ ਗਈ, ਜਿਸ ਤੋਂ ਬਾਅਦ ਹੁਣ ਆਦਮਪੁਰ ਦੇ ਹਵਾਈ ਅੱਡੇ ਤੋਂ ਮੁੰਬਈ ਲਈ ਫਲਾਈਟ ਨੂੰ ਮਨਜ਼ੂਰੀ ਮਿਲ ਗਈ ਹੈ। ਚੰਨੀ ਨੇ ਦੱਸਿਆ ਕਿ ਆਦਮਪੁਰ ਹਵਾਈ ਅੱਡੇ ਤੋਂ ਇੰਡੀਗੋ ਏਅਰਲਾਈਨ ਦੇ ਕਾਊਂਟਰ ਨੰਬਰ 3,4 ਅਤੇ 5 ਤੋਂ ਰੋਜ਼ਾਨਾ ਲਈ ਇਹ ਸੇਵਾ 2 ਜੁਲਾਈ ਤੋਂ ਸ਼ੁਰੂ ਹੋਵੇਗੀ ਅਤੇ ਮੁੰਬਈ ਤੋਂ ਇੰਡੀਗੋ ਏਅਰਲਾਈਨ ਦੀ ਫਲਾਈਟ ਨੰਬਰ 6 ਈ 5931 ਜੋ ਕਿ 12.55 ਵਜੇ ਉਡਾਨ ਭਰੇਗੀ ਤੇ 15.55 ਵਜੇ ਆਦਮਪੁਰ ਪਹੁੰਚੇਗੀ ਜਦ ਕਿ ਆਦਮਪੁਰ ਤੋਂ ਫਲਾਈਟ ਨੰਬਰ 6ਈ 5932 ਸ਼ਾਮ 15.50 ਵਜੇ ਉਡਾਨ ਭਰੇਗੀ ਤੇ 18.30 ਵਜੇ ਮੁੰਬਈ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਜਿਸਦੇ ਲਈ ਆਦਮਪੁਰ ਅਥਾਰਟੀ ਵੱਲੋਂ ਇੰਡੀਗੋ ਏਅਰਲਾਈਨ ਨੂੰ ਦਫ਼ਤਰ ਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਅਲਾਟ ਕਰ ਦਿੱਤੀਆਂ ਹਨ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਤੋਂ ਇਲਾਵਾ ਜੈਪੁਰ ਅਤੇ ਦਿੱਲੀ ਦੇ ਲਈ ਵੀ ਸਟਾਰ ਏਅਰਲਾਈਨ ਦੀ ਸੇਵਾ ਸ਼ੁਰੂ ਕਰਨ ਦੀ ਮੰਗ ਰੱਖੀ ਗਈ ਹੈ। ਉਨ੍ਹਾਂ ਇਸ ਦੇ ਲਈ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਦਾ ਧੰਨਵਾਦ ਕੀਤਾ ਹੈ ਤੇ ਕਿਹਾ ਕਿ ਇਨ੍ਹਾਂ ਫਲਾਈਟਾਂ ਨਾਲ ਇਸ ਖੇਤਰ ਦੇ ਲੋਕਾਂ ਨੂੰ ਜਿੱਥੇ ਕਿ ਹਵਾਈ ਸਫਰ ਦੀ ਵੱਡੀ ਸੁਵਿਧਾ ਮਿਲੇਗੀ, ਉੱਥੇ ਹੀ ਇਹ ਫਲਾਈਟਾਂ ਇਸ ਖੇਤਰ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਣ ਦੇ ਨਾਲ ਨਾਲ ਸਾਰੇ ਦੋਆਬੇ ਦੇ ਵਪਾਰੀਆਂ ਲਈ ਲਾਭਦਾਇਕ ਸਾਬਤ ਹੋਣਗੀਆਂ।

# ਸਾਈਬਰ ਅਪਰਾਧੀਆਂ ਨੇ ਮਹਿਲਾ ਡਾਕਟਰ ਨੂੰ ਡਿਜੀਟਲ ਅਰੈਸਟ 'ਚ ਰੱਖ ਕੇ 3 ਕਰੋੜ ਠੱਗੇ

ਮੁੰਬਈ, 29 ਜੂਨ (ਚ.ਨ.ਸ.): ਸਾਈਬਰ ਅਪਰਾਧੀਆਂ ਨੇ 70 ਸਾਲਾ ਮਹਿਲਾ ਡਾਕਟਰ ਨੂੰ ਅੱਠ ਦਿਨਾਂ ਤੱਕ ਡਿਜੀਟਲ ਅਰੈਸਟ 'ਚ ਰੱਖਿਆ ਅਤੇ ਉਸ ਤੋਂ ਤਿੰਨ ਕਰੋੜ ਰੁਪਏ ਠੱਗ ਲਏ। ਅਪਰਾਧੀਆਂ ਨੇ ਉਨ੍ਹਾਂ 'ਤੇ ਮਨੀ ਲਾਂਡ੍ਰਿੰਗ ਦੇ ਮਾਮਲੇ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਪਿਛਲੇ ਮਹੀਨੇ ਪੀੜਤਾ ਨੂੰ ਇਕ ਵਿਅਕਤੀ ਦਾ ਫੋਨ ਆਇਆ, ਜਿਸ ਨੇ ਆਪਣੇ ਆਪ ਨੂੰ ਦੂਰਸੰਚਾਰ ਵਿਭਾਗ ਦਾ ਮੁਲਾਜ਼ਮ ਅਮਿਤ ਕੁਮਾਰ ਦੱਸਿਆ। ਉਸ ਨੇ ਦੱਸਿਆ ਕਿ ਉਸ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਕੇ ਇਕ ਸਿਮ ਖ਼ਰੀਦੀ ਗਈ ਹੈ ਜੋ ਅਪਰਾਧਕ ਗਤੀਵਿਧੀਆਂ ਵਿਚ ਵਰਤੀ ਜਾ ਰਹੀ ਹੈ। ਇਸ ਤੋਂ ਬਾਅਦ, ਉਸਨੂੰ ਸਮਾਧਾਨ ਪਵਾਰ ਨਾਮਕ ਇਕ ਵਿਅਕਤੀ ਦਾ ਫੋਨ ਆਇਆ। ਉਸਨੇ ਆਪਣੇ ਆਪ ਨੂੰ ਕ੍ਰਾਈਮ ਬ੍ਰਾਂਚ ਦਾ ਅਧਿਕਾਰੀ ਦੱਸਿਆ ਅਤੇ ਪੀੜਤ ਨੂੰ ਦੱਸਿਆ ਕਿ ਉਸਦੇ ਬੈਂਕ ਖਾਤੇ ਅਤੇ ਡੈਬਿਟ ਕਾਰਡ ਦਾ ਵੇਰਵਾ ਇਕ ਏਅਰਲਾਈਨ ਕੰਪਨੀ ਦੇ ਮਾਲਕ ਦੇ ਘਰ 'ਤੇ ਛਾਪੇ ਵਿਚ ਮਿਲਿਆ ਹੈ, ਜਿਸਨੂੰ ਪਹਿਲਾਂ ਮਨੀ ਲਾਂਡਰਿੰਗ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਸਮੇਂ ਉਹ ਜ਼ਮਾਨਤ 'ਤੇ ਬਾਹਰ ਹੈ। ਦੋਸ਼ੀ ਨੇ ਉਨ੍ਹਾਂ ਨੂੰ ਕਈ ਦਸਤਾਵੇਜ਼ ਭੇਜੇ ਅਤੇ ਦਾਅਵਾ ਕੀਤਾ ਕਿ ਇਹ ਸੀਬੀਆਈ, ਈਡੀ ਅਤੇ ਆਰਬੀਆਈ ਵਰਗੀਆਂ ਜਾਂਚ ਏਜੰਸੀਆਂ ਤੋਂ ਹਨ। ਬਾਅਦ ਵਿੱਚ, ਪੁਲਿਸ ਦੀ ਵਰਦੀ ਵਿਚ ਇਕ ਵਿਅਕਤੀ ਨੇ ਵੀਡੀਓ ਕਾਲ 'ਤੇ ਉਸਦੇ ਪਤੀ ਨਾਲ ਗੱਲ ਕੀਤੀ, ਜਿਸ ਨਾਲ ਉਸਨੂੰ ਮਾਮਲੇ ਬਾਰੇ ਯਕੀਨ ਹੋ ਗਿਆ। ਫਿਰ ਉਸਨੂੰ ਅੱਠ ਦਿਨਾਂ ਲਈ ਡਿਜੀਟਲ ਗ੍ਰਿਫ਼ਤਾਰੀ ਵਿਚ ਰੱਖਿਆ ਗਿਆ। ਇਸ ਦੌਰਾਨ, ਉਸਨੂੰ ਹਰ ਘੰਟੇ ਉਨ੍ਹਾਂ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ। ਡਰ ਦੇ ਮਾਰੇ, ਉਸਨੇ ਵੱਖ-ਵੱਖ ਬੈਂਕ ਖਾਤਿਆਂ ਵਿਚ ਤਿੰਨ ਕਰੋੜ ਰੁਪਏ ਟ੍ਰਾਂਸਫਰ ਕਰ ਦਿੱਤੇ।

# ਪੁਲਿਸ ਮੁਕਾਬਲੇ ਦੌਰਾਨ ਇੱਕ ਕਥਿਤ ਦੋਸ਼ੀ ਦੀ ਲੱਤ 'ਚ ਗੋਲੀ ਵੱਜੀ

ਚੌਕ ਮਹਿਤਾ, 29 ਜੂਨ (ਬਲਜਿੰਦਰ ਸਿੰਘ ਰੰਧਾਵਾ): ਅੱਜ ਸ਼ਾਮ ਤਕਰੀਬਨ 6 ਵਜੇ ਮਹਿਤਾ ਚੌਕ ਦੇ ਨੇੜਲੇ ਪਿੰਡ ਚੰਨਣਕੇ ਦੀ ਡਰੇਨ 'ਤੇ ਹੋਏ ਪੁਲਿਸ ਮੁਕਾਬਲਾ ਹੋਇਆ, ਜਿਸ ਵਿੱਚ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਸੋਨੀ ਸਿੰਘ ਉਰਫ ਸੋਨੂੰ ਪੁੱਤਰ ਨਿਰਮਲ ਸਿੰਘ ਪਿੰਡ ਤਨੇਲ ਥਾਣਾ ਮੱਤੇਵਾਲ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ।



ਇਸ ਸਮੇਂ ਮੌਕਾ-ਏ-ਵਾਰਦਾਤ ਉੱਪਰ ਪਹੁੰਚੇ ਐਸ ਪੀ ਸ੍ਰੀ ਅਦਿੱਤਿਆ ਵਾਰੀਅਰ, ਡੀਐਸਪੀ ਰਵਿੰਦਰ ਸਿੰਘ ਤੇ ਐਸਐਚਓ ਮਹਿਤਾ ਚੌਕ ਹਰਪਾਲ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਹਥਿਆਰਾਂ ਦੀ ਬਰਾਮਦਗੀ ਵਾਸਤੇ ਜਦ ਇਸ ਡਰੇਨ 'ਤੇ ਲਿਆਂਦਾ ਗਿਆ ਤਾਂ ਉਸਨੇ ਲੁਕਾ ਕੇ ਰੱਖੇ ਗਏ ਪਿਸਤੌਲ ਨਾਲ ਪੁਲਿਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਕਥਿਤ ਦੋਸ਼ੀ ਸੋਨੀ ਸਿੰਘ ਦੀ ਖੱਬੀ ਲੱਤ ਵਿੱਚ ਗੋਲੀ ਵੱਜੀ। ਪੁਲਿਸ ਵੱਲੋਂ ਉਸ ਨੂੰ ਗ੍ਰਿਫਤਾਰ ਕਰਕੇ ਬਾਬਾ ਬਕਾਲਾ ਸਾਹਿਬ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਭੇਜਿਆ ਜਾ ਚੁੱਕਾ ਹੈ। ਉਹਨਾਂ ਨੇ ਦੱਸਿਆ ਕਿ ਦੋਸ਼ੀ ਸੋਨੀ ਸਿੰਘ ਨੂੰ ਕੁਝ ਦਿਨ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਕੋਲੋਂ ਇੱਕ ਬੱਤੀ ਬੋਰ ਦਾ ਪਿਸਟਲ, ਦੋ ਜ਼ਿੰਦਾ ਰੌਂਦ ਅਤੇ 262 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਉਹਨਾਂ ਦੱਸਿਆ ਕਿ ਇਸੇ ਦੋਸ਼ੀ ਸੋਨੀ ਸਿੰਘ ਨੇ ਪਿੰਡ ਰਾਮ ਦੀਵਾਲੀ ਦੇ ਇੱਕ ਮੈਡੀਕਲ ਸਟੋਰ 'ਤੇ ਵੀ ਗੋਲੀਆਂ ਚਲਾਈਆਂ ਸਨ। ਪੁੱਛ ਗਿੱਛ ਦੌਰਾਨ ਸੋਨੀ ਸਿੰਘ ਨੇ ਦੱਸਿਆ ਕਿ ਉਸ ਨੇ ਇੱਕ ਪਿਸਟਲ ਲੁਕਾ ਕੇ ਰੱਖਿਆ ਹੋਇਆ ਹੈ। ਅੱਜ ਸ਼ਾਮ ਤਕਰੀਬਨ 6 ਵਜੇ ਜਦ ਉਸ ਹਥਿਆਰ ਦੀ ਬਰਾਮਦਗੀ ਵਾਸਤੇ ਪੁਲਿਸ ਪਾਰਟੀ ਦੋਸ਼ੀ ਨੂੰ ਨਾਲ ਲੈ ਕੇ ਚੰਨਣ ਕੇ ਪਿੰਡ ਦੇ ਨੇੜਲੀ ਡਰੇਨ 'ਤੇ ਪੁੱਜੀ ਤਾਂ ਝਾੜੀਆਂ ਵਿੱਚ ਲੁਕਾ ਕੇ ਰੱਖੇ ਗਏ ਉਸ ਪਿਸਟਲ ਨਾਲ ਸੋਨੀ ਸਿੰਘ ਨੇ ਕਥਿਤ ਤੌਰ 'ਤੇ ਪੁਲਿਸ ਪਾਰਟੀ ਉਪਰ ਫਾਇਰਿੰਗ ਕਰ ਦਿੱਤੀ ਜਿਸ ਦੇ ਜਵਾਬ ਵਜੋਂ ਚਲਾਈਆਂ ਗੋਲੀਆਂ ਦੌਰਾਨ ਦੋਸ਼ੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਤੇ ਉਸ ਨੂੰ ਇਸ ਵੇਲੇ ਬਾਬਾ ਬਕਾਲਾ ਸਾਹਿਬ ਦੇ ਸਰਕਾਰੀ ਹਸਪਤਾਲ ਵਿੱਚ ਭੇਜ ਕੇ ਉਸ ਦਾ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਬ ਇੰਸਪੈਕਟਰ ਰਵਨ ਕੁਮਾਰ, ਏਐਸ ਆਈ ਦਲਜੀਤ ਸਿੰਘ, ਨਵਜਿੰਦਰ ਸਿੰਘ, ਗੁਰਸਾਹਿਬ ਸਿੰਘ ਤੇ ਹੋਰ ਵੀ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਦੇ ਵਿਦਿਆਰਥੀਆਂ ਨੇ ਲਗਾਇਆ ਵਿਸ਼ੇਸ਼ ਦਸ ਰੋਜ਼ਾ ਐੱਨ.ਸੀ.ਸੀ. ਕੈਂਪ



ਬੰਗਾ, 29 ਜੂਨ (ਪ੍ਰਭਜੋਤ ਸਿੰਘ): ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੇ ਐੱਨ.ਸੀ.ਸੀ. ਵਿੰਗ ਦੇ ਕੈਡਿਟਾਂ ਨੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 8 ਪੰਜਾਬ ਐੱਨ. ਸੀ. ਸੀ. ਬਟਾਲੀਅਨ ਫਗਵਾੜਾ ਵੱਲੋਂ ਆਯੋਜਿਤ ਕੀਤੇ ਦਸ ਰੋਜ਼ਾ ਸੀ.ਏ.ਟੀ.ਸੀ. ਕੈਂਪ ਵਿੱਚ ਭਾਗ ਲਿਆ। ਐੱਨ.ਸੀ.ਸੀ. ਵਿਭਾਗ ਦੇ ਇੰਚਾਰਜ ਲੈਫਟੀਨੈਂਟ (ਡਾ.) ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮਿਤੀ 17 ਜੂਨ ਤੋਂ 26 ਜੂਨ ਤੱਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ ਕੀਤੇ ਇਸ ਕੈਂਪ 'ਚ ਲਗਭਗ 25 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਪੂਰੇ ਸਿਖਲਾਈ ਕੈਂਪ ਦੌਰਾਨ ਆਪਣੇ ਸਮਰਪਣ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਨੌਜਵਾਨ ਕੈਡਿਟਾਂ ਨੂੰ ਜ਼ਰੂਰੀ ਫੌਜੀ ਸਿਖਲਾਈ ਦੇ ਹੁਨਰ ਜਿਵੇਂ ਕਿ ਡਰਿੱਲ, ਫਾਇਰਿੰਗ, ਸਰੀਰਕ ਸਿਖਲਾਈ (ਪੀ.ਟੀ.) ਅਤੇ ਯੋਗਾ ਆਦਿ ਦੀ ਸਿਖਲਾਈ ਦੇਣਾ ਹੈ ਤਾਂ ਜੋ ਇਹ ਵਿਦਿਆਰਥੀ ਭਵਿੱਖ ਅੰਦਰ ਸੈਨਾ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ। ਕੈਂਪ ਦੌਰਾਨ ਮਾਹਰਾਂ ਵੱਲੋਂ ਕੈਡਿਟਾਂ ਨੂੰ ਪ੍ਰੇਰਨਾਦਾਇਕ ਲੈਕਚਰ ਵੀ ਦਿੱਤੇ ਗਏ। ਕੈਂਪ ਦੇ ਸਮਾਪਨ ਸਮਾਰੋਹ 'ਤੇ ਕੈਡਿਟਾਂ ਨੂੰ ਪ੍ਰਮਾਣ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ ਤੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਵੱਲੋਂ ਪ੍ਰਮਾਣ ਪੱਤਰ ਪ੍ਰਾਪਤ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਵੀ ਦਿੱਤੀ ਗਈ।

# ਗੁਰਦੁਆਰਾ ਸ੍ਰੀ ਬੁਰਜ ਸਾਹਿਬ ਵਿਖੇ ਨਵੀਂ ਇਮਾਰਤ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ

ਧਾਰੀਵਾਲ, 29 ਜੂਨ (ਅਸ਼ੋਕ ਕੁਮਾਰ): ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਨਵੇਂ ਗੁਰਦੁਆਰਾ ਸਾਹਿਬ ਜੀ ਦੀ ਕਾਰ ਸੇਵਾ 27 ਸਤੰਬਰ 2015 ਨੂੰ ਗੁਰੂ ਕੇ ਬਾਗ ਵਾਲੇ ਮਹਾਂਪੁਰਸ਼ ਬਾਬਾ ਜਗੀਰ ਸਿੰਘ ਅਤੇ ਬਾਬਾ ਜੋਗਾ ਸਿੰਘ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਹੋਈ ਸੀ ਜੋਕਿ ਕਰੀਬ 10 ਸਾਲ ਬਾਅਦ ਪੂਰੀ ਹੋਣ ਉਪਰੰਤ ਅੱਜ ਗੁਰਦੁਆਰਾ ਸਾਹਿਬ ਜੀ ਦੀ ਨਵੀਂ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਜਿਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਗੁਰਦੁਆਰਾ ਕਮੇਟੀ ਮੈਂਬਰ ਜੱਥੇਦਾਰ ਸੁੱਚਾ ਸਿੰਘ ਲੰਗਾਹ, ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ, ਸੁਰਜੀਤ ਸਿੰਘ ਭਿੱਟੇਵਿੱਡ ਤੋਂ ਇਲਾਵਾ ਹੋਰ ਧਾਰਮਿਕ ਸ਼ਖਸੀਅਤਾਂ ਨੇ ਨਵੀਂ ਬਣੇ ਗੁਰੂ ਘਰ ਦੀ ਸੰਗਤਾਂ ਅਤੇ



ਕਾਰ ਸੇਵਾ ਵਾਲੇ ਬਾਬਿਆਂ ਨੂੰ ਵਧਾਈ ਦਿੱਤੀ। ਪਹਿਲੇ ਗੁਰੂ ਸਥਾਨ 'ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਨਵੇਂ ਗੁਰੂ ਘਰ ਵਿੱਚ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਧਾਰੀਵਾਲ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਜਦਕਿ 11.00 ਵਜੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ-ਘਰ ਦੀ ਨਵੀਂ ਇਮਾਰਤ ਵਿੱਚ ਲਿਆ ਕੇ ਸੁਸ਼ੋਭਿਤ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ 'ਚ ਪਹੁੰਚੀਆਂ ਸੰਗਤਾਂ ਵਾਸਤੇ ਗੁਰਦੁਆਰਾ ਬੇਬੇ ਨਾਨਕੀ ਧਾਰੀਵਾਲ ਵੱਲੋਂ ਦੇਸੀ ਘਿਓ ਦੀਆਂ ਜਲੇਬੀਆਂ ਦੇ ਲੰਗਰ, ਸਿੱਖ ਵੈਲਫੇਅਰ ਫਾਊਂਡੇਸ਼ਨ ਧਾਰੀਵਾਲ ਵੱਲੋਂ ਧਾਰਮਿਕ ਕਿਤਾਬਾਂ ਤੇ ਫਲਦਾਰ ਪੌਦਿਆਂ ਦੇ ਲੰਗਰ ਲਗਾਏ ਤੇ ਛੋਟੇ ਬੱਚਿਆਂ ਦੇ ਗੁਰਮਤਿ ਇਮਤਿਹਾਨ ਲਏ ਗਏ ਜਦਕਿ ਹੋਰ ਸੰਗਤਾਂ ਵੱਲੋਂ ਵੀ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ। ਇਸ ਮੌਕੇ 'ਤੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਗੁਰਇਕਬਾਲ ਸਿੰਘ ਮਾਹਲ, ਕੰਵਲਜੀਤ ਸਿੰਘ ਕਾਕੀ, ਸੁਖਜਿੰਦਰ ਸਿੰਘ ਸੌਨੂੰ ਲੰਗਾਹ, ਬਾਬਾ ਅਮਰੀਕ ਸਿੰਘ ਘੁੰਮਣਾਵਾਲੇ ਸਮੇਤ ਹੋਰ ਸ਼ਖਸੀਅਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਲਿਆ ਤੇ ਇਲਾਕੇ ਦੀਆਂ ਸੰਗਤਾਂ ਨੂੰ ਨਵੇਂ ਗੁਰੂ-ਘਰ ਦੀ ਵਧਾਈ ਦਿੱਤੀ। ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਸਮੇਤ ਸਮੁੱਚੇ ਪ੍ਰਬੰਧਕਾਂ ਵੱਲੋਂ ਪਹੁੰਚੀਆਂ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਡਾਕਟਰ ਗੁਰਜਿੰਦਰ ਸਿੰਘ, ਬਲਦੇਵ ਸਿੰਘ ਨਿਮਾਣਾ, ਬੀਬੀ ਸੁਖਵਿੰਦਰ ਕੌਰ ਬਾਜਵਾ, ਕੰਵਲਜੀਤ ਸਿੰਘ ਚਾਹਲ, ਕੁਲਬੀਰ ਸਿੰਘ ਰਿਆੜ, ਇੰਜ. ਜੇ. ਪੀ. ਸਿੰਘ, ਮੈਨੇਜਰ ਸੁਰਜੀਤ ਸਿੰਘ ਚਾਹਲ, ਜੱਥੇਦਾਰ ਨਿਰਵੈਰ ਸਿੰਘ, ਐਸ.ਡੀ.ਓ.ਲਖਵਿੰਦਰ ਸਿੰਘ ਪਨੂੰ, ਬਾਬਾ ਨਰਿੰਦਰ ਸਿੰਘ ਲੇਹਲ, ਧਰਮੀ ਫੌਜੀ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ, ਕੱਥਾ ਵਾਚਕ ਜਸਵਿੰਦਰ ਸਿੰਘ ਕਲੇਰ, ਹੈੱਡ ਗ੍ਰੰਥੀ ਗੁਰਦੇਵ ਸਿੰਘ ਕਲਿਆਣਪੁਰ, ਰੂਪ ਸਿੰਘ ਜਫਰਵਾਲ, ਡਾਕਟਰ ਸਤਨਾਮ ਸਿੰਘ, ਡਾਕਟਰ ਰਣਜੀਤ ਸਿੰਘ, ਪ੍ਰਧਾਨ ਅਮਰਜੀਤ ਸਿੰਘ ਹੈਪੀ, ਗੁਰਜੀਤ ਸਿੰਘ ਲੇਹਲ, ਪ੍ਰਿੰਸੀਪਲ ਹਰਦੀਪ ਸਿੰਘ, ਬਲਰਾਜ ਸਿੰਘ ਵਿਰਕ, ਸਰਵਨ ਸਿੰਘ ਸੇਵਕ ਆਦਿ ਹਾਜ਼ਰ ਸਨ।

# ਵਰਕ ਪਰਮਿਟ 'ਤੇ ਇੰਗਲੈਂਡ ਗਏ ਨੌਜਵਾਨ ਦੀ ਹੋਈ ਮੌਤ, ਪਿਛੋਂ ਪਰਿਵਾਰ ਦਾ ਰੋ-ਰੋ ਕੇ ਹੋਇਆ ਬੁਰਾ ਹਾਲ

ਕਾਹਨੂੰਵਾਨ, 29 ਜੂਨ (ਕੁਲਜੀਤ ਸਿੰਘ ਖੋਖਰ): ਆਪਣੇ ਪਰਿਵਾਰ ਦੇ ਉਜਵਲ ਭਵਿੱਖ ਦੇ ਲਈ 21 ਮਹੀਨੇ ਪਹਿਲਾਂ ਵਰਕ ਪਰਮਿਟ 'ਤੇ ਇੰਗਲੈਂਡ ਗਏ ਨੌਜਵਾਨ ਦੀ ਅਚਾਨਕ ਮੌਤ ਹੋ ਗਈ ਪਿਛੋਂ ਪ੍ਰੀਵਾਰ ਦਾ ਰੋ ਰੋ ਕੇ ਹੋਇਆ ਬੁਰਾ ਹਾਲ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲੜਕੇ ਦੇ ਪਿਤਾ ਠਾਕੁਰ ਲਖਬੀਰ ਸਿੰਘ ਵਾਸੀ ਕਾਹਨੂੰਵਾਨ ਨੇ ਦੱਸਿਆ ਕਿ ਕਿ ਉਸਦਾ 23 ਸਾਲਾ ਪੁੱਤਰ ਠਾਕੁਰ ਅਭਿਸ਼ੇਕ ਸਿੰਘ 21 ਮਹੀਨੇ ਪਹਿਲਾਂ ਪਰਿਵਾਰ ਦੇ ਬਿਹਤਰ ਭਵਿੱਖ ਦੇ ਲਈ ਵਰਕ ਪਰਮਿਟ ਉੱਪਰ ਇੰਗਲੈਂਡ ਗਿਆ ਸੀ। ਜਿੱਥੇ ਉਹ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਪੇਟ ਦਰਦ ਦੀ ਸ਼ਿਕਾਇਤ ਕਰ ਰਿਹਾ ਸੀ। ਉਸਨੇ ਇੰਗਲੈਂਡ ਦੇ ਡਾਕਟਰਾਂ ਦੇ ਕੋਲੋਂ ਚੈੱਕਅਪ ਵੀ ਕਰਵਾਇਆ ਪਰ ਵੀਰਵਾਰ ਨੂੰ ਉਸ ਦੀ ਹਾਲਤ ਅਚਾਨਕ ਜ਼ਿਆਦਾ ਵਿਗੜ ਗਈ। ਜਿਸ ਤੋਂ ਬਾਅਦ ਉਸ ਦੇ ਦੋਸਤ ਉਸ ਨੂੰ ਇਲਾਜ ਦੇ ਲਈ ਹਸਪਤਾਲ ਜਾਣ ਲਈ ਤਿਆਰੀਆਂ ਕਰ ਰਹੇ ਸਨ ਕਿ ਇਸੇ ਦੌਰਾਨ ਉਸ ਦੀ ਹਾਲਤ ਹੋਰ ਜ਼ਿਆਦਾ ਵਿਗੜਨ ਕਾਰਨ ਉਸਦੀ ਮੌਤ ਹੋ ਗਈ। ਨੌਜਵਾਨ ਅਭਿਸ਼ੇਕ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਦੱਸਿਆ ਜਾ ਰਿਹਾ ਹੈ। ਜਿਸ ਦੀ ਡੈੱਡ ਬਾਡੀ ਇੰਗਲੈਂਡ ਤੋਂ ਵਾਪਸ ਲਿਆਉਣ ਦੇ ਲਈ ਪਰਿਵਾਰ ਪੰਜਾਬ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਹੈ ਕਿ ਉਹਨਾਂ ਦੇ ਇਕਲੌਤੇ ਪੁੱਤਰ ਦੀ ਡੈੱਡ ਬਾਡੀ ਇੰਗਲੈਂਡ ਤੋਂ ਵਾਪਸ ਲਿਆਉਣ ਦੇ ਲਈ ਉਹਨਾਂ ਦੀ ਸਹਾਇਤਾ ਕੀਤੀ ਜਾਵੇ।



# ਜਮਹੂਰੀ ਕਿਸਾਨ ਸਭਾ ਵੱਲੋਂ ਪਿੰਡ ਬੱਚੀਵਿੰਡ ਵਿਖੇ 11 ਮੈਂਬਰੀ ਨਵੀਂ ਇਕਾਈ ਦਾ ਗਠਨ



ਚੋਗਾਵਾਂ, 29 ਜੂਨ (ਸੁਬੇਗ ਸਿੰਘ ਸੋਨਾ): ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਬੱਚੀਵਿੰਡ ਵਿਖੇ 11 ਮੈਂਬਰੀ ਨਵੀਂ ਇਕਾਈ ਦਾ ਗਠਨ ਪੰਜਾਬ ਪ੍ਰਧਾਨ ਸਤਨਾਮ ਸਿੰਘ ਅਜਨਾਲਾ ਤੇ ਮੁਖਤਾਰ ਸਿੰਘ ਮੁਹਾਵਾ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਸਰਬ ਸੰਮਤੀ ਨਾਲ ਹਰਜਿੰਦਰ ਸਿੰਘ ਪ੍ਰਧਾਨ, ਜਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ, ਜੱਜਬੀਰ ਸਿੰਘ ਮੀਤ ਪ੍ਰਧਾਨ, ਲੱਖਾ ਸਿੰਘ ਖਜ਼ਾਨਚੀ, ਸ਼ੇਰਾ ਸਿੰਘ ਮੀਤ ਸਕੱਤਰ, ਕਰਮ ਸਿੰਘ ਸ਼ਾਹ ਜੁਇੰਟ ਸਕੱਤਰ, ਸੰਤੋਖ ਸਿੰਘ ਮੀਤ ਖਜ਼ਾਨਚੀ, ਬਲਬੀਰ ਸਿੰਘ ਪ੍ਰੈਸ ਸਕੱਤਰ, ਨਿਰਮਲ ਸਿੰਘ ਮੈਂਬਰ, ਗੁਰਲਾਲ ਸਿੰਘ ਮੈਂਬਰ ਤੇ ਬਲਵਿੰਦਰ ਸਿੰਘ ਮੈਂਬਰ ਨਿਯੁਕਤ ਕੀਤੇ ਗਏ। ਇਸ ਮੌਕੇ ਨਵ ਨਿਯੁਕਤ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਿੰਡ ਵਿੱਚ ਕਿਸੇ ਨਾਲ ਵੀ ਧੱਕੇਸ਼ਾਹੀ ਨਹੀਂ ਹੋਣ ਦੇਣਗੇ। ਉਨ੍ਹਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨਗੇ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਹਰਜਿੰਦਰ ਸਿੰਘ ਤੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸਾਡੀ ਜਥੇਬੰਦੀ ਚਟਾਨ ਵਾਂਗ ਕਿਸਾਨਾਂ ਨਾਲ ਖੜੀ ਹੈ। ਇਸ ਮੌਕੇ ਕਿਸਾਨ ਆਗੂ ਰਤਨ ਸਿੰਘ ਰੰਧਾਵਾ, ਸੀਨੀਅਰ ਮੀਤ ਪ੍ਰਧਾਨ ਨਿਰਮਲ ਸਿੰਘ ਮੋਦੇ, ਮੁਖਤਾਰ ਸਿੰਘ ਮਹਾਵਾ, ਅਰਜਨ ਸਿੰਘ ਤਹਿਸੀਲ ਪ੍ਰਧਾਨ, ਮੈਂਬਰ ਤੇਜਬੀਰ ਸਿੰਘ, ਕਿਸਾਨ ਆਗੂ ਸੁੱਖ ਲਹੌਰੀਮੱਲ, ਕਾਮਰੇਡ ਬਲਵਿੰਦਰ ਸਿੰਘ ਝਬਾਲ, ਕਿਸਾਨ ਆਗੂ ਤੇਜਬੀਰ ਸਿੰਘ ਬੱਚੀਵਿੰਡ, ਸਾਬਕਾ ਸਰਪੰਚ ਚਾਨਣ ਸਿੰਘ ਬੱਚੀਵਿੰਡ, ਸਾਬਕਾ ਸਰਪੰਚ ਰੇਸ਼ਮ ਸਿੰਘ ਸਾਬਕਾ ਸਰਪੰਚ ਹਰਦੇਵ ਸਿੰਘ, ਬਲਾਕ ਸੰਮਤੀ ਮੈਂਬਰ ਸਾਹਿਬ ਸਿੰਘ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਟਿੱਪਰ ਨੂੰ ਅੱਗ ਲੱਗਣ ਨਾਲ ਹੋਇਆ ਲੱਖਾਂ ਰੁਪਏ ਦਾ ਨੁਕਸਾਨ

ਗੜ੍ਹਸ਼ੰਕਰ, 29 ਜੂਨ (ਅਜਮੇਰ ਸਿੰਘ ਭਨੋਟ): ਨੰਗਲ ਰੋਡ ਪਿੰਡ ਖਾਨਪੁਰ ਦੇ ਨਜ਼ਦੀਕ ਟਿੱਪਰ ਨੂੰ ਅੱਗ ਲੱਗਣ ਦੇ ਨਾਲ ਗੱਡੀ ਪੂਰੀ ਤਰ੍ਹਾਂ ਨੁਕਸਾਨੀ ਗਈ। ਜਾਣਕਾਰੀ ਦਿੰਦਿਆਂ ਗੁਰਮੁਖ ਸਿੰਘ ਪੁੱਤਰ ਭਾਗ ਸਿੰਘ ਵਾਸੀ ਚਾਂਦਪੁਰ ਰੁੜਕੀ ਥਾਣਾ ਪੋਜੇਵਾਲ ਨੇ ਦੱਸਿਆ ਕਿ ਉਹ ਬਤੌਰ ਡਰਾਈਵਰ ਟਿੱਪਰ ਟਾਟਾ ਪਰੀਮਾ 3525 ਨੰਬਰੀ PB 10 HM 9169 ਨੂੰ 27 ਜੂਨ ਨੂੰ ਵਕਤ 2 ਵਜੇ ਦੇ ਕਰੀਬ ਲੁਧਿਆਣਾ ਤੋਂ ਗੜ੍ਹਸ਼ੰਕਰ ਨੰਗਲ ਰੋਡ ਖਾਨਪੁਰ ਕਰੈਸ਼ਰ ਨੂੰ ਜਾ ਰਿਹਾ ਸੀ ਤਾਂ ਜਦੋਂ ਉਹ ਜੰਗਲ ਦੇ ਕੋਲ ਪੁੱਜਾ ਤਾਂ ਅਚਾਨਕ ਚੱਲਦੀ ਗੱਡੀ ਵਿਚੋਂ ਧੂੰਆਂ ਨਿਕਲਦਾ ਦਿਖਾਈ ਦਿੱਤਾ ਅਤੇ ਜਦੋਂ ਉਤਰਕੇ



ਦੇਖਿਆ ਤਾਂ ਗੱਡੀ ਦੇ ਕੈਬਿਨ ਨੂੰ ਅੱਗ ਲੱਗ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਮੌਜੂਦ ਜੇਸੀਵੀ ਦੇ ਨਾਲ ਮਿੱਟੀ ਪਾਕੇ ਅੱਗ ਤਾਂ ਬੁਝਾ ਲਈ ਪ੍ਰੰਤੂ ਉਨ੍ਹਾਂ ਦੇ ਟਿੱਪਰ ਦਾ ਕੈਬਿਨ ਸਮੇਤ ਗੱਡੀ ਦੇ ਕਾਗਜ਼ਾਤ ਤੇ ਉਨ੍ਹਾਂ ਦਾ ਫ਼ੋਨ ਸੜ ਕੇ ਸੁਆਹ ਹੋ ਗਿਆ।

# ਐੱਸ.ਸੀ. ਕਮਿਸ਼ਨ ਦੇ ਮੈਂਬਰ ਇੱਟਾਂਵਾਲੀ ਨੇ ਡਾ.ਬਲਜੀਤ ਕੌਰ ਮੰਤਰੀ ਨਾਲ ਕੀਤੀ ਮੁਲਾਕਾਤ

ਬਾਬਾ ਬਕਾਲਾ, 29 ਜੂਨ (ਬਲਰਾਜ ਸਿੰਘ ਰਾਜਾ): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਰਸਮੀ ਤੌਰ 'ਤੇ ਡਾ. ਬਲਜੀਤ ਕੌਰ ਮੰਤਰੀ ਸਮਾਜਿਕ ਸੁਰੱਖਿਆ ਬਾਲ ਵਿਕਾਸ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਸਰਕਾਰ ਨਾਲ ਮੁਲਾਕਾਤ ਕੀਤੀ। ਚੇਤੇ ਰਹੇ ਕਿ ਕੈਬਨਿਟ ਮੰਤਰੀ ਪੰਜਾਬ ਡਾ.ਬਲਜੀਤ ਕੌਰ ਨਾਲ ਮਿਲਣੀ ਮੌਕੇ ਸ੍ਰ.ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਪੰਜਾਬ ਸਰਕਾਰ ਦੇ ਟੀਚੇ ਨੂੰ ਕਮਿਸ਼ਨ ਰਾਹੀਂ ਪੂਰਿਆਂ ਕਰਨ ਲਈ ਉਲੀਕੇ ਏਜੰਡੇ 'ਤੇ ਚਰਚਾ ਕੀਤੀ। ਗੁਰਪ੍ਰੀਤ ਸਿੰਘ ਨੇ ਕਮਿਸ਼ਨ ਨੂੰ ਹੋਰ ਸ਼ਕਤੀਆਂ ਨਾਲ ਸਮਰੱਥਾਵਾਨ ਬਣਾਉਂਦਿਆਂ ਦਾ ਜ਼ਿਕਰ ਕਰਦਿਆਂ ਦਲਿਤ ਅੱਤਿਆਚਾਰ ਕਾਨੂੰਨ ਅਤੇ ਐਟਰੋਸਿਟੀ ਐਕਟ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨਿਕ ਪੱਧਰ 'ਤੇ ਆ ਰਹੇ ਅੜਿੱਕੇ ਨੂੰ ਠੱਲ੍ਹਣ ਲਈ ਲੋੜੀਂਦੇ ਵਸੀਲੇ ਕਰਨ ਦੀ ਬੇਨਤੀ ਕੀਤੀ। ਇੱਟਾਂਵਾਲੀ ਨੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਵੱਲੋਂ



ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪ੍ਰਸਤਾਵਿਤ ਤੌਰ 'ਤੇ ਵਿਚਾਰ ਅਧੀਨ ਭੇਜੀ ਤਜਵੀਜ਼ ਨੂੰ ਕੈਬਨਿਟ ਪਾਸੋਂ ਮਨਜ਼ੂਰ ਕਰਵਾਉਣ ਲਈ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨੇ ਤਜਵੀਜ਼ ਤਿਆਰ ਕਰਨ ਵਾਲੇ ਵਫਦ ਨੂੰ ਸਮਾਂ ਦੇਣ ਬਾਰੇ ਤਾਕੀਦ ਕਰਦਿਆਂ ਸਮਾਂ ਦਿੱਤੇ ਜਾਣ ਦੀ ਮੰਗ ਕੀਤੀ। ਉਨ੍ਹਾਂ ਨੇ ਕਿਹਾ ਕਿ ਗਰੀਬ ਵਰਗ ਲਈ ਰਾਜ ਸਰਕਾਰ ਵਲੋਂ ਜਨਤਾ ਨੂੰ ਉਤਸ਼ਾਹਿਤ ਕਰਨ ਲਈ ਬਲਾਕ ਪੱਧਰ 'ਤੇ ਜਾਗ੍ਰਿਤੀ ਕੈਂਪ ਆਯੋਜਿਤ ਕਰਨ ਲਈ ਭਲਾਈ ਵਿਭਾਗ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨ ਲਈ ਵੀ ਕਿਹਾ। ਮੀਟਿੰਗ ਉਪਰੰਤ ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਮੀਡੀਆ ਦੀ ਹਾਜ਼ਰੀ 'ਚ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਦੱਬਿਆ ਕੁਚਲਿਆ ਸਮਾਜ ਸਾਡੀ ਰੀੜ ਦੀ ਹੱਡੀ ਹੈ। ਇਸ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰਨਾ ਸਾਡਾ ਮੁੱਖ ਮਕਸਦ ਹੈ। ਉਨ੍ਹਾਂ ਨੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੂੰ ਪ੍ਰੇਰਿਤ ਕਰਦਿਆਂ ਅਨੁਸੂਚਿਤ ਵਰਗ ਦਿਆਂ ਲੋਕਾਂ ਨੂੰ ਇਨਸਾਫ ਦੇਣ ਲਈ ਦ੍ਰਿੜ ਇਰਾਦੇ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਵੀ ਹਾਜ਼ਰ ਸਨ।

# ਬਾਬਾ ਸ਼ੇਖੂ ਸ਼ਾਹ ਜੀ ਦੀ ਯਾਦ 'ਚ ਕਰਵਾਇਆ ਸਾਲਾਨਾ ਸੱਭਿਆਚਾਰਕ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 29 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬਾਬਾ ਸ਼ੇਖੂ ਸ਼ਾਹ ਸਪੋਰਟਸ ਐਂਡ ਸੱਭਿਆਚਾਰਕ ਕਲੱਬ ਰਜਿ ਪਿੰਡ ਭਾਮ ਵੱਲੋਂ ਗ੍ਰਾਮ ਪੰਚਾਇਤ ਭਾਮ, ਐੱਨ ਆਰ ਆਈ ਵੀਰਾਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਕਰਵਾਇਆ ਜਾਂਦਾ ਬਾਬਾ ਸੇਖੂ ਸ਼ਾਹ ਜੀ ਦੀ ਯਾਦ ਵਿੱਚ ਸਾਲਾਨਾ ਸੱਭਿਆਚਾਰਕ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ। ਇਸ ਮੌਕੇ ਸਭ ਤੋਂ ਪਹਿਲਾਂ ਬਾਬਾ ਜੀ ਦੀ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਵਿਸ਼ਵ ਪ੍ਰਸਿੱਧ ਸੂਫੀ ਗਾਇਕ ਕੰਵਰ ਗਰੇਵਾਲ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਆਏ ਦਰਸ਼ਕਾਂ ਨੂੰ ਆਪਣੇ ਗੀਤਾਂ ਨਾਲ ਘੰਟਿਆਂਬੱਧੀ ਕੀਲੀ ਰੱਖਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ, ਸਰਪੰਚ ਹਰਭੇਜ ਸਿੰਘ ਰਿਆੜ, ਸੁਬੇਲ ਸਿੰਘ ਗੋਲਡੀ, ਰਵਿੰਦਰ ਸਿੰਘ ਰਾਣਾ, ਡਾਕਟਰ ਯਾਕੂਬ ਅਲੀ, ਕੇਹਰ ਸਿੰਘ ਗੁਰਪ੍ਰੀਤ ਸਿੰਘ, ਸੁਖਚੈਨ ਸਿੰਘ ਫੌਜੀ, ਗੁਰਦੀਪ ਸਿੰਘ, ਸੁਰਜੀਤ ਸਿੰਘ,ਐੱਸ ਐੱਚ ਓ ਹਰਜਿੰਦਰ ਸਿੰਘ, ਸਰਵਣ ਸਿੰਘ ਚੌਕੀ ਇੰਚਾਰਜ ਹਰਚੋਵਾਲ, ਅੰਮ੍ਰਿਤਪਾਲ ਸਿੰਘ ਲਾਡੀ, ਬਲਜੀਤ ਸਿੰਘ ਬਾਜ, ਗੁਰਿੰਦਰਪਾਲ ਸਿੰਘ ਸਾਬੀ, ਸੇਵਾ ਮੁਕਤ ਐੱਸ ਐੱਚ ਓ ਜੋਗਿੰਦਰ ਸਿੰਘ, ਸੇਵਾ ਮੁਕਤ ਐੱਸ ਐੱਚ ਓ ਰਣਜੋਧ ਸਿੰਘ ਪੱਡਾ, ਗਗਨਦੀਪ ਸਿੰਘ ਯੂ ਕੇ, ਅੰਮ੍ਰਿਤ ਔਲਖ, ਡਾਕਟਰ ਅਮਰਜੀਤ ਸਿੰਘ, ਸਰਵਣ ਸਿੰਘ ਬਿਜਲੀ ਬੋਰਡ, ਮਨਜੋਧ ਸਿੰਘ ਮੰਨਾ, ਗੁਰਮੀਤ ਸਿੰਘ ਸਾਬੀ, ਮੈਨੇਜਰ ਸੁਖਜਿੰਦਰ ਸਿੰਘ ਭਾਮ, ਜੱਸਾ ਸਿੰਘ, ਤਰਸੇਮ ਸਿੰਘ ਸਾਬਕਾ ਪੀ ਓ, ਬਲਦੇਵ ਸਿੰਘ, ਕਰਤਾਰ ਸਿੰਘ ਬਿੱਲਾ ਠੇਕੇਦਾਰ ਆਦਿ ਹਾਜ਼ਰ ਸਨ।

# ਪਿੰਡ ਬਸੰਤਕੋਟ ਦੇ ਸਹਿਯੋਗ ਨਾਲ ਗੁਰਮਤਿ ਸਿਖਲਾਈ ਕੈਂਪ ਲਗਾਇਆ

ਡੇਰਾ ਬਾਬਾ ਨਾਨਕ, 29 ਜੂਨ (ਹੈਪੀ ਕੋਟਲੀ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵੱਲੋਂ ਛੋਟੇ ਅਤੇ ਵੱਡੇ ਬੱਚਿਆਂ ਨੂੰ ਗੁਰੂ ਇਤਿਹਾਸ ਨਾਲ ਜੋੜਨ ਲਈ ਗਰਮੀਆਂ ਦੀਆਂ ਛੁੱਟੀਆਂ ਦੇ ਮੱਦੇਨਜ਼ਰ ਪਿੰਡ ਬਸੰਤਕੋਟ ਵਾਸੀਆਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਪਿੰਡ ਬਸੰਤਕੋਟ ਦੇ ਸਹਿਯੋਗ ਨਾਲ ਗੁਰਮਤਿ ਸਿਖਲਾਈ ਕੈਂਪ ਦੀਆਂ ਕਲਾਸਾਂ ਸ਼ੁਰੂ ਕਰਵਾਈਆਂ ਗਈਆਂ ਸਨ। ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧਕ ਭਾਈ ਹਿੰਮਤਬੀਰ ਸਿੰਘ ਵੀਲਾ, ਭਾਈ ਹਰਪਾਲ ਸਿੰਘ ਭੋਲੇਕੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਗੱਲਬਾਤ ਦੌਰਾਨ ਭਾਈ ਹਿੰਮਤਬੀਰ ਸਿੰਘ, ਭਾਈ ਹਰਪਾਲ ਸਿੰਘ ਭੋਲੇਕੇ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵੱਲੋਂ ਛੋਟੀ ਪਨੀਰੀ ਨੂੰ ਬਚਾਉਣ ਲਈ ਇੱਕ ਵੱਡਾ ਉਪਰਾਲਾ ਕੀਤਾ ਗਿਆ ਹੈ



ਜਿਸ ਦੇ ਤਹਿਤ ਪ੍ਰਚਾਰਕ ਸਾਹਿਬਾਨ ਅਤੇ ਸਕੱਤਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਛੁੱਟੀਆਂ ਦੇ ਮੱਦੇਨਜ਼ਰ ਪਿੰਡ ਬਸੰਤਕੋਟ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਹੈ। ਉਹਨਾਂ ਦੱਸਿਆ ਕਿ ਛੋਟੇ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ ਅਤੇ ਵੱਡਿਆਂ ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਿਧਾਂਤ ਬਾਰੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਕਿਵੇਂ ਪੜ੍ਹਨੀ ਹੈ, ਕਿਵੇਂ ਸਰਵਣ ਕਰਨੀ ਹੈ ਤੇ ਕਿਵੇਂ ਗੁਰੂ ਘਰ ਆਉਣਾ ਹੈ ਤੇ ਕਿਵੇਂ ਸਮਾਜ ਵਿੱਚ ਵਿਚਰਨਾ ਤੇ ਕਿਵੇਂ ਕੁਰੀਤੀਆਂ ਦਾ ਟਾਕਰਾ ਕਰਨਾ ਹੈ ਉਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਪਿੰਡ ਬਸੰਤਕੋਟ ਤੋਂ ਮਨਜੀਤ ਸਿੰਘ ਸ਼ਮਸ਼ੇਰ ਸਿੰਘ, ਗੁਰਪ੍ਰੀਤ ਸਿੰਘ, ਰਾਜਿੰਦਰ ਸਿੰਘ, ਮਨਿੰਦਰ ਸਿੰਘ ਮੰਗਾ ਲੰਬੜਦਾਰ, ਅੰਸ਼ਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਹੋਈਆਂ।

# ਐੱਸ.ਐੱਚ.ਓ. ਥਾਣਾ ਰੰਗੜ-ਨੰਗਲ ਦਾ ਗਲੈਕਸੀ ਰੈਸਟੋਰੈਂਟ 'ਤੇ ਸਨਮਾਨ

ਚੌਕ ਮਹਿਤਾ, 29 ਜੂਨ (ਬਲਜਿੰਦਰ ਸਿੰਘ ਰੰਧਾਵਾ): ਮਹਿਤਾ ਤੋਂ ਬਟਾਲਾ ਰੋਡ 'ਤੇ ਸਥਿਤ ਗਲੈਕਸੀ ਰੈਸਟੋਰੈਂਟ 'ਤੇ ਪਹੁੰਚਣ 'ਤੇ ਥਾਣਾ ਰੰਗੜ ਨੰਗਲ ਦੇ ਨਵ ਨਿਯੁਕਤ ਐਸ ਐਚ ਓ ਸ. ਹਰਮੀਕ ਸਿੰਘ ਦਾ ਗਲੈਕਸੀ ਰੈਸਟੋਰੈਂਟ ਦੇ ਮਾਲਕ ਸ. ਤਰਸੇਮ ਸਿੰਘ ਰੰਧਾਵਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਇੰਸਪੈਕਟਰ ਹਰਮੀਕ ਸਿੰਘ ਨੇ ਕਿਹਾ ਕਿ ਨਸ਼ਾ ਵੇਚਣ ਵਾਲੇ ਮਾੜੇ ਅਨਸਰ ਇਨਾ ਕੰਮਾਂ ਤੋਂ ਤੌਬਾ ਕਰ ਲੈਣ, ਜੇਕਰ ਬਾਜ਼ ਨਾ ਆਏ ਤੇ ਉਨ੍ਹਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਥਾਣਾ ਰੰਗੜ ਨੰਗਲ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।



## ਸਿਰਲੇਖਵਾਰ ਇਸ਼ਤਿਹਾਰ/Classified Advertisement

(U/o 5 Rule 20 CPC)
**In the Court of Sh. Amar Jeet Singh Principal Judge Family Court, Moga**
CNR No.PBMO01-005434-2024
Next Date:01.09.2025
Vijay Kumar
Versus
Rimpy Kaur
The Plaintiff prays for restitution of conjugal rights between
Notice to: Rimpy Kaur Father:- Satnam Singh Son of Sucha Singh near Civil hospital and water works Village Fattu Dhinga Tehsil Sultanpur, Distt. Kapurthala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **01**.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-05-2025
**Sd/- Principal Judge Family Court, Moga**

---

(U/o 5 Rule 20 CPC)
**In the Court of Sh. Sumit Bhalla Additional Principal Judge Family Court, Camp Court Batala**
CNR No. PBGDF2-000298-2024
Next Date:-05-09-2025
HMA/174/2023
Reeta Kumar VS Jatinder Singh D/o Kunan LaL, Resident of Village Bahadurpur Rajoa (shri Hargobindpur) Tehsil Batala, Distt. Gurdaspur
Versus
Jatinder Singh Son of Manjit Singh, Resident of Village Randhawa Tehsil Dasuya Distt. Hoshiarpur
Notice to: Jatinder Singh Son of Manjit Singh, Resident of Village Randhawa Tehsil Dasuya Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05**.09.2025 at 10:00 A.M.
For details logon to https://highcourtchd.gov.in/?trs=district_notice&district=Gurdaspur
Dated this day of 09-05-2025
**Sd/- Additional Principal Judge Family Court, Camp Court Batala**

---

(U/o 5 Rule 20 CPC)
**In the Court of Sh. Sumit Bhalla Additional Principal Judge Family Court, Camp Court Batala**
CNR No.PBGDF2-000418-2024
Next Date:03.09.2025
GW/18/2024
Sumanpreet Kaur D/o Gurnam Singh Village Mulianwali, Tehsil Batala, Distt. Gurdaspur
Versus
1. General Public 2. Shamsher Singh Jaspal Singh R/o House No. 123, Block-E (Monarch) Gurdwara Wali Gali, Alliance Kingston Estate, Kashipur Road, Uttrakhand PIN Code NO. 263153
Notice to: 1. General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **03**.09.2025 at 10:00 A.M.
For details logon to https://highcourtchd.gov.in/?trs=district_notice&district=Gurdaspur
Dated, this day of 06-06-2025
**Sd/- Additional Principal Judge Family Court, Camp Court Batala**

---

(U/o 5 Rule 20 CPC)
**In the Court of Ms. Sonali Singh Additional Civil Judge (Senior Division), Barnala**
CNR No.PBBR02-000112-2025
Next Date:20.08.2025
Jasvir Singh
Versus
General Public
Notice to: General Public:- Barnala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **20**.08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 15-05-2025
**Sd/- Additional Civil Judge (Senior Division), Barnala**

---

(U/o 5 Rule 20 CPC)
**In the Court of Ms. Girish Principal Judge Family Court, Giddarbaha**
CNR No.PBSMF2-000080-2024
Next Date:29.08.2025
Armandeep Kaur
Versus
General Public
Notice to: General Public:- Punjab Gidderbha Gidderbha
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **29**.08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-06-2025
**Sd/- Principal Judge Family Court, Giddarbaha**

---

(U/o 5 Rule 20 CPC)
**In the Court of Sh. Varun Nagpal Additional District and Sessions Judge-5, Patiala**
CNR No.PBPT01-005825-2025
Next Date: 08.09.2025
Ritu
Versus
General Public
Notice to: General Public:- District, Patiala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **08**.09.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 18-06-2025
**Sd/- Additional District and Sessions Judge-5, Patiala**

---

(U/o 5 Rule 20 CPC)
**In the Court of Sh. Aashish Abrol Additional Principal Judge Family Court, Bathinda**
CNR No.PBBT010120382024
Next Date: 10.09.2025
GW/79/2024
Sukhpreet Kaur
Versus
General Public
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **10**.09.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 23-05-2025
**Sd/- Additional Principal Judge Family Court, Bathinda**

---

(U/o 5 Rule 20 CPC)
**In the Court of Ms. Dipti Goyal Principal Judge Family Court, Budhlada**
CNR No.PBMNF2-000113-2025
Next Date:06.09.2025
Deepi Kaur Son of Dharmu Singh, R/o Achanak, Tehsil Budhlada, District Mansa
Versus
General Public
Notice to: General Public:- General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **06**.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-05-2025
**Sd/- Principal Judge Family Court, Budhlada**

## ਹਾਈਵੇਅ 'ਤੇ ਡਿਊਟੀ ਦੇ ਰਹੇ ਸਿਕਿਓਰਟੀ ਗਾਰਡ ਦੀ ਪੁੱਲ ਤੋਂ ਡਿੱਗਣ ਕਾਰਨ ਮੌਤ

ਘੁਮਾਣ/ ਸ੍ਰੀ ਹਰਿਗੋਬਿੰਦਪੁਰ ਸਾਹਿਬ, 29 ਜੂਨ (ਡਾਕਟਰ ਨਰਿੰਦਰ ਸਿੰਘ ਘੁਮਾਣ /ਜਗੀਰ ਸਿੰਘ ਮੰਡ): ਸਠਿਆਲਾ ਤੋਂ ਡੇਰਾ ਬਾਬਾ ਨਾਨਕ ਤੱਕ ਬਣਾਏ ਜਾ ਰਹੇ ਹਾਈਵੇਅ 'ਤੇ ਬੀਤੀ 26 /27 ਦੀ ਦਰਮਿਆਨੀ ਰਾਤ ਡਿਊਟੀ ਕਰ ਰਹੇ ਸਿਕਿਓਰਟੀ ਗਾਰਡ ਦੀ ਪੁੱਲ ਤੋਂ ਡਿੱਗਣ ਕਾਰਨ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਚੌਣੇ ਜੋ ਕਿ ਬਣ ਰਹੇ ਹਾਈਵੇਅ ਪਿੰਡ ਚਾਹਲ ਕਲਾਂ ਨਜ਼ਦੀਕ ਪੁੱਲ 'ਤੇ ਡਿਊਟੀ ਕਰ ਰਿਹਾ ਸੀ, ਕਿ ਅਚਾਨਕ ਪੁੱਲ ਤੋਂ ਥੱਲੇ ਡਿੱਗ ਗਿਆ। ਉਸ ਦੇ ਸਾਥੀਆਂ ਵੱਲੋਂ ਤੁਰੰਤ ਹੀ ਪਰਿਵਾਰਕ ਮੈਂਬਰ ਅਤੇ ਆਪਣੇ ਇੰਚਾਰਜ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਤੁਰੰਤ ਬਟਾਲਾ ਹਸਪਤਾਲ ਵਿਚ ਪਹੁੰਚਾਇਆ ਗਿਆ। ਹਲਾਤ ਜ਼ਿਆਦਾ ਖਰਾਬ ਹੋਣ ਕਾਰਨ ਡਾਕਟਰਾਂ ਵੱਲੋਂ ਅੰਮ੍ਰਿਤਸਰ ਰੈਫ਼ਰ ਕੀਤਾ ਗਿਆ। ਪਰ ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਵੱਲੋਂ ਪੀ ਜੀ ਆਈ ਚੰਡੀਗੜ੍ਹ ਰੈਫਰ ਕੀਤਾ ਗਿਆ। ਪੀ ਜੀ ਆਈ ਜਾਂਦੇ ਹੀ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਗੁਰਪ੍ਰੀਤ ਸਿੰਘ ਆਪਣੇ ਪਿੱਛੇ ਵਿਧਵਾ ਪਤਨੀ ਅਤੇ ਦੋ ਬੱਚੇ ਜਿਸ ਵਿਚ ਤਿੰਨ ਸਾਲ ਅਤੇ ਇਕ 6 ਮਹੀਨੇ ਦਾ ਬੱਚਾ ਛੱਡ ਗਿਆ ਹੈ। ਮ੍ਰਿਤਕ ਗੁਰਪ੍ਰੀਤ ਸਿੰਘ ਦੇ ਪਿਤਾ ਦੀ ਵੀ ਕੁੱਝ ਦਿਨ ਪਹਿਲਾਂ ਹੀ ਮੌਤ ਹੋ ਗਈ ਸੀ, ਤੇ ਗੁਰਪ੍ਰੀਤ ਸਿੰਘ ਹੀ ਪਰਿਵਾਰ ਦਾ ਖਰਚਾ ਚਲਾ ਰਿਹਾ ਸੀ। ਪਰਿਵਾਰਕ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਮ੍ਰਿਤਕ ਗੁਰਪ੍ਰੀਤ ਸਿੰਘ ਦੇ ਘਰ ਦੇ ਹਾਲਾਤਾਂ ਨੂੰ ਦੇਖਦੇ ਹੋਏ ਹਾਈਵੇਅ ਅਥਾਰਟੀ ਯੋਗ ਮੁਆਵਜ਼ਾ ਦੇਵੇ। ਇਸ ਸਬੰਧੀ ਥਾਣਾ ਰੰਗੜ ਨੰਗਲ ਦੇ ਪੁਲਿਸ ਮੁਖੀ ਨੇ ਕਿਹਾ ਬਣਦੀ ਕਾਰਵਾਈ ਕੀਤੀ ਜਾਵੇਗੀ।

## ਬਿਜਲੀ ਸਪਲਾਈ 'ਚ ਸੁਧਾਰ ਨਹੀਂ ਕੀਤਾ ਤਾਂ ਕਰਾਂਗੇ ਘਰਾਓ ਹੋਵੇਗਾ ਚੱਕਾ ਜਾਮ

ਭੋਗਪੁਰ, 29 ਜੂਨ (ਅਮਰਜੀਤ ਸਿੰਘ ਸੈਣੀ): ਭੋਗਪੁਰ ਇਲਾਕੇ ਵਿੱਚ ਬਿਜਲੀ ਸਪਲਾਈ ਬਹਾਲ ਕਰਨ ਵਿੱਚ ਪੰਜਾਬ ਪਾਵਰਕਾਮ ਅਸਫਲ ਸਿੱਧ ਹੋਈ ਹੈ। ਇੱਕ ਪਾਸੇ ਕਹਿਰ ਦੀ ਗਰਮੀ ਨੇ ਲੋਕਾਂ ਦਾ ਜਿਉਣਾ ਹਰਾਮ ਕੀਤਾ ਹੋਇਆ ਹੈ ਅਤੇ ਦੂਸਰੇ ਪਾਸੇ ਬਿਜਲੀ ਕੱਟ ਲਗਾ ਕੇ ਪਾਵਰਕਾਮ ਅਧਿਕਾਰੀ ਲੋਕਾਂ ਨੂੰ ਹੋਰ ਪ੍ਰੇਸ਼ਾਨ ਕਰ ਰਹੇ ਹਨ। ਦੇਰ ਸ਼ਾਮ ਤੱਕ ਕਈ ਪਿੰਡਾਂ ਦੀ ਬਿਜਲੀ ਸਪਲਾਈ ਬਿਨਾਂ ਕਿਸੇ ਕਾਰਨ ਬੰਦ ਹੋ ਗਈ। ਦੇਰ ਰਾਤ ਤੱਕ ਪੰਜਾਬ ਪਾਵਰਕਾਮ ਬਹਾਲ ਕਰਨ ਵਿੱਚ ਅਸਫਲ ਰਿਹਾ। ਪੱਤਰਕਾਰਾਂ ਨਾਲ ਪਿੰਡ ਦੇ ਲੋਕਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਪਾਵਰਕਾਮ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਵੱਲੋਂ ਜਵਾਬ ਦਿੱਤਾ ਗਿਆ ਕੇ ਜਲਦ ਹੀ ਬਿਜਲੀ ਬਹਾਲ ਹੋ ਜਾਵੇਗੀ। ਪਰ ਦੇਰ ਰਾਤ ਤੱਕ ਕਈ ਪਿੰਡਾਂ ਦੀ ਬਿਜਲੀ ਬੰਦ ਰਹੀ। ਇਸ ਦੇ ਸਬੰਧ ਵਿੱਚ ਐਸਡੀਓ ਅਤੇ ਜੇਈ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਫੋਨ ਨਹੀਂ ਉਠਾਏ । ਦੁਖੀ ਹੋਏ ਲੋਕਾਂ ਨੇ ਕਿਹਾ ਕਿ ਪਾਵਰਕਾਮ ਅਧਿਕਾਰੀਆਂ ਦੇ ਦਫਤਰਾਂ ਦਾ ਘਰਾਓ ਕੀਤਾ ਜਾਵੇਗਾ ਅਤੇ ਨੈਸ਼ਨਲ ਹਾਈਵੇ ਚੱਕਾ ਜਾਮ ਕਰ ਦਿੱਤਾ ਜਾਵੇਗਾ ਅਤੇ ਉਦੋਂ ਤੱਕ ਚੱਕਾ ਜਾਮ ਰਹੇਗਾ ਜਦ ਤੱਕ ਪੰਜਾਬ ਪਾਵਰ ਕਾਮ ਅਧਿਕਾਰੀਆਂ ਵੱਲੋਂ ਇਹ ਵਿਸ਼ਵਾਸ ਨਹੀਂ ਦਵਾਇਆ ਜਾਂਦਾ ਕਿ ਪਿੰਡਾਂ ਦੀ ਬਿਜਲੀ ਸਪਲਾਈ ਨਿਰੰਤਰ ਚਾਲੂ ਰਹੇਗੀ। ਲੋਕਾਂ ਦਾ ਕਹਿਣਾ ਹੈ ਕਿ ਵੱਡੇ ਵੱਡੇ ਬਿਜਲੀ ਦੇ ਬਿਲ ਤਾਰਨ ਦੇ ਬਾਵਜੂਦ ਵੀ ਉਹਨਾਂ ਨੂੰ ਸਹੀ ਬਿਜਲੀ ਸਪਲਾਈ ਨਹੀਂ ਮਿਲ ਰਹੀ।

## ਸਰਬਜੋਤ ਸਾਬੀ ਜ਼ਮੀਨ ਨਾਲ ਜੁੜਿਆ ਆਗੂ, ਜ਼ਿਲ੍ਹੇ ਵਿੱਚ ਸਾਡੀ ਪਕੜ ਮਜ਼ਬੂਤ ਹੋਈ- ਰਾਜਾ ਵੜਿੰਗ

ਮੁਕੇਰੀਆ, 29 ਜੂਨ (ਧਰਮ ਚੰਦ): ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਐਤਵਾਰ ਨੂੰ ਮੁਕੇਰੀਆ ਤੋਂ ਕਾਂਗਰਸੀ ਆਗੂ ਸਰਬਜੋਤ ਸਿੰਘ ਸਾਬੀ ਦੇ ਘਰ ਪਹੁੰਚੇ, ਜਿੱਥੇ ਸਰਬਜੋਤ ਸਾਬੀ ਦੀ ਅਗਵਾਈ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਰਬਜੋਤ ਸਾਬੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਾਡੀ ਪਕੜ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰਬਜੋਤ ਸਾਬੀ ਇੱਕ ਜ਼ਮੀਨ ਨਾਲ ਜੁੜਿਆ ਆਗੂ ਹੈ, ਜਿਸਨੇ ਆਪਣੀ ਮਿਹਨਤ ਦੇ ਬਲਬੂਤੇ ਰਾਜਨੀਤੀ ਵਿੱਚ ਇੱਕ ਮੁਕਾਮ ਹਾਸਲ ਕੀਤਾ ਹੈ ਅਤੇ ਜਦੋਂ ਅਜਿਹੇ ਮਿਹਨਤੀ ਆਗੂ ਸਾਡੇ ਨਾਲ ਖੜ੍ਹੇ ਹੁੰਦੇ ਹਨ ਤਾਂ ਸਾਡਾ ਆਤਮਵਿਸ਼ਵਾਸ ਵੀ ਨਵੀਆਂ ਉਚਾਈਆਂ 'ਤੇ ਪਹੁੰਚ ਜਾਂਦਾ ਹੈ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਿਰੰਤਰ ਤਬਦੀਲੀ ਦੀ ਦੁਨੀਆਂ ਵਿੱਚ, ਸਿੱਖ ਭਾਈਚਾਰੇ ਦੇ ਸਦੀਵੀਂ ਮੁੱਲ - ਲਚਕੀਲਾਪਣ, ਸੇਵਾ ਅਤੇ ਵਿਸ਼ਵਾਸ






ਪੇਸ਼ਕਸ਼: ਜਤਿੰਦਰਪਾਲ ਛਾਬੜਾ ਲੁਧਿਆਣਵੀ
8847286127

– 20 ਜੂਨ, 2025 ਨੂੰ ਯੂਕੇ-ਅਧਾਰਤ ਸੰਗਠਨ, ਦ ਸਿੱਖ ਗਰੁੱਪ, ਦੁਆਰਾ ਗਲੋਬਲ ਸਿੱਖ ਉੱਤਮਤਾ ਦਾ ਜਸ਼ਨ ਮਨਾਉਣ ਵਾਲੇ, ਦ ਸਿੱਖ 100 ਦੇ 13ਵੇਂ ਐਡੀਸ਼ਨ ਵਿੱਚ ਸਪੱਸ਼ਟ ਤੌਰ 'ਤੇ ਚਮਕਦੇ ਹਨ। 30 ਮਿਲੀਅਨ ਤੋਂ ਵੱਧ ਦੇ ਪ੍ਰਵਾਸੀਆਂ ਵਿੱਚੋਂ, ਇਹ ਵੱਕਾਰੀ ਸੂਚੀ 100 ਟਰੇਲਬਲੇਜ਼ਰਾਂ ਦਾ ਸਨਮਾਨ ਕਰਦੀ ਹੈ ਜੋ ਅਧਿਆਤਮਿਕਤਾ, ਸ਼ਾਸਨ, ਕਾਰੋਬਾਰ, ਕਲਾ ਅਤੇ ਪਰਉਪਕਾਰ ਵਿੱਚ ਸਿੱਖ ਭਾਵਨਾ ਨੂੰ ਮੂਰਤੀਮਾਨ ਕਰਦੇ ਹਨ।

ਉਨ੍ਹਾਂ ਵਿੱਚੋਂ, ਹਰਜਿੰਦਰ ਸਿੰਘ ਕੁਕਰੇਜਾ, ਇੱਕ ਲੁਧਿਆਣਾ-ਅਧਾਰਤ ਉੱਦਮੀ, ਸਮੱਗਰੀ ਸਿਰਜਣਹਾਰ ਅਤੇ ਲਗਜ਼ਰੀ ਪਰਿਵਾਰਕ ਯਾਤਰਾ ਵਕੀਲ, ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ ਅਜੈਪਾਲ ਸਿੰਘ ਬੰਗਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਰਗੇ ਦਿੱਗਜ਼ਾਂ ਦੇ ਨਾਲ ਖੜ੍ਹੇ ਹਨ, ਸਿੱਖ ਪ੍ਰਾਪਤੀ ਦੇ ਇੱਕ ਜੀਵੰਤ ਮੋਜ਼ੇਕ ਵਿੱਚ ਜੋ ਦੁਨੀਆਂ ਨੂੰ ਪ੍ਰੇਰਿਤ ਕਰਦਾ ਹੈ। 2025 ਸਿੱਖ 100 ਸੂਚੀ, ਜਿਸ ਵਿੱਚ 20 ਤੋਂ ਵੱਧ ਨਵੇਂ ਪ੍ਰਵੇਸ਼ੀਆਂ ਹਨ, ਭਾਈਚਾਰੇ ਦੀ ਸ਼ਾਨਦਾਰ ਵਿਭਿੰਨਤਾ ਨੂੰ ਦਰਸਾਉਂਦੀ ਹੈ। ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ, ਸਿੱਖ ਸਿਧਾਂਤਾਂ ਪ੍ਰਤੀ ਆਪਣੀ ਜੀਵਨ ਭਰ ਦੀ ਸ਼ਰਧਾ ਨਾਲ ਅਧਿਆਤਮਿਕ ਅਗਵਾਈ ਨੂੰ ਅੱਗੇ ਵਧਾਉਂਦੇ ਹਨ, ਨਾਂਦੇੜ ਸਾਹਿਬ ਦੇ ਲੱਖਾਂ ਲੋਕਾਂ ਦਾ ਮਾਰਗਦਰਸ਼ਨ ਕਰਦੇ ਹਨ। ਵਿਸ਼ਵ ਬੈਂਕ ਵਿੱਚ ਵਿਸ਼ਵ ਆਰਥਿਕ ਨੀਤੀ ਦੀ ਅਗਵਾਈ ਕਰਨ ਵਾਲੇ ਅਜੈਪਾਲ ਸਿੰਘ ਬੰਗਾ, ਵਿਸ਼ਵ ਪੱਧਰ 'ਤੇ ਸਿੱਖ ਲੀਡਰਸ਼ਿਪ ਦੀ ਉਦਾਹਰਣ ਦਿੰਦਾ ਹੈ, ਗਰੀਬੀ ਅਤੇ ਜਲਵਾਯੂ ਚੁਣੌਤੀਆਂ ਨਾਲ ਨਜਿੱਠਣ ਲਈ ਮਾਸਟਰਕਾਰਡ 'ਤੇ ਆਪਣੇ ਦਹਾਕਿਆਂ ਦੀ ਵਰਤੋਂ ਕਰਦਾ ਹੈ। ਭਗਵੰਤ ਮਾਨ, ਪੰਜਾਬ ਦੇ ਸਿੱਖਿਆ ਅਤੇ ਖੇਤੀਬਾੜੀ ਵਿੱਚ ਦਲੇਰਾਨਾ ਪਹਿਲਕਦਮੀਆਂ ਨਾਲ ਸ਼ਾਸਨ ਨੂੰ ਬਦਲਦੇ ਹੋਏ, ਰਾਜਨੀਤਿਕ ਹਿੰਮਤ ਨੂੰ ਦਰਸਾਉਂਦਾ ਹੈ। ਵਿਸ਼ਵ ਬੈਂਕ ਦੇ ਮੁੱਖ ਅਰਥ ਸ਼ਾਸਤਰੀ ਇੰਦਰਮੀਤ ਸਿੰਘ ਗਿੱਲ, ਬੌਧਿਕ ਦ੍ਰਿੜਤਾ ਨਾਲ ਵਿਸ਼ਵ ਵਿਕਾਸ ਨੂੰ ਆਕਾਰ ਦਿੰਦੇ ਹਨ, ਜਦੋਂ ਕਿ ਅਡਾਨੀ ਦੇ ਸਮੂਹ CFO ਜੁਗੇਸ਼ਿੰਦਰ ਸਿੰਘ, ਭਾਰਤ ਦੇ ਕਾਰਪੋਰੇਟ ਵਿਕਾਸ ਨੂੰ ਅੱਗੇ ਵਧਾਉਂਦੇ ਹਨ। ਬੋਇੰਗ ਮਿਡਲ ਈਸਟ ਦੇ ਪ੍ਰਧਾਨ ਕੁਲਜੀਤ ਸਿੰਘ, ਯੂਏਈ ਵਿੱਚ ਏਅਰੋਸਪੇਸ ਨਵੀਨਤਾ ਨੂੰ ਅੱਗੇ ਵਧਾਉਂਦੇ ਹਨ। ਇਸ ਦੌਰਾਨ, ਦਿਲਜੀਤ ਦੋਸਾਂਝ ਦੀ ਗਲੋਬਲ ਕਲਾਤਮਕਤਾ – ਕੋਚੇਲਾ ਤੋਂ ਬਾਲੀਵੁੱਡ ਤੱਕ – ਪੰਜਾਬੀ ਸੱਭਿਆਚਾਰ ਨੂੰ ਉੱਚਾ ਚੁੱਕਦੀ ਹੈ। ਹਰਜਿੰਦਰ ਸਿੰਘ ਕੁਕਰੇਜਾ ਦੀ ਡਿਜੀਟਲ ਕਹਾਣੀ ਸੁਣਾਉਣ ਨਾਲ ਇੱਕ ਵੱਖਰਾ ਰੰਗ ਜੁੜਦਾ ਹੈ, ਜੋ ਕਿ ਅਟੁੱਟ ਵਿਸ਼ਵਾਸ ਨਾਲ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਇੱਕ ਸਿੱਖ ਪਰਿਵਾਰ ਨੂੰ ਆਪਣੇ ਕਬਜ਼ੇ ਵਿੱਚ ਲੈਂਦਾ ਹੈ। ਇੰਸਟਾਗ੍ਰਾਮ, ਐਕਸ, ਫੇਸਬੁੱਕ ਅਤੇ ਲਿੰਕਡਇਨ (ਇੰਸਟਾਗ੍ਰਾਮ 'ਤੇ 2.5-3 ਮਿਲੀਅਨ ਸਮੇਤ) ਵਿੱਚ 4 ਮਿਲੀਅਨ ਤੋਂ ਵੱਧ ਫਾਲੋਅਰਜ਼ ਦੇ ਨਾਲ, ਹਰਜਿੰਦਰ ਸਿੰਘ ਕੁਕਰੇਜਾ ਸਿੱਖ ਕਦਰਾਂ-ਕੀਮਤਾਂ ਨੂੰ ਆਧੁਨਿਕ ਬਿਰਤਾਂਤਾਂ ਵਿੱਚ ਬੁਣਨ ਵਿੱਚ ਮਾਹਿਰ ਹੈ। ਆਪਣੀ ਪਤਨੀ, ਹਰਕੀਰਤ ਕੌਰ ਕੁਕਰੇਜਾ -ਸਿੱਖ ਸੁਪਰਮੌਮ-ਅਤੇ ਉਨ੍ਹਾਂ ਦੇ ਬੱਚਿਆਂ, ਰਹਿਰਾਸ, ਆਦਿ ਸੱਚ ਅਤੇ ਕੂੰਤ ਸੁਹਾਵੀ ਦੇ ਨਾਲ, ਉਹ ਯਾਤਰਾ ਨੂੰ ਵਿਰਾਸਤ ਅਤੇ ਪਰਿਵਾਰ ਦੇ ਜਸ਼ਨ ਵਿੱਚ ਬਦਲ ਦਿੰਦਾ ਹੈ। ਹਰ ਪੋਸਟ 'ਤੇ ਸੈਨ ਡਿਏਗੋ ਵਿੱਚ ਜਨਮੀ ਧੀ ਰੂਟ, ਜੋ ਕਿ ਜਾਰਡਨ ਵਿੱਚ ਪੇਟਰਾ ਦੀ ਯਾਤਰਾ ਤੋਂ ਉਹ ਦੀ ਸਵਾਰੀ ਲਈ ਸੀਏਟਲ ਵਾਪਸੀ 'ਤੇ ਸੀ, ਉਸ ਦੀਆਂ ਪੋਸਟਾਂ ਵਿਸ਼ਵ ਪੱਧਰ 'ਤੇ ਗੂੰਜਦੀਆਂ ਹਨ। ਯਾਤਰਾ ਸਾਡੇ ਵਿਸ਼ਵਾਸ ਨੂੰ ਹਰ ਜਗ੍ਹਾ ਲੈ ਜਾਣ ਬਾਰੇ ਹੈ, ਹਰਜਿੰਦਰ ਕਹਿੰਦਾ ਹੈ, ਉਸਦੀ ਗਰਮਜੋਸ਼ੀ ਮਹਿਸੂਸ ਹੁੰਦੀ ਹੈ। 2023 ਵਿੱਚ 98ਵੇਂ ਨੰਬਰ 'ਤੇ ਆਪਣੀ ਸ਼ੁਰੂਆਤ ਤੋਂ ਬਾਅਦ, ਉਸਦਾ ਲਗਾਤਾਰ ਦੂਜਾ ਸਿੱਖ 100 ਸ਼ਾਮਲ ਕਰਨਾ, ਇੱਕ ਸੱਭਿਆਚਾਰਕ ਪੁਲ ਵਜੋਂ ਉਸਦੀ ਭੂਮਿਕਾ ਦਾ ਜਸ਼ਨ ਮਨਾਉਂਦਾ ਹੈ। ਦ ਸਿੱਖ ਗਰੁੱਪ ਦੇ ਸੰਸਥਾਪਕ ਡਾ. ਨਵਦੀਪ ਸਿੰਘ ਬਾਂਸਲ, ਦ ਸਿੱਖ 100 ਨੂੰ ਕਹਾਣੀਆਂ ਦੀ ਇੱਕ ਗੈਲਰੀ ਕਹਿੰਦੇ ਹਨ, ਜੋ ਸਾਨੂੰ ਪ੍ਰੇਰਿਤ ਕਰਦੀਆਂ ਹਨ। 2012 ਤੋਂ, ਸੂਚੀ ਨੇ ਯੋਗਤਾ-ਅਧਾਰਤ ਨਾਮਜ਼ਦਗੀ ਪ੍ਰਕਿਰਿਆ ਰਾਹੀਂ 11 ਖੇਤਰਾਂ ਵਿੱਚ ਸਿੱਖ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਹੈ, ਜੋ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਦਾ ਹੈ। ਹਰਜਿੰਦਰ ਦਾ ਸ਼ਾਮਲ ਹੋਣਾ ਉਸਦੇ ਬਹੁਪੱਖੀ ਪ੍ਰਭਾਵ ਨੂੰ ਦਰਸਾਉਂਦਾ ਹੈ। ਸੱਭਿਆਚਾਰ ਮੰਤਰਾਲੇ ਦੁਆਰਾ 2022 ਵਿੱਚ ਭਾਰਤ ਲਈ ਸੱਭਿਆਚਾਰਕ ਰਾਜਦੂਤ ਵਜੋਂ ਨਾਮਜ਼ਦ ਕੀਤਾ ਗਿਆ, ਉਹ ਜੰਮੂ ਅਤੇ ਕਸ਼ਮੀਰ ਵਿੱਚ ਹੜ੍ਹ ਰਾਹਤ ਦਾ ਸਮਰਥਨ ਕਰਨ ਵਾਲਾ ਇੱਕ ਪਰਉਪਕਾਰੀ ਹੈ ਅਤੇ ਹਰਕੀਰਤ ਦੇ ਵਿਸ਼ਵ ਪੱਧਰ 'ਤੇ ਪ੍ਰਸ਼ੰਸਾਯੋਗ ਚਾਕਲੇਟ ਗਣੇਸ਼ਾ ਦੇ ਪਿੱਛੇ ਇੱਕ ਉੱਦਮੀ ਹੈ। ਉਨ੍ਹਾਂ ਦੀਆਂ ਪੋਸਟਾਂ-ਨਿਊ ਜਰਸੀ ਵਿੱਚ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਤੋਂ ਲੈ ਕੇ ਰੋਜ਼ਾਨਾ ਹੁਕਮਨਾਮਾ ਸਾਹਿਬ ਤੱਕ - ਅਧਿਆਤਮਿਕ ਡੂੰਘਾਈ ਨਾਲ ਨਬਜ਼ ਸਾਂਝੀਆਂ ਕਰਦੀਆਂ ਹਨ। ਅਜੈਪਾਲ ਸਿੰਘ ਬੰਗਾ ਦਾ ਪੰਜਾਬ ਤੋਂ ਗਲੋਬਲ ਸਿੱਖ ਬੈਂਕ ਦੇ ਮੁਖੀ ਤੱਕ ਦਾ ਸਫ਼ਰ ਇਸ ਗੱਲ ਦਾ ਪ੍ਰਮਾਣ ਹੈ ਕਿ ਵਿਸ਼ਵਵਿਆਪੀ ਵਿੱਤ ਦੀ ਅਗਵਾਈ ਸਿੱਖ ਦ੍ਰਿੜਤਾ ਦਾ ਪ੍ਰਮਾਣ ਹੈ। ਵਿਸ਼ਵ ਬੈਂਕ ਦੇ ਪ੍ਰਧਾਨ ਹੋਣ ਦੇ ਨਾਤੇ, ਉਹ ਸਮਾਵੇਸ਼ੀ ਵਿਕਾਸ ਦਾ ਚੈਂਪੀਅਨ ਹੈ, ਟਿਕਾਊ ਵਿਕਾਸ ਨੂੰ ਅੱਗੇ ਵਧਾਉਣ ਲਈ ਆਪਣੀ ਮਾਸਟਰਕਾਰਡ ਵਿਰਾਸਤ 'ਤੇ ਨਿਰਮਾਣ ਕਰਦਾ ਹੈ। ਭਗਵੰਤ ਮਾਨ, ਜੋ ਕਿ ਇੱਕ ਸਾਬਕਾ ਕਾਮੇਡੀਅਨ ਸਨ ਜੋ ਮੁੱਖ ਮੰਤਰੀ ਹਨ ਨੇ ਜ਼ਮੀਨੀ ਪੱਧਰ 'ਤੇ ਸੁਧਾਰਾਂ ਰਾਹੀਂ ਪੰਜਾਬ ਨੂੰ ਮੁੜ ਸੁਰਜੀਤ ਕੀਤਾ ਹੈ। ਇੰਦਰਮੀਤ ਸਿੰਘ ਗਿੱਲ ਦੀ ਆਰਥਿਕ ਸੂਝ ਗਲੋਬਲ ਨੀਤੀ ਨੂੰ ਆਕਾਰ ਦਿੰਦੀ ਹੈ, ਜਦੋਂ ਕਿ ਅਡਾਨੀ ਵਿਖੇ ਜੁਗੇਸ਼ਿੰਦਰ ਸਿੰਘ ਦੀ ਵਿੱਤੀ ਅਗਵਾਈ ਭਾਰਤ ਦੇ ਬੁਨਿਆਦੀ ਢਾਂਚੇ ਦੇ ਉਛਾਲ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਬੋਇੰਗ ਮਿਡਲ ਈਸਟ ਵਿਖੇ ਕੁਲਜੀਤ ਸਿੰਘ ਦੀ ਅਗਵਾਈ ਅੰਤਰ-ਸੱਭਿਆਚਾਰਕ ਏਰੋਸਪੇਸ ਭਾਈਵਾਲੀ ਨੂੰ ਉਤਸ਼ਾਹਿਤ ਕਰਦੀ ਹੈ। ਦਿਲਜੀਤ ਦੋਸਾਂਝ, ਜੱਟ ਐਂਡ ਜੂਲੀਅਟ ਵਰਗੇ ਗਲੋਬਲ ਹਿੱਟਾਂ ਨਾਲ, ਪੰਜਾਬੀ ਸੱਭਿਆਚਾਰ ਨੂੰ ਇੱਕ ਵਿਸ਼ਵਵਿਆਪੀ ਭਾਸ਼ਾ ਬਣਾਉਂਦਾ ਹੈ। ਹਰਜਿੰਦਰ ਸਿੰਘ ਕੁਕਰੇਜਾ ਦੀ ਸਿੱਖ ਵਿਰਾਸਤ ਲਈ ਵਕਾਲਤ ਡੂੰਘੀ ਹੈ। ਉਸਨੇ ਯਪ੍ਰੇਸ ਪਹਿਲੇ ਵਿਸ਼ਵ ਯੁੱਧ ਦੇ ਸਮਾਰਕ 'ਤੇ ਸਿੱਖ ਚਿੰਨ੍ਹ ਸਥਾਪਿਤ ਕੀਤੇ, ਸੇਂਟ-ਟਰੋਪੇਜ਼ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦਾ ਉਦਘਾਟਨ ਕੀਤਾ ਅਤੇ ਸਿੱਖ ਸੈਨਿਕਾਂ ਦੇ ਸਨਮਾਨ ਲਈ ਗੈਲੀਪੋਲੀ ਵਿੱਚ ਨਿਸ਼ਾਨ ਸਾਹਿਬ ਲਹਿਰਾਇਆ। ਉਸਦੇ ਸ਼ਾਨਦਾਰ ਕਾਰਨਾਮੇ – ਮੈਲਬੌਰਨ ਵਿੱਚ ਸਕਾਈਡਾਈਵਿੰਗ (2014), ਅੰਟਾਲਿਆ ਵਿੱਚ ਸਕੂਬਾ ਡਾਈਵਿੰਗ (2016) ਅਤੇ ਮ੍ਰਿਤ ਸਾਗਰ ਵਿੱਚ ਤੈਰਨਾ (2024), ਇਹ ਸਭ ਉਸਦੀ ਪੱਗ-ਚੈਂਪੀਅਨ ਧਾਰਮਿਕ ਸਮਾਵੇਸ਼ ਪਹਿਨਦੇ ਹੋਏ। 'ਮੇਰੀ ਪੱਗ ਮੇਰੀ ਕਹਾਣੀ ਹੈ,' ਉਹ ਕਹਿੰਦਾ ਹੈ, 'ਸਿੱਖ ਇਤਿਹਾਸ ਦਾ ਇੱਕ ਟੁਕੜਾ ਜਿਸਨੂੰ ਮੈਂ ਹਰ ਜਗ੍ਹਾ ਲੈ ਕੇ ਜਾਂਦਾ ਹਾਂ।' ਉਸਦੇ ਪਰਿਵਾਰ ਦਾ 2024 ਮੁੜ ਅਨੰਦ ਮੈਰਿਜ ਐਕਟ ਅਧੀਨ ਰਜਿਸਟਰੇਸ਼ਨ ਨੇ ਸਿੱਖ ਵਿਆਹੁਤਾ ਪਛਾਣ 'ਤੇ ਇੱਕ ਵਿਆਪਕ ਚਰਚਾ ਛੇੜ ਦਿੱਤੀ। ਇੱਕ ਯਾਤਰਾ ਪ੍ਰਭਾਵਕ ਦੇ ਤੌਰ 'ਤੇ, ਹਰਜਿੰਦਰ ਦੀ ਕੈਥੇ ਪੈਸੀਫਿਕ, ਵਿਜ਼ਿਟ ਦ ਯੂਐਸਏ, ਅਮੀਰਾਤ, ਫੋਰ ਸੀਜ਼ਨਜ਼, ਅਤੇ ਜਾਰਡਨ, ਸ਼ਾਰਜਾਹ ਅਤੇ ਮਾਲਟਾ ਦੇ ਟੂਰਿਜ਼ਮ ਬੋਰਡਾਂ ਨਾਲ ਸਾਂਝੇਦਾਰੀ ਨੇ ਮੰਜ਼ਿਲਾਂ ਵਿੱਚ ਜੀਵਨ ਭਰ ਦਿੱਤਾ। ਉਸਦੀ 2025 ਦੀ ਸੀਏਟਲ ਯਾਤਰਾ, ਜਿਸ ਵਿੱਚ ਹਰਕੀਰਤ ਨੇ ਨੋਟ ਕੀਤਾ ਕਿ ਇਸਨੇ ਰਟ ਲਈ 'ਇੱਕ ਚੱਕਰ ਪੂਰਾ ਕੀਤਾ', ਅਤੇ ਸ਼ਾਰਜਾਹ ਦੇ ਮੈਂਗ੍ਰੋਵਜ਼ ਅਤੇ ਪੇਟਰਾ ਵਿੱਚ ਉਸਦੇ ਸਾਹਸ, ਉਸਦੇ ਬੱਚਿਆਂ ਨਾਲ ਸਾਂਝੇ ਕੀਤੇ, ਪਰਿਵਾਰਾਂ ਨੂੰ ਉਦੇਸ਼ ਨਾਲ ਯਾਤਰਾ ਕਰਨ ਲਈ ਪ੍ਰੇਰਿਤ ਕਰਦੇ ਹਨ। ਲੁਧਿਆਣਾ ਵਿੱਚ ਉਸਦੇ ਪਰਉਪਕਾਰੀ ਕੰਮ-ਅੰਤਰ-ਧਰਮ ਲੰਗਰ, ਅਨਾਥ ਆਸ਼ਰਮਾਂ ਦੇ ਦੌਰੇ, ਅਤੇ ਅਫਗਾਨ ਸਿੱਖ ਸ਼ਰਨਾਰਥੀਆਂ ਲਈ ਸਮਰਥਨ-ਸੇਵਾ, ਨਿਰਸਵਾਰਥ ਸੇਵਾ ਦੇ ਸਿੱਖ ਸਿਧਾਂਤ ਨੂੰ ਦਰਸਾਉਂਦਾ ਹੈ। 2025 ਦੀ ਸੂਚੀ ਦੀ ਚੌੜਾਈ ਸਿੱਖ ਭਾਈਚਾਰੇ ਦੇ ਵਿਸ਼ਵਵਿਆਪੀ ਪ੍ਰਭਾਵ ਨੂੰ ਉਜਾਗਰ ਕਰਦੀ ਹੈ। ਸੰਤ ਬਾਬਾ ਕੁਲਵੰਤ ਸਿੰਘ ਜੀ ਇਸਨੂੰ ਅਧਿਆਤਮਿਕ ਸੰਪੂਰਨਤਾ ਦੇ ਅਧਾਰਤ ਕਰਦੇ ਹਨ। ਅਜੈਪਾਲ ਸਿੰਘ ਬੰਗਾ ਅਤੇ ਇੰਦਰਮੀਤ ਸਿੰਘ ਗਿੱਲ ਆਰਥਿਕ ਨੀਤੀ ਨੂੰ ਆਕਾਰ ਦਿੰਦੇ ਹਨ। ਭਗਵੰਤ ਮਾਨ ਅਤੇ ਜੁਗੇਸ਼ਿੰਦਰ ਸਿੰਘ ਭਾਰਤ ਦੀ ਤਰੱਕੀ ਨੂੰ ਅੱਗੇ ਵਧਾਉਂਦੇ ਹਨ। ਕੁਲਜੀਤ ਸਿੰਘ ਤਕਨੀਕੀ ਸੀਮਾਵਾਂ ਨੂੰ ਅੱਗੇ ਵਧਾਉਂਦੇ ਹਨ। ਦਿਲਜੀਤ ਦੋਸਾਂਝ ਸੱਭਿਆਚਾਰਾਂ ਨੂੰ ਜੋੜਦੇ ਹਨ ਅਤੇ ਹਰਜਿੰਦਰ ਸਿੰਘ ਕੁਕਰੇਜਾ, ਆਪਣੀ ਪ੍ਰਮਾਣਿਕ ਡਿਜੀਟਲ ਮੌਜੂਦਗੀ ਰਾਹੀਂ, ਇੱਕ ਸਿੱਖ ਪਰਿਵਾਰ ਨੂੰ ਦੁਨੀਆ ਭਰ ਵਿੱਚ ਖੁਸ਼ਹਾਲ ਦਿਖਾਉਂਦੇ ਹਨ।। ਸਰਹੱਦਾਂ।

ਅਸੀਂ ਕਹਾਣੀਕਾਰ ਹਾਂ, ਹਰਕੀਰਤ ਕਹਿੰਦੀ ਹੈ, ਉਸਦੀ ਮੁਸਕਰਾਹਟ ਚਮਕਦਾਰ ਹੈ। ਹਰ ਪੋਸਟ ਜੁੜਨ ਦਾ ਮੌਕਾ ਹੈ। ਹਰਜਿੰਦਰ ਦੇ ਪੁੱਤਰ ਰਹਿਰਾਸ ਵਰਗੇ ਨੌਜਵਾਨ ਸਿੱਖਾਂ ਲਈ, ਜੋ ਆਪਣੇ ਪਿਤਾ ਦੇ ਰਸਤੇ 'ਤੇ ਚੱਲਣ ਦਾ ਸੁਪਨਾ ਦੇਖ ਰਿਹਾ ਹੈ, ਦ ਸਿੱਖ 100 ਸੰਭਾਵਨਾ ਦਾ ਇੱਕ ਚਾਨਣ ਹੈ। ਜਿਵੇਂ ਕਿ ਹਰਜਿੰਦਰ ਅਜਿਹਾ ਕਰਨ ਵਾਲੇ ਪਹਿਲੇ ਸਿੱਖ ਵਜੋਂ ਦੇ ਰੂਪ ਵਿੱਚ ਦਾਵਾ ਕਰਨ ਦਾ ਟੀਚਾ ਰੱਖਦਾ ਹੈ, ਉਸਦੀ ਯਾਤਰਾ ਸੂਚੀ ਦੇ ਸਿਧਾਂਤਾਂ ਨੂੰ ਦਰਸਾਉਂਦੀ ਹੈ: ਦ੍ਰਿੜਤਾ, ਵਿਸ਼ਵਾਸ ਅਤੇ ਸੇਵਾ। ਵਾਸ਼ਿੰਗਟਨ, ਡੀ.ਸੀ. ਤੋਂ ਨਵੀਂ ਦਿੱਲੀ ਤੱਕ, ਹਰਜਿੰਦਰ ਸਿੰਘ ਕੁਕਰੇਜਾ, ਅਜੈਪਾਲ ਸਿੰਘ ਬੰਗਾ, ਭਗਵੰਤ ਮਾਨ, ਅਤੇ ਉਨ੍ਹਾਂ ਦੇ ਸਾਥੀ ਸਾਬਤ ਕਰਦੇ ਹਨ ਕਿ ਸਿੱਖ ਭਾਵਨਾ ਸਰਹੱਦਾਂ ਤੋਂ ਪਾਰ ਹੈ - ਅਤੇ ਦੁਨੀਆ ਨੂੰ ਆਪਣੀਆਂ ਕਹਾਣੀਆਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਇਹ ਕੁੱਝ ਤਸਵੀਰਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ 30 ਮਿਲੀਅਨ ਤੋਂ ਵੱਧ ਦੇ ਪ੍ਰਵਾਸੀਆਂ ਵਿੱਚੋਂ, ਇਹ ਵੱਕਾਰੀ ਸੂਚੀ 100 ਟਰੇਲਬਲੇਜ਼ਰਾਂ ਦਾ ਸਨਮਾਨ ਹੋਣ ਵਾਲਿਆਂ ਦੀਆਂ ਹਨ ਹੈ ਜੋ ਅਧਿਆਤਮਿਕਤਾ, ਸ਼ਾਸਨ, ਕਾਰੋਬਾਰ, ਵਿਸ਼ਵ ਆਰਥਿਕਤਾ,ਕਲਾ ਅਤੇ ਪਰਉਪਕਾਰ ਵਿੱਚ ਸਿੱਖ ਭਾਵਨਾ ਨੂੰ ਮੂਰਤੀਮਾਨ ਕਰਦੇ ਹਨ।

## ਭਾਖੜਾ 'ਤੇ ਨਵੇਂ ਬਣੇ ਸਟੀਲ ਵਾਲੇ ਪੁਲ ਦੇ ਚੜ੍ਹਦੇ ਪਾਸੇ ਨਵੀਂ ਬਣੀ ਸੜਕ ਦਾ ਕੁਝ ਹਿੱਸਾ ਬੈਠਿਆ

ਸ੍ਰੀ ਕੀਰਤਪੁਰ ਸਾਹਿਬ, 29 ਜੂਨ (ਬੀ ਐਸ ਰਾਣਾ): ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ 11 ਪਿੰਡ ਭਟੋਲੀ ਵਿਖੇ ਭਾਖੜਾ ਨਹਿਰ ਦੇ ਉੱਪਰ ਨਵੇਂ ਬਣੇ ਸਟੀਲ ਵਾਲੇ ਪੁਲ ਦੇ ਚੜ੍ਹਦੇ ਵਾਲੇ ਪਾਸੇ ਪੁਲ ਨੂੰ ਆਉਣ ਜਾਣ ਲਈ ਨਵੀਂ ਬਣੀ ਅਪਰੋਚ ਸੜਕ ਦਾ ਕਾਫੀ ਜ਼ਿਆਦਾ ਹਿੱਸਾ ਭਾਰੀ ਬਰਸਾਤ ਕਾਰਨ ਬੈਠ ਗਿਆ ਹੈ। ਸਥਾਨਕ ਵਸਨੀਕਾਂ ਨੇ ਸਵਾਲ ਚੁੱਕੇ ਹਨ ਕਿ ਪੁਲ ਅਤੇ ਸੜਕ ਨੂੰ ਬਣੇ ਅਜੇ ਕੁਝ ਮਹੀਨੇ ਹੀ ਹੋਏ ਹਨ। ਇਸ ਪੁੱਲ ਦਾ ਉਦਘਾਟਨ ਵੀ ਨਹੀਂ ਹੋਇਆ ਹੈ, ਪਰ ਪਹਿਲੀ ਬਰਸਾਤ ਨੇ ਹੀ ਕੀਤੇ ਗਏ ਕੰਮ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਉਹਨਾਂ ਕਿਹਾ ਕਿ ਸੜਕ ਦੇ ਉਕਤ ਹਿੱਸੇ ਵਿੱਚ ਆਈਆਂ ਤਰੇੜਾ ਤੋਂ ਲੱਗਦਾ ਹੈ ਕਿ ਇਸ ਦੀ ਡੂੰਘਾਈ ਕਾਫੀ ਜ਼ਿਆਦਾ ਹੈ, ਜਿਸ ਵੱਲ ਵਿਭਾਗ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਕੋਈ ਵੀ ਵੱਡਾ ਜਾਨੀ ਨੁਕਸਾਨ ਨਾ ਹੋ ਸਕੇ। ਜ਼ਿਕਰਯੋਗ ਹੈ ਕਿ ਉਕਤ ਪੁਲ ਦਾ ਨੀਂਹ ਪੱਥਰ ਪਿਛਲੀ ਕਾਂਗਰਸ ਸਰਕਾਰ ਸਮੇਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਵੱਲੋਂ ਰੱਖਿਆ ਗਿਆ ਸੀ ਅਤੇ ਇਹ ਪੁਲ ਕਰੀਬ ਪੰਜ ਸਾਲ ਵਿੱਚ ਬਣ ਕੇ ਤਿਆਰ ਹੋਇਆ ਹੈ। ਪੁਲ ਨੂੰ ਆਉਣ ਜਾਣ ਵਾਸਤੇ ਨਹਿਰ ਦੇ ਦੋਨੋਂ ਪਾਸੇ ਅਪਰੋਚਾਂ ਸੜਕਾਂ ਬਣਾਈਆਂ ਗਈਆਂ ਹਨ। ਸਿਰਫ ਪੁਰਾਣੇ ਬੱਸ ਅੱਡੇ ਦੀ ਸਾਈਡ ਦੀ ਸੜਕ ਬਣਨ ਤੋਂ ਰਹਿੰਦੀ ਹੈ, ਜਿਸ ਦੇ ਬਣਨ ਤੋਂ ਬਾਅਦ ਇਸ ਨੂੰ ਪੂਰੀ ਤਰ੍ਹਾਂ ਲੋਕ ਅਰਪਿਤ ਕਰ ਦਿੱਤਾ ਜਾਵੇਗਾ। ਪਰ ਪੁਲ ਦੇ ਦੋਨੋਂ ਪਾਸੇ ਬਣੀਆਂ ਨਵੀਆਂ ਸੜਕਾਂ ਹੁਣ ਤੋਂ ਹੀ ਬੈਠਣੀਆਂ ਸ਼ੁਰੂ ਹੋ ਗਈਆਂ ਹਨ। ਜੇਕਰ ਇਹਨਾਂ ਦੀ ਜਲਦ ਮੁਰੰਮਤ ਨਾ ਕਰਵਾਈ ਗਈ ਤਾਂ ਇਹ ਹੋਰ ਬੈਠ ਸਕਦੀਆਂ ਹਨ। ਕੀ ਕਹਿਣਾ ਹੈ ਲੋਕ ਨਿਰਮਾਣ ਵਿਭਾਗ ਦੇ ਜੇਈ ਸੁਖਵੀਰ ਸਿੰਘ ਦਾ-ਇਸ ਬਾਰੇ ਜਦੋਂ ਲੋਕ ਨਿਰਮਾਣ ਵਿਭਾਗ ਦੇ ਜੇਈ ਸੁਖਵੀਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਜਿਸ ਪਾਸੇ ਪੁੱਲ ਨੂੰ ਆਉਣ ਜਾਣ ਵਾਲੀ ਸੜਕ ਬੈਠੀ ਹੈ, ਉਸ ਪਾਸੇ ਪੁਲ ਦਾ ਜਦੋਂ ਕੰਮ ਚੱਲਦਾ ਸੀ ਤਾਂ ਧਰਤੀ ਦੇ ਹੇਠਾਂ ਬਿਜਲੀ ਦੀ ਤਾਰ ਵਿਛਾਈ ਗਈ ਸੀ। ਠੇਕੇਦਾਰ ਵੱਲੋਂ ਜਦੋਂ ਸੜਕ ਬਣਾ ਦਿੱਤੀ ਗਈ ਤਾਂ ਉਸ ਤੋਂ ਬਾਅਦ ਬਿਜਲੀ ਦੀ ਤਾਰ ਧਰਤੀ ਹੇਠਾਂ ਤੋਂ ਬਾਹਰ ਕੱਢ ਲਈ ਗਈ, ਜਿਸ ਕਾਰਨ ਤਾਰ ਵਾਲੀ ਖਾਈ ਵਿੱਚ ਬਰਸਾਤ ਦਾ ਪਾਣੀ ਭਰ ਗਿਆ ਅਤੇ ਸੜਕ ਬੈਠ ਗਈ। ਉਹਨਾਂ ਕਿਹਾ ਕਿ ਪੁਲ ਦਾ ਨਿਰਮਾਣ ਕਰਨ ਵਾਲੇ ਠੇਕੇਦਾਰ ਵੱਲੋਂ ਕੁਝ ਦਿਨਾਂ ਵਿੱਚ ਇਹ ਸੜਕ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਪੁਲ ਦਾ ਕੰਮ ਰਨਿੰਗ ਵਿੱਚ ਹੈ। ਠੇਕੇਦਾਰ ਦਾ ਕੰਮ ਅਜੇ ਰਹਿੰਦਾ ਹੈ, ਜਿਸ ਕਾਰਨ ਸਾਡੇ ਵੱਲੋਂ ਪੁਲ ਆਪਣੇ ਹੱਥਾਂ ਵਿੱਚ ਨਹੀਂ ਲਿਆ ਗਿਆ ਹੈ। ਇੱਕ ਪਾਸੇ ਦੀ ਅਪਰੋਚ ਦਾ ਕੰਮ ਰਹਿੰਦਾ ਹੈ, ਜਦੋਂ ਉਹ ਪੂਰਾ ਹੋ ਜਾਵੇਗਾ ਤਾਂ ਠੇਕੇਦਾਰ ਵੱਲੋਂ ਪੁਲ ਸਾਨੂੰ ਹੈਂਡ ਓਵਰ ਕਰ ਦਿੱਤਾ ਜਾਵੇਗਾ।

## ਪਿੰਡ ਰੰਗੀਲਪੁਰ ਚੂਹੇਵਾਲ ਤੇ ਫੂਲਕੇ ਵਿਖੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ

ਊਧਨਵਾਲ /ਸ੍ਰੀ ਹਰਿਗੋਬਿੰਦਪੁਰ, 29 ਜੂਨ (ਸੁਖ ਅੰਮ੍ਰਿਤ ਸਿੰਘ ਸੋਨੂੰ ਘੁਮਾਣ/ਡਾ ਸਰਬਜੀਤ ਸਿੰਘ ਭਿੰਡਰ):ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਤੋਂ ਇਲਾਵਾ ਧਰਮ ਪ੍ਰਚਾਰ ਲਹਿਰ ਚਲਾਈ ਜਾ ਰਹੀ ਹੈ, ਜਿਸ ਤਹਿਤ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਚੱਜੀ ਤੇ ਯੋਗ ਅਗਵਾਈ ਹੇਠ ਧਰਮ ਪ੍ਰਚਾਰ ਕਮੇਟੀ ਵੱਲੋਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ: ਗੁਰਨਾਮ ਸਿੰਘ ਜੱਸਲ ਦੇ ਵਿਸ਼ੇਸ਼ ਉਪਰਾਲੇ ਸਦਕਾ ਪਿੰਡ ਰੰਗੀਲਪੁਰ,ਚੂਹੇਵਾਲ ਤੇ ਫੂਲਕੇ ਦੇ ਬੱਚਿਆਂ ਦੇ ਹਫਤਾਵਾਰੀ ਲਗਾਏ ਗਏ ਗੁਰਮਤਿ ਸਮਰ ਸਿਖਲਾਈ ਕੈਂਪ ਦੀ ਸਾਂਝੇ ਤੌਰ 'ਤੇ ਸਮਾਪਤੀ ਪਿੰਡ ਰੰਗੀਲਪੁਰ ਵਿਖੇ ਕੀਤੀ ਗਈ। ਗੁਰਮਤਿ ਸਿਖਲਾਈ ਕੈਂਪ ਮੌਕੇ ਭਾਈ ਪੰਥਜੀਤ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਭਾਈ ਗੁਰਪਿੰਦਰ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਨੂੰ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਗੁਰ ਇਤਿਹਾਸ ਸਿੱਖ ਇਤਿਹਾਸ ਗੁਰਬਾਣੀ ਤੇ ਰਹਿਤ ਮਰਿਆਦਾ ਦੀ ਜਾਣਕਾਰੀ ਦਿੱਤੀ। ਗੁਰਮਤਿ ਸਿਖਲਾਈ ਕੈਂਪ ਮੌਕੇ ਉਚੇਚੇ ਤੌਰ 'ਤੇ ਪਹੁੰਚ ਕੇ ਜ: ਗੁਰਨਾਮ ਸਿੰਘ ਜੱਸਲ ਨੇ ਕੈਂਪ ਦੌਰਾਨ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੀ ਦਿੱਤੀ ਗਈ। ਸਿਲਾਈ,ਗੁਰ ਮੰਤਰ, ਗੁਰੂ ਇਤਿਹਾਸ, ਮੂਲ ਮੰਤਰ,ਦਸ ਗੁਰੂ ਸਾਹਿਬਾਨ , ਪੰਜ ਪਿਆਰੇ ਸਾਹਿਬਾਨ ਚਾਰ ਸਾਹਿਬਜ਼ਾਦੇ ਸਾਹਿਬਾਨ ਪੰਜ ਕਕਾਰ ਪੰਜ ਤਖਤ ਸਾਹਿਬਾਨ ਸਮੇਤ ਸਿੱਖ ਇਤਿਹਾਸ ਨਾਲ ਸਬੰਧਿਤ ਬੱਚਿਆਂ ਕੋਲੋਂ ਸਵਾਲ ਪੁੱਛੇ ਜਿਨ੍ਹਾਂ ਦਾ ਬੱਚਿਆਂ ਨੇ ਨਗਰ ਦੇ ਪਤਵੰਤਿਆਂ ਗੁਰਦੁਆਰਾ ਪ੍ਰਬੰਧਕਾਂ ਤੇ ਮਾਪਿਆਂ ਦੀ ਹਾਜ਼ਰੀ ਵਿੱਚ ਦ੍ਰਿੜਤਾ ਤੇ ਵਿਸ਼ਵਾਸ ਨਾਲ ਜਵਾਬ ਦਿੱਤੇ।

ਕੈਂਪ ਦੌਰਾਨ ਜ :ਗੁਰਨਾਮ ਸਿੰਘ ਜੱਸਲ ਨੇ ਬੱਚਿਆਂ ਤੇ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਗੁਰਦੁਆਰਾ ਪ੍ਰਬੰਧਕਾਂ ਤੇ ਗ੍ਰੰਥੀ ਸਾਹਿਬਾਨ ਵੱਲੋਂ ਦਿੱਤੇ ਸਹਿਯੋਗ ਲਈ ਦਿਲ ਦੀਆਂ ਗਹਿਰਾਈਆਂ ਤੋਂ ਤਹਿ ਦਿਲੋਂ ਧੰਨਵਾਦ ਕੀਤਾ ਤੇ ਕੈਂਪ ਵਿੱਚ ਸ਼ਮੂਲੀਅਤ ਕਰਨ ਵਾਲੇ ਬੱਚਿਆਂ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਗਏ ਮੈਡਲ ਸਰਟੀਫਿਕੇਟ ਗੁਰ ਇਤਿਹਾਸ ਨਾਲ ਸਬੰਧਿਤ ਧਾਰਮਿਕ ਪੁਸਤਕਾਂ ਤੇ ਗੁਰਦੁਆਰਾ ਪ੍ਰਬੰਧਕਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਜ: ਗੁਰਨਾਮ ਸਿੰਘ ਜੱਸਲ ਨੇ ਕਿਹਾ ਕਿ ਗੁਰਬਾਣੀ ਅਤੇ ਇਤਿਹਾਸ ਤੋਂ ਸੇਧ ਲੈ ਕੇ ਹਰ ਮੁਸ਼ਕਲ ਵਿੱਚੋਂ ਲੰਘ ਕੇ ਸਦਾ ਚੜ੍ਹਦੀਕਲਾ ਵਿੱਚ ਰਹਿ ਸਕਦੇ ਹਾਂ ਤੇ ਹਰ ਵੇਲੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਨ ਅਤੇ ਸਿਰਫ਼ ਗੁਰਬਾਣੀ ਦਾ ਆਸਰਾ ਲੈਣ ਲਈ ਵੀ ਪ੍ਰੇਰਿਤ ਕੀਤਾ। ਸਮਾਗਮ ਦੀ ਸਮਾਪਤੀ ਤੇ ਸਤਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਤਰਨਪ੍ਰੀਤ ਸਿੰਘ ਸਕੱਤਰ,ਭਾਈ ਗੁਲਜ਼ਾਰ ਸਿੰਘ ਗ੍ਰੰਥੀ ਵੱਲੋਂ ਜ: ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਚਾਰਕਾਂ ਕਵੀਸਰਾਂ ਤੇ ਪਤਵੰਤਿਆਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ। ਮੈਂਬਰ ਸ਼੍ਰੋਮਣੀ ਕਮੇਟੀ ਜ: ਗੁਰਨਾਮ ਸਿੰਘ ਜੱਸਲ ਵੱਲੋਂ ਧਰਮ ਪ੍ਰਚਾਰ ਲਹਿਰ ਤਹਿਤ ਕੈਂਪ ਲਗਵਾ ਕੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਤੇ ਹਰ ਪ੍ਰਕਾਰ ਦੇ ਸਹਿਯੋਗ ਦਾ ਯਕੀਨ ਦਵਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ:ਰਵਿੰਦਰ ਸਿੰਘ, ਕੁਲਜੀਤ ਸਿੰਘ ਜੀਤ ਅਕੈਡਮੀ,ਸ: ਜਤਿੰਦਰ ਸਿੰਘ ਰੰਗੀਲਪੁਰ,ਸ: ਜਤਿੰਦਰ ਪਾਲ ਸਿੰਘ ਵਿੱਕੀ, ਕੰਵਲਪ੍ਰੀਤ ਸਿੰਘ ਦੌਲਤਪੁਰ,ਸ: ਹਰਵਿੰਦਰ ਸਿੰਘ ਜਫਰਵਾਲ,ਸ: ਗੁਰਕਰਨ ਸਿੰਘ,ਭਾਈ ਮੋਹਨ ਸਿੰਘ ਕਵਿਸ਼ਰ ਧਰਮ ਪ੍ਰਚਾਰ ਕਮੇਟੀ,ਸ: ਗੁਰਮੀਤ ਸਿੰਘ ਚੂਹੇਵਾਲ,ਸ: ਹਰੀ ਸਿੰਘ,ਸ: ਜਤਿੰਦਰ ਸਿੰਘ ਫੂਲਕੇ,ਸ: ਸ਼ਰਨਜੀਤ ਸਿੰਘ ਫੂਲਕੇ ,ਸ: ਹਰਮੇਜ ਸਿੰਘ ਫੂਲਕੇ, ਭਾਈ ਤਰਸੇਮ ਸਿੰਘ ਸੇਖਵਾਂ ਕਵੀਸ਼ਰ, ਭਾਈ ਗੁਰਦੇਵ ਸਿੰਘ ਲੱਧਾ ਮੁੰਡਾ ਕਵੀਸ਼ਰ ਆਦਿ ਹਾਜ਼ਰ ਸਨ।


**SMFG INDIA CREDIT COMPANY LIMITED**
SMFG IndiaCredit Pragati Ki Nayi Pehchaan
ਕਾਰਪੋਰੇਟ ਦਫਤਰ : 10ਵੀਂ ਮੰਜ਼ਿਲ, ਦਫ਼ਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**
**(ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ** ਦੇ ਅਧਿਕਾਰਤ ਅਧਿਕਾਰੀ, ਪੰਜੀਕ੍ਰਿਤ ਦਫ਼ਤਰ ਦਾ ਪਤਾ : ਮੇਘ ਟਾਵਰਜ਼, ਤੀਜੀ ਮੰਜ਼ਿਲ, ਪੁਰਾਣਾ ਨੰਬਰ 307, ਨਵਾਂ ਨੰਬਰ 165 ਪੂਨਮੱਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫ਼ਤਰ 10ਵੀਂ ਮੰਜ਼ਿਲ, ਦਫ਼ਤਰ ਨੰਬਰ 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051 ਵੱਲੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਤੋਂ **60 ਦਿਨਾਂ** ਦੇ ਅੰਦਰ **07 ਅਪ੍ਰੈਲ, 2025 ਅਨੁਸਾਰ ਰੁ. 44,77,289.33/- (ਰੁਪਏ ਚੁਤਾਲੀ ਲੱਖ ਸਤੱਤਰ ਹਜ਼ਾਰ ਦੋ ਸੌ ਉਣਾਨਵੇਂ ਅਤੇ ਤੇਤੀ ਪੈਸੇ ਕੇਵਲ)** ਵਜੋਂ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ **ਕਰਜ਼ ਖਾਤਾ ਨੰਬਰ #21522091167729 7 ਦੇ ਅਧੀਨ ਕਰਜ਼ਦਾਰ (ਾਂ) 1) ਵਿਕਾਸ ਸਤਪਾਲ ਸਿੰਘ, 2) ਸੁਨੈਨਾ ਰਮੇਸ਼ ਕੁਮਾਰ, 3) ਉਦੰਡਾ ਤੇਜਾ ਸ੍ਰੀਲਲਿਤਾ** ਨੂੰ ਸੱਦਾ ਦਿੰਦੇ ਹੋਏ ਮਿਤੀ **11 ਅਪ੍ਰੈਲ** 2025 ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ **26 ਜੂਨ ਸਾਲ 2025** ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ 07 ਅਪ੍ਰੈਲ 2025 ਦੇ ਅਨੁਸਾਰ **ਰੁ. 44,77,289.33/- (ਰੁਪਏ ਚੁਤਾਲੀ ਲੱਖ ਸਤੱਤਰ ਹਜ਼ਾਰ ਦੋ ਸੌ ਉਣਾਨਵੇਂ ਅਤੇ ਤੇਤੀ ਪੈਸੇ ਕੇਵਲ)** ਦੀ ਰਕਮ ਅਤੇ ਵਿਆਜ ਦੇ ਲਈ ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਦੇ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ:- ਸੰਪੱਤੀ ਦਾ ਮਾਲਕ : ਵਿਕਾਸ ਸਪੁੱਤਰ ਸਤਪਾਲ ਸਿੰਘ। ਸੰਪੱਤੀ ਦਾ ਵੇਰਵਾ- ਵਾਕਿਆ ਮਹਿਰੂ ਤਹਿਸੀਲ ਫਗਵਾੜਾ ਹੱਦਬਸਤ ਨੰ. 84 ਕਪੂਰਥਲਾ ਵਿਖੇ ਯੂਨੀਵਰਸਿਟੀ ਵਿਊ ਅਸਟੇਟ ਵਿਖੇ ਸਥਿਤ ਖਸਰਾ ਨੰ. 1169/7-11 ਵਿਚ ਸ਼ਾਮਲ 03 ਮਰਲੇ ਮਾਪ (ਪਲਾਟ ਨੰ. 299/5 ਅਨੁਸਾਰ ਪ੍ਰਵਾਨਤ ਨਕਸ਼ਾ) ਹੱਦਾਂ : ਪੂਰਬ : ਖਾਲੀ ਪਲਾਟ, ਪੱਛਮ: ਗਲੀ, ਉੱਤਰ : ਖਾਲੀ ਪਲਾਟ, ਦੱਖਣ : ਸੰਪੱਤੀ ਨੰ. 32**

ਸਥਾਨ : ਜਲੰਧਰ
ਮਿਤੀ : 30.06.2025
ਸਹੀ/- ਅਧਿਕਾਰਤ ਅਧਿਕਾਰੀ
ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ



**MANAPPURAM FINANCE LTD.**
CIN : L65910KL1992PLC006623
Registered Office: W - 4/ 638A, Manappuram House, P.O. Valapad, Thrissur - 680 567, Kerala, India

**स्वर्ण नीलामी सूचना**

ਗਿਰਵੀਕਰਤਾ ਨੂੰ, ਖਾਸ ਅਤੇ ਸਮਾਜਕ ਰੂਪ ਵਿੱਚ, ਆਮ ਤੌਰ ਤੇ, ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਗਿਰਵੀ ਰੱਖੇ ਸੋਨੇ ਦੇ ਜੇਵਰਾਂ ਦੀ ਸਮਾਜਕ ਨਿਲਾਮੀ ਨੂੰ ਸਵੇਰੇ 10.00 ਵਜੇ ਤੋਂ ਲੈ ਕੇ 16/07/2025 ਨੂੰ ਹੇਠਾਂ ਦਿਤੀਆਂ ਸ਼ਾਖਾਵਾਂ ਤੇ ਸੰਚਾਲਤ ਕੀਤੇ ਜਾਣ ਦਾ ਪ੍ਰਸਤਾਵ ਦਿੱਤਾ ਜਾਂਦਾ ਹੈ । ਅਸੀਂ ਅਜਿਹੇ ਡਿਫਾਲਟਰ ਗਾਹਕਾਂ ਦੇ ਸੋਨੇ ਦੇ ਜੇਵਰਾਂ ਦੀ ਨਿਲਾਮੀ ਕਰਨ ਜਾ ਰਹੇ ਹਾਂ ਜਿਨ੍ਹਾਂ ਨੇ ਰਜਿਸਟਰਡ ਪੱਤਰ ਸੂਚਿਤ ਕੀਤੇ ਜਾਣ ਦੇ ਬਾਵਜੂਦ ਆਪਣੇ ਲੋਨ ਦੀ ਰਕਮ ਨਹੀਂ ਚੁਕਾਈ ਹੈ । ਜਿਨ੍ਹਾਂ ਆਇਟਮਾਂ ਦੀ ਨਿਲਾਮੀ ਨਹੀਂ ਹੋ ਪਾਵੇਗੀ, ਉਨ੍ਹਾਂ ਦੀ ਨਿਲਾਮੀ ਕਿਸੇ ਹੋਰ ਦਿਨ ਬਿਨਾਂ ਕੋਈ ਹੋਰ ਸੂਚਨਾ ਦਿੱਤੇ ਕੀਤੀ ਜਾਵੇਗੀ । ਨਿਲਾਮੀ ਦੇ ਸਥਾਨ ਅਤੇ ਮਿਤੀ (ਜੇ ਕੋਈ ਹੋਵੇ) ਵਿੱਚ ਤਬਦੀਲੀਆਂ ਦੀ ਕੋਈ ਸੂਚਨਾ ਨਿਲਾਮੀ ਕੇਂਦਰ ਜਾਂ ਵੈਬਸਾਇਟ ਤੇ ਲਗਾਈ ਜਾਵੇਗੀ ਅਤੇ ਇਸ ਬਾਰੇ ਕੋਈ ਹੋਰ ਸੂਚਨਾ ਨਹੀਂ ਦਿੱਤੀ ਜਾਵੇਗੀ।

ਗਿਰਵੀਆਂ ਦੀ ਸੂਚੀ :

ਅੰਮ੍ਰਿਤਸਰ, ਅਕਾਸ਼ ਐਵਿਨਿਊ, 109990700057242, 7420, 7430, 7439, 7457, 7471, 7483, 109990730071633, 1718, 1825, 1836, 1862, 1881, 1893, 1929, 1971, 1983, 1993, 2008, ਅੰਮ੍ਰਿਤਸਰ, 103890730013363, 3421, 3426, 3431, 3432, 3433, ਕੋਰਟ ਰੋਡ, 124660730018372, ਢਾਬ ਖੜਿਕਾ, ਅੰਮ੍ਰਿਤਸਰ, 128370700018335, 8455, 8466, 8477, 8479, 128370730008459, 8460, 8494, ਹਾਲ ਬਜ਼ਾਰ ਅੰਮ੍ਰਿਤਸਰ, 110580700011487, 110580730011003, ਕਬੀਰ ਪਾਰਕ, 124280700017947, 7957, 8052, 124280730020715, ਮਜੀਠਾ ਰੋਡ, ਅੰਮ੍ਰਿਤਸਰ, 126770730028250, 8446, 8447, 8474, 8475, ਪੁਤਲੀਘਰ ਅੰਮ੍ਰਿਤਸਰ, 110950730040374, 0499, 0501, 0508, 0551, 0586, 0598, ਰੰਜੀਤ ਐਵਿਨਿਊ, ਅੰਮ੍ਰਿਤਸਰ, 128390700010685, 0688, 0711, 0726, 0735, 128390730008909, ਤਰਨ ਤਾਰਨ ਰੋਡ, 124980700017529, 124980730030221, 0342, ਬਰਨਾਲਾ, ਪੱਕਾ ਕਾਲਜ ਰੋਡ ਬਰਨਾਲਾ, 131830700021973, 1979, 2060, 2090, 131830730086016, 6124, 6130, 6157, 6158, 6276, 6314, 6344, ਬਠਿੰਡਾ, ਅਮ੍ਰੀਕ ਸਿੰਘ ਰੋਡ, ਬਠਿੰਡਾ, 132030700014759, 132030730064859, 5065, 5150, 5156, 5172, 5313, ਬੈਂਕ ਬਜ਼ਾਰ, ਬਠਿੰਡਾ, 131950730048348, 8374, ਬਿਬਿਵਾਲਾ ਬਠਿੰਡਾ, 132050730045967, 6498, 6499, 6588, 6590, ਜੀਟੀ ਰੋਡ, ਬਠਿੰਡਾ, 132320700014482, 4500, 132320730056787, 6841, 6852, 6876, 6954, ਫਰੀਦਕੋਟ, ਜਾਨੀਆ ਮੋਹੱਲਾ, ਫਰੀਦਕੋਟ, 133500730019401, 9483, ਕਮੈਨਾ ਗੇਟ, ਫਰੀਦਕੋਟ, 132860700016869, 132860730013229, ਫ਼ਤਿਹਗੜ ਸਾਡਿਬ, ਡੇਰਾਬੱਸੀ, 119770700018978, 9009, 9014, 9033, 119770730058296, 8318, 8319, 8320, 8391, 8432, 8444, 8446, 8448, 8454, 8464, ਗਰਦਾ ਸਪੁਰ, ਹਨੂਮਾਨ ਚੌਂਕ, ਗੁਰਦਾਸਪੁਰ, 132920730024630, 4631, 4632, 4686, ਪਠਾਨਕੋਟ ਡਲਹੌਜ਼ੀ ਰੋਡ, 120310730017604, 7605, ਪਠਾਨਕੋਟ ਰੇਲਵੇ ਰੋਡ, 120640730024714, ਹੁਸ਼ਿਆਰਪੁਰ, ਹੁਸ਼ਿਆਰਪੁਰ, 135140700009079, 9080, 135140730021829, 1890, 1935, ਜਲੰਧਰ, ਬਸਤੀ ਅੱਡਾ ਰੋਡ, ਜਲੰਧਰ, 128540700014807, 128540730008730, ਕੈਂਟ ਮਾਰਕਿਟ, 115150730018760, 8761, 8811, 8849, 8850, ਮਕਸੂ ਸਦਨ, 114920730015601, 5622, ਨਕੋਦਰ, ਜਲੰਧਰ, 133560730004952, ਪਟੇਲ ਚੌਂਕ, 124290700018893, 8895, 124290730013071, 3204, 3234, 3235, 3237, 3249, 3307, 3343, 3344, ਪਠਾਨਕੋਟ ਚੌਂਕ, ਜਲੰਧਰ, 125720700016276, 6288, 125720730010302, 0391, 0400, 0402, 0403, 0405, 0419, 0420, 0436, 0470, 0492, 0527, ਰਾਮਾ ਮੰਡੀ ਜਲੰਧਰ, 114810730009342, 9443, ਸ਼ਾਸਤਰੀ ਮਾਰਕਿਟ ਜਲੰਧਰ, 122910700010884, 122910730006416, ਅਰਬਨ ਐਸਟੇਟ-ਜਲੰਧਰ, 125990730009107, 9171, 9172, 9191, 9210, ਵਿਜੇਨਗਰ ਪੰਜਾਬ, 119800700013044, 3063, 3064, 3066, 119800730011358, 1469, 1537, 1547, 1610, ਕਪੂਰਥਲਾ, ਕਪੂਰਥਲਾ, ਪੰਜਾਬ, 129160730014312, 4345, 4361, 4362, ਫਗਵਾੜਾ ਓਹਰੀ ਟਾਵਰ, 118030700008583, 118030730008939, 8940, 8952, 8958, 8959, ਲੁਧਿਆਣਾ, ਬ੍ਰਾਊਨ ਰੋਡ, 123760700017288, ਚੌਂਕ ਬਸਤੀ, ਲੁਧਿਆਣਾ, 128250700054983, 4985, 128250730030911, 1276, 1349, 1359, 1552, ਦਸ਼ਮੇਸ਼ ਨਗਰ, 113380700021450, 113380730017702, 7794, 7803, 7813, 7831, ਫੋਕਲ ਪੋਇੰਟ, 111410730039368, 9536, 9537, 9585, 9600, 9601, 9604, 9605, 9644, 9645, 9673, 9676, ਜੀ.ਟੀ ਰੋਡ, ਖੰਨਾ, 127970700012459, 2460, ਗਊ ਸ਼ਾਲਾ ਰੋਡ, ਲੁਧਿਆਣਾ, 133540700012685, 133540730011583, ਜਗਰਾਓਂ ਲੁਧਿਆਣਾ, 132090700014287, 132090730019631, 9679, ਜਨਕਪੁਰੀ- ਲੁਧਿਆਣਾ, 124040730020640, 0751, 0760, 0768, 0887, 0891, 0927, 0952, ਖੰਨਾ ਪੰਜਾਬ, 132140730018930, ਮਾਤਾ ਰਾਣੀ ਚੌਂਕ, 123950700041423, 1510, 1517, 123950730030031, 0113, 0554, 0586, 0606, 0639, 0754, 0783, ਮਾਡਲ ਟਾਊਨ ਲੁਧਿਆਣਾ, 121580730017983, 8035, 8054, ਰਾਮ ਨਗਰ ਲੁਧਿਆਣਾ, 110690730021572, 1588, 1678, 1691, 1742, ਸਮਰਾਲਾ, ਲੁਧਿਆਣਾ, 134490730017128, 7184, ਵਿਵੇਕ ਨਗਰ, 115940730018745, 8746, 8799, 8807, 8824, 8853, 8884, ਮੋਗਾ ਸ਼ਾਖਾ, ਅੰਮ੍ਰਿਤਸਰ ਰੋਡ ਮੋਗਾ, ਪੰਜਾਬ, 133600700012164, 133600730019891, 9895, ਮੋਹਾਲੀ, ਬਾਲਟਾਨਾ, ਜ਼ਿਰਕਪੁਰ, ਮੋਹਾਲੀ, 128770700012863, 2891, 2892, 2899, 128770730008287, 8491, ਚੰਡੀਗੜ੍ਹ ਰੋਡ, ਕੁਰਾਲੀ, 134000700011520, 134000730007054, 7141, ਮੋਹਾਲੀ, 101750700725338, 101750730014050, 4086, 4089, 4102, 4103, 4136, ਫੇਜ਼ 9, ਮੋਹਾਲੀ, 126400700013140, 126400730010612, 0613, 0617, 0618, 0622, 0623, 0624, 0626, 0649, 0675, 0677, 0686, 0729, 0730, 126400750000109, ਨਵਾਂਸ਼ਹਿਰ ਸ਼ਾਖਾ, ਬੰਗਾ ਰੇਲਵੇ ਰੋਡ, ਨਵਾਂਸ਼ਹਿਰ, 133730700007331, 7343, 133730730004485, 4486, 4487, 4488, 4489, ਪਟਿਆਲਾ, ਛੋਟੀ ਬਰਾਦਰੀ ਗਲੀ, ਪਟਿਆਲਾ, 125870700016844, 6845, 6900, 125870730029740, 9775, ਗੁਰਬਕਸ਼ ਕੋਲੋਨੀ, ਪਟਿਆਲਾ, 131930700018985, 9005, 131930730020946, 0955, 0957, ਜਖਲ ਰੋਡ ਪਾਤਰਾਂ, 132120700034014, 4145, 132120730067496, 132120750000153, ਪਟਿਆਲਾ, 101370730015839, ਪਟਿਆਲਾ ਬਸ ਸਟੈਂਡ, 127950700019206, 9231, 127950730017302, 7373, ਰਾਜਪੁਰਾ, 101340700052164, 101340730042600, 2642, 2643, 2645, 2648, 2667, ਰਾਜਪੁਰਾ ਟਾਊਨ, 128450700036549, ਅਰਬਨ ਐਸਟੇਟ ਫੇਜ਼ 11-ਪਟਿਆਲਾ, 131940730021077, 1088, ਰੂਪਨਗਰ, ਰੂਪਨਗਰ ਪੰਜਾਬ, 135920700009946, 9957, 135920730011089, 1114, 1115, 1123, ਸ਼ੁਗਰ ਮਿਲ ਰੋਡ, ਮੋਰਿੰਡਾ, 133890700013843, 133890730009451, 9480, ਸੰਗਰੂਰ , ਬਾਜਾਖਾਨਾ, ਬਰਨਾਲਾ, 131800730060205, ਸਿਨੇਮਾ ਰੋਡ ਬਰਨਾਲਾ, 132580700019075, 9088, 9094, 9128, 9166, 9172, 132580730056684, 6686, 6687, 6692, 6766, 6778, 6836, 6984, 7035, 7085, ਮਾਤਾ ਮੋਦੀ ਰੋਡ, ਸੁਨਾਮ ਸੰਗਰੂਰ, 134810700022472, 2565, 134810730042618, 2620, 3076, 3081, ਚੰਡੀਗੜ੍ਹ, ਬੁਰੇਲ ਚੰਡੀਗੜ੍ਹ, 121780700031309, 1367, 1394, 121780730014058, 4101, 4107, 4160, 4166, 4168, 4251, 4253, 4254, 4258, 4262, 4288, 4299, 4305, 4325, 4349, 4366, 4405, 4406, 4407, ਚੰਡੀਗੜ੍ਹ ਮੋਟਰ ਮਾਰਕੀਟ, 122500700019783, 122500730007298, 7390, 7391, 7425, ਧਾਨਾਸ ਚੰਡੀਗੜ੍ਹ, 126910700028506, 8510, 8557, 126910730012076, 2266, 2275, 2390, 2407, 2441, 2477, 2480, 2545, 2552, 2569, 2578, 2617, 2618, 2619, ਪਿਪਵਾਲਾ ਟਾਊਨ, 122220700028370, 8426, 122220730014904, 5052, 5053, 5071, 5103, 5107, 5108, 5123, 5129, 5130, 5146, 5160,

ਉੱਪਰ ਦਿੱਤੀ ਨੀਲਾਮੀ ਵਿੱਚ ਭਾਗ ਲੈਣ ਦੇ ਇੱਛੁਕ ਵਿਅਕਤੀ ਹੇਠਾਂ ਦੀ ਪਾਲਣਾ ਕਰਣਗੇ:- ਦਿਲਚਸਪੀ ਰੱਖਣ ਵਾਲੇ ਬੋਲੀ ਲਗਾਉਣ ਵਾਲੇ ਵਿਅਕਤੀਆਂ ਨੂੰ ਨੀਲਾਮੀ ਵਾਲੇ ਦਿਨ ਨੂੰ ਨਕਦੀ ਵਿੱਚ ਈਐਮਡੀ (ਅਸਫਲ ਬੋਲੀ ਲਗਾਉਣ ਵਾਲਿਆਂ ਨੂੰ ਰਿਫੰਡ ਕਰਨ ਯੋਗ) ਵਜੋਂ ਰੁ. 10,000/- ਜਮਾਂ ਕਰਨੇ ਚਾਹੀਦੇ ਹਨ। ਬੋਲੀ ਲਗਾਉਣ ਵਾਲਿਆਂ ਨੂੰ ਵਾਜਬ ਆਈਡੀ ਕਾਰਡ/ਪੈਨ ਕਾਰਡ ਨਾਲ ਲਿਆਉਣਾ ਚਾਹੀਦਾ ਹੈ। ਹੋਰ ਵੇਰਵਿਆਂ ਲਈ ਕਿਰਪਾ ਕਰਕੇ 8089292353 ਤੇ ਸੰਪਰਕ ਕਰੋ।

ਅਧਿਕ੍ਰਿਤ ਅਧਿਕਾਰੀ
ਨਿਮਿਤ ਮਣਪੁਰਮ ਫ਼ਿਇਨਾਂਸ ਲਿ.



# ਧਰਮ ਤੇ ਵਿਰਸਾ



## ਐਡਮਿੰਟਨ ਦਾ ਸਭ ਤੋਂ ਪਹਿਲਾ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ



ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ ਲਗਭਗ 1980 ਨੂੰ ਹੋਂਦ ਵਿਚ ਐਡਮਿੰਟਨ ਵਿਚ ਇਹ ਸਭ ਤੋਂ ਪਹਿਲਾ ਬਣਿਆ ਗੁਰਦੁਆਰਾ ਹੈ। ਇਹ ਨਾਰਥ ਵੈਸਟ, ਸੇਂਟ ਅਲਬਰਟ ਟਰੇਲ ਵਿਖੇ ਸਥਿਤ ਹੈ। ਵਿਦੇਸ਼ਾਂ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ, ਉਪਦੇਸ਼ਾਂ, ਬਾਣੀ, ਭੌਤਿਕਵਾਦੀ ਸਮਾਜ ਸੰਪਰਕਾਂ ਨੂੰ ਮਜ਼ਬੂਤ ਕਰਨਾ, ਪੰਜਾਬੀ ਸਭਿਆਚਾਰ ਅਤੇ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਮਲਮਲੀ ਕੋਮਲਤਾ, ਭਾਵੁਕਤਾ, ਮਨੁੱਖ ਵਿਚ ਸੰਵੇਦਨ ਦੀ ਤਰਲਤਾ ਅਤੇ ਸੰਵੇਦਨਸ਼ੀਲਤਾ ਦੀ ਗਗਾਤਮਿਕਤਾ ਦੀ ਖੁਸ਼ਬੂ ਬਿਖੇਰਦੇ ਹੋਏ ਸਿੱਖ ਭਾਈਚਾਰਾ ਸਮਾਜ ਜੀਵਨ ਦੀ ਭਾਂਤੀ ਅਤੇ ਪ੍ਰਸੰਨਤਾ ਵੰਡ ਰਹੇ ਹਨ। ਵਿਦੇਸ਼ਾਂ ਵਿਚ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਕੇ ਖੂਬਸੂਰਤ ਮਾਨਵਤਾਵਾਦੀ ਕੀਰਤੀਮਾਨ ਸਥਾਪਿਤ ਕੀਤੇ ਹੋਏ ਹਨ। ਅਗਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਸਲੀ ਰੂਪ ਵੇਖਣਾ ਹੋਵੇ ਤਾਂ ਗੁਰਦੁਆਰਾ ਸਾਹਿਬ ਚਲੇ ਜਾਉ। ਇਸ ਦੀ ਪ੍ਰਾਚੀਨਤਾ ਅਤੇ ਨਵੀਨਤਾ ਦੀ ਝਲਕ ਮਹਿਸੂਸ ਕਰ ਲਵੋਗੇ। ਆਪਣੇ ਆਪ ਨੂੰ ਮੋਹ ਦੇ ਨਿੱਘ ਵਿਚ ਪਿਰੋ ਕੇ, ਇੰਨਸਾਨੀ ਕਦਰਾਂ ਕੀਮਤਾਂ ਵਿਚ ਰਹਿ ਕੇ ਅਧਿਆਤਮਿਕਤਾ ਦੇ ਪਰਾਏਵਾਚੀ ਹੋ ਜਾਉਗੇ। ਇੱਥੇ ਅਧਿਆਤਮਿਕ ਸਕੂਨ, ਗੁਰਬਾਣੀ ਦੀ ਮਰਿਆਦਾ ਦੇ ਸਾਕਾਰਤਮਿਕ ਚਿੰਨ੍ਹ ਧੁਰ ਅੰਦਰ ਤੱਕ ਆਤਮਤੁਸ਼ਟੀ ਦਾ ਸਬੂਤ ਦਿੰਦੇ ਹਨ। ਨਿਮਰਤਾ ਅਤੇ ਸੇਵਾ ਪੰਚ ਦੀ ਪਰਿਭਾਸ਼ਾ ਵੇਖਣ ਨੂੰ ਮਿਲ ਜਾਂਦੀ ਹੈ, ਜਿੱਥੇ ਸਮਤਾ, ਭਗਤੀ, ਸ਼ਕਤੀ ਸੰਜਮ, ਸਾਂਝੀਵਾਲਤਾ, ਅਨੁਸ਼ਾਸਨ, ਕਰਮਠ ਨਿਸ਼ਠਾ, ਇਕਜੁਟਤਾ, ਦਯਾ ਸੰਤੋਖ, ਸਬਰ, ਕੁਰਬਾਨੀ, ਨਿਸ-ਸਵਾਰਥ ਸੇਵਾ, ਵੰਡ ਛਕਣਾ, ਦਸਵੰਦ, ਨਿਤਨੇਮ, ਕਿਰਤ, ਸਰਬਤ ਦਾ ਭਲਾ, ਬੇਆਸਰਿਆਂ ਨੂੰ ਆਸਰਾ, ਦਸਤਾਰ, ਪੰਜਕਰਾਰ, ਅਮ੍ਰਿਤ ਬਾਂਟੇ ਦਾ ਸੰਦੇਸ਼, ਕੇਸਰੀ ਨਿਸ਼ਾਨ ਦੀ ਮਹਤੱਤਾ, ਨੌਛਾਵਰ ਭਾਵਨਾ, ਹੁਕਮ ਰਜਾਈ ਚਲਣਾ, ਲੰਗਰ ਪ੍ਰਥਾ ਆਦਿ ਸਿੱਖੀ ਚਿੰਨ੍ਹ ਵੇਖਣ ਨੂੰ ਮਿਲਦੇ ਹਨ ਅਤੇ ੧ੳੰ ਦੇ ਖੋਜੀ ਬਾਬਾ ਨਾਨਕ ਦਾ ਸੰਦੇਸ਼। ਗੁਰੂ ਨਾਨਕ ਦੇਵ ਜੀ ਦੇ ਧਰਮ ਸਥਾਨ ਨਾਲ ਸੰਬਧਿਤ, ਜਿਸ ਵੀ ਧਰਮਧਾਮ ਜਾਂ ਸਰਬਸਾਂਝੇ ਸਥਾਨ ਵਿਚ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਸ ਨੂੰ ਸਿੱਖ ਪਰੰਪਰਾ ਸ਼ਬਦਾਵਲੀ ਵਿਚ ਗੁਰਦੁਆਰਾ ਸਾਹਿਬ ਕਿਹਾ ਜਾਂਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ-ਗੁਰੂ ਦਾ ਘਰ, ਗੁਰੂ ਦਾ ਦੁਆਰਾ, ਸੱਚ ਖੰਡ, ਹਰ ਗੁਰਦੁਆਰੇ ਵਿਚ ਇਕ ਉੱਚਾ ਕੇਸਰੀ ਪਰਚਮ ਜਰੂਰ ਹੁੰਦਾ ਹੈ, ਜਿਸ ਨੂੰ ਨਿਸ਼ਾਨ ਸਾਹਿਬ ਕਹਿੰਦੇ ਹਨ। ਜਿਨ੍ਹਾਂ ਸਥਾਨਾਂ ਉਪੱਰ ਛੇਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਯਾਤਰਾ ਕੀਤੀ, ਉੱਥੇ ਮੌਜੂਦਾ ਗੁਰਦੁਆਰਿਆਂ ਵਿਚ ਦੋ ਨਿਸ਼ਾਨ ਸਾਹਿਬ ਵੀ ਲੱਗੇ ਹੁੰਦੇ ਹਨ, ਮੀਰੀ ਅਤੇ ਪੀਰੀ ਦੀ ਨਿਸ਼ਾਨੀ ਹਨ। ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ, ਪ੍ਰਾਚੀਨਤਾ ਤੋਂ ਵਰਤਮਾਨ ਸਾਕਾਰਾਤਮਿਕ ਸ਼ਿਲਪਕਾਰੀ ਦੀ ਨਵੀਨਤਾ ਨੂੰ ਅਪਣਾ ਰਿਹਾ ਹੈ। ਇਸ ਸਥਾਨ ਦੇ ਸੇਵਕ (ਅਨੁਯਾਈ) ਸ. ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਇੱਥੇ ਪ੍ਰਾਚੀਨ ਅਤੇ ਆਧੁਨਿਕ ਸਹੂਲਤਾਂ ਗਹਿਰੀ ਪ੍ਰਤੀਤੀ, ਆਤਮ ਪ੍ਰਸੰਨਤਾ, ਪ੍ਰੇਮ ਅਤੇ ਸਮਤਾ ਭਾਵਨਾ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਹਨ। ਪ੍ਰਾਚੀਨ ਸਰਲਤਾ ਅਤੇ ਆਧੁਨਿਕ ਦ੍ਰਿਸ਼ ਸੁੰਦਰਤਾ ਵਿਚ ਨਿਸ਼ਠਾ ਦੀ ਪ੍ਰਤਿਸ਼ਠਾ ਗਹਿਰੀਅਰਥਾਂ ਨਾਲ ਸੰਪੂਰਨ ਹੈ। ਇਹ ਪਵਿੱਤਰ ਸਥਾਨ ਲਗਭਗ ਦੋ ਏਕੜ ਵਿਚ ਸੁਸ਼ੋਭਿਤ ਹੈ। ਲੰਗਰ ਹਾਲ ਲਗਭਗ 7200 ਸਕੇਅਰ ਫੁੱਟ ਹੋਵੇਗਾ। ਜਿਸ ਨੂੰ ਵਰਤਮਾਨ ਹਾਲਾਤਾਂ ਵਿਚ ਆਧੁਨਿਕ ਢੰਗ ਅਵਸਥਾ ਵਿਚ ਬਦਲਿਆ ਗਿਆ ਹੈ ਅਤੇ ਪੁਰਾਣੀ ਇਮਾਰਤ ਦੇ ਕੁਝ ਹਿਸੇ ਨੂੰ ਦੁਬਾਰਾ ਸੁੰਦਰੀਕਰਣ ਵਿਚ ਪਿਰੋਕੇ ਪੁਨਰ ਸੰਗਠਨ ਕੀਤਾ ਗਿਆ ਹੈ। ਪ੍ਰਾਚੀਨ ਇਮਾਰਤ ਦਾ ਘੇਰਾ ਘੱਟ ਹੋਣ ਕਰਕੇ ਇਸ ਨੂੰ ਹੋਰ ਵਧਾ ਕੇ ਆਧੁਨਿਕ ਸੁਵਿਧਾ ਪੂਰਵਕ ਸ਼ੈਲੀ ਵਿਚ ਸਿਰਜਨ ਕੀਤਾ ਗਿਆ ਹੈ। ਬਾਹਰੀ ਦਿੱਖ ਨੂੰ ਹੋਰ ਸੁੰਦਰੀਕਰਣ ਅਤੇ ਮਰਮ ਸਪਰਸ਼ੀ ਬਣਾਉਣ ਲਈ ਵੱਡੇ ਆਕਾਰ ਦੇ ਕੰਧ ਨੁਮਾਂ ਸ਼ੀਸ਼ਿਆਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਜਿੱਥੇ ਸਿੱਖ ਮਰਿਆਦਾ ਅਨੁਸਾਰ ਹਰ ਤਰ੍ਹਾਂ ਦੇ ਸਮਾਗਮ ਕਰਵਾਏ ਜਾ ਸਕਦੇ ਹਨ। ਵਿਆਹ-ਸ਼ਾਦੀਆਂ ਲਈ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਕਿਸੇ ਵੀ ਰਸਮ ਰੀਤੀ ਰਿਵਾਜ਼ ਜਾਂ ਸਮਾਗਮ ਲਈ ਕੋਈ ਪੈਸਾ ਨਹੀ ਲਿਆ ਜਾਂਦਾ। ਘਰਾਂ ਵਿਚ ਕੋਈ ਵੀ ਧਾਰਮਿਕ ਕਾਰਜ ਕਰਵਾਉਣਾ ਹੋਵੇ ਉਸ ਦਾ ਪ੍ਰਬੰਧਕੀ ਖਰਚਾ ਨਹੀ ਲਿਆ ਜਾਂਦਾ। ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਵਾਰੀ ਦੇ ਆਉਦ ਜਾਣ ਲਈ ਵਰਤੀ ਜਾਣ ਵਾਲੀ ਪ੍ਰਬੰਧਕੀ ਕਾਰ ਦਾ ਵੀ ਕੋਈ ਖਰਚਾ ਨਹੀ ਲਿਆ ਜਾਂਦਾ। ਪਾਠੀ ਸਿੰਘਾਂ ਅਤੇ ਹੋਰ ਜ਼ਰੂਰੀ ਸਿੰਘਾਂ ਲਈ ਆਧੁਨਿਕ ਕਮਰੇ, ਸਹੂਲਤਾਂ ਅਤੇ ਸੁਵਿਧਾ ਜਨ ਕਮਰੇ ਹਨ। ਇਥੇ ਹੀ ਪੰਜਾਬੀ ਅਤੇ ਕੀਰਤਨ ਦੀ ਸਿੱਖਿਆ ਲਈ ਖ਼ਾਲਸਾ ਸਕੂਲ ਵੀ ਹੈ। ਜਿਥੇ ਬੱਚਿਆਂ ਨੂੰ ਜਾਂ ਹੋਰ ਵੀ ਉਮਰ ਦਾ ਵਿਅਕਤੀ ਸਿਖਿਆ ਲੈ ਸਕਦਾ ਹੈ। ਵਧੀਆ ਕਮਰੇ ਅਤੇ ਸੁਵਿਧਾਜਨਕ ਵਾਤਾਵਰਣ ਦੀ ਹੋਂਦ ਹੈ। ਕੀਰਤਨ ਦਰਬਾਰ, ਕਥਾ ਵਿਚਾਰ ਪ੍ਰਵਚਨ ਹੁੰਦੇ ਹਨ। ਪੰਜਾਬੀ ਸਿੱਖਣ ਦਾ ਸਮਾਂ ਐਤਵਾਰ ਸਾਢੇ ਦਸ ਤੋਂ 12 ਵਜੇ (ਦਿਨੇ) ਹੈ। ਲਗਭਗ ਸੌ ਦੇ ਕਰੀਬ ਸਿਖਿਆਰਥੀ ਆਉਂਦੇ ਹਨ। ਵਿਸ਼ੇਸ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਿੱਖਣ ਲਈ ਇਕ ਕਨੇਡੀਅਨ ਲੜਕੀ ਵੀ ਆਉਦੀ ਹੈ। ਸਭ ਧਰਮਾਂ ਦੇ ਲੋਕ ਇੱਥੋਂ ਦੀਆਂ ਸਹੂਲਤਾਂ ਲੈ ਸਕਦੇ ਹਨ। ਗੁਰਮਤ ਕੈਂਪ ਸਾਲ ਵਿਚ ਦੋ ਵਾਰ ਲਗਾਏ ਜਾਂਦੇ ਹਨ। ਵੈਨਕੂਵਰ ਤੋਂ ਵਿਸ਼ੇਸ਼ ਤੌਰ 'ਤੇ ਵਿਦਵਾਨ ਆਉਂਦੇ ਹਨ। ਸੁਖਮਨੀ ਸਾਹਿਬ ਅਤੇ ਅਖੰਡ ਪਾਠਾਂ ਆਦਿ ਦੀਆਂ ਸਹੂਲਤਾਂ ਮੁਫ਼ਤ ਹਨ। ਬੁੱਧਵਾਰ ਸੁਖਮਣੀ ਸਾਹਿਬ, ਸ਼ਨੀਵਾਰ ਵਾਹਿਗੁਰੂ ਦਾ ਜਾਪ ਅਤੇ ਐਤਵਾਰ ਕੀਰਤਨ, ਛੇ ਤੋਂ ਨੌ ਵਜੇ ਤੱਕ। ਰਸੋਈ ਘਰ ਵਿਚ ਸਾਰੀਆਂ ਸਹੂਲਤਾਂ ਆਧੁਨਿਕ ਸ਼ੈਲੀ ਵਿਚ ਓਤ ਪ੍ਰੋਤ ਹਨ। ਰਸੋਈ ਘਰ ਲਗਭਗ 1280 ਸਕੇਅਰ ਫੁੱਟ ਵਿਚ ਅਲੰਕਾਰਿਤ ਹੈ, ਧੋਣ ਵਾਲੀਆਂ ਚੀਜ਼ਾਂ ਲਈ ਅਲੱਗ ਮਸ਼ੀਨਾਂ ਹਨ, ਵਰਤਨ ਵਾਲੀਆਂ ਚੀਜ਼ਾਂ ਲਈ ਵਖਰੇ ਮਸ਼ੀਨੀ ਪ੍ਰਬੰਧ ਹਨ। ਫਰਿਜ਼ਾਂ, ਲੌਂਡਰੀ (ਕੱਪੜੇ ਧੋਣ ਦੀਆਂ ਮਸ਼ੀਨਾਂ) ਅਲਗ-ਅਲਗ ਕਾਰਜਾਂ ਲਈ ਅਲੱਗ-ਅਲੱਗ ਹਨ। ਖ਼ਾਸ ਕਰਕੇ ਪਾਲਕੀ ਸਾਹਿਬ ਦੇ ਸਥਾਨ ਨਾਲ ਸਬੰਧਿਤ ਸਾਰੇ ਵਸਤਰਾਂ ਦੀ ਸਫਾਈ ਲਈ ਅਲੱਗ ਮਸ਼ੀਨਾਂ ਹਨ। ਲਿਫ਼ਟ (ਐਲੀਵੇਟਰ) ਦਾ ਪ੍ਰਬੰਧ ਹੈ। ਮੀਟਿੰਗ ਰੂਮ ਦੀ ਅਵਸਥਾ ਜ਼ਰੂਰਤ ਮੁਤਾਬਿਕ ਢੁਕਵਾ ਅਤੇ ਸਾਰਥਕ ਹੈ। ਇਸ ਗੁਰਦੁਆਰੇ ਸਾਹਿਬ ਦੇ ਪ੍ਰਧਾਨ ਭਾਈ ਸੰਤੋਖ ਸਿੰਘ ਉਪਲ, ਭਾਈ ਜਗਰੂਪ ਸਿੰਘ ਸੈਕਟਰੀ, ਭਾਈ ਮੁਕੰਦ ਸਿੰਘ ਬੈਂਸ, ਸਹਾਇਕ ਸੈਕਟਰੀ ਭਾਈ ਦਵਿੰਦਰ ਸਿੰਘ ਬੈਂਸ, ਖਜ਼ਾਨਚੀ ਭਾਈ ਜੁਝਾਰ ਸਿੰਘ, ਭਾਈ ਬਲਵੰਤ ਸਿੰਘ ਅਤੇ ਮੈਂਬਰ ਭਾਈ ਬਖ਼ਤਾਰ ਸਿੰਘ, ਭਾਈ ਅਵਤਾਰ ਸਿੰਘ ਗਿੱਲ ਹਨ। ਭਵਿੱਖ ਵਿਚ ਇਸ ਪ੍ਰਬੰਧਕ ਕਮੇਟੀ ਤੇ ਹੋਰ ਆਸਾਂ ਹਨ ਕਿ ਸਿੱਖੀ ਧਰਮ ਦੀਆਂ ਪਰੰਪਰਾਵਾਂ-ਸਭਿਆਚਾਰ, ਸਿੱਖਿਆਵਾਂ, ਉਪਦੇਸ਼ਾਂ ਨੂੰ, ਸਾਂਝੀਵਾਲਤਾ ਦੇ ਸੁਨੇਹੇ ਨੂੰ, ੧ੳੰ ਦੇ ਸੰਦੇਸ਼ ਨੂੰ, ਗੁਰਬਾਣੀ ਦੇ ਸੰਦੇਸ਼ਾਂ ਨੂੰ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ।

## ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ

ਕਰਨੈਲ ਸਿੰਘ ਐਮ.ਏ.
karnailsinghma@gmail.com



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੇਮਕੁੰਟ, ਹੇਮਕੁੰਡ ਅਤੇ ਹੇਮਕੂਟ ਦਾ ਸ਼ਾਬਦਿਕ ਅਰਥ ਹੈ ਹਿਮਾਲਿਆ ਦੀ ਧਾਰਾ ਵਿੱਚ ਇੰਦ੍ਰਦਯੁਮਨਸਰ ਕੋਲ ਹੇਮਕੂਟ ਪਰਬਤ ਹੈ ਜਿਸ ਦਾ ਜ਼ਿਕਰ ਮਹਾਂਭਾਰਤ ਦੇ ਆਦਿ ਪਰਬ ਦੇ 119ਵੇਂ ਅਧਿਆਏ ਵਿੱਚ ਆਇਆ ਹੈ। 'ਇੰਦ੍ਰਦਯੁਮਨਸਰ ਪ੍ਰਾਪਯ ਹੇਮਕੂਟ ਮਤੀਤਯਚ' ਪਟਨੇ ਦੇ ਜ਼ਿਲ੍ਹੇ ਰਾਜਗਿਰੀ ਦੇ ਪੰਜ ਪਹਾੜਾਂ 'ਚੋਂ 'ਰਤਨਗਿਰਿ' ਦਾ ਨਾਂ ਵੀ ਹੇਮਕੂਟ ਹੈ। ਦਸਮ ਗ੍ਰੰਥ ਵਿੱਚ ਵੀ ਹੇਮਕੁੰਡ ਬਾਰੇ ਜ਼ਿਕਰ ਹੈ। ਹੇਮਕੁੰਟ ਪਰਬਤ ਹੈ ਜਹਾਂ॥
ਸਪਤ ਸਿਰਿੰਗ ਸੋਭਿਤ ਹੈ ਤਹਾਂ॥
(ਦਸਮ ਗ੍ਰੰਥ, ਅੰਗ ੫੪)
ਸ੍ਰੀ ਹੇਮਕੁੰਡ ਸਾਹਿਬ ਦੇ ਅਸਥਾਨ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਬਲੇ ਜਨਮ ਵਿੱਚ ਦੁਸ਼ਟ-ਦਮਨ ਦੇ ਰੂਪ ਵਿੱਚ ਅਕਾਲ ਪੁਰਖ ਦਾ ਸਿਮਰਨ ਕੀਤਾ। ਇਹ ਹਿਮਾਚਲ ਵਿੱਚ 4632 ਮੀਟਰ ਦੀ ਉਚਾਈ ਤੇ ਇੱਕ ਬਰਫ਼ੀਲੀ ਝੀਲ ਦੇ ਕਿਨਾਰੇ ਸੱਤ ਪਹਾੜਾਂ ਦੇ ਵਿਚਕਾਰ ਸਥਿਤ ਹੈ। ਇਹਨਾਂ ਸੱਤਾਂ ਪਹਾੜਾਂ ਤੇ ਨਿਸ਼ਾਨ ਸਾਹਿਬ ਝੂਲਦੇ ਹਨ। ਇਹ ਅਸਥਾਨ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨਾਂ 'ਚੋਂ ਇੱਕ ਮੰਨਿਆਂ ਜਾਂਦਾ ਹੈ। ਸ੍ਰੀ ਹੇਮਕੁੰਡ ਸਾਹਿਬ ਦਾ ਅਸਥਾਨ ਉੱਤਰ ਪ੍ਰਦੇਸ਼ ਵਿੱਚ ਹਰਿਦੁਆਰ, ਰਿਸ਼ੀਕੇਸ, ਸ੍ਰੀ ਨਗਰ ਗੜ੍ਹਵਾਲ, ਕਰੁਣ ਪ੍ਰਯਾਗ, ਪਿੱਪਲਕੋਟੀ, ਜੋਸ਼ੀ ਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਤੋਂ ਉੱਪਰ ਸਮੁੰਦਰ ਦੀ ਸਤਹ ਤੋਂ 15210 ਫੁੱਟ ਦੀ ਉਚਾਈ 'ਤੇ ਹੈ। ਇਸ ਪਵਿੱਤਰ ਅਸਥਾਨ ਦੀ ਯਾਤਰਾ ਲਈ ਆਉਣ ਵਾਲੇ ਪ੍ਰਮੁੱਖ ਪੜਾਵਾਂ 'ਚੋਂ ਰਿਸ਼ੀਕੇਸ਼ ਨੰਬਰ ਇੱਕ 'ਤੇ ਹੈ। ਇੱਥੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਹੈ। ਸੰਗਤਾਂ ਦੇ ਰਹਿਣ ਵਾਸਤੇ ਵੱਡੀ ਗਿਣਤੀ ਵਿੱਚ ਕਮਰੇ ਬਣੇ ਹੋਏ ਹਨ।

ਜੇਕਰ ਯਾਤਰੂ ਸੰਗਤਾਂ ਨੂੰ ਕਮਰੇ ਨਾ ਵੀ ਮਿਲਣ ਤਾਂ ਉਹ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਵਾਲੇ ਸਸਤੇ, ਮਹਿੰਗੇ ਹੋਟਲ ਵੀ ਕਾਫ਼ੀ ਗਿਣਤੀ ਵਿੱਚ ਮੌਜੂਦ ਹਨ, ਉਹਨਾਂ ਵਿੱਚ ਰਾਤ ਕੱਟ ਸਕਦੇ ਹਨ। ਹਰਿਦੁਆਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪੁਰਾਤਨ ਸ਼ਹਿਰ ਨੂੰ ਰਿਸ਼ੀਆਂ ਦਾ ਘਰ ਕਿਹਾ ਜਾਂਦਾ ਹੈ। ਰੇਲਵੇ ਦਾ ਇਹ ਆਖਰੀ ਸਟੇਸ਼ਨ ਹੈ। ਇੱਥੋਂ ਪਹਾੜੀ ਸਫ਼ਰ ਸ਼ੁਰੂ ਹੁੰਦਾ ਹੈ। ਯਾਤਰੀ ਆਪਣੇ ਨਾਲ ਦਵਾਈ, ਹਲਕਾ ਭੋਜਨ ਲੈ ਕੇ ਚੱਲਣ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਕਾਫ਼ੀ ਯਾਤਰੀਆਂ ਨੂੰ ਉਲਟੀਆਂ ਆ ਜਾਂਦੀਆਂ ਹਨ। ਇਸ ਸਮੱਸਿਆ ਤੋਂ ਬਚਣ ਲਈ ਸਾਰੀ ਯਾਤਰਾ ਦੌਰਾਨ ਹਲਕਾ ਭੋਜਨ ਲਉ। ਪਹਾੜੀ ਯਾਤਰਾ ਸ਼ੁਰੂ ਹੋਣ ਸਾਰ ਹੀ ਜੇਕਰ ਦਵਾਈ ਲੈ ਲਈ ਜਾਵੇ ਤਾਂ ਹੋਰ ਵੀ ਵਧੀਆ ਹੈ। ਰਿਸ਼ੀਕੇਸ਼ ਮਗਰੋਂ ਰਸਤਾ ਵਲ-ਵਲੇਵੇਂ ਖਾਂਦੀਆਂ ਸੜਕਾਂ, ਇੱਕ ਪਾਸੇ ਅੰਤਾਂ ਦੀ ਡੂੰਘਾਈ ਵਿੱਚ ਵਹਿੰਦੀ ਗੰਗਾ, ਦੂਜੇ ਪਾਸੇ ਅਸਮਾਨ ਛੂੰਹਦੇ ਪਹਾੜ ਰਸਤੇ ਵਿੱਚ ਥਾਂ-ਥਾਂ ਚੱਲ ਰਹੇ ਪਾਣੀ ਦੇ ਝਰਨੇ ਅਤੇ ਇਸ ਨੂੰ ਮੋਹ ਲੈਣ ਵਾਲੀ ਹਰਿਆਵਲ ਦੇਖ ਕੇ ਮਨ ਖਿੜ ਉੱਠਦਾ ਹੈ। ਰਿਸ਼ੀਕੇਸ਼ ਤੋਂ 104 ਕਿਲੋਮੀਟਰ ਅਤੇ ਸ੍ਰੀ ਨਗਰ ਗੜ੍ਹਵਾਲ ਤੋਂ 252 ਕਿਲੋਮੀਟਰ ਦੇ ਫਾਸਲੇ ਤੇ ਜੋਸ਼ੀ ਮੱਠ ਦਾ ਅਸਥਾਨ ਹੈ। ਜੋਸੀਮੱਠ ਸ਼ੰਕਰਾਚਾਰੀਆ ਦੁਆਰਾ ਸਥਾਪਿਤ ਚਾਰ ਮੱਠਾਂ 'ਚੋਂ ਇੱਕ ਹੈ। ਸਮੁੰਦਰ ਤੱਟ ਤੋਂ ਇਸ ਦੀ ਉਚਾਈ 6000 ਫੁੱਟ ਹੈ। ਹੇਮ ਗੰਗਾ ਅਤੇ ਅਲਕਨੰਦਾ ਦੇ ਸੰਗਮ ਤੇ ਗੁਰਦੁਆਰਾ ਗੋਬਿੰਦ ਘਾਟ ਸਥਿਤ ਹੈ। ਇੱਥੇ ਸ੍ਰੀ ਹੇਮਕੁੰਡ ਸਾਹਿਬ ਮੈਨੇਜਮੈਂਟ ਟ੍ਰਸਟ ਵੱਲੋਂ ਰਿਹਾਇਸ਼ ਤੇ ਲੰਗਰ ਦਾ ਯਾਤਰੀਆਂ ਲਈ ਸੁਚੱਜਾ ਪ੍ਰਬੰਧ ਹੈ। ਇੱਥੇ ਸੰਗਤ ਨੂੰ ਰਾਤ ਵਿਸ਼ਰਾਮ ਕਰਨ ਲਈ ਕੰਬਲ ਦਿੱਤੇ ਜਾਂਦੇ ਹਨ। ਯਾਤਰੂਆਂ ਦੇ ਸਮਾਨ ਲਈ ਗੱਠੜੀ ਘਰ ਹੈ। ਇੱਥੇ ਇੱਕ ਡਿਸਪੈਂਸਰੀ ਵੀ ਹੈ, ਜਿੱਥੋਂ ਲੋੜਵੰਦ, ਯਾਤਰੂ ਦਵਾਈ, ਮਲ੍ਹਮ-ਪੱਟੀ ਆਦਿ ਲੈ ਸਕਦੇ ਹਨ।

ਗੁਰਦੁਆਰਾ ਗੋਬਿੰਦ ਘਾਟ ਤੋਂ ਹੇਮਕੁੰਡ ਸਾਹਿਬ ਲਈ ਪੈਦਲ ਯਾਤਰਾ ਆਰੰਭ ਹੁੰਦੀ ਹੈ। ਯਾਤਰੀ ਗੱਡੀਆਂ ਪਾਰਕਿੰਗ ਕਰਕੇ ਆਪਣਾ ਸਮਾਨ ਅਟੈਚੀਕੇਸ, ਬੈਗ, ਬਿਸਤਰੇ ਤੇ ਨਕਦੀ/ਕੈਸ਼ ਅਮਾਨਤ ਵਜੋਂ ਗੋਬਿੰਦ ਘਾਟ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਬੰਧਕਾਂ ਕੋਲ ਜਮ੍ਹਾ ਕਰਵਾ ਕੇ ਅੱਗੇ ਯਾਤਰਾ ਲਈ ਚੱਲਦੇ ਹਨ। ਗੁਰਦੁਆਰਾ ਗੋਬਿੰਦ ਘਾਟ ਵਿਖੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ। ਹਰ ਯਾਤਰੂ ਨੂੰ ਹੇਮਕੁੰਡ ਸਾਹਿਬ ਪਹੁੰਚਣ ਤੋਂ ਪਹਿਲਾਂ ਅੰਮ੍ਰਿਤ ਛਕ ਕੇ ਜਾਣਾ ਚਾਹੀਦਾ ਹੈ। ਤਾਂ ਹੀ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਗੋਬਿੰਦ ਘਾਟ ਤੋਂ ਗੋਬਿੰਦ ਧਾਮ ਦੀ 12 ਕਿਲੋਮੀਟਰ ਪੈਦਲ ਯਾਤਰਾ ਸੁੰਮਵਾਲੀ ਸੋਟੀ ਦੇ ਸਹਾਰੇ, ਸਤਿਨਾਮੁ-ਵਾਹਿਗੁਰੂ ਦਾ ਜਾਪ ਕਰਦਿਆਂ, ਉੱਚੇ ਨੀਵੇਂ ਰਸਤੇ 'ਤੇ ਪੈਦਲ ਚੱਲਦੀਆਂ ਸੰਗਤਾਂ ਕੁਦਰਤੀ ਦਰਖ਼ਤਾਂ, ਫਲਾਂ, ਫੁੱਲਾਂ ਨੂੰ ਵੇਖਦੀਆਂ ਗੋਬਿੰਦ ਧਾਮ ਪਹੁੰਚਦੀਆਂ ਹਨ। ਇਹ 12 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਬਜ਼ੁਰਗਾਂ, ਰੋਗੀਆਂ ਅਤੇ ਛੋਟੇ ਬੱਚਿਆਂ ਲਈ ਘੋੜਾ, ਕਾਂਡੀ ਤੇ ਪਿੱਠੂ ਦੀ ਸਵਾਰੀ ਦਾ ਪ੍ਰਬੰਧ ਵੀ ਹੈ। ਇਹ ਕਿਰਾਏ ਤੇ ਮਿਲਦੇ ਹਨ। ਯਾਤਰੂਆਂ ਨੂੰ ਇਸ ਸਫ਼ਰ ਦੌਰਾਨ ਬਿਸਕੁਟ, ਕਾਜੂ, ਮਨੱਕਾ, ਛੁਹਾਰੇ, ਬਦਾਮ, ਅਖਰੋਟ, ਫਰੂਟ, ਨਿੰਬੂ, ਚੂਰਨ, ਟਾਫੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਰਸਤੇ ਵਿੱਚ ਵੀ ਚਾਹ, ਬਿਸਕੁਟ, ਕੋਲਡ ਡਰਿੰਕ, ਪਕੌੜਿਆਂ ਦੀਆਂ ਕਾਫ਼ੀ ਦੁਕਾਨਾਂ ਹਨ। ਪਰ ਉਹਨਾਂ ਤੋਂ ਸਮਾਨ ਬਹੁਤ ਮਹਿੰਗਾ ਮਿਲਦਾ ਹੈ। ਇਹਨਾਂ ਦੇ ਰੇਟ ਆਮ ਰੇਟ (ਕੀਮਤ) ਨਾਲੋਂ ਤਿੰਨ ਗੁਣਾਂ ਹੁੰਦੇ ਹਨ।

ਗੋਬਿੰਦ ਧਾਮ ਵਿਖੇ ਇੱਕ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰਾ ਗੋਬਿੰਦ ਧਾਮ ਵਿਖੇ ਲੰਗਰ, ਚਾਹ, ਦਵਾ-ਦਾਰੂ ਦਾ ਸੁਚੱਜਾ ਪ੍ਰਬੰਧ ਹੈ। ਪਹਾੜਾਂ ਦੀ ਗੋਦ 'ਚ ਏਕਾਂਤ ਵਿੱਚ ਇਸ ਗੁਰਦੁਆਰਾ ਸਾਹਿਬ ਵਿੱਚ ਪਹੁੰਚਦਿਆਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਅਸੀ ਬ੍ਰਹਿਮੰਡ ਵਿੱਚ ਪਹੁੰਚ ਗਏ ਹੋਈਏ। ਇੱਥੇ ਸ਼ਾਂਤ ਵਾਤਾਵਰਨ ਹੈ, ਕੋਈ ਪ੍ਰਦੂਸ਼ਣ ਨਹੀ ਹੈ ਤੇ ਨਾ ਹੀ ਸ਼ੋਰ-ਸ਼ਰਾਬਾ। ਇੱਥੇ ਸਿਰਫ ਤਨ ਤੇ ਮਨ ਦੀ ਸ਼ਾਂਤੀ ਮਿਲਦੀ ਹੈ। ਇੱਥੇ ਹਰ ਸ਼ਰਧਾਲੂ ਨੂੰ ਆਰਾਮ ਕਰਨ ਲਈ ਚਾਰ ਜਾਂ ਪੰਜ ਕੰਬਲ ਦਿੱਤੇ ਜਾਂਦੇ ਹਨ। ਗੋਬਿੰਦ ਧਾਮ ਵਿਖੇ ਸੰਗਤਾਂ ਦੇ ਠਹਿਰਣ ਲਈ ਕਮਰੇ ਅਤੇ ਵੱਡਾ ਹਾਲ ਵੀ ਬਣਿਆ ਹੋਇਆ ਹੈ। ਰਾਤ ਵਿਸ਼ਰਾਮ ਕਰਨ ਉਪਰੰਤ ਅਗਲੇ ਦਿਨ ਸੰਗਤ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਰਵਾਨਾ ਹੁੰਦੀ ਹੈ। ਇੱਥੋਂ 7 ਕਿਲੋਮੀਟਰ ਦੀ ਸਖ਼ਤ ਤੇ ਸਿੱਧੀ ਚੜ੍ਹਾਈ ਤੇ ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਸਥਿਤ ਹੈ। ਇਸ ਅਸਥਾਨ ਤੇ ਪੱਥਰ ਦੀਆਂ 1160 ਪੌੜੀਆਂ ਰਾਹੀ ਵੀ ਚੜ੍ਹ ਕੇ ਪਹੁੰਚਿਆ ਜਾ ਸਕਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਡ ਸਾਹਿਬ ਤੱਕ ਜਾਣ ਵਾਲੇ ਰਸਤੇ 'ਤੇ ਸਰਕਾਰ ਵੱਲੋਂ ਇੱਕ ਪੁੱਲ ਬਣਾਇਆ ਗਿਆ ਹੈ। ਗੁਰਦੁਆਰਾ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਡ ਸਾਹਿਬ ਤੱਕ ਜਾਣ ਵਾਲੇ ਰਸਤੇ ਨੂੰ ਪੱਕਾ ਕੀਤਾ ਗਿਆ ਹੈ। ਇਸ ਅਸਥਾਨ ਤੇ ਪਹੁੰਚਣ ਲਈ 3 ਤੋਂ 4 ਘੰਟੇ ਤੱਕ ਦਾ ਸਮਾਂ ਲੱਗਦਾ ਹੈ। ਜਿਵੇਂ ਹੀ ਸ੍ਰੀ ਹੇਮਕੁੰਡ ਸਾਹਿਬ ਸੰਗਤਾਂ ਨੂੰ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ ਤਾਂ ਮਨ ਦੀ ਖ਼ੁਸ਼ੀ ਜੈਕਾਰਿਆਂ ਦੀ ਗੂੰਜ ਵਿੱਚ ਬਦਲ ਜਾਂਦੀ ਹੈ। ਇਸ ਤੀਰਥ ਅਸਥਾਨ ਦੇ ਇੱਕ ਪਾਸੇ ਵਿਸ਼ਾਲ ਸਰੋਵਰ ਹੈ। ਜਿਸ ਦੇ ਸ਼ੁੱਧ ਤੇ ਠੰਡੇ ਜਲ ਵਿੱਚ ਇਸ਼ਨਾਨ ਕਰਦਿਆਂ ਹੀ 19 ਕਿਲੋਮੀਟਰ ਦੀ ਪੈਦਲ ਚੜ੍ਹਾਈ ਦੇ ਕਾਰਨ ਥੱਕੇ ਹੋਏ ਯਾਤਰੂਆਂ ਦਾ ਸਰੀਰ ਤਰੋ-ਤਾਜ਼ਾ ਹੋ ਜਾਂਦਾ ਹੈ। ਸਰੋਵਰ ਦੇ ਕਿਨਾਰੇ ਸੰਨ 1926 ਈ: ਦਾ ਬਣਿਆ ਗੁਰਦੁਆਰਾ ਸਾਹਿਬ ਹੈ। ਜੋ ਭਗਤੀ ਤੇ ਪ੍ਰਭੂ ਮਿਲਾਪ ਦਾ ਪ੍ਰਤੀਕ ਹੈ। ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਦੁਨੀਆਂ ਵਿੱਚ ਸਭ ਤੋਂ ਉੱਚੇ ਸਥਾਨ ਤੇ ਸਥਿਤ ਹੈ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਤਿੰਨ ਪਾਸੇ ਚੋਟੀਆਂ ਕਦੇ ਹਰੀਆਂ-ਭਰੀਆਂ ਅਤੇ ਕਦੇ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ, ਚੌਥੇ ਪਾਸੇ ਬਾਰ੍ਹਾਂ ਮਹੀਨੇ ਬਰਫ਼ ਨਾਲ ਢਕਿਆ ਹੋਇਆ ਪਰਬਤ ਇਸ ਸਰੋਵਰ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ। ਸਰਦੀ ਦੇ ਮੌਸਮ ਵਿੱਚ ਬਰਫ਼ ਇੰਨੀ ਜ਼ਿਆਦਾ ਪੈਂਦੀ ਹੈ ਕਿ ਗੁਰਦੁਆਰਾ ਸਾਹਿਬ, ਨਿਸ਼ਾਨ ਸਾਹਿਬ ਅਤੇ ਸਰੋਵਰ ਵੀ ਬਰਫ਼ ਨਾਲ ਢਕੇ ਜਾਂਦੇ ਹਨ। ਹੇਮਕੁੰਟ ਸਾਹਿਬ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਬਰਫ਼ਾਂ ਨਾਲ ਢਕਿਆ ਰਹਿੰਦਾ ਹੈ। ਅਪ੍ਰੈਲ ਮਹੀਨੇ ਵਿੱਚ ਫ਼ੌਜ, ਬੰਗਾਲ ਇੰਜੀਨੀਅਰ ਤੇ ਬਾਰਡਰ ਵਾਲੇ ਫ਼ੌਜੀ ਤੇ ਕਰਮਚਾਰੀ ਇਹ ਰਸਤਾ ਖੋਲ੍ਹਦੇ ਹਨ।

ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਵਿਖੇ ਸੰਗਤਾਂ ਨੂੰ ਰਾਤ ਠਹਿਰਣ ਦੀ ਆਗਿਆ ਨਹੀ ਮਿਲਦੀ ਕਿਉਂਕਿ ਸ੍ਰੀ ਹੇਮਕੁੰਡ ਸਾਹਿਬ ਵਿਖੇ ਆਕਸੀਜ਼ਨ ਬਹੁਤ ਘੱਟ ਹੁੰਦੀ ਹੈ ਤੇ ਸੰਗਤਾਂ ਦਾ ਜ਼ਿਆਦਾ ਇਕੱਠ ਵੀ ਨਹੀ ਹੋਣ ਦਿੱਤਾ ਜਾਂਦਾ। ਪ੍ਰਬੰਧਕ ਸਪੀਕਰ ਰਾਹੀ ਹੀ ਇਹ ਅਨਾਊਂਸਮੈਂਟ ਵਾਰ-ਵਾਰ ਕਰਦੇ ਰਹਿੰਦੇ ਹਨ ਕਿ ਸੰਗਤਾਂ ਇਸ਼ਨਾਨ ਕਰਕੇ, ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ, ਚਾਹ ਤੇ ਖਿਚੜੀ ਦਾ ਲੰਗਰ ਛਕ ਕੇ ਤੇ ਪ੍ਰਸ਼ਾਦ ਲੈ ਕੇ ਵਾਪਿਸ ਗੋਬਿੰਦ ਧਾਮ ਪਹੁੰਚਣ। ਸੰਗਤਾਂ ਨੇ ਵਾਪਿਸ ਗੋਬਿੰਦ ਧਾਮ ਆ ਕੇ ਹੀ ਲੰਗਰ ਛਕਣਾ ਅਤੇ ਵਿਸ਼ਰਾਮ ਕਰਨਾ ਹੁੰਦਾ ਹੈ।

ਗੁਰਦੁਆਰਾ ਸ੍ਰੀ ਹੇਮਕੁੰਡ ਸਾਹਿਬ ਦੀ ਯਾਤਰਾ 25 ਮਈ ਤੋਂ ਆਰੰਭ ਹੋ ਚੁੱਕੀ ਹੈ। ਇਹ ਯਾਤਰਾ 10 ਅਕਤੂਬਰ ਤੱਕ ਭਾਵ ਪੰਜ ਮਹੀਨੇ ਦੇ ਕਰੀਬ ਤੱਕ ਚੱਲੇਗੀ। ਹਰ ਸਾਲ ਲੱਖਾਂ ਹੀ ਸੰਗਤਾਂ ਯਾਤਰਾ ਕਰਕੇ ਇਸ ਅਸਥਾਨ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਜਾਂਦਾ ਹੈ। ਵਾਹਿਗੁਰੂ ਮਿਹਰ ਕਰੇ, ਸਰਬੱਤ ਸੰਗਤਾਂ ਦੀ ਯਾਤਰਾ ਸੁੱਖਾਂ ਨਾਲ ਬਤੀਤ ਹੋਵੇ।

## ਨਿਊਯਾਰਕ ਵਿੱਚ ਸਿੱਖ ਪੰਥ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
98157-00916

ਨਿਊਯਾਰਕ ਸ਼ਹਿਰ ਜਿੱਥੇ ਆਕਾਸ਼-ਛੂੰਹਦੀਆਂ ਇਮਾਰਤਾਂ ਦੇ ਵਿਚਕਾਰ ਮਨੁੱਖ ਦੀ ਆਤਮਾ ਆਪਣੀ ਪਛਾਣ ਲਈ ਤਰਸਦੀ ਹੈ, ਉੱਥੇ ਹੀ ਸਿੱਖ ਪੰਥ ਦੀ ਜੋਤ ਗੁਰੂ ਦੇ ਸ਼ਬਦ ਵਾਂਗ ਚਮਕਦੀ ਹੈ। ਇਹ ਸਿੱਖ ਜਿਨ੍ਹਾਂ ਦੇ ਸਿਰ 'ਤੇ ਗੁਰੂ ਦੀ ਦਸਤਾਰ ਸੁਸ਼ੋਭਿਤ ਹੈ, ਜਿਨ੍ਹਾਂ ਦੇ ਹੱਥ ਸੇਵਾ ਦੀ ਮਹਿਕ ਨਾਲ ਸੁਗੰਧਤ ਹਨ, ਨੇ ਇਸ ਵਿਦੇਸ਼ੀ ਧਰਤੀ ਉੱਪਰ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਸੁਰ ਵਿੱਚ ਗਾਇਆ ਹੈ। ਇਸ ਸ਼ਹਿਰ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖ ਵਸਦੇ ਹਨ ਤੇ ਇੱਥੋਂ ਦੇ ਗੁਰਦੁਆਰੇ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ, ਸਿੱਖ ਸੈਂਟਰ ਆਫ਼ ਨਿਊਯਾਰਕ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਤੇ ਸੱਚਖੰਡ ਗੁਰੂ ਨਾਨਕ ਦਰਬਾਰ ਆਦਿ ਗੁਰੂ ਦੀ ਜੋਤ ਦੇ ਸੰਗਮ ਸਥਾਨ ਹਨ, ਜਿੱਥੇ ਗੁਰੂ ਦਾ ਸ਼ਬਦ ਰਾਗ ਵਿੱਚ ਗੂੰਜਦਾ ਹੈ ਤੇ ਲੰਗਰ ਦੀ ਮਹਿਕ ਹਰ ਜਾਤ, ਹਰ ਧਰਮ ਦੇ ਲੋਕਾਂ ਨੂੰ ਇੱਕ ਪੰਗਤ ਵਿੱਚ ਬਿਠਾਉਂਦੀ ਹੈ। 9/11 ਦੀ ਤਬਾਹੀ ਤੋਂ ਬਾਅਦ, ਜਦੋਂ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ, ਉਦੋਂ ਸਿੱਖਾਂ ਨੇ ਸਿਰਫ਼ ਦਸਤਾਰ ਦੀ ਸ਼ਾਨ ਨਹੀਂ, ਸਗੋਂ ਸੰਘਰਸ਼ ਦੀ ਗਾਥਾ ਵੀ ਲਿਖੀ। 2012 ਵਿੱਚ ਵਿਸਕਾਨਸਿਨ ਦੇ ਓਕ ਕ੍ਰੀਕ ਗੁਰਦੁਆਰੇ 'ਤੇ ਹੋਈ ਗੋਲੀਬਾਰੀ ਨੇ ਸਿੱਖਾਂ ਦੇ ਸਾਹਮਣੇ ਕਈ ਚੁਣੌਤੀਆਂ ਲਿਆਂਦੀਆਂ, ਪਰ ਸਿੱਖ ਪੰਥ ਨੇ ਗੁਰੂ ਦੀ ਕਿਰਪਾ ਨਾਲ ਨਾ ਸਿਰਫ਼ ਇਸ ਦੁੱਖ ਨੂੰ ਸਹਿਣ ਕੀਤਾ, ਸਗੋਂ ਸੇਵਾ ਦੇ ਚਾਨਣ ਨਾਲ ਅਮਰੀਕੀ ਸਮਾਜ ਦੇ ਨਸਲਵਾਦੀ ਹਨੇਰੇ ਨੂੰ ਪਛਾੜ ਕੇ ਸਰਬੱਤ ਦੇ ਭਲੇ ਦੇ ਫਲਸਫੇ 'ਤੇ ਸਿੱਖ ਪਛਾਣ ਨੂੰ ਰੌਸ਼ਨ ਕੀਤਾ। ਸਿੱਖ ਨੌਜਵਾਨ ਅੱਜ ਸਿਆਸਤ ਦੇ ਮੈਦਾਨ ਵਿੱਚ ਉਤਰ ਰਹੇ ਹਨ, ਸਿੱਖ ਕੋਲੀਸ਼ਨ ਵਰਗੇ ਸੰਗਠਨ ਸਿੱਖੀ ਦੀ ਆਵਾਜ਼ ਨੂੰ ਸਰਕਾਰੀ ਗਲਿਆਰਿਆਂ ਤੱਕ ਪਹੁੰਚਾਉਂਦੇ ਹਨ। ਇਸ ਦੇ ਨਾਲ ਹੀ ਅਮਰੀਕੀ ਸਕੂਲਾਂ ਵਿੱਚ ਸਿੱਖੀ ਦੀ ਸਿੱਖਿਆ ਦੇ ਪਾਠਕ੍ਰਮ ਨੇ ਸਤਿਗੁਰੂ ਦੇ ਸੁਨੇਹੇ ਨੂੰ ਨਵੀਂ ਪੀੜ੍ਹੀ ਦੇ ਹਿਰਦਿਆਂ ਵਿੱਚ ਬੀਜਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬੀ ਭਾਸ਼ਾ, ਜੋ ਸਿੱਖੀ ਦਾ ਰਾਗਮਈ ਸੁਰ ਹੈ, ਨਿਊਯਾਰਕ ਦੇ ਸਿੱਖ ਘਰਾਂ, ਗੁਰਦੁਆਰਿਆਂ ਤੇ ਵਿਸਾਖੀ ਦੀਆਂ ਪਰੇਡਾਂ ਵਿੱਚ ਅਜੇ ਵੀ ਗੂੰਜਦੀ ਹੈ। ਗੁਰਮੁਖੀ ਦੇ ਅੱਖਰ ਜੋ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਬਖ਼ਸ਼ੇ, ਅੱਜ ਵੀ ਇੱਥੋਂ ਦੇ ਸਿੱਖ ਬੱਚਿਆਂ ਦੀ ਜ਼ੁਬਾਨ 'ਤੇ ਚੜ੍ਹਦੇ ਹਨ, ਪਰ ਸੱਚ ਇਹ ਵੀ ਹੈ ਕਿ ਅੰਗਰੇਜ਼ੀ ਦੀ ਚਮਕ ਨੇ ਪੰਜਾਬੀ ਦੀ ਮਹਿਕ ਨੂੰ ਨਵੀਂ ਪੀੜ੍ਹੀ ਵਿੱਚ ਕੁਝ ਫਿੱਕਾ ਜ਼ਰੂਰ ਕੀਤਾ ਹੈ। ਨੌਜਵਾਨ ਅਕਸਰ ਘਰਾਂ ਜਾਂ ਗੁਰਦੁਆਰਿਆਂ ਤੱਕ ਸੀਮਤ ਪੰਜਾਬੀ ਬੋਲਦੇ ਹਨ, ਪਰ ਸਿੱਖ ਸੰਗਠਨ ਅਤੇ ਗੁਰੂ-ਘਰਾਂ ਵਿੱਚ ਚੱਲਦੀਆਂ ਪੰਜਾਬੀ ਕਲਾਸਾਂ ਇਸ ਮਾਂ-ਬੋਲੀ ਨੂੰ ਜਿਊਂਦਾ ਰੱਖਣ ਦੀ ਜੱਦੋਜਹਿਦ ਵਿੱਚ ਲੱਗੇ ਹੋਏ ਹਨ। ਨਿਊਯਾਰਕ ਦੇ ਕੁਝ ਸਕੂਲਾਂ ਵਿੱਚ ਪੰਜਾਬੀ ਨੂੰ ਵਿਕਲਪਕ ਭਾਸ਼ਾ ਵਜੋਂ ਪੜ੍ਹਾਇਆ ਜਾ ਰਿਹਾ ਹੈ ਜੋ ਗੁਰੂ ਦੀ ਬਖ਼ਸ਼ੀ ਹੋਈ ਇਸ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਸੌਂਪਣ ਦਾ ਇੱਕ ਸੁਨੇਹਾ ਹੈ। ਸਿੱਖੀ ਦੀ ਸੇਵਾ ਦਾ ਸੂਰਜ ਨਿਊਯਾਰਕ ਦੀ ਧਰਤੀ 'ਤੇ ਸਦਾ ਚਮਕਦਾ ਰਹਿੰਦਾ ਹੈ। ਗੁਰਦੁਆਰਿਆਂ ਵਿੱਚ ਹਰ ਹਫ਼ਤੇ ਵਰਤਾਇਆ ਜਾਣ ਵਾਲਾ ਲੰਗਰ ਸਿਰਫ਼ ਭੋਜਨ ਨਹੀਂ, ਸਗੋਂ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਜੀਵੰਤ ਪ੍ਰਤੀਕ ਹੈ। ਇਸ ਲੰਗਰ ਦੀ ਪੰਗਤ ਤੇ ਹਰ ਜਾਤ, ਹਰ ਧਰਮ ਦਾ ਇਨਸਾਨ ਬੈਠਦਾ ਹੈ ਤੇ ਗੁਰੂ ਦੀ ਸੇਵਾ ਦੀ ਮਹਿਕ ਸਾਰੇ ਸੰਸਾਰ ਨੂੰ ਇੱਕ ਕਰ ਦਿੰਦੀ ਹੈ। ਯੂਨਾਈਟਿਡ ਸਿੱਖਸ ਵਰਗੇ ਸੰਗਠਨ ਬੇਘਰਾਂ, ਗ਼ਰੀਬਾਂ ਤੇ ਜ਼ਰੂਰਤਮੰਦਾਂ ਨੂੰ ਭੋਜਨ, ਕੱਪੜੇ ਤੇ ਜ਼ਰੂਰੀ ਸਾਮਾਨ ਦੀ ਸੇਵਾ ਨਾਲ ਗੁਰੂ ਦੀ ਜੋਤ ਨੂੰ ਜਗਾਉਂਦੇ ਹਨ। ਕਰੋਨਾ ਮਹਾਮਾਰੀ ਦੌਰਾਨ ਜਦੋਂ ਸੰਸਾਰ ਡਰ ਨਾਲ ਸਹਿਮਿਆ ਹੋਇਆ ਸੀ, ਸਿੱਖ ਭਾਈਚਾਰੇ ਨੇ ਲੰਗਰ ਦੀ ਮਹਿਕ ਨਾਲ ਹਜ਼ਾਰਾਂ ਜੀਆਂ ਨੂੰ ਜੀਵਨ ਦਾਨ ਦਿੱਤਾ। ਮੁਫ਼ਤ ਮਾਸਕ, ਸੈਨੇਟਾਈਜ਼ਰ, ਪੀਪੀਈ ਕਿੱਟਾਂ, ਟੈਸਟਿੰਗ ਤੇ ਵੈਕਸੀਨੇਸ਼ਨ ਮੁਹਿੰਮਾਂ ਵਿੱਚ ਸਿੱਖ ਡਾਕਟਰਾਂ ਤੇ ਸੇਵਾਦਾਰਾਂ ਨੇ ਗੁਰੂ ਦੀ ਸੇਵਾ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਦੀ ਗੂੰਜ ਅਮਰੀਕਾ ਦੀ ਸਰਕਾਰ ਤੋਂ ਲੈ ਕੇ ਮੀਡੀਆ ਤੱਕ ਸੁਣਾਈ ਦਿੱਤੀ। ਤੂਫਾਨ, ਭੂਚਾਲ ਜਾਂ ਕੋਈ ਹੋਰ ਆਫ਼ਤ ਮੌਕੇ ਸਿੱਖ ਸੰਗਠਨ ਹਰ ਮੁਸੀਬਤ ਵਿੱਚ ਰਾਹਤ ਸਮੱਗਰੀ, ਮੈਡੀਕਲ ਸਹਾਇਤਾ ਤੇ ਪੁਨਰਵਾਸ ਦੀ ਸੇਵਾ ਨਾਲ ਗੁਰੂ ਦੇ ਸੁਨੇਹੇ ਨੂੰ ਜਿਉਂਦੇ ਹਨ। ਅਮਰੀਕੀ ਸਮਾਜ ਵਿੱਚ ਸਿੱਖ ਨੂੰ ਮਿਹਨਤਕਸ਼, ਸਮਰਪਿਤ ਤੇ ਸੇਵਾ ਦਾ ਪੁਜਾਰੀ ਸਮਝਿਆ ਜਾਂਦਾ ਹੈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸਿੱਖ ਭਾਈਚਾਰੇ ਦੀ ਸੇਵਾ ਤੇ ਸੱਭਿਆਚਾਰਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਿੱਖੀ ਦੇ ਸਿਧਾਂਤਾਂ ਨੂੰ ਅਮਰੀਕੀ ਜੀਵਨ ਦਾ ਅਟੁੱਟ ਅੰਗ ਦੱਸਿਆ। ਡਾ. ਅਮਰਜੀਤ ਸਿੰਘ ਮਰਵਾਹ ਜੋ ਸਿਹਤ ਸੇਵਾ ਤੇ ਸਮਾਜ ਸੇਵਾ ਦੇ ਮੋਰਚੇ 'ਤੇ ਸਿੱਖੀ ਦੀ ਜੋਤ ਜਗਾਉਂਦੇ ਹਨ, ਅਮਰਦੀਪ ਸਿੰਘ ਜੋ ਸਿੱਖ ਕੋਲੀਸ਼ਨ ਦੀ ਅਗਵਾਈ ਵਿੱਚ ਸਿੱਖ ਅਧਿਕਾਰਾਂ ਦੀ ਲੜਾਈ ਲੜਦੇ ਹਨ, ਪਰਮਜੀਤ ਸਿੰਘ ਜੋ ਸਿੱਖੀ ਦੇ ਮੁੱਲਾਂ ਨੂੰ ਅਮਰੀਕੀ ਸਮਾਜ ਵਿੱਚ ਪ੍ਰਚਾਰਦੇ ਹਨ ਅਤੇ ਅੰਜਲੀ ਕੌਰ ਜੋ ਸਿੱਖ ਅਧਿਕਾਰਾਂ ਤੇ ਸਿੱਖਿਆ ਦੀ ਅਗਵਾਈ ਕਰਦੀ ਹੈ, ਇਹ ਸਾਰੀਆਂ ਸਿੱਖ ਸ਼ਖ਼ਸੀਅਤਾਂ ਗੁਰੂ ਦੀ ਜੋਤ ਦੀਆਂ ਜੀਵੰਤ ਮਿਸਾਲਾਂ ਹਨ। ਅਮਰੀਕੀ ਮੀਡੀਆ ਨੇ ਸਿੱਖੀ ਦੀ ਸੇਵਾ ਨੂੰ ਸਦਾ ਸਿਰ 'ਤੇ ਚੁੱਕਿਆ ਹੈ। 'ਨਿਊਯਾਰਕ ਟਾਈਮਜ਼' ਨੇ 2020 ਵਿੱਚ ਕੋਵਿਡ ਮਹਾਮਾਰੀ ਦੌਰਾਨ ਸਿੱਖਾਂ ਦੀ ਲੰਗਰ ਦੀ ਸੇਵਾ ਨੂੰ ਸਮਾਜਿਕ ਏਕਤਾ ਦੀ ਮਿਸਾਲ ਦੱਸਿਆ। 'ਵਾਸ਼ਿੰਗਟਨ ਪੋਸਟ' ਨੇ 2012 ਦੀ ਓਕ ਕ੍ਰੀਕ ਤਰਾਸਦੀ ਤੋਂ ਬਾਅਦ ਸਿੱਖ ਸਹਿਣਸ਼ੀਲਤਾ ਤੇ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ। ਸੀਐੱਨਐੱਨ ਨੇ ਵਿਸਾਖੀ ਦੀਆਂ ਪਰੇਡਾਂ ਤੇ ਸਿੱਖ ਸੇਵਾਵਾਂ ਨੂੰ ਅਮਰੀਕੀ ਸੱਭਿਆਚਾਰ ਦਾ ਅੰਗ ਦੱਸਿਆ ਅਤੇ 'ਹਾਫਪੋਸਟ' ਨੇ ਖਾਲਸਾ ਏਡ ਦੀ ਮਨੁੱਖੀ ਸਹਾਇਤਾ ਨੂੰ ਸੇਵਾ ਦੀ ਮੂਰਤ ਦੱਸਿਆ। ਅਮਰੀਕੀ ਰਾਸ਼ਟਰਪਤੀਆਂ ਨੇ ਵੀ ਸਿੱਖੀ ਦੀ ਸੇਵਾ ਨੂੰ ਸਦਾ ਸਤਿਕਾਰਿਆ। ਬਰਾਕ ਓਬਾਮਾ ਨੇ 2015 ਵਿੱਚ ਸਿੱਖ ਸੰਗਠਨਾਂ ਦੀ ਮਨੁੱਖੀ ਸੇਵਾ ਨੂੰ ਅਮਰੀਕੀ ਸਮਾਜ ਦੀ ਸ਼ਾਨ ਦੱਸਿਆ। ਡੋਨਲਡ ਟਰੰਪ ਨੇ 2019 ਵਿੱਚ ਗੁਰਪੁਰਬ ਮੌਕੇ ਸਿੱਖ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ ਅਤੇ ਜੋਅ ਬਾਇਡਨ ਨੇ 2021 ਵਿੱਚ ਵਿਸਾਖੀ ਮੌਕੇ ਸਿੱਖ ਸੇਵਾ ਤੇ ਸਮਾਨਤਾ ਦੀ ਵਚਨਬੱਧਤਾ ਨੂੰ ਸਤਿਕਾਰਿਆ। ਗੁਰੂ ਗ੍ਰੰਥ ਸਾਹਿਬ, ਸਿੱਖੀ ਦਾ ਸਦੀਵੀ ਗੁਰੂ, ਅਮਰੀਕੀ ਸਮਾਜ ਵਿੱਚ ਹੌਲੀ-ਹੌਲੀ, ਪਰ ਪੱਕੇ ਪੈਰੀਂ ਸਮਝਿਆ ਜਾ ਰਿਹਾ ਹੈ। ਸਿੱਖ ਸੰਗਠਨਾਂ ਨੇ ਸਕੂਲਾਂ, ਯੂਨੀਵਰਸਿਟੀਆਂ ਤੇ ਅੰਤਰਧਰਮ ਸਮਾਗਮਾਂ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ-ਸਮਾਨਤਾ, ਸੇਵਾ ਅਤੇ ਸੱਚ ਨੂੰ ਇੱਕ ਸੁਰੀਲੇ ਰਾਗ ਵਾਂਗ ਪਹੁੰਚਾਇਆ ਹੈ। ਅਮਰੀਕੀ ਅਕਾਦਮਿਕ ਅਦਾਰਿਆਂ ਵਿੱਚ ਸਿੱਖੀ ਦਾ ਅਧਿਐਨ ਸ਼ੁਰੂ ਹੋਇਆ ਹੈ ਅਤੇ ਅਮਰੀਕੀ ਸੰਸਥਾਵਾਂ ਨੇ ਗੁਰਪੁਰਬ ਮੌਕਿਆਂ 'ਤੇ ਗੁਰੂ ਜੀ ਦੀ ਮਹੱਤਤਾ ਨੂੰ ਸਤਿਕਾਰਿਆ ਹੈ, ਪਰ ਅਜੇ ਵੀ ਬਹੁਤ ਸਾਰੇ ਅਮਰੀਕੀ ਸਿੱਖੀ ਨੂੰ ਸਿਰਫ਼ ਇੱਕ ਧਰਮ ਦੇ ਰੂਪ ਵਿੱਚ ਜਾਣਦੇ ਹਨ ਜਦੋਂਕਿ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਡੂੰਘਾਈ ਨੂੰ ਸਮਝਣ ਲਈ ਅਜੇ ਸਮੇਂ ਤੇ ਸਿੱਖਿਆ ਦੀ ਲੋੜ ਹੈ। ਸਿੱਖੀ ਦਾ ਸੁਨੇਹਾ: ਨਿਊਯਾਰਕ ਵਿੱਚ ਸਿੱਖ ਭਾਈਚਾਰਾ ਸਿਰਫ਼ ਇੱਕ ਧਰਮ ਜਾਂ ਜਾਤ ਨਹੀਂ, ਸਗੋਂ ਗੁਰੂ ਨਾਨਕ ਦੀ ਬਖ਼ਸ਼ੀ ਹੋਈ ਜੀਵਨ-ਜਾਚ ਦਾ ਜੀਵੰਤ ਪ੍ਰਤੀਕ ਹੈ। ਇਸ ਸ਼ਹਿਰ ਦੀਆਂ ਗਲੀਆਂ ਵਿੱਚ ਜਿੱਥੇ ਨਫ਼ਰਤ ਦੀਆਂ ਹਵਾਵਾਂ ਅਜੇ ਵੀ ਵਗਦੀਆਂ ਹਨ, ਸਿੱਖ ਨੇ ਸੇਵਾ, ਸਮਰਪਣ ਤੇ ਸੰਘਰਸ਼ ਨਾਲ ਗੁਰੂ ਦੀ ਜੋਤ ਨੂੰ ਜਗਾਇਆ ਹੈ। ਸਿੱਖ ਸੰਗਠਨ, ਗੁਰਦੁਆਰੇ ਤੇ ਸਿੱਖ ਨੌਜਵਾਨ ਅੱਜ ਪੰਜਾਬੀ ਸੱਭਿਆਚਾਰ, ਭਾਸ਼ਾ ਤੇ ਸਿੱਖੀ ਦੀ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹਿਰਦਿਆਂ ਵਿੱਚ ਸੰਭਾਲਣ ਦੀ ਜੱਦੋਜਹਿਦ ਵਿੱਚ ਲੱਗੇ ਹਨ। ਜਿਵੇਂ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ, "ਸਿੱਖੀ ਕੋਈ ਬੰਨ੍ਹਿਆ-ਬਣਾਇਆ ਢਾਂਚਾ ਨਹੀਂ, ਸਗੋਂ ਇੱਕ ਜੀਵੰਤ ਰੂਹ ਹੈ ਜੋ ਸੇਵਾ ਦੀ ਮਹਿਕ, ਸ਼ਬਦ ਦੀ ਸੁਰ ਤੇ ਸੰਘਰਸ਼ ਦੀ ਤਾਕਤ ਨਾਲ ਸੰਸਾਰ ਨੂੰ ਰੋਸ਼ਨ ਕਰਦੀ ਹੈ।" ਨਿਊਯਾਰਕ ਵਿੱਚ ਸਿੱਖ ਪੰਥ ਅੱਜ ਇਸੇ ਰੂਹ ਯਾਨੀ ਗੁਰੂ ਦੀ ਜੋਤ ਨਾਲ, ਮਨੁੱਖਤਾ ਦੀ ਸੇਵਾ ਵਿੱਚ ਗੁਰੂ ਦੀ ਗਾਥਾ ਗਾਉਂਦਾ ਹੈ।

## ਤੱਤੀ ਤਵੀ ਅਤੇ ਗੋਲੀ ਦਾ ਅੰਤਰ-ਸੰਵਾਦ

ਡਾ. ਗੁਰਬਖਸ਼ ਸਿੰਘ ਭੰਡਾਲ
216-556-2080

ਗੂੜ੍ਹੀ ਨੀਂਦੇ ਸੁੱਤਿਆਂ ਸੁਪਨੇ ਵਿੱਚ ਤੱਤੀ ਤਵੀ ਅਤੇ ਗੋਲੀ ਦੀ ਘੁਸਰ ਮੁਸਰ ਅਵਾਜ਼ਾਰ ਕਰਦੀ ਹੈ, ਜਿਸ ਨਾਲ ਮੇਰੀ ਰੂਹ ਝਰੀਟੀ ਜਾਂਦੀ ਹੈ। ਤੱਤੀ ਤਵੀ ਕਹਿੰਦੀ ਹੈ ਕਿ ਮੈਨੂੰ ਉਹ ਪਲ ਅਜੇ ਤੀਕ ਨਹੀ ਭੁੱਲੇ, ਜਦੋਂ ਮੇਰੇ ਤਪਦੇ ਪਿੰਡੇ 'ਤੇ ਨੂਰਾਨੀ ਜੋਤ ਨੇ ਚੌਂਕੜਾ ਮਾਰਿਆ ਸੀ। ਹੇਠਲੀ ਅੱਗ ਮੇਰਾ ਪਿੰਡਾ ਲੂਹੇ, ਵਰ੍ਹਦੀ ਅੱਗ ਮੇਰੇ ਮਾਲਕ 'ਤੇ ਕਹਿਰ ਢਾਹੇ ਅਤੇ ਰੂਹਾਨੀ ਜਾਮਾ ਸ਼ਾਂਤ ਚਿੱਤ ਹੋ ਕੁਦਰਤ ਦੇ ਭਾਣੇ ਵਿੱਚ ਰੰਗਿਆ ਰੱਬ ਦੀ ਰਜ਼ਾ ਮੰਨ ਰਿਹਾ ਸੀ। ਅਜਿਹੇ ਵਿੱਚ ਭਲਾ ਮੈਂ ਕੀ ਕਰਦੀ? ਮੈਂ ਤਾਂ ਹਾਕਮਾਂ ਦੀ ਬਾਂਦੀ ਸਾਂ। ਮੇਰੇ ਅੰਦਰਲੀ ਚੀਸ ਨੇ ਮੈਨੂੰ ਬਹੁਤ ਤੜਫਾਇਆ। ਮੈਂ ਜ਼ਾਰ ਜ਼ਾਰ ਰੋਈ, ਪਰ ਮੈਨੂੰ ਦੇਖ ਕੇ ਆਲੇ ਦੁਆਲੇ ਬੈਠਿਆਂ ਦੀ ਅੱਖ ਨਾ ਗਿੱਲੀ ਹੋਈ। ਸਿਰਫ਼ ਸਾਈਂ ਜੀ ਨੇ ਆਹ ਭਰੀ ਅਤੇ ਇਸ ਕਹਿਰੀ ਵਰਤਾਰੇ ਨੂੰ ਭਵਿੱਖੀ ਤਬਾਹੀ ਦਾ ਸੂਚਕ ਕਿਹਾ। ਇਹ ਸੁਣ ਕੇ ਗੋਲੀ ਕਹਿਣ ਲੱਗੀ ਮੈਂ ਵੀ ਕਿਹੜਾ ਚਾਹੁੰਦੀ ਸਾਂ ਕਿ ਆਪਣਿਆਂ ਦੀਆਂ ਲਾਸ਼ਾਂ ਵਿਛਾਵਾਂ। ਆਪਣਿਆਂ ਦੇ ਲਹੂ ਵਿੱਚ ਨਹਾਵਾਂ ਅਤੇ ਅੰਮ੍ਰਿਤ ਜਲ ਨੂੰ ਲਹੂ ਰੰਗਾਂ ਬਣਾਵਾਂ। ਇਹ ਤਾਂ ਮੇਰੀ ਲਾਚਾਰੀ ਸੀ ਕਿ ਮੈਂ ਉਨ੍ਹਾਂ ਦੇ ਹੱਥਾਂ ਵਿੱਚ ਸਾਂ ਜਿਹੜੇ ਆਪਣੇ ਹੋ ਕੇ ਆਪਣਿਆਂ ਨੂੰ ਹੀ ਮੁਕਾਉਣ ਤੁਰੇ ਸਨ। ਮੇਰਾ ਧਰਮ ਤਾਂ ਜ਼ਬਰ-ਜ਼ੁਲਮ ਢਾਹੁਣ ਵਾਲਿਆਂ ਦਾ ਖ਼ਾਤਮਾ ਕਰਨਾ ਹੁੰਦਾ ਹੈ। ਅਕਸਰ ਮੈਂ ਸ਼ਾਂਤ ਹੀ ਰਹਿੰਦੀ ਹਾਂ, ਪਰ ਕਦੇ ਕਦਾਈ ਹੀ ਮੈਂ ਆਪਣੀ ਹੋਂਦ ਨਾਲ ਜਿਊਣ ਨੂੰ ਮੌਤ ਦਾ ਦਰਜਾ ਦਿੰਦੀ ਹਾਂ। ਮੈਨੂੰ ਅੱਖਰਿਆ ਸੀ ਆਪਣਿਆਂ ਹੱਥੋਂ ਆਪਣਿਆਂ ਦੀਆਂ ਕਬਰਾਂ ਦੀ ਖ਼ੁਦਾਈ ਕਰਨਾ। ਪਤਾ ਨਹੀ ਬੰਦੇ ਦੀ ਕਿਹੜੀ ਮਾਨਸਿਕਤਾ ਆਪਣਿਆਂ ਦਾ ਸਿਵਾ ਸੇਕਣ ਲਈ ਉਤਾਵਲੀ ਹੁੰਦੀ ਹੈ? ਤੱਤੀ ਤਵੀ ਨੇ ਆਪਣਾ ਦਰਦ ਫਰੋਲਦਿਆਂ ਕਿਹਾ ਕਿ ਮੈਨੂੰ ਤਾਂ ਅਜੇ ਤੀਕ ਯਾਦ ਨੇ ਪਾਤਸ਼ਾਹੀ ਚੌਂਕੜੇ ਦੇ ਨਕਸ਼, ਅਨੂਠੀ ਛੋਹ ਨਾਲ ਮੇਰੇ ਅੰਦਰਲੀ ਮਖ਼ਰੂਗੀ। ਕੋਮਲਤਾ ਦਾ ਅਹਿਸਾਸ, ਸ਼ਾਂਤੀ ਦੇ ਪੁੰਜ ਦੀ ਰਹਿਮ-ਦਿਲੀ, ਫ਼ਰਾਖ਼-ਦਿਲੀ ਅਤੇ ਦਰਿਆ-ਦਿਲੀ ਕਿ ਉਨ੍ਹਾਂ ਨੇ ਸੇਕ ਵਿੱਚ ਤਪਦਿਆਂ ਵੀ ਠੰਢ ਵਰਤਾਉਣ ਦੀ ਆਰਜ਼ਾ ਕੀਤੀ। ਵਰ੍ਹਦੀਆਂ ਅੱਗਾਂ ਅਤੇ ਕਹਿਰ ਦੀ ਰੁੱਤੇ ਕੋਈ ਵਿਰਲਾ ਹੀ ਹੁੰਦਾ ਹੈ ਜੋ ਸ਼ੀਤ ਹਵਾਵਾਂ ਦੀ ਅਰਦਾਸ ਕਰਦਿਆਂ, ਆਪਣੀ ਜਾਨ ਦੀ ਅਹੂਤੀ ਨੂੰ ਵੀ ਪਰਵਰਦਿਗਾਰ ਦਾ ਭਾਣਾ ਮੰਨਦਾ ਹੈ। ਚਿਹਰੇ ਦੇ ਨੂਰ ਅਤੇ ਹੋਠਾਂ ਵਿੱਚੋਂ ਝਰਦੇ ਅੰਮ੍ਰਿਤਮਈ ਬੋਲਾਂ ਵਿੱਚ ਮੈਂ ਖ਼ੁਦ ਨੂੰ ਗੁਆਚਿਆ ਮਹਿਸੂਸ ਕੀਤਾ ਸੀ। ਮੈਂ ਪੀੜਾ ਪੀੜਾ ਹੋਈ ਸੱਚੇ ਪਾਤਸ਼ਾਹ 'ਤੇ ਢਾਹੇ ਜਾ ਰਹੇ ਜ਼ਬਰ ਨੂੰ ਰੋਕਣ ਵਿੱਚ ਅਸਫਲ ਸਾਂ। ਮੈਂ ਗੁਰੂ ਜੀ ਦੇ ਅਤਿ ਨੇੜੇ ਹੋ ਕੇ ਵੀ ਨਿਕਰਮੀ ਜੂਨ ਹੰਢਾਉਣ ਜੋਗੀ ਹੀ ਰਹਿ ਗਈ। ਤੱਤੀ ਤਵੀ ਦੀ ਹਿਰਦੇਵੇਧਕ ਵੇਦਨਾ ਨੂੰ ਸੁਣ ਕੇ ਗੋਲੀ ਬੋਲੀ ਕਿ ਤੇਰਾ ਦਰਦ ਮੇਰੇ ਦਰਦ ਸਾਹਵੇਂ ਤਾਂ ਤੁੱਛ ਵੀ ਨਹੀ। ਮੈਂ ਤਾਂ ਮੌਤ ਦਾ ਪੈਗ਼ਾਮ ਉਸ ਫ਼ਿਜ਼ਾ ਵਿੱਚ ਫੈਲਾਉਣ ਦੀ ਨਾਕਾਮ ਕੋਸ਼ਿਸ਼ ਹੀ ਕਰਦੀ ਰਹੀ ਜਿਸ ਤੋਂ ਹਰੇਕ ਨੂੰ ਜੀਵਨ ਦਾਨ ਮਿਲਦਾ ਹੈ। ਰੂਹਾਂ ਨੂੰ ਸਰਸ਼ਾਰ ਕਰਨ ਵਾਲੇ ਚੌਗਿਰਦੇ ਨੂੰ ਭੈਅਭੀਤ ਕਰਨ ਅਤੇ ਇਸ ਦੀ ਆਬੋ ਹਵਾ ਵਿੱਚ ਮੌਤ ਮੰਡਰਾਉਣ ਲਈ ਮੈਂ ਹੀ ਜ਼ਿੰਮੇਵਾਰ ਸਾਂ। ਕਾਸ਼! ਮੈਂ ਇਸ ਦੀ ਹਵਾ ਵਿੱਚ ਪਲ ਭਰ ਸਾਹ ਲੈ ਕੇ ਆਪਣੀ ਮਾਰੂ ਸੋਚ ਅਤੇ ਕਬਰਾਂ ਪੁੱਟਣ ਵਾਲੀ ਤਾਸੀਰ ਨੂੰ ਬਦਲ ਲੈਂਦੀ। ਮੈਂ ਕੇਹੀ ਅਭਾਗਣ ਕਿ ਵੈਰੀਆਂ ਦੀਆਂ ਲਾਸ਼ਾਂ ਵਿਛਾਉਣ ਵਾਲੀ ਆਪਣਿਆਂ ਦੀਆਂ ਲਾਸ਼ਾਂ ਦੀ ਗਿਣਤੀ ਵਿੱਚ ਹੀ ਉਲਝ ਕੇ ਰਹਿ ਗਈ। ਬਹੁਤ ਅਫ਼ਸੋਸ ਹੁੰਦਾ ਹੈ ਕਿ ਮੈਨੂੰ ਆਪਣੀ ਮਨਹੂਸ ਹੋਂਦ ਅਤੇ ਅਮਾਨਵੀ ਹਾਸਲਤਾ 'ਤੇ ਜਿਸ ਦੀ ਚਸਕ ਸਦੀਆਂ ਤੋਂ ਬਾਅਦ ਵੀ ਕਦੇ ਨਹੀ ਘਟਣੀ। ਗੋਲੀ ਦੇ ਦਰਦ ਵਿੱਚ ਦਰਦਵੰਤੀ ਬਣੀ ਤੱਤੀ ਤਵੀ ਨੇ ਆਪਣੇ ਦਿਲ ਦੀ ਵੇਦਨਾ ਨੂੰ ਪ੍ਰਗਟਾਉਂਦਿਆਂ ਕਿਹਾ ਕਿ ਅਸੀ ਆਪਣੀ ਤਾਸੀਰ ਖ਼ੁਦ ਨਹੀ ਲਿਖ ਸਕਦੀਆਂ। ਸਾਡੀ ਤਕਦੀਰ ਤਾਂ ਸਾਡੇ ਮਾਲਕਾਂ ਨੇ ਲਿਖਣੀ ਹੁੰਦੀ ਹੈ। ਮੇਰੇ 'ਤੇ ਰੋਟੀਆਂ ਪਕਾ ਕੇ ਪੇਟ ਦੀ ਅੱਗ ਵੀ ਤਾਂ ਬੁਝਾਈ ਜਾ ਸਕਦੀ ਸੀ। ਮੇਰੇ ਉੱਪਰ ਬੱਚੇ ਆਟੇ ਦੀਆਂ ਚਿੜੀਆਂ ਬਣਾ ਕੇ ਪਰਿੰਦਿਆਂ ਨੂੰ ਚੋਗ ਵੀ ਪਾ ਸਕਦੇ ਸਨ, ਪਰ ਨਹੀ। ਇਹ ਹਾਕਮ ਦਾ ਹੁਕਮ ਸੀ ਕਿ ਮੈਂ ਆਪਣੇ ਤਪਦੇ ਲਾਲ ਸੂਹੇ ਪਿੰਡੇ ਉੱਪਰ ਰਹਿਮਤਾਂ ਦੇ ਮਾਲਕ ਨੂੰ ਬਿਠਾਉਣਾ ਸੀ। ਕੇਹਾ ਮੰਜ਼ਰ ਸੀ ਜਦ ਕੋਮਲ ਜੋਤ ਨੇ ਮਲਕੜੇ ਜਿਹੇ ਮੇਰੇ 'ਤੇ ਚੌਂਕੜਾ ਮਾਰਿਆ ਅਤੇ ਵਾਹਿਗੁਰੂ ਦਾ ਮੰਤਰ ਉਚਾਰਦਿਆਂ, ਜ਼ਾਲਮਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਕੇ ਜੋਤ, ਜੋਤ ਵਿੱਚ ਰਲ ਗਈ। ਤਾਰੀਖ਼ ਨੂੰ ਇਹ ਸਬਕ ਦੇ ਗਈ ਕਿ ਇੰਝ ਵੀ ਬੁੱਲ੍ਹਾਂ ਤੋਂ ਸੀ ਨਾ ਉਚਾਰਦਿਆਂ, ਜ਼ਬਰ ਤੇ ਤਸ਼ੱਦਦ ਨੂੰ ਸਹਿ ਕੇ ਵਾਹਿਗੁਰੂ ਦੀਆਂ ਰਹਿਮਤਾਂ ਦਾ ਕਰਜ਼ ਉਤਾਰਿਆ ਜਾ ਸਕਦਾ ਹੈ। ਫਿਰ ਕੁਝ ਚੇਤੇ ਕਰਕੇ ਗੋਲੀ ਬੋਲੀ ਕਿ ਮੈਂ ਤਾਂ ਸਮਝਦੀ ਸਾਂ ਕਿ ਮੇਰੀ ਆਵਾਜ਼ ਹੀ ਮਨਾਂ ਵਿੱਚ ਅਜਿਹਾ ਡਰ ਪੈਦਾ ਕਰਦੀ ਹੈ ਕਿ ਹਰ ਕੋਈ ਆਪਣੀ ਜਾਨ ਲੁਕਾਉਣ ਲਈ ਦੌੜਦਾ ਹੈ, ਪਰ ਇਹ ਮੇਰਾ ਭਰਮ ਹੀ ਨਿਕਲਿਆ। ਉਹ ਕੇਹਾ ਮੰਜ਼ਰ ਸੀ ਕਿ ਮੈਂ ਹਿੱਕਾਂ ਨੂੰ ਛਣਨੀ ਕਰਦੀ ਰਹੀ ਅਤੇ ਰੂਹ-ਰੱਤੇ ਹਿੱਕ ਨੂੰ ਲੀਰਾਂ ਕਰਵਾਉਂਦਿਆਂ, ਹੱਸ ਹੱਸ ਕੇ ਸ਼ਹਾਦਤ ਦਾ ਜਾਮ ਪੀਂਦੇ ਰਹੇ। ਉਨ੍ਹਾਂ ਦੇ ਚਿਹਰਿਆਂ ਦਾ ਸਕੂਨ ਅਤੇ ਮੌਤ ਵਿਹਾਜਣ ਦੇ ਜਨੂੰਨ ਦੀ ਅਦਾ ਹੁਣ ਤੀਕ ਵੀ ਹੈਰਾਨ ਅਤੇ ਪਰੇਸ਼ਾਨ ਕਰਦੀ ਹੈ ਕਿ ਕੋਈ ਕੌਮ ਇੰਝ ਵੀ ਆਪਣੇ ਅਕੀਦਤ ਯੋਗ ਅਸਥਾਨ ਦੀ ਪਾਕੀਜ਼ਗੀ ਦੀ ਬਰਕਰਾਰੀ ਲਈ ਆਪਣੇ ਪਿੰਡਿਆਂ ਦੀ ਢਾਲ ਉਸਾਰ ਸਕਦੀ ਹੈ। ਮੇਰੇ ਅਵਚੇਤਨ ਵਿੱਚ ਬੈਠਾ ਇਹ ਦ੍ਰਿਸ਼ ਹੁਣ ਵੀ ਜਦ ਚੇਤੇ ਆਉਂਦਾ ਹੈ ਤਾਂ ਮਨ ਵਿੱਚ ਕੰਬਣੀ ਪੈਦਾ ਹੁੰਦੀ ਹੈ ਅਤੇ ਰੂਹ ਕੰਬ ਜਾਂਦੀ ਹੈ। ਨਿਰਭੈਤਾ ਦਾ ਸਬਕ ਉਸ ਪਾਕ ਫ਼ਿਜ਼ਾ ਵਿੱਚ ਲੀਨ ਹੁੰਦਾ ਰਿਹਾ ਤੇ ਤੱਤੀ ਤਵੀ ਨੂੰ ਯਾਦ ਆਇਆ ਕਿ ਜਦੋਂ ਗੁਰੂ ਦੇ ਹਠ ਨੂੰ ਪਰਖਣ ਲਈ ਜ਼ਾਲਮ ਹੇਠਾਂ ਬਲਦੀ ਅੱਗ ਨੂੰ ਤੇਜ਼ ਕਰਦਾ ਰਿਹਾ ਅਤੇ ਉੱਪਰ ਤੱਤੀ ਰੇਤ ਛਾਲਿਆਂ ਨਾਲ ਭਰੇ ਜਿਸਮ ਨੂੰ ਪੀੜਾਂ ਨਾਲ ਵਿੰਨ੍ਹਦੀ ਰਹੀ ਤਾਂ ਗੁਰੂ ਜੀ ਦੇ ਹੋਠਾਂ ਵਿੱਚੋਂ ਅੰਮ੍ਰਿਤ ਬਾਣੀ ਝਰਦੀ ਰਹੀ। ਉਹ ਗੁਰੂ ਦੇ ਭਾਣੇ ਵਿੱਚ ਲੀਨ, ਰੱਬ ਦੀ ਇਬਾਦਤ ਕਰਦੇ ਰਹੇ। ਕਿਸੇ ਦਰਦ ਅਤੇ ਚੀਸ ਤੋਂ ਬੇਖ਼ਬਰ, ਉਨ੍ਹਾਂ ਦੇ ਚਿਹਰੇ ਦਾ ਨੂਰ ਜ਼ੁਲਮ ਢਾਹੁਣ ਵਾਲਿਆਂ ਨੂੰ ਅੱਗ ਲਾਉਂਦਾ ਰਿਹਾ। ਉਹ ਰੱਬ ਦੇ ਭਾਣੇ ਵਿੱਚ ਮਸਤ ਸਾਹਾਂ ਦੀ ਇਨਾਇਤ ਪੜ੍ਹਦੇ ਰਹੇ ਅਤੇ ਸਨੇਹੀਆਂ ਨੂੰ ਠੰਢ ਵਰਤਾਉਣ ਦਾ ਸੰਦੇਸ਼ਾ ਦਿੰਦੇ ਰਹੇ ਕਿਉਂਕਿ ਉਹ ਜਾਣਦੇ ਸਨ ਕਿ



ਅੱਤ ਅਤੇ ਰੱਬ ਦਾ ਵੈਰ ਹੁੰਦਾ ਹੈ ਅਤੇ ਇੱਕ ਦਿਨ ਇਸ ਅੱਤ ਨੇ ਆਪਣੀ ਮੌਤੇ ਜ਼ਰੂਰ ਮਰਨਾ ਹੈ। ਜ਼ੁਲਮ ਦੀ ਹਨੇਰੀ ਸਾਹਵੇਂ ਬਾਣੀ ਦੀਆਂ ਰਮਜ਼ਾਂ ਦਾ ਪ੍ਰਸ਼ਾਦ ਵਰਤਾਉਣ ਵਾਲੇ ਕਦ ਬਿਫਰੀ ਮੌਤ ਤੋਂ ਡਰਦੇ ਨੇ ਅਤੇ ਅਜਿਹਾ ਭਾਣਾ ਮੈਂ ਆਪਣੀਆਂ ਅੱਖਾਂ ਸਾਹਵੇਂ ਵਾਪਰਦਾ ਦੇਖਿਆ ਹੈ। ਤੇ ਗੋਲੀ ਨੂੰ ਯਾਦ ਆਇਆ ਕਿ ਜਦੋਂ ਮੇਰੇ ਸਾਹਵੇਂ ਹਿੱਕ ਡਾਹਿਆਂ ਦੇ ਸੀਨਿਆਂ ਨੂੰ ਮੈਂ ਚੀਰਦੀ ਸਾਂ ਤਾਂ ਉਨ੍ਹਾਂ ਦੇ ਹਿਰਦਿਆਂ ਵਿੱਚੋਂ ਨਿਕਲਦੇ ਵਾਹਿਗੁਰੂ ਦੇ ਜਾਪ ਨੂੰ ਸੁਣ ਕੇ ਮੈਂ ਸੁੰਨ ਹੋ ਜਾਂਦੀ ਸਾਂ। ਇਹ ਕੇਹਾ ਗ਼ਜ਼ਬ ਕਿ ਕੋਈ ਮੌਤ ਵਿੱਚੋਂ ਵਾਹਿਗੁਰੂ ਦਾ ਸ਼ੁਕਰਾਨਾ ਭਾਲ ਸਕਦਾ? ਆਪਣੇ ਆਖ਼ਰੀ ਸਾਹ ਨੂੰ ਵਾਹਿਗੁਰੂ ਦੇ ਚਰਨਾਂ ਵਿੱਚ ਲੀਨ ਹੋਣ ਲਈ, ਜਿਸਮਾਨੀ ਰੂਪ ਵਿੱਚੋਂ ਆਜ਼ਾਦ ਹੋ ਰੂਹਾਨੀ ਉਡਾਣ ਭਰ ਸਕਦਾ ਹੈ। ਇਹ ਅਚੰਭਾ ਕਦੇ ਨਾ ਹੀ ਸੁਣਿਆ ਅਤੇ ਨਾ ਹੀ ਕਦੇ ਡਿੱਠਾ ਸੀ, ਪਰ ਇਸ ਵਾਰ ਮੈਂ ਇਸ ਨੂੰ ਸ਼ਾਖ਼ਸਾਤ ਦੇਖਿਆ ਅਤੇ ਸੁਣਿਆ ਹੈ। ਧੰਨ ਨੇ ਇਹ ਲੋਕ ਅਤੇ ਧੰਨ ਹੈ ਇਨ੍ਹਾਂ ਦਾ ਆਪਣੇ ਅਕੀਦੇ ਪ੍ਰਤੀ ਸਮਰਪਣ ਅਤੇ ਅਕੀਦਤ ਪ੍ਰਤੀ ਅਦਬ ਅਤੇ ਅਦਾਇਗੀ। ਮੌਤ ਨੂੰ ਤਾਂ ਟਿੱਚ ਜਾਣਨ ਵਾਲਿਆਂ ਨਾਲ ਮੇਰਾ ਇਹ ਪਹਿਲਾ ਅਤੇ ਸ਼ਾਇਦ ਆਖ਼ਰੀ ਵਾਹ ਹੀ ਹੋਵੇ। ਤੇ ਇੱਕ ਹਉਕਾ ਭਰ ਕੇ ਤੱਤੀ ਤਵੀ ਬੋਲੀ ਕਿ ਮੈਂ ਤਾਂ ਆਪਣੇ ਸੱਚੇ ਪਾਤਸ਼ਾਹ ਦੇ ਨਕਸ਼ ਆਪਣੇ ਉੱਪਰ ਉੱਕਰ ਲਏ ਸਨ। ਇਨ੍ਹਾਂ ਨਕਸ਼ਾਂ 'ਚੋਂ ਉੱਠਦੇ ਸੇਕ ਵਿੱਚੋਂ ਤਾਂ ਆਉਣ ਵਾਲੀਆਂ ਨਸਲਾਂ ਉਸ ਕਰੂਰਤਾ ਨੂੰ ਸੁਣਦੀਆਂ ਅਤੇ ਸਮਝਦੀਆਂ ਹਨ। ਮੈਂ ਆਪਣੇ ਅੰਤਰੀਵ ਰਾਹੀ ਨੂਰਾਨੀ ਪੈਗ਼ਾਮ ਹਰ ਤਹਿਜ਼ੀਬ ਦੇ ਵਰਕੇ 'ਤੇ ਉੱਕਰ ਰਹੀ ਹਾਂ, ਪਰ ਮੈਂ ਅਭਾਗਣ ਹੋ ਕੇ ਵੀ ਭਾਗਾਂ ਵਾਲੀ ਹਾਂ ਕਿ ਮੇਰੇ ਨਾਮ ਵਿੱਚੋਂ ਵੀ ਬੀਤੇ ਦੇ ਨਕਸ਼ ਦਿਖਾਈ ਦਿੰਦੇ ਹਨ। ਫਿਰ ਗ਼ਮਗੀਨ ਗੋਲੀ ਕਹਿਣ ਲੱਗੀ ਕਿ ਇਹ ਨਿਸ਼ਾਨ ਹੀ ਹੁੰਦੇ ਨੇ ਜੋ ਵਕਤ ਨਾਲ ਨਹੀ ਮਿਟਦੇ ਭਾਵੇਂ ਜ਼ਖ਼ਮ ਮਿਟ ਵੀ ਜਾਣ। ਰੂਹਾਂ 'ਤੇ ਲੱਗੇ ਫੱਟ ਕਦੇ ਨਹੀ ਮਿਟਦੇ। ਇਹ ਹਰਦਮ ਚਸਕਦੇ, ਪੀੜਤ ਕਰਦੇ, ਬੀਤੇ ਨੂੰ ਅੱਖਾਂ ਸਾਹਵੇਂ ਲਿਆ ਖੜ੍ਹਾ ਕਰ ਦਿੰਦੇ ਨੇ। ਫਿਰ ਭੂਤ ਦੀ ਕਸ਼ੀਦਗੀ ਵਿੱਚੋਂ ਬਹੁਤ ਕੁਝ ਪ੍ਰਾਪਤ ਕਰ ਕੇ ਮੌਜੂਦਾ ਦੌਰ ਦੇ ਵਰਤਾਰਿਆਂ ਨੂੰ ਪਰਿਭਾਸ਼ਿਤ ਕਰਨ ਲੱਗਦੇ ਹਨ। ਅਕੀਦਤ ਯੋਗ ਅਸਥਾਨ 'ਤੇ ਲੱਗੇ ਹੋਏ ਮੇਰੇ ਨਿਸ਼ਾਨ ਅਤੇ ਗੁਰਜੋਤ ਵਿੱਚ ਉੱਕਰੀ ਮੇਰੀ ਚੰਦਰੀ ਹੋਂਦ ਨੂੰ ਦੇਖ ਕੇ ਮੈਂ ਬਹੁਤ ਝੂਰਨ ਲੱਗਦੀ ਹਾਂ। ਤੂੰ ਸੋਚ ਕਿ ਜਦ ਕੋਈ ਗੁਰ ਜੋਤ ਵਿਚਲੇ ਮੇਰੇ ਨਿਸ਼ਾਨਾਂ ਨੂੰ ਦੇਖਦਾ ਹੋਵੇਗਾ ਜਾਂ ਦੀਵਾਰਾਂ 'ਤੇ ਮੇਰੇ ਨਿਸ਼ਾਨਾਂ ਵੰਨੀ ਕੈੜੀ ਨਜ਼ਰ ਨਾਲ ਦੇਖਦਾ ਹੋਵੇਗਾ ਤਾਂ ਸ਼ਰਧਾਲੂ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਜਦੋਂ ਵੀ ਇਸ ਅਸਥਾਨ ਦੇ ਦਰਸ਼ ਦੀਦਾਰੇ ਲਈ ਆਉਂਦਾ ਹੋਵੇਗਾ ਤਾਂ ਇਨ੍ਹਾਂ ਨਿਸ਼ਾਨਾਂ ਨੂੰ ਦੇਖ ਕੇ 'ਕੇਰਾਂ ਜ਼ਰੂਰ ਮਰਦਾ ਹੋਵੇਗਾ ਅਤੇ ਮੈਨੂੰ ਕੋਸਦਾ ਹੋਵੇਗਾ ਭਾਵੇਂ ਕਿ ਮੇਰਾ ਤਾਂ ਕੋਈ ਕਸੂਰ ਨਹੀ ਸੀ। ਮੈਂ ਤਾਂ ਕਿਸੇ ਦੀ ਰਖੇਲ ਸਾਂ ਅਤੇ ਇਹ ਤਾਂ ਮਾਲਕ ਦੀ ਮਰਜ਼ੀ ਹੁੰਦੀ ਹੈ ਕਿ ਉਸ ਨੇ ਮੇਰੀ ਵਰਤੋਂ ਕਿਸੇ ਵੈਰੀ ਦੇ ਸ਼ਿਕਾਰ ਲਈ ਕਰਨੀ ਹੈ ਜਾਂ ਆਪਣੇ ਪੈਰਾਂ ਵਿੱਚ ਆਪਣਿਆਂ ਦੀਆਂ ਲਾਸ਼ਾਂ ਵਿਛਾਉਣੀਆਂ ਹਨ, ਪਰ ਨਾ ਮਿਟਣ ਵਾਲੇ ਮੇਰੇ ਨਿਸ਼ਾਨਾਂ ਨੇ ਸਦੀਆਂ ਤੀਕ ਮੈਨੂੰ ਤੁਹਮਤਾਂ ਲਾਉਂਦੇ ਰਹਿਣਾ ਅਤੇ ਮੈਂ ਬੇਆਬਰੂ ਹੁੰਦੀ ਰਹਿਣਾ, ਪਰ ਮੈਂ ਅਬੋਲ ਕਰ ਵੀ ਕੀ ਸਕਦੀ ਹਾਂ? ਉਦਾਸੀਨਤਾ ਦੀ ਮੂਰਤ ਬਣੀ ਤੱਤੀ ਤਵੀ ਕਹਿਣ ਲੱਗੀ ਕਿ ਮੈਂ ਆਪਣੇ ਪਾਪਾਂ ਦਾ ਰਿਣ ਉਤਾਰਨ ਅਤੇ ਮਨ ਦਾ ਬੋਝ ਹਲਕਾ ਕਰਨ ਲਈ ਹੁਣ ਲੰਗਰ ਦਾ ਹਿੱਸਾ ਬਣ ਚੁੱਕੀ ਹਾਂ। ਨਿੱਤ ਦਿਨ ਮੈਂ ਲੰਗਰ ਬਣਾਉਂਦੀ ਹਾਂ, ਭੁੱਖਿਆਂ ਨੂੰ ਛਕਾਉਂਦੀ ਹਾਂ, ਗੁਨਾਹਾਂ ਦਾ ਭਾਰ ਘਟਾਉਂਦੀ ਹਾਂ ਅਤੇ ਰੱਬ ਦਾ ਸ਼ੁਕਰ ਮਨਾਉਂਦੀ ਹਾਂ ਕਿ ਮੈਨੂੰ ਇਹ ਸੇਵਾ ਮਿਲੀ ਹੈ। ਵਰਨਾ ਮੈਂ ਤਾਂ ਸਾਰੀ ਉਮਰ ਤਰਾਸਦੀ ਦੀ ਜੂਨ ਹੰਢਾਉਣੀ ਸੀ। ਜਦ ਮੇਰੇ ਉੱਪਰ ਪਕਾਏ ਫੁਲਕੇ ਦੀ ਬੁਰਕੀ ਕਿਸੇ ਭੁੱਖੇ ਦੀ ਅਸੀਸ ਦਾ ਰੂਪ ਧਾਰਦੀ ਹੈ ਤਾਂ ਮੈਂ ਬੀਤੇ ਪਲਾਂ ਨੂੰ ਚਿਤਾਰਦਿਆਂ ਵੀ ਵਰਤਮਾਨ ਵਿੱਚੋਂ ਸੁਖਨ ਦੀ ਪ੍ਰਾਪਤੀ ਕਰਦੀ ਹਾਂ। ਇਹ ਗੁਰਘਰਾਂ ਦੀ ਦਰਿਆ ਦਿਲੀ ਹੀ ਹੈ ਕਿ ਮੇਰੇ ਉੱਪਰ ਬੈਠ ਕੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਗੁਰੂ ਦੇ ਗੁਰਸਿੱਖਾਂ ਨੇ ਮੈਨੂੰ ਆਪਣੇ ਗਲ ਨਾਲ ਲਾਇਆ ਹੈ। ਮੈਂ ਆਪਣਾ ਹਰ ਪਲ ਅਤੇ ਸਾਹ ਗੁਰੂ ਜੀ ਨੂੰ ਅਰਪਿਤ ਕਰ ਕੇ ਖ਼ੁਦ ਨੂੰ ਧੰਨਭਾਗਾ ਸਮਝਦੀ ਹਾਂ। ਅਰਦਾਸ ਕਰਦੀ ਹਾਂ ਕਿ ਸਾਰੀ ਹਯਾਤੀ ਇੰਝ ਹੀ ਗੁਰੂ ਜੀ ਦੇ ਅਕੀਦੇ ਨੂੰ ਮਨ ਵਿੱਚ ਵਸਾਈ ਸ਼ੁਕਰਗੁਜ਼ਾਰੀ ਵਿੱਚੋਂ ਸਾਹਾਂ ਨੂੰ ਸੰਤੋਖਦੀ ਤੁਰ ਜਾਵਾਂ। ਫਿਰ ਉਹ ਸਿਸਕਦਿਆਂ ਕਹਿਣ ਲੱਗੀ;

ਮੈਂ ਤੱਤੜੀ ਨੇ
ਦਗਦੇ ਚਿਹਰੇ ਅਤੇ ਚੌਂਕੜੇ ਦੇ ਨਕਸ਼
ਆਪਣੇ ਪਿੰਡੇ 'ਤੇ ਖੁਣ ਲਏ
ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ
ਇਨ੍ਹਾਂ ਨਕਸ਼ਾਂ ਵਿੱਚੋਂ ਨਿਕਲਦੇ
ਸੇਕ ਦੀ ਇਬਾਰਤ ਪੜ੍ਹ ਸਕਣ।
ਉੱਬਲਦੇ ਪਾਣੀ 'ਚ
ਸੀਤ ਦਾ ਮੁਜੱਸਮਾ
ਭਾਫ਼ ਤੇ ਭਵਿੱਖ ਖੁਣਦਾ
ਦੇਗ ਨੂੰ ਸ਼ਬਦ ਸੁਣਾਉਂਦਾ
ਤਸਲੀਮੀ ਤਾਰੀਖ਼ ਸਿਰਜ ਗਿਆ
ਤਾਂ ਕਿ ਉਸ ਦੇ ਵਾਰਿਸ
ਉੱਬਲਦੇ ਪਾਣੀਆਂ ਦੀ ਤਾਸੀਰ ਨੂੰ
ਮਨ-ਸੋਚਾਂ ਦਾ ਤਖ਼ੱਲਸ ਦੇ ਸਕਣ।
ਰਾਵੀ 'ਚ ਚੁੱਭੀ ਲਾਉਂਦਿਆਂ
ਰੂਹਾਨੀ ਨੂਰ ਨੇ
ਰਾਵੀ ਨੂੰ ਗਲ ਨਾਲ ਲਾ
ਸ਼ਹਾਦਤ ਦੀ ਦਾਸਤਾਂ
ਧਰਤ 'ਚ ਜੀਰਨ ਲਈ ਕਿਹਾ ਹੋਵੇਗਾ
ਤੇ ਦਰਦਵੰਤੀ ਰਾਵੀ
ਹਟਕੋਰੇ ਭਰਦਿਆਂ
ਜੋਤ ਨੂੰ ਆਪਣੇ 'ਚ ਸਮਾ
ਸਦੀਵ-ਸਮਾਧੀ ਤੋਂ ਦੂਰ ਚਲੇ ਗਈ
ਤਾਂ ਕਿ ਉਸ ਦੀਆਂ ਸਿਸਕੀਆਂ
ਸੱਚੇ ਪਾਤਸ਼ਾਹ ਦੀ ਸੁੰਨ-ਸਮਾਧੀ ਨੂੰ
ਭੰਗ ਨਾ ਕਰਨ।

ਤੇ ਗੋਲੀ ਨੇ ਤੱਤੀ ਤਵੀ ਨੂੰ ਬੁੱਕਲ ਵਿੱਚ ਲੈ ਕੇ ਕਿਹਾ ਕਿ ਆ ਆਪਾਂ ਦੋਵੇਂ ਅਰਦਾਸ ਕਰੀਏ ਕਿ ਕਦੇ ਵੀ ਕਾਲੇ ਪਹਿਰਾਂ ਅਤੇ ਤੱਤੀਆਂ ਹਵਾਵਾਂ ਦੀ ਰੁੱਤ ਵਕਤ ਦੇ ਵਿਹੜੇ ਦਸਤਕ ਨਾ ਦੇਵੇਂ। ਸਗੋਂ ਇਸ ਦੇ ਚੌਗਿਰਦੇ ਵਿੱਚ ਮਹਿਕਦੀਆਂ ਰੁੱਤਾਂ ਅਤੇ ਠੰਢੜੀਆਂ ਪੌਣਾਂ ਦਾ ਸੁਰ-ਸੰਗੀਤ ਵੱਜਦਾ ਰਹੇ। ਗੁਰਬਾਣੀ ਦੀ ਨਿਰੰਤਰਤਾ ਮਨ-ਰੂਹਾਂ ਵਿੱਚ ਵਿਸਮਾਦ ਅਤੇ ਵਜਦ ਪੈਦਾ ਕਰਦੀ ਰਹੇ। ਲੋਹ-ਲੰਗਰ ਸਦਾ ਚੱਲਦਾ ਰਹੇ ਅਤੇ ਅਰਜੋਈਆਂ ਕਰਦੇ ਹਰ ਲੋੜਵੰਦ ਦੀਆਂ ਅਰਦਾਸਾਂ ਪੂਰੀਆਂ ਹੁੰਦੀਆਂ ਰਹਿਣ। ਜਿਊਣ ਦੀ ਆਰਜ਼ਾ ਰਹਿਬਰੀ ਨਿਆਮਤਾਂ ਸੰਗ ਭਰਪੂਰ ਹੋ ਕੇ ਸਮੁੱਚੀ ਮਾਨਵਤਾ ਦੀ ਸਦੀਵਤਾ ਦੀ ਹਾਮੀ ਭਰਦੀ ਰਹੇ। ਮਨ ਵਿੱਚ ਕਦੇ ਵੀ ਨਫ਼ਰਤ, ਈਰਖਾ, ਦਵੈਤ ਜਾਂ ਖ਼ੌਫ਼ ਦਾ ਧੁੰਦੂਕਾਰਾ ਨਾ ਹੋਵੇ। ਹਰ ਹੋਠ 'ਤੇ ਸ਼ੁਕਰਾਨੇ ਦਾ ਨਾਦ ਗੂੰਜਦਾ ਰਹੇ ਅਤੇ ਸਰਬੱਤ ਦੇ ਭਲੇ ਦੇ ਬੋਲਬਾਲੇ ਗੁਣਗੁਣਾਉਂਦੇ ਰਹਿਣ। ਇਹ ਸੁਣਦਿਆਂ ਹੀ ਮੇਰੀ ਅੱਖ ਖੁੱਲ੍ਹ ਗਈ। ਮੈਂ ਸੋਚਣ ਲੱਗਾ ਕਿ ਕਾਸ਼! ਤੱਤੀ ਤਵੀ ਅਤੇ ਗੋਲੀ ਦੇ ਸਾਂਝੇ ਬੋਲ ਹਰ ਸਮੇਂ ਵਿੱਚ ਸੱਚੇ ਰਹਿਣ। ਮਨ ਵਿੱਚ ਬੀਤੇ ਦੀਆਂ ਪਰਤਾਂ ਫਰੋਲਦਿਆਂ ਹੀ ਸਵੇਰ ਦੀ ਲੋਅ ਨਿਕਲ ਆਈ।

# ਜੇਠੂਕੇ ਵਿਖੇ ਭਾਜਪਾ ਨੇ ਕੇਂਦਰੀ ਯੋਜਨਾਵਾਂ ਦੇ ਲਾਭ ਲਈ ਲਗਾਇਆ ਵਿਸ਼ੇਸ਼ ਸੇਵਾ ਕੈਂਪ



ਰਾਮਪੁਰਾ ਫੂਲ , 29 ਜੂਨ(ਮਨਪ੍ਰੀਤ ਮਿੱਟੂ): ਪਿੰਡ ਜੇਠੂਕੇ ਵਿਖੇ ਭਾਰਤੀ ਜਨਤਾ ਪਾਰਟੀ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਸਕੀਮਾਂ ਦਾ ਲਾਭ ਦੇਣ ਲਈ ਇੱਕ ਵਿਸ਼ੇਸ਼ ਸੇਵਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਇਲਾਕੇ ਦੇ ਸੈਂਕੜੇ ਲੋਕਾਂ ਨੇ ਸ਼ਿਰਕਤ ਕਰਕੇ ਵੱਖ-ਵੱਖ ਯੋਜਨਾਵਾਂ ਦਾ ਲਾਭ ਲਿਆ। ਇਸ ਮੌਕੇ ਭਾਜਪਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਸਰਦਾਰ ਜਗਦੀਪ ਸਿੰਘ ਨਕਈ, ਭਾਜਪਾ ਜਰਨਲ ਸਕੱਤਰ ਦਿਆਲ ਦਾਸ ਸੋਢੀ, ਅਤੇ ਮੰਡਲ ਪ੍ਰਧਾਨ ਸਰਬਜੀਤ ਸਿੰਘ ਜੇਠੂਕੇ ਨੇ ਲਾਭਪਾਤਰੀਆਂ ਨੂੰ ਆਯੂਸ਼ਮਾਨ ਕਾਰਡ, ਟੂਲ ਕਿੱਟਾਂ ਅਤੇ ਹੋਰ ਸਕੀਮਾਂ ਦੇ ਦਸਤਾਵੇਜ਼ ਵੰਡੇ। ਕੈਂਪ ਦੌਰਾਨ ਲੋਕਾਂ ਨੂੰ 'ਆਯੂਸ਼ਮਾਨ ਭਾਰਤ ਯੋਜਨਾ', 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ' ਅਤੇ 'ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ' ਸਮੇਤ ਹੋਰ ਕਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਦੱਸਿਆ ਗਿਆ ਕਿ ਆਯੂਸ਼ਮਾਨ ਕਾਰਡ ਰਾਹੀਂ ਲੋਕਾਂ ਨੂੰ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ, ਜਦਕਿ ਕਿਸਾਨਾਂ ਲਈ 6000 ਰੁਪਏ ਸਾਲਾਨਾ ਵਿੱਤੀ ਸਹਾਇਤਾ ਦੀ ਜਾਣਕਾਰੀ ਵੀ ਦਿੱਤੀ ਗਈ। ਵਿਸ਼ਵਕਰਮਾ ਯੋਜਨਾ ਤਹਿਤ ਕਾਰੀਗਰਾਂ ਨੂੰ 15 ਹਜ਼ਾਰ ਰੁਪਏ ਤੱਕ ਦੀ ਮੁਫ਼ਤ ਟੂਲ ਕਿੱਟ ਦਿੱਤੀ ਗਈ। ਆਪਣੇ ਸੰਬੋਧਨ ਵਿੱਚ ਜਗਦੀਪ ਸਿੰਘ ਨਕਈ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਦੇ ਨਾਅਰੇ ਨਾਲ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਭਰੋਸੇ ਨਾਲ ਸਰਕਾਰੀ ਸਕੀਮਾਂ ਦਾ ਲਾਭ ਲੈਣ ਅਤੇ ਆਤਮਨਿਰਭਰ ਬਣਨ। ਇਸ ਮੌਕੇ ਰਾਜਪਾਲ ਸਿੰਘ ਰਾਜੂ ਕਰਾੜ ਵਾਲਾ, ਸਰਪੰਚ ਹਰਪ੍ਰੀਤ ਸਿੰਘ, ਜੰਟਾ ਸਿੰਘ ਮੈਂਬਰ, ਸੁਖਮੰਦਰ ਸਿੰਘ ਮੈਂਬਰ, ਸੁਰਜੀਤ ਸਿੰਘ ਪੱਪੂ, ਚਮਕੌਰ ਸਿੰਘ, ਨਾਜ਼ਰ ਸਿੰਘ ਬਾਠ, ਅਮਰਜੀਤ ਸਿੰਘ ਬਾਠ, ਗੁਰਦੀਪ ਸਿੰਘ, ਭੋਲਾ ਸਿੰਘ ਮਾਖੇਵਾਲਾ, ਜਗਸੀਰ ਸਿੰਘ ਮੈਂਬਰ ਬੁੱਗਰ ਅਤੇ ਹਰਦੀਪ ਸਿੰਘ ਬੁੱਗਰ ਸਮੇਤ ਹੋਰ ਆਗੂ ਵੀ ਮੌਜੂਦ ਰਹੇ। ਸਮੁੱਚੀ ਰਾਮਪੁਰਾ ਸਰਕਲ ਦੀ ਭਾਜਪਾ ਲੀਡਰਸ਼ਿਪ ਨੇ ਕੈਂਪ ਨੂੰ ਸਫਲ ਬਣਾਉਣ ਵਿੱਚ ਭੂਮਿਕਾ ਨਿਭਾਈ। ਪਾਰਟੀ ਆਗੂਆਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੇਵਾ ਕੈਂਪ ਜਾਰੀ ਰਹਿਣਗੇ।

## ਛੁੱਟੀਆਂ ਮਾਣ ਕੇ ਭਲਕੇ ਸਕੂਲਾਂ 'ਚ ਆਉਣਗੇ ਬੱਚੇ




ਰਾਮਪੁਰਾ ਫੂਲ, 29 ਜੂਨ(ਮਨਪ੍ਰੀਤ ਮਿੱਟੂ): ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਭਲਕੇ 1 ਜੁਲਾਈ ਨੂੰ ਸਕੂਲ ਖੁੱਲ੍ਹ ਰਹੇ ਹਨ। ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਮੰਡੀ ਲੜਕੀਆਂ ਦੇ ਮੀਡੀਆ ਕੋਆਰਡੀਨੇਟਰ ਲੈਕਚਰਾਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਸਵਾਗਤ ਲਈ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚਲ ਰਹੀਆਂ ਹਨ। ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪਹਿਲੇ ਦਿਨ ਵਿਦਿਆਰਥੀਆਂ ਨੂੰ ਵੱਖ ਵੱਖ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ, ਜਿਨ੍ਹਾਂ ਵਿਚ ਗੀਤ, ਸੰਗੀਤ, ਡਾਂਸ, ਪੇਂਟਿੰਗ, ਯਾਦਾਂ ਸਾਂਝਾ ਕਰਨਾ ਆਦਿ ਪ੍ਰਮੁੱਖ ਹਨ। ਵਿਦਿਆਰਥੀਆਂ ਦੇ ਨਾਮ ਸੁਨੇਹਾ ਜਾਰੀ ਕਰਦੇ ਸਕੂਲ ਪ੍ਰਿੰਸੀਪਲ ਸੁਨੀਲ ਕੁਮਾਰ ਗੁਪਤਾ ਨੇ ਕਿਹਾ ਕਿ ਜਿਸ ਤਰ੍ਹਾਂ ਫੁੱਲਾਂ ਤੋਂ ਬਿਨ੍ਹਾਂ ਬਾਗ਼ ਸੁੰਨੇ ਸੁੰਨੇ ਲਗਦੇ ਹਨ, ਉਸੇ ਤਰ੍ਹਾਂ ਬੱਚਿਆਂ ਬਿਨ੍ਹਾਂ ਸਕੂਲ ਲਗਦੇ ਹਨ, ਪਰ ਹੁਣ ਸਮਾਂ ਆ ਗਿਆ ਹੈ ਦੁਬਾਰਾ ਰੌਣਕਾਂ ਪਰਤਣ ਦਾ। ਭਲਕੇ ਤੋਂ ਸਾਡੇ ਫੁੱਲ ਮੁੜ ਖਿੜਨਗੇ। ਸਕੂਲ ਵਿੱਚ ਸਾਫ਼ ਸਫ਼ਾਈ ਦਾ ਕੰਮ ਚੱਲ ਰਿਹਾ ਹੈ। ਸਕੂਲ ਅਤੇ ਸਮੂਹ ਅਧਿਆਪਕ ਵਿਦਿਆਰਥੀਆਂ ਦਾ ਸਵਾਗਤ ਕਰਨਗੇ।

# ਵਿਧਾਇਕ ਸਿੱਧੂ ਦੇ ਯਤਨਾਂ ਸਦਕਾ 100 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲਣ ਦੇ ਆਸਾਰ ਬਣੇ



ਰਾਮਪੁਰਾ ਫੂਲ, 29 ਜੂਨ(ਮਨਪ੍ਰੀਤ ਮਿੱਟੂ): ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਹਰ ਖੇਤ ਲਈ ਮੁਫ਼ਤ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੀ ਮੁਹਿੰਮ ਤਹਿਤ ਪਿੰਡ ਮਹਿਰਾਜ ਪੱਤੀ ਕਾਲਾ ਦੇ 1100 ਏਕੜ ਰਕਬੇ ਨੂੰ ਨਹਿਰੀ ਪਾਣੀ ਦੇਣ ਲਈ ਜ਼ਮੀਨ ਹੇਠ ਪਾਈਪਾਂ ਲਾਈਨ ਪਾਉਣ ਤੋਂ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਲੱਡੂ ਵੰਡ ਕੇ ਕੰਮ ਦੀ ਸ਼ੁਰੂਆਤ ਕੀਤੀ ਗਈ । ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਲਕੇ ਦੇ ਮਸ਼ਹੂਰ ਤੇ ਉੱਘੇ ਮੱਛੀ ਉਤਪਾਦਕ ਰਾਜਵੀਰ ਸਿੰਘ ਰਾਜਾ ਨੇ ਉਕਤ ਵਿਸ਼ੇਸ਼ ਉਪਰਾਲੇ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਕਿਸਾਨਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ ਅਤੇ ਜ਼ਮੀਨਾਂ ਦੀ ਉਪਜਾਊ ਸ਼ਕਤੀ ਵੀ ਵਧੇਗੀ ਤੇ ਪਾਣੀ ਦੀ ਬੱਚਤ ਵੀ ਹੋਵੇਗੀ । ਉਨ੍ਹਾਂ ਨੇ ਹਲਕਾ ਵਿਧਾਇਕ ਬਲਕਾਰ ਸਿੱਧੂ, ਸਿੰਚਾਈ ਵਿਭਾਗ ਦੇ ਮੁਖੀ ਕ੍ਰਿਸ਼ਨ ਕੁਮਾਰ, ਐਕਸੀਅਨ ਸੁਖਜੀਤ ਸਿੰਘ ਰੰਧਾਵਾ ਤੇ ਐਸਡੀਓ ਗੁਰਦਿੱਤ ਪਾਲ ਸਿੰਘ ਦਾ ਧੰਨਵਾਦ ਕਰਦਿਆਂ ਆਪਣੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਨਾ ਤਾਂ ਅਕਾਲੀ ਰਾਜ ਦੌਰਾਨ ਇਹ ਕੰਮ ਹੋ ਸਕਿਆ ਤੇ ਪਿੰਡ ਮਹਿਰਾਜ ਨਾਲ ਸਬੰਧਤ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੁੱਖ ਮੰਤਰੀ ਹੁੰਦਿਆਂ ਇਸ ਕੰਮ ਲਈ ਕੋਈ ਦਿਲਚਸਪੀ ਨਹੀਂ ਦਿਖਾਈ ਸੀ। ਸਿੰਚਾਈ ਵਿਭਾਗ ਦੇ ਐਸਡੀਓ ਗੁਰਦਿੱਤ ਪਾਲ ਸਿੰਘ ਨੇ ਕਿਹਾ ਕਿ ਇਹ ਕੰਮ 30-35 ਦਿਨਾਂ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਸ ਰਕਬੇ ਲਈ ਨਹਿਰੀ ਪਾਣੀ ਫੂਲ ਰਜਵਾਹੇ ਦੇ ਮੋਗਾ ਨੰਬਰ 56941 - ਆਰ ਵਿੱਚੋਂ ਦਿੱਤਾ ਜਾਵੇਗਾ। ਇਸ ਮੌਕੇ ਐਕਸੀਅਨ ਸੁਖਜੀਤ ਸਿੰਘ ਰੰਧਾਵਾ, ਜੇ ਈ ਕਰਨ ਸਿੰਘ, ਸਹਿਲ, ਜ਼ਿਲੇਦਾਰ ਸਨਮੀਤ ਕੌਰ, ਪਟਵਾਰੀ ਪਿਰੰਕਾ, ਪਰਮਪ੍ਰੀਤ ਸਿੰਘ, ਕਿਸਾਨ ਜਗਸੀਰ ਸਿੰਘ, ਪੱਪੂ ਪਟਵਾਰੀ, ਅੰਗਰੇਜ਼ ਸਿੰਘ, ਜੀਵਨ ਸਿੰਘ, ਕਿਸਾਨ ਆਗੂ ਬੂਟਾ ਸਿੰਘ, ਹਰਭਜਨ ਸਿੰਘ, ਜਗਰੂਪ ਸਿੰਘ, ਭਿੰਦਰ ਸਿੰਘ, ਪ੍ਰੀਤਮ ਸਿੰਘ, ਕੁਲਵੰਤ ਸਿੰਘ ਅਦਿ ਹਾਜ਼ਰ ਸਨ ।

# ਇਕੱਲਤਾ ਅਤੇ ਬੇਗ਼ਾਨਗੀ ਕਾਰਨ ਬਜ਼ੁਰਗਾਂ ਦੀ ਹਾਲਤ ਬਣੀ ਤਰਸਯੋਗ



ਬਰਨਾਲਾ, 29 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਭਾਰਤ ਗੁਰੂਆਂ, ਰਿਸ਼ੀਆਂ, ਮੁਨੀਆਂ ਦੀ ਧਰਤੀ ਹੈ, ਜਿੱਥੇ ਦੇਵੀ, ਦੇਵਤਿਆਂ, ਰੁੱਖਾਂ, ਪਸ਼ੂਆਂ ਆਦਿ ਦੀ ਪੂਜਾ ਕਰਨਾ ਸਾਡੀ ਸਭਿਅਤਾ ਦੀ ਪਹਿਚਾਣ ਹੈ। ਸਾਡੇ ਧਾਰਮਿਕ ਗ੍ਰੰਥ ਮਾਂ ਬਾਪ ਦੀ ਸੇਵਾ ਕਰਨ ਦਾ ਸੰਕਲਪ ਸਾਂਭੀ ਬੈਠੇ ਹਨ ਅਤੇ ਧਾਰਮਿਕ ਆਗੂ ਮਾਂ ਬਾਪ ਦੀ ਸੇਵਾ ਕਰਨ ਨੂੰ ਸਭ ਤੋਂ ਉੱਤਮ ਕਾਰਜ ਕਹਿੰਦਿਆਂ ਲੋਕਾਂ ਨੂੰ ਮਾਂ ਬਾਪ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਹਨ। ਉਹ ਮਾਂ ਬਾਪ ਜਿਨ੍ਹਾਂ ਨੇ ਆਪਣੀ ਔਲਾਦ ਨੂੰ ਹਰ ਤਰ੍ਹਾਂ ਦਾ ਸੁੱਖ ਦੇਣ ਲਈ ਆਪਣੀਆਂ ਸਾਰੀਆਂ ਖੁਸ਼ੀਆਂ ਦਾਅ 'ਤੇ ਲਾ ਦਿੱਤੀਆਂ, ਉਹੀ ਬਜ਼ੁਰਗ ਇਕਲਾਪੇ ਤੇ ਬੇਗਾਨਗੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ ਅਤੇ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਮਾਨਸਿਕ ਪੀੜਾ 'ਚੋਂ ਗੁਜ਼ਰ ਰਹੇ ਹਨ। ਇਸ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਪ੍ਰੋਫੈਸਰ (ਡਾ.) ਮਨਦੀਪ ਘਈ, ਕਲੋਨਾਈਜ਼ਰ ਰਾਜੀਵ ਗੁਪਤਾ ਲੂਬੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਗੁਰਮੀਤ ਸਿੰਘ ਮੀਮਸਾ ਨੇ ਕਿਹਾ ਕਿ ਜਦੋਂ ਮਾਪਿਆਂ ਦੀ ਜੇਬ ਔਲਾਦ ਦੀਆਂ ਇੱਛਾਵਾਂ ਪੂਰੀਆਂ ਕਰਨ 'ਚ ਅਸਮਰਥ ਹੋ ਜਾਂਦੀ ਹੈ ਤਾਂ ਬਜ਼ੁਰਗ ਮਾਪਿਆਂ ਦਾ ਸਨਮਾਨਜਨਕ ਜ਼ਿੰਦਗੀ ਜਿਉਣ ਦਾ ਅਧਿਕਾਰ ਖੁੱਸ ਜਾਂਦਾ ਹੈ । ਭਾਰਤ ਵਿੱਚ 14 ਕਰੋੜ ਤੋਂ ਵੱਧ ਬਜ਼ੁਰਗਾਂ 'ਚੋਂ 75 ਪ੍ਰਤੀਸ਼ਤ ਬਜ਼ੁਰਗ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਹਨ। ਭਾਰਤ 'ਚ ਹੁਣ ਤੱਕ 728 ਬਿਰਧ ਆਸ਼ਰਮ ਖੁੱਲ੍ਹ ਚੁੱਕੇ ਹਨ। ਜਿਨ੍ਹਾਂ ਹੱਥਾਂ ਨੇ ਬੱਚਿਆਂ ਨੂੰ ਹਰ ਸੁੱਖ ਦੇਣ ਲਈ ਸੰਘਰਸ਼ ਕੀਤਾ, ਉਹੀ ਬਜ਼ੁਰਗ ਹੱਥ ਹੁਣ ਜਲਾਲਤ ਭਰੀ ਜ਼ਿੰਦਗੀ ਹੰਢਾਅ ਰਹੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੀਏ । ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝੀਏ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੀਏ। ਉਹਨਾਂ ਦੀਆਂ ਭਾਵਨਾਵਾਂ ਲਈ ਸਰਕਾਰ ਨੂੰ ਵੀ ਇਸ ਸਮੱਸਿਆ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਕੋਈ ਠੋਸ ਹੱਲ ਕੱਢਣਾ ਚਾਹੀਦਾ ਤਾਂ ਜੋ ਬਜ਼ੁਰਗ ਸਨਮਾਨ ਅਤੇ ਪਿਆਰ ਨਾਲ ਆਪਣੀ ਜ਼ਿੰਦਗੀ ਦਾ ਅੰਤਿਮ ਸਫ਼ਰ ਤੈਅ ਕਰ ਸਕਣ। ਇਸ ਮੌਕੇ ਬਬੀਤਾ ਜਿੰਦਲ, ਨੀਰਜ ਬਾਲਾ ਦਾਨੀਆ, ਹਰਮਨਜੀਤ ਸਿੰਘ, ਪ੍ਰਿੰਸੀਪਲ ਰਾਕੇਸ਼ ਗਰਗ, ਮਹਿੰਦਰ ਪਾਲ ਗਰਗ,ਕੇਵਲ ਕ੍ਰਿਸ਼ਨ ਗਰਗ, ਰਾਜੇਸ਼ ਭੁਟਾਨੀ, ਅਸ਼ਵਨੀ ਸ਼ਰਮਾ ਨੀਰਜ ਬਾਲਾ ਦਾਨੀਆ, ਹਰਮਨਜੀਤ ਸਿੰਘ, ਪ੍ਰਿੰਸੀਪਲ ਰਾਕੇਸ਼ ਗਰਗ, ਮਹਿੰਦਰ ਪਾਲ ਗਰਗ, ਕੇਵਲ ਕ੍ਰਿਸ਼ਨ ਗਰਗ, ਰਾਜੇਸ਼ ਭੁਟਾਨੀ, ਅਸ਼ਵਨੀ ਸ਼ਰਮਾ ਆਦਿ ਹਾਜ਼ਰ ਸਨ।

## ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ 186ਵੀਂ ਬਰਸੀ ਮੌਕੇ ਸ਼ਰਧਾ ਪੂਰਵਕ ਸਤਿਕਾਰ ਭੇਟ ਕੀਤਾ




ਬਰਨਾਲਾ, 29 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਇਲਾਕੇ ਦੀਆਂ ਸਤਿਕਾਰਯੋਗ ਅਤੇ ਮਾਣਮੱਤੀਆਂ ਸ਼ਖਸੀਅਤਾਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ ਦੇ ਮੀਤ ਪ੍ਰਧਾਨ ਤਲਵਿੰਦਰ ਸਿੰਘ ਮਸੌਣ, ਸਨਪਾਰਕ ਹੋਟਲ ਬਰਨਾਲਾ ਦੇ ਐਮ ਡੀ ਵਿਸ਼ਨੂੰ ਸਿੰਗਲਾ, ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਦੇ ਐਮ ਡੀ ਸ਼ਿਵ ਸਿੰਗਲਾ, ਸਮਾਜ ਸੇਵੀ ਧੰਨਾ ਸਿੰਘ ਗਰੇਵਾਲ, ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਦੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ ਅਤੇ ਪ੍ਰਸਿੱਧ ਕਾਰੋਬਾਰੀ ਬੱਬੂ ਅਗਰਵਾਲ ਬਰਨਾਲਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਵਿਸ਼ਾਲ ਧਰਮ ਨਿਰਪੱਖ ਰਾਜ ਨੂੰ ਪੰਜਾਬ ਖਿਤੇ ਤੋਂ ਪੱਛਮ ਵਿੱਚ ਖੈਬਰ ਦਰੇ ਤੱਕ, ਉੱਤਰ ਵਿੱਚ ਕਸ਼ਮੀਰ ਤੱਕ, ਦੱਖਣ ਵਿੱਚ ਸਿੰਧ ਤੱਕ ਅਤੇ ਪੂਰਬ ਵਿੱਚ ਤਿੱਬਤ ਤੱਕ ਵਧਾਉਣ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਧਾਂਕ ਖਾਲਸਾ ਰਾਜ ਤੋਂ ਵੀ ਅੱਗੇ ਸਮੁੱਚੇ ਭਾਰਤ ਅਤੇ ਯੂਰਪ ਤੱਕ ਫੈਲੀ ਹੋਈ ਸੀ। ਉਹਨਾਂ ਦੇ ਰਾਜ 'ਚ ਪੂਰਨ ਸ਼ਾਂਤੀ ਸੀ। ਉਹ ਉੱਚ ਕੋਟੀ ਦਾ ਜਰਨੈਲ, ਕੁਸ਼ਲ ਪ੍ਰਬੰਧਕ, ਦੂਰਦਰਸ਼ੀ ਨੀਤੀਵਾਨ, ਦਿਆਲੂ ਅਤੇ ਬਹਾਦਰ ਯੋਧਾ ਸੀ । ਉਨ੍ਹਾਂ ਦੇ ਰਾਜ ਅੰਦਰ ਹਰ ਵਿਅਕਤੀ ਨੂੰ ਆਪਣੇ ਧਰਮ ਨੂੰ ਮੰਨਣ ਦੀ ਪੂਰੀ ਆਜ਼ਾਦੀ ਸੀ। ਮਹਾਰਾਜਾ ਰਣਜੀਤ ਸਿੰਘ ਸਾਰੇ ਧਰਮਾਂ ਦਾ ਪੂਰਨ ਸਤਿਕਾਰ ਕਰਦੇ ਸਨ । ਤਲਵਿੰਦਰ ਸਿੰਘ ਮਸੌਣ, ਵਿਸ਼ਨੂੰ ਸਿੰਗਲਾ ਅਤੇ ਸ਼ਿਵ ਸਿੰਗਲਾ ਨੇ ਕਿਹਾ ਕਿ ਰਣਜੀਤ ਸਿੰਘ ਦੇ ਦਿਆਲੂ ਅਤੇ ਦਾਨੀ ਹੋਣ ਕਾਰਨ ਲੋਕ ਉਨ੍ਹਾਂ ਨੂੰ ਪਾਰਸ ਕਹਿੰਦੇ ਸਨ। ਉਨ੍ਹਾਂ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰਕੇ ਆਪਣੀ ਕੁਸ਼ਲ ਬੁੱਧੀਮਤਾ ਦਾ ਸਬੂਤ ਦਿੱਤਾ ਅਤੇ ਜੂਨ 1839 ਨੂੰ ਸਵਰਗ ਸਿਧਾਰ ਗਏ । ਉਹਨਾਂ ਦੀ ਸ਼ਖਸੀਅਤ ਸਾਨੂੰ ਹਮੇਸ਼ਾ ਆਪਣੇ ਦੇਸ਼ ਦੀ ਰੱਖਿਆ ਕਰਨ, ਸਾਰੇ ਧਰਮਾਂ ਦਾ ਸਤਿਕਾਰ ਕਰਨ ਅਤੇ ਲੋਕ ਭਲਾਈ ਦੇ ਕਾਰਜ ਕਰਨ ਦੀ ਪ੍ਰੇਰਨਾ ਦਿੰਦੀ ਰਹੇਗੀ। ਅੱਜ ਉਨ੍ਹਾਂ ਦੀ 186ਵੀਂ ਬਰਸੀ ਮੌਕੇ ਸਤਿਕਾਰ ਭੇਟ ਕੀਤਾ ਗਿਆ।

# ਨਹਿਰਾਂ, ਸੂਇਆਂ ਤੇ ਸੜਕਾਂ ਦੇ ਨਾਲ ਲਗਦੀ ਥਾਂ ਨੂੰ ਆਪਣੀ ਜ਼ਮੀਨ 'ਚ ਮਿਲਾਉਣ 'ਤੇ ਪਾਬੰਦੀ

ਸੰਗਰੂਰ, 29 ਜੂਨ (ਹਰਕੰਵਲ ਸਿੰਘ ਹੈਪੀ): ਵਧੀਕ ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ, ਅਮਿਤ ਬੈਂਬੀ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੰਗਰੂਰ ਦੇ ਖੇਤਰ ਵਿੱਚ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ, ਸੂਇਆਂ ਅਤੇ ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕਾਂ ਵੱਲੋਂ ਨਹਿਰਾਂ, ਸੂਇਆਂ ਅਤੇ ਸੜਕਾਂ ਦੇ ਨਾਲ ਲਗਦੀ ਜ਼ਮੀਨ ਨੂੰ ਆਪਣੀ ਜ਼ਮੀਨ ਵਿੱਚ ਮਿਲਾਉਣ ਅਤੇ ਨਹਿਰਾਂ ਤੇ ਸੂਇਆਂ ਵਿੱਚੋਂ ਵੀ ਮਿੱਟੀ ਦੀ ਨਜਾਇਜ਼ ਖੁਦਾਈ ਕਰਨ 'ਤੇ ਮੁਕੰਮਲ ਪਾਬੰਦੀ ਸਬੰਧੀ ਹੁਕਮ ਜਾਰੀ ਕੀਤੇ ਹਨ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ, ਸੂਇਆਂ, ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕ ਜ਼ਮੀਨਾਂ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਂਦੇ ਹਨ, ਇਸ ਤੋਂ ਇਲਾਵਾ ਕਈ ਵਾਰ ਨਹਿਰਾਂ, ਸੂਇਆਂ ਵਿੱਚੋਂ ਨਜਾਇਜ਼ ਮਿੱਟੀ ਦੀ ਖੁਦਾਈ ਵੀ ਕਰਦੇ ਹਨ, ਜਿਸ ਦੇ ਸਿੱਟੇ ਵਜੋਂ ਨਹਿਰਾਂ, ਸੂਇਆਂ ਦੇ ਬਰਮ ਕੱਟੇ ਹੋਣ ਕਰਕੇ ਇਕੋ ਸਮੇਂ ਦੋ ਗੱਡੀਆਂ ਦਾ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਕਈ ਵਾਰ ਆਉਂਦੇ ਜਾਂਦੇ ਲੋਕਾਂ ਅਤੇ ਵਾਹਨ ਚਾਲਕਾਂ ਨੂੰ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਮਨੁੱਖੀ ਜਾਨਾਂ ਨੂੰ ਖਤਰਾ ਪੈਦਾ ਹੋ ਜਾਂਦਾ ਹੈ।ਇਸ ਲਈ ਮਨੁੱਖੀ ਜਾਨਾਂ ਨੂੰ ਖਤਰੇ ਤੋਂ ਬਚਾਉਣ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ ਤੇ ਸੂਇਆਂ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕ ਨਹਿਰਾਂ, ਸੂਇਆਂ ਅਤੇ ਸੜਕਾਂ ਦੇ ਨਾਲ ਲਗਦੀ ਜ਼ਮੀਨ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਣ ਅਤੇ ਨਹਿਰਾਂ ਵਿੱਚੋਂ ਨਜਾਇਜ਼ ਮਿੱਟੀ ਦੀ ਖੁਦਾਈ ਕਰਨ ਤੋਂ ਰੋਕਿਆ ਜਾਵੇ। ਇਹ ਹੁਕਮ 28 ਅਗਸਤ 2025 ਤੱਕ ਲਾਗੂ ਰਹਿਣਗੇ।

# ਹੁਣ ਆਮ ਆਦਮੀ ਕਲੀਨਿਕਾਂ ਵਿੱਚ ਐਂਟੀ ਰੇਬੀਜ਼ ਟੀਕਾਕਰਨ ਸੇਵਾਵਾਂ ਸ਼ੁਰੂ: ਸਿਵਲ ਸਰਜਨ



ਬਰਨਾਲਾ, 29 ਜੂਨ (ਅਮਨਦੀਪ ਸਿੰਘ)- ਪੰਜਾਬ ਸਰਕਾਰ ਵਲੋਂ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਬਣਾਏ ਗਏ ਆਮ ਆਦਮੀ ਕਲੀਨਿਕਾਂ ਵਿੱਚ ਪਹਿਲਾਂ ਗਰਭਵਤੀ ਔਰਤਾਂ ਨੂੰ ਮਿਲਣ ਵਾਲੀਆਂ ਸਿਹਤ ਸੇਵਾਵਾਂ ਵਿੱਚ ਵਾਧਾ ਕੀਤਾ ਗਿਆ ਸੀ ਤੇ ਹੁਣ ਓਰਲ ਕੈਂਸਰ, ਐਂਟੀ ਰੇਬੀਜ਼ ਟੀਕਾਕਰਨ, ਐਨ.ਸੀ.ਡੀ. (ਗੈਰ ਸੰਚਾਰੀ ਰੋਗ) ਦੀਆਂ ਸਿਹਤ ਸੇਵਾਵਾਂ ਵੀ ਮਿਲਣਗੀਆਂ। ਇਸ ਸਬੰਧੀ ਕਰਵਾਏ ਗਏ ਟਰੇਨਿੰਗ ਸੈਸ਼ਨ ਵਿੱਚ ਵਧੇਰੇ ਜਾਣਕਾਰੀ ਦਿੰਦਿਆਂ ਡਾ. ਬਲਜੀਤ ਸਿੰਘ ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ.ਬੈਨਿਥ ਦੀ ਅਗਵਾਈ ਅਧੀਨ ਸਿਹਤ ਵਿਭਾਗ ਬਰਨਾਲਾ ਅਧੀਨ ਆਉਂਦੇ ਆਮ ਆਦਮੀ ਕਲੀਨਿਕਾਂ ਵਿੱਚ ਉੱਤਮ ਸਿਹਤ ਸੇਵਾਵਾਂ ਵਿੱਚ ਸੁਧਾਰ ਲਈ ਵਿਭਾਗ ਹਮੇਸ਼ਾ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਆਮ ਆਦਮੀ ਕਲੀਨਿਕਾਂ ਵਿੱਚ ਲੋਕਾਂ ਨੂੰ ਮੁਫ਼ਤ ਓ.ਪੀ.ਡੀ., ਮੁਫ਼ਤ ਲੈਬ ਟੈਸਟ, ਮੁਫ਼ਤ ਦਵਾਈਆਂ, ਮੁਫ਼ਤ ਐਂਟੀਨੇਟਲ ਚੈਕਅੱਪ, ਮੁਫ਼ਤ ਅਲਟਰਾਸਾਊਂਡ ਦੇ ਨਾਲ ਨਾਲ ਹੁਣ ਐਂਟੀ ਰੈਬੀਜ਼ ਟੀਕਾਕਰਨ, ਪਰਿਵਾਰ ਨਿਯੋਜਨ ਦੀਆਂ ਮੁਫਤ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਡਾ. ਗੁਰਬਿੰਦਰ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਕਮ ਨੋਡਲ ਅਫ਼ਸਰ ਆਮ ਆਦਮੀ ਕਲੀਨਿਕ ਨੇ ਦੱਸਿਆ ਕਿ ਸਿਹਤ ਸੇਵਾਵਾਂ ਵਿੱਚ ਹੋ ਰਹੇ ਇਸ ਵਾਧੇ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਇਹ ਟਰੇਨਿੰਗ ਲਾਈ ਗਈ ਸੀ, ਜਿਸ ਵਿੱਚ ਸਮੂਹ ਮੈਡੀਕਲ ਅਫ਼ਸਰ ਆਮ ਆਦਮੀ ਕਲੀਨਿਕ ਅਤੇ ਕਲੀਨਿਕਲ ਸਹਾਇਕਾਂ ਨੂੰ ਸਟੇਟ ਤੋਂ ਪ੍ਰਾਪਤ ਟਰੇਨਿੰਗ ਨੂੰ ਵਿਸਥਾਰ ਸਹਿਤ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਟਰੇਨਿੰਗ ਸੈਸ਼ਨ ਵਿੱਚ ਮਾਸਟਰ ਟਰੇਨਰ ਵੱਜੋਂ ਡਾ. ਪ੍ਰਵੇਸ਼ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਅੰਕੁਸ਼ ਜਿੰਦਲ ਬੱਚਿਆਂ ਦੇ ਮਾਹਿਰ ਸਿਵਲ ਹਸਪਤਾਲ ਬਰਨਾਲਾ, ਡਾ. ਪ੍ਰੀਕਸ਼ਤ ਜਿੰਦਲ ਬੱਚਿਆਂ ਦੇ ਮਾਹਿਰ ਸੀ.ਐਚ.ਸੀ. ਧਨੌਲਾ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਟਰੇਨਿੰਗ ਸੈਸ਼ਨ ਦੌਰਾਨ ਸਮੂਹ ਸੀਨੀਅਰ ਮੈਡੀਕਲ ਅਫਸਰ, ਕੁਲਵੰਤ ਸਿੰਘ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ, ਗੁਰਬਿੰਦਰ ਸਿੰਘ ਡੀਲਿੰਗ ਆਮ ਆਦਮੀ ਕਲੀਨਿਕ ਹਾਜ਼ਰ ਸਨ।

## ਛੇ ਮੰਜ਼ਿਲਾ ਬਰਡ ਹਾਊਸ ਟਾਵਰ ਦਾ ਉਦਘਾਟਨ ਕੀਤਾ



ਮੂਨਕ, 29 ਜੂਨ (ਸਮਸ਼ੇਰ ਸਿੰਘ): ਜੈਨ ਸਮਾਧੀ ਮੂਨਕ ਵਿਖੇ ਪੰਛੀਆਂ ਲਈ ਛੇ ਮੰਜ਼ਿਲਾ ਬਰਡ ਹਾਊਸ ਟਾਵਰ 'ਕ੍ਰਿਸ਼ਨਾ ਦੇਵੀ ਜੈਨ ਪੱਖੀ ਧਾਮ' ਦਾ ਨਿਰਮਾਣ ਕੀਤਾ ਗਿਆ ਹੈ। ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਸ਼੍ਰੀ ਬਰਿੰਦਰਾ ਗੋਇਲ ਵੱਲੋਂ ਕੀਤਾ ਗਿਆ। ਸਵੇਰੇ 6.45 ਵਜੇ ਜੈਨ ਸੰਤ ਸ਼੍ਰੀ ਸੁਧੀਰ ਮੁਨੀ ਜੀ ਅਤੇ ਉੱਥੇ ਮੌਜੂਦ ਸਾਧਵੀ ਸ਼੍ਰੀ ਸੁਦਕਸ਼ਾ ਜੀ ਨੇ ਮੰਗਲ ਪਾਠ ਦੀ ਸੰਪੂਰਨਤਾ ਕੀਤੀ। ਸਭ ਤੋਂ ਪਹਿਲਾਂ, *ਜੈਨ ਸਥਾਨਕ ਮੂਨਕ* ਵਿੱਚ, *ਸੰਘ ਸੰਚਾਲਕ ਗੁਰੂਦੇਵ ਸ਼੍ਰੀ ਨਰੇਸ਼ ਚੰਦਰ ਜੀ ਮਹਾਰਾਜ*, *ਤਪੱਸਵੀ ਗੁਰੂਦੇਵ ਸ਼੍ਰੀ ਸੁਧੀਰ ਮੁਨੀ ਜੀ ਮਹਾਰਾਜ* ਠਾਣੇ-3 ਅਤੇ *ਸ਼੍ਰੀ ਸੁਦਕਸ਼ਾ ਜੀ ਮਹਾਰਾਜ* ਠਾਣੇ 5 ਦੇ ਪੈਰੋਕਾਰ ਸਵੇਰੇ 8:15 ਤੋਂ 9:45 ਤੱਕ ਪ੍ਰਵਚਨ ਕੀਤਾ। ਇਸ ਦਾ ਨਿਰਮਾਣ ਸ਼੍ਰੀ ਰਾਜੇਸ਼ ਜੈਨ ਅਤੇ ਜੈਨ ਪਰਿਵਾਰ ਨੇ ਕੀਤਾ । ਇਸ ਸ਼ੁਭ ਮੌਕੇ 'ਤੇ ਜਾਖਲ ਅਤੇ ਨਰਵਾਣਾ ਦੇ ਜੈਨ ਸਮਾਜ ਅਤੇ ਸਮਾਜ ਸੇਵੀ ਰਾਜੇਸ਼ ਜੈਨ ਕਾਲਾ ਪਰਿਵਾਰ, ਜਨੇਂਦਰ ਜੈਨ, ਰਮੇਸ਼ ਜੈਨ, ਰਾਜੇਸ਼ ਗੋਇਲ, ਰਾਕੇਸ਼ ਗੋਇਲ, ਸਤੀਸ਼ ਜੈਨ, ਵਿਮਲ ਓਸਵਾਲ, ਅੰਕੁਰ ਜੈਨ, ਹਰੀਸ਼ ਜੈਨ, ਸੋਨੂੰ ਜੈਨ, ਭਾਵਨਾ ਆਦਿ ਹਾਜ਼ਰ ਸਨ।

## ਮਲੂਕਾ ਦੇ ਕੋਰ ਕਮੇਟੀ ਦੇ ਮੈਂਬਰ ਨਿਯੁਕਤ ਹੋਣ 'ਤੇ ਹਲਕੇ 'ਚ ਖੁਸ਼ੀ ਦੀ ਲਹਿਰ



ਭਗਤਾ ਭਾਈ ਕਾ, 29 ਜੂਨ (ਸਵਰਨ ਸਿੰਘ ਭਗਤਾ): ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕਰਨ 'ਤੇ ਸਰਬਜੀਤ ਸਿੰਘ ਮਲੂਕਾ ਅਤੇ ਸੁਖਜਿੰਦਰ ਸਿੰਘ ਬਬਲਾ (ਯੂਐਸਏ) ਨੇ ਸਿਕੰਦਰ ਸਿੰਘ ਮਲੂਕਾ ਨੂੰ ਵਧਾਈਆਂ ਦਿੱਤੀਆਂ ਅਤੇ ਪਾਰਟੀ ਹਾਈਕਮਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ। ਇਸ ਮੌਕੇ ਸਰਬਜੀਤ ਸਿੰਘ ਮਲੂਕਾ ਨੇ ਕਿਹਾ ਕਿ ਸਿਕੰਦਰ ਸਿੰਘ ਮਲੂਕਾ ਇੱਕ ਵਿਕਾਸ ਪੁਰਸ਼ ਹਨ ਜਿਨ੍ਹਾਂ ਨੇ ਹਲਕਾ ਰਾਮਪੁਰਾ ਫੂਲ ਵਿਖੇ ਰਿਕਾਰਡ ਤੋੜ ਵਿਕਾਸ ਕਰਵਾਇਆ।

# ਚੇਅਰਮੈਨ ਗੜ੍ਹੀ ਵੱਲੋਂ ਐਸ.ਸੀ. ਪਰਿਵਾਰ ਨਾਲ ਸਬੰਧਤ ਮਸਲਾ 72 ਘੰਟਿਆਂ ਅੰਦਰ ਹੱਲ ਕਰਨ ਦੇ ਨਿਰਦੇਸ਼



ਤਪਾ ਮੰਡੀ, 29 ਜੂਨ (ਭੂਸ਼ਨ ਘੜੈਲਾ, ਰਾਜੂ ਮਹਿਰਾ)- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ.ਜਸਵੀਰ ਸਿੰਘ ਗੜ੍ਹੀ ਅੱਜ ਤਪਾ ਸਥਿਤ ਇੱਕ ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰ ਨਾਲ ਹੋਈ ਕਥਿਤ ਵਧੀਕੀ ਦੇ ਮਾਮਲੇ ਦੀ ਪੜਤਾਲ ਲਈ ਇਥੇ ਪੁੱਜੇ। ਇਸ ਮੌਕੇ ਉਨ੍ਹਾਂ ਨਾਲ ਮੈਂਬਰ ਐਸ ਕਮਿਸ਼ਨ ਰੁਪਿੰਦਰ ਸਿੰਘ ਸੀਤਲ ਅਤੇ ਗੁਲਜ਼ਾਰ ਸਿੰਘ ਵੀ ਪੁੱਜੇ। ਇਸ ਮੌਕੇ ਚੇਅਰਮੈਨ ਗੜ੍ਹੀ ਨੇ ਸ਼ਿਕਾਇਤਕਰਤਾ ਅਤੇ ਦੂਜੀ ਧਿਰ ਦੇ ਵਿਅਕਤੀਆਂ ਨਾਲ ਮੁਲਾਕਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰੀਤਮ ਸਿੰਘ ਨੇ ਕੁਝ ਲੋਕਾਂ 'ਤੇ ਉਨ੍ਹਾਂ ਵਿਰੁੱਧ ਅਪਮਾਨਜਨਕ ਜਾਤੀਵਾਦੀ ਭਾਸ਼ਾ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ। ਸ਼੍ਰੀ ਗੜ੍ਹੀ ਨੇ ਅੱਗੇ ਕਿਹਾ ਕਿ ਇਹ ਜ਼ਮੀਨੀ/ਗਲੀ ਦੇ ਰਸਤੇ ਨੂੰ ਲੈ ਕੇ ਵਿਵਾਦ ਹੈ। ਚੇਅਰਮੈਨ ਗੜ੍ਹੀ ਨੇ ਬਰਨਾਲਾ ਪੁਲਿਸ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਯਕੀਨੀ ਬਣਾਉਣ ਕਿ ਦੋਵਾਂ ਧਿਰਾਂ ਦੀ ਗੱਲ ਸੁਣੀ ਜਾਵੇ ਅਤੇ ਅਗਲੇ 72 ਘੰਟਿਆਂ ਦੇ ਅੰਦਰ ਮਸਲਾ ਹੱਲ ਕੀਤਾ ਜਾਵੇ । ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸੂਬੇ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਬਰਾਬਰ ਅਧਿਕਾਰ ਅਤੇ ਮੌਕੇ ਮਿਲਣ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਵਧੀਕੀ ਜਾਂ ਅੱਤਿਆਚਾਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ ਜ਼ਿਲ੍ਹਾ ਨਿਆਂ ਅਤੇ ਅਧਿਕਾਰਤਾ ਅਫ਼ਸਰ ਗੁਰਿੰਦਰਜੀਤ ਸਿੰਘ, ਤਹਿਸੀਲਦਾਰ ਅਵਤਾਰ ਸਿੰਘ, ਐਸਪੀ ਰਾਜੇਸ਼ ਛਿੱਬਰ, ਡੀ ਐਸ ਪੀ ਤਪਾ ਗੁਰਬਿੰਦਰ ਸਿੰਘ ਤੇ ਹੋਰ ਅਧਿਕਾਰੀ ਮੌਜੂਦ ਸਨ।

## ਬਠਿੰਡਾ ਵਿੱਚ ਇੱਕ ਹੋਰ ਕੋਰੋਨਾ ਮਰੀਜ਼ ਮਿਲਿਆ

ਬਠਿੰਡਾ, 29 ਜੂਨ ( ਦੀਪਕ ਸ਼ਰਮਾ): ਜ਼ਿਲ੍ਹੇ ਵਿੱਚ ਕੋਰੋਨਾ ਪਾਜ਼ੇਟਿਵ ਮਰੀਜ਼ ਮਿਲਣੇ ਸ਼ੁਰੂ ਹੋ ਗਏ ਹਨ। ਪਿਛਲੇ ਦੋ ਦਿਨਾਂ ਵਿੱਚ ਦੋ ਪਾਜ਼ੇਟਿਵ ਮਰੀਜ਼ ਮਿਲ ਚੁੱਕੇ ਹਨ। ਸ਼ਨੀਵਾਰ ਨੂੰ ਇੱਕ ਹੋਰ ਮਰੀਜ਼ ਦੀ ਰਿਪੋਰਟ ਪਾਜ਼ੇਟਿਵ ਮਿਲੀ ਹੈ, ਜਦੋਂ ਕਿ ਬੀਤੇ ਸ਼ੁੱਕਰਵਾਰ ਨੂੰ ਵੀ ਇੱਕ ਮਹਿਲਾ ਮਰੀਜ਼ ਦੀ ਰਿਪੋਰਟ ਪਾਜ਼ੇਟਿਵ ਮਿਲੀ ਸੀ। ਸਿਹਤ ਵਿਭਾਗ ਅਨੁਸਾਰ ਦੋਵੇਂ ਪਾਜ਼ੇਟਿਵ ਮਰੀਜ਼ ਦੂਜੇ ਜ਼ਿਲ੍ਹੇ ਨਾਲ ਸਬੰਧਤ ਹਨ। ਸ਼ਨੀਵਾਰ ਨੂੰ ਜਿਸ ਮਰੀਜ਼ ਦੀ ਰਿਪੋਰਟ ਪਾਜ਼ੇਟਿਵ ਮਿਲੀ ਹੈ, ਉਹ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਨਾਲ ਸਬੰਧਤ ਹੈ। ਨੌਜਵਾਨ ਪਿੰਡ ਕਟਾਰ ਸਿੰਘ ਵਾਲਾ ਸਥਿਤ ਇੱਕ ਸਿੱਖਿਆ ਸੰਸਥਾ ਦਾ ਵਿਦਿਆਰਥੀ ਹੈ। ਫਿਲਹਾਲ ਪਾਜ਼ੇਟਿਵ ਮਰੀਜ਼ਾਂ ਦੀ ਸਥਿਤੀ ਠੀਕ ਦੱਸੀ ਜਾ ਰਹੀ ਹੈ, ਮੈਡੀਕਲ ਟੀਮਾਂ ਦੀ ਨਿਗਰਾਨੀ ਹੇਠ ਹੋਮ ਆਈਸੋਲੇਸ਼ਨ ਵਿੱਚ ਹਨ, ਜਦੋਂ ਕਿ ਬੀਤੇ ਸ਼ੁੱਕਰਵਾਰ ਨੂੰ ਮਿਲੀ ਪਾਜ਼ੇਟਿਵ ਮਰੀਜ਼ ਵੀ ਮਾਨਸਾ ਜ਼ਿਲ੍ਹੇ ਦੀ ਰਹਿਣ ਵਾਲੀ ਸੀ। ਸਿਹਤ ਵਿਭਾਗ ਅਨੁਸਾਰ ਸ਼ਨੀਵਾਰ ਨੂੰ ਇੱਕ ਨੌਜਵਾਨ ਬੁਖਾਰ, ਜ਼ੁਕਾਮ, ਖੰਘ ਦੀ ਸਮੱਸਿਆ ਕਾਰਨ ਓ.ਪੀ.ਡੀ. ਵਿੱਚ ਡਾਕਟਰਾਂ ਕੋਲ ਚੈੱਕਅਪ ਕਰਵਾਉਣ ਲਈ ਆਇਆ ਸੀ, ਪਰ ਡਾਕਟਰਾਂ ਨੇ ਕੋਰੋਨਾ ਸੰਕਰਮਣ ਦਾ ਸ਼ੱਕੀ ਮੰਨਦੇ ਹੋਏ ਫਲੂ ਕਾਰਨਰ ਵਿੱਚ ਕੋਵਿਡ-19 ਦਾ ਟੈਸਟ ਕਰਵਾਇਆ, ਤਾਂ ਉਸਦੀ ਰਿਪੋਰਟ ਪਾਜ਼ੇਟਿਵ ਆਈ। ਇਸੇ ਤਰ੍ਹਾਂ ਬੀਤੇ ਸ਼ੁੱਕਰਵਾਰ ਨੂੰ ਵੀ ਇੱਕ ਲੜਕੀ ਆਪਣਾ ਚੈੱਕਅਪ ਕਰਵਾਉਣ ਲਈ ਹਸਪਤਾਲ ਵਿੱਚ ਆਈ ਸੀ। ਉਕਤ ਲੜਕੀ ਵੀ ਬੁਖਾਰ, ਜ਼ੁਕਾਮ ਤੇ ਖੰਘ ਤੋਂ ਪੀੜਤ ਸੀ। ਡਾਕਟਰਾਂ ਨੇ ਕੋਵਿਡ-19 ਦਾ ਸ਼ੱਕੀ ਮੰਨਦੇ ਹੋਏ ਲੜਕੀ ਦਾ ਟੈਸਟ ਕਰਵਾਇਆ, ਤਾਂ ਰਿਪੋਰਟ ਪਾਜ਼ੇਟਿਵ ਆਉਣ ਤੋਂ ਬਾਅਦ ਡਾਕਟਰਾਂ ਨੇ ਮੈਡੀਕਲ ਟੀਮ ਨੂੰ ਸੂਚਿਤ ਕੀਤਾ। ਸਿਹਤ ਵਿਭਾਗ ਨੇ ਸੰਕਰਮਿਤ ਮਰੀਜ਼ਾਂ ਦੀ ਕੰਟੈਕਟ ਟਰੇਸਿੰਗ ਸ਼ੁਰੂ ਕਰ ਦਿੱਤੀ ਹੈ ਅਤੇ ਲੱਛਣ ਪਾਏ ਜਾਣ 'ਤੇ ਉਨ੍ਹਾਂ ਦੇ ਸੈਂਪਲ ਲਏ ਜਾਣਗੇ। ਸਿਹਤ ਅਧਿਕਾਰੀਆਂ ਨੇ ਕੋਰੋਨਾ ਪਾਜ਼ੇਟਿਵ ਨੌਜਵਾਨ ਤੇ ਲੜਕੀ ਦੇ ਸੰਪਰਕ ਵਿੱਚ ਆਏ ਲੋਕਾਂ ਨੂੰ ਕੇਂਦਰ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਨੂੰ ਕਿਹਾ ਹੈ। ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਊਸ਼ਾ ਗੋਇਲ ਨੇ ਕਿਹਾ ਕਿ ਕੋਰੋਨਾ ਸੰਕਰਮਣ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਹੁਣ ਤੱਕ ਸਾਰੇ ਮਰੀਜ਼ਾਂ ਵਿੱਚ ਬਹੁਤ ਹੀ ਹਲਕੇ ਲੱਛਣ ਪਾਏ ਗਏ ਹਨ। ਦੋਵੇਂ ਮਰੀਜ਼ ਮੈਡੀਕਲ ਟੀਮਾਂ ਦੀ ਨਿਗਰਾਨੀ ਵਿੱਚ ਹੋਮ ਆਈਸੋਲੇਟ ਵਿੱਚ ਹਨ।

## ਸ਼ਹੀਦ ਸੁਖਦੇਵ ਸਿੰਘ ਅਟਵਾਲ ਲਾਇਬ੍ਰੇਰੀ ਸਿਰੀਏਵਾਲਾ ਵਿਖੇ ਅਸੈਸਮੈਂਟ ਕੈਂਪ ਭਲਕੇ



ਭਗਤਾ ਭਾਈ ਕਾ, ਜੂਨ (ਸਵਰਨ ਸਿੰਘ ਭਗਤਾ): ਪੰਜਾਬ ਸਰਕਾਰ ਅਤੇ ਸੰਬੰਧਤ ਵੱਖ-ਵੱਖ ਵਿਭਾਗਾਂ ਵੱਲੋਂ ਅੰਗਹੀਣ ਵਿਅਕਤੀਆਂ ਦੇ ਲਈ ਬਹੁਤ ਸਾਰੀਆਂ ਸਕੀਮਾਂ ਅਤੇ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਂਦਾ ਹੈ,ਪਰ ਜਾਗਰੂਕਤਾ ਦੀ ਕਮੀ ਅਤੇ ਜ਼ਿਲ੍ਹੇ ਦੇ ਦਫ਼ਤਰ ਨਾ ਪਹੁੰਚ ਸਕਣ ਕਾਰਨ ਬਹੁਤ ਸਾਰੇ ਲੋੜਵੰਦ ਇਸ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ, ਜਿਸ ਦੇ ਲਈ ਗ੍ਰਾਮ ਪੰਚਾਇਤ ਸਿਰੀਏਵਾਲਾ ਵੱਲੋਂ ਅੰਗਹੀਣ ਅਸੈਸਮੈਂਟ ਕੈਂਪ ਲਗਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਸ਼੍ਰੀਮਤੀ ਹਰਜਿੰਦਰ ਕੌਰ ਧਰਮ ਪਤਨੀ ਯਾਦਵਿੰਦਰ ਸਿੰਘ ਪੱਪੂ ਉੱਘੇ ਸਮਾਜ ਸੇਵੀ ਉਹਨਾਂ ਨੇ ਦੱਸਿਆ ਕਿ ਦੂਰ ਦੁਰਾਡੇ ਪਿੰਡਾਂ ਨੂੰ ਜਿਲ੍ਹੇ ਦਫਤਰ ਬਠਿੰਡੇ ਆਉਣ ਜਾਣ ਦੀ ਸਮੱਸਿਆ ਕਾਰਨ ਬਹੁਤ ਲੋੜਵੰਦ ਅੰਗਹੀਣ ਵਿਅਕਤੀ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਸਨ, ਇਸ ਲਈ ਸਬੰਧਤ ਵਿਭਾਗ ਅਤੇ ਸਮਾਜ ਸੇਵੀ ਸੰਸਥਾ ਭਗਤਾ ਦਿਵਿਆਂਗ ਗਰੁੱਪ ਪ੍ਰਧਾਨ ਗੋਰਾ ਸਿੰਘ ਆਕਲੀਆ, ਮੀਤ ਪ੍ਰਧਾਨ ਗੁਰਜੰਟ ਸਿੰਘ ਭਗਤਾ ਜੀ ਦੇ ਸਹਿਯੋਗ ਨਾਲ ਸ਼ਹੀਦ ਸੁਖਦੇਵ ਸਿੰਘ ਅਟਵਾਲ ਲਾਇਬ੍ਰੇਰੀ ਪਿੰਡ ਸਿਰੀਏਵਾਲਾ ਵਿਖੇ ਮਿਤੀ 1 ਜੁਲਾਈ ਦਿਨ ਮੰਗਲਵਾਰ ਨੂੰ ਅਸੈਸਮੈਂਟ ਕੈਂਪ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਕੈਂਪ ਦੇ ਵਿੱਚ ਲੋੜਵੰਦ ਵਿਅਕਤੀਆਂ ਤੋਂ ਅਰਜ਼ੀਆਂ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਲੋੜੀਂਦਾ ਸਮਾਨ ਜਿਵੇਂ ਕੰਨਾਂ ਵਾਲੀ ਮਸ਼ੀਨ, ਫੋੜੀਆ, ਵੀਲ੍ਹ ਚੇਅਰ, ਬੈਟਰੀ ਵਾਲਾ ਸਾਈਕਲ ਆਦਿ ਜੋ ਵਿਅਕਤੀਆਂ ਦੀ ਸਮਰੱਥਾ ਅਨੁਸਾਰ ਉਹਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ । ਇਸ ਲਈ ਅੰਗਹੀਣ ਵਿਅਕਤੀ ਦਾ ਅਧਾਰ ਕਾਰਡ, ਅੰਗਹੀਣ ਸ਼ਨਾਖਤੀ ਕਾਰਡ ਅਤੇ ਦੋ ਫੋਟੋ ਲੋੜੀਂਦੀਆਂ ਹਨ ਅਤੇ 60 ਸਾਲ ਤੋਂ ਉੱਪਰ ਵਿਅਕਤੀਆਂ ਨੂੰ ਵੀ ਖੂੰਡੀਆ ,ਵੀਲ ਚੇਅਰ ਆਦਿ ਸਮਾਨ ਮੁਹੱਈਆ ਕਰਵਾਇਆ ਜਾਵੇਗਾ । ਇਸ ਮੌਕੇ ਸਰਪੰਚ ਹਰਜਿੰਦਰ ਕੌਰ ਅਤੇ ਸਮਾਜ ਸੇਵੀ ਪ੍ਰਵੀਨ ਸਿੰਘ ਸਿਰੀਏਵਾਲਾ ਵੱਲੋਂ ਬਾਕੀ ਪਿੰਡਾਂ ਦੇ ਲੋਕਾਂ, ਸਰਪੰਚ ,ਪੰਚ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦਾ ਸੁਨੇਹਾ ਦਿੱਤਾ ਤਾਂ ਜੋ ਲੋੜਵੰਦ ਪਰਿਵਾਰ ਜੋ ਕਿ ਦੂਰ ਸ਼ਹਿਰ ਨਹੀਂ ਜਾ ਸਕਦੇ ਤਾਂ ਇੱਥੇ ਸਿਰੀਏਵਾਲਾ ਵਿਖੇ ਪਹੁੰਚ ਕੇ ਇਸ ਕੈਂਪ ਦਾ ਲਾਹਾ ਲੈ ਸਕਦੇ ਹਨ।

# ਤਪਾ ਪੁਲਿਸ ਨੇ ਮੋਟਰਾਂ ਤੋਂ ਬਿਜਲੀ ਦੀਆਂ ਕੇਬਲਾਂ ਚੋਰੀ ਕਰਦੇ ਗਿਰੋਹ ਨੂੰ ਕੀਤਾ ਕਾਬੂ, ਮਾਮਲਾ ਦਰਜ

## ਬਿਜਲੀ ਦੀਆਂ ਤਾਰਾਂ ਅਤੇ 17 ਕਿਲੋ ਤਾਂਬੇ ਸਮੇਤ ਮਾਰੂ ਹਥਿਆਰ ਬਰਾਮਦ



ਤਪਾ ਮੰਡੀ, 29 ਜੂਨ (ਭੂਸ਼ਨ ਘੜੈਲਾ)- ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਤਪਾ ਦੇ ਡੀਐਸਪੀ ਗੁਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਥਾਣਾ ਤਪਾ ਦੇ ਪੁਲਿਸ ਮੁਖੀ ਸ਼ਰੀਫ ਖਾਨ ਦੀ ਪੁਲਿਸ ਟੀਮ ਨੇ ਇੱਕ ਮੁਖਬਰ ਖਾਸ ਦੀ ਸੂਚਨਾ ਤੇ ਆਧਾਰ ਤੇ ਤਾਜੋ ਕੋ ਰੋਡ ਦਾਣਾ ਮੰਡੀ ਵਿੱਚ ਅੱਧਾ ਦਰਜਨ ਦੇ ਕਰੀਬ ਚੋਰਾਂ ਦੇ ਗਿਰੋਹ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਡੀਐਸਪੀ ਗੁਰਵਿੰਦਰ ਸਿੰਘ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਤਪਾ ਦੀ ਬਾਜ਼ੀਗਰ ਬਸਤੀ ਦੇ ਛੇ ਨੌਜਵਾਨ ਜੋ ਖੇਤੀ ਮੋਟਰਾਂ ਦੀਆਂ ਬਿਜਲੀ ਦੀਆਂ ਤਾਰਾਂ ਚੋਰੀ ਕਰਦੇ ਸਨ। ਜਿਨਾਂ ਨੂੰ ਤਾਰਾਂ ਅਤੇ ਤਾਂਬੇ ਸਮੇਤ ਕਾਬੂ ਕੀਤਾ ਹੈ। ਇਸ ਗਿਰੋਹ ਦੇ ਮੈਂਬਰਾਂ ਵਿੱਚ ਗੁਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਅਤੇ ਵਿੱਕੀ ਸਿੰਘ ਉਕਤਾਨ ਪਾਸੋਂ ਜਲੀ ਹੋਈ ਕੇਬਲ ਤਾਰ ਤਾਂਬਾ ਬ੍ਰਾਮਦ ਹੋਇਆ ਅਤੇ ਵਕੀਲ ਰਾਮ ਉਰਫ ਕੀਲਾ ਪੁੱਤਰ ਰਾਮ ਲਾਲ ਪਾਸੋਂ ਖੁੱਲ੍ਹਾ ਮੋਟਰ ਵਾਲਾ ਸਟਾਟਰ ਸਮੇਤ ਤਾਰ ਤਾਂਬਾ ਬ੍ਰਾਮਦ ਹੋਇਆ ਇਸ ਦੇ ਨਾਲ ਹੀ ਨੈਬ ਸਿੰਘ ਉਕਤ ਪਾਸੋਂ ਤਾਰ ਤਾਂਬਾ ਬ੍ਰਾਮਦ ਹੋਇਆ। ਇਨਾ ਪਾਸ ਮਾਰੂ ਹਥਿਆਰ ਵੀ ਬਰਾਮਦ ਹੋਏ ਹਨ। ਜਿਨਾ ਚ ਨੈਬ ਸਿੰਘ ਉਰਫ ਟਿੰਕੂ ਪੁੱਤਰ ਮਹਾਵੀਰ ਸਿੰਘ ਪਾਸੋਂ ਗੰਡਾਸਾ ਬ੍ਰਾਮਦ ਹੋਇਆ 2.ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਬੇਅੰਤ ਸਿੰਘਪਾਸੋਂ ਦਾਤੀ ਲਹਾ ਬ੍ਰਾਮਦ ਹੋਈ। 3.ਵਿੱਕੀ ਸਿੰਘ ਉਰਫ ਵਿੱਕਾ ਪੁੱਤਰ ਸੱਤਪਾਲ ਸਿੰਘ ਪਾਸੋਂ ਡਾਂਗ ਬ੍ਰਾਮਦ ਹੋਈ। ਡੀਐਸਪੀ ਨੇ ਅੱਗੇ ਦੱਸਿਆ ਕਿ ਇਸ ਵਿੱਚ ਦੋ ਵਿਅਕਤੀਆਂ ਦੇ ਖਿਲਾਫ ਪਹਿਲਾਂ ਵੀ ਮਾਮਲੇ ਦਰਜ ਹਨ। ਇਹ ਗਰੋ ਜੋ ਰਾਤ ਦੇ ਸਮੇਂ ਬਿਜਲੀ ਦੀਆਂ ਮੋਟਰਾਂ ਤੋਂ ਕੇਬਲਾਂ ਚੋਰੀ ਕਰਕੇ ਉਹਨਾਂ ਨੂੰ ਮਚਾਉਣ ਮਗਰੋਂ ਤਾਂਬਾ ਇਕੱਠਾ ਕਰਦਾ ਸੀ। ਜਾਂਚ ਅਧਿਕਾਰੀ ਅਮਰਜੀਤ ਸਿੰਘ ਏਐਸਆਈ ਨੇ ਇਸ ਚੋਰ ਗਿਰੋਹ ਖਿਲਾਫ ਬਣਦੀ ਧਾਰਾ ਅਨੁਸਾਰ ਮਾਮਲਾ ਦਰਜ ਕੀਤਾ ਗਿਆ ਹੈ। ਉਹਨਾਂ ਇਹ ਵੀ ਖੁਲਾਸਾ ਕੀਤਾ ਕਿ ਇਸ ਗਿਰੋਹ ਦਾ ਸਬੰਧ ਰੂੜੇਕੇ ਦੇ ਕਿਸੇ ਗਰੋਹ ਨਾਲ ਸੰਬੰਧਿਤ ਹੈ ਜਿਸ ਦੀ ਢੁੱਕਵੀਂ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਅਤੇ ਕਿਸ ਨੂੰ ਤਾਂਬਾ ਵੇਚਦੇ ਸਨ ਉਹਨਾਂ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ। ਡੀਐਸਪੀ ਨੇ ਇਹ ਵੀ ਦੱਸਿਆ ਕਿ ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ ਜਿੰਨਾ ਤੋਂ ਅਗਲੀ ਪੁੱਛਗਿੱਛ ਕੀਤੀ ਜਾਵੇਗੀ। ਇਸ ਦੌਰਾਨ ਥਾਣਾ ਤਪਾ ਦੇ ਮੁਖੀ ਸ਼ਰੀਫ ਖਾਨ ਸਿਟੀ ਇੰਚਾਰਜ ਬਲਜੀਤ ਸਿੰਘ ਆਦਿ ਪੁਲਿਸ ਮੁਲਾਜ਼ਮ ਹਾਜ਼ਰ ਸਨ।

## ਖ਼ਾਲਸਾ ਕਾਲਜ ਦੇ ਕੰਪਿਊਟਰ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ



ਭਗਤਾ ਭਾਈ ਕਾ, 29 ਜੂਨ (ਸਵਰਨ ਸਿੰਘ ਭਗਤਾ): ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈ ਕਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਕਾਰਜ ਕਰ ਰਹੀ ਹੈ। ਇਹ ਸੰਸਥਾ ਜਿੱਥੇ ਵਿਦਿਆਰਥੀਆਂ ਲਈ ਖੇਡਾਂ ਸੱਭਿਆਚਾਰਕ ਗਤੀਵਿਧੀਆਂ ਅਤੇ ਧਾਰਮਿਕ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ, ਉੱਥੇ ਹੀ ਵਿਦਿਆ ਦੇ ਖੇਤਰ ਵਿੱਚ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਕਾਲਜ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਅਧੀਨ ਬੀ.ਸੀ.ਏ. ਕੋਰਸ ਚਲਾਇਆ ਜਾ ਰਿਹਾ ਹੈ। ਬੀਤੇ ਕੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ.ਸੀ.ਏ. ਦੇ ਨਤੀਜਿਆਂ ਵਿੱਚ ਸੰਸਥਾ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਸੰਦੀਪ ਕੌਰ ਨੇ 70 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ, ਸੁਮਨਦੀਪ ਕੌਰ ਨੇ 69 ਫੀਸਦੀ ਅੰਕਾਂ ਨਾਲ ਦੂਸਰਾ ਸਥਾਨ ਅਤੇ ਸੁਖਪ੍ਰੀਤ ਕੌਰ ਨੇ 68 ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਵਿਭਾਗ ਦੇ ਮੁਖੀ ਡਾ.ਅਮਨਦੀਪ ਕੌਰ ਨੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਹਨਾਂ ਨੇ ਕਿਹਾ ਕਿ ਮਿਹਨਤੀ ਸਟਾਫ਼ ਦੀ ਲਗਨ ਸਦਕਾ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰੋਫੈਸਰ ਰੁਪਿੰਦਰ ਕੌਰ, ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਗਿਆਨਜੀਤ ਕੌਰ ਅਤੇ ਪ੍ਰੋਫੈਸਰ ਮਨਜੀਤ ਕੌਰ ਹਾਜ਼ਰ ਸਨ।

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਰੋਜ਼ਾਨਾ ਖਾਲੀ ਪੇਟ ਵ੍ਹਾਈਟ ਬ੍ਰੈੱਡ ਖਾਣ ਨਾਲ ਹੁੰਦੈ ਨੁਕਸਾਨ

ਭੱਜ-ਦੌੜ ਭਰੀ ਜ਼ਿੰਦਗੀ ਵਿਚ ਹਰ ਕੋਈ ਸਮਾਂ ਬਚਾਉਣ ਲਈ ਆਪਣੇ ਦਿਨ ਦੀ ਸ਼ੁਰੂਆਤ ਆਸਾਨ



ਕੰਮ ਕਰਕੇ ਕਰਨਾ ਚਾਹੁੰਦਾ ਹੈ ਜਿਸ ਵਿਚ ਸ਼ੁਰੂਆਤ ਸਭ ਤੋਂ ਪਹਿਲਾਂ ਹੁੰਦੀ ਹੈ ਆਸਾਨ ਨਾਸ਼ਤੇ ਦੇ ਨਾਲ। ਅੱਜ ਜ਼ਿਆਦਾਤਰ ਪਰਿਵਾਰਾਂ ਵਿਚ ਸਵੇਰ ਦੇ ਨਾਸ਼ਤੇ ਵਿਚ ਲੋਕ ਬ੍ਰੈੱਡ ਨਾਲ ਬਣੇ ਟੋਸਟ ਜਾਂ ਸੈਂਡਵਿਚ ਖਾਣਾ ਪਸੰਦ ਕਰਦ ਹਨ। ਇਹ ਦੋਵੇਂ ਹੀ ਚੀਜ਼ਾਂ ਖਾਣ ਵਿਚ ਟੇਸਟੀ ਹੋਣ ਦੇ ਨਾਲ ਜਲਦੀ ਬਣ ਕੇ ਵੀ ਤਿਆਰ ਹੋ ਜਾਂਦੀਆਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਰੋਜ਼ ਸਵੇਰੇ ਖਾਲੀ ਪੇਟ ਬ੍ਰੈੱਡ ਦਾ ਸੇਵਨ ਤੁਹਾਨੂੰ ਬੀਮਾਰ ਬਣਾ ਸਕਦੇ ਹੈ। ਇਸ ਨਾਲ ਕਈ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

**ਡਾਇਬਟੀਜ਼ ;** ਸਵੇਰੇ ਖਾਲੀ ਪੇਟ ਬ੍ਰੈੱਡ ਦਾ ਸੇਵਨ ਡਾਇਬਟੀਜ਼ ਦੇ ਖ਼ਤਰੇ ਨੂੰ ਵਧਾ ਸਕਦਾ ਹੈ। ਦਰਅਸਲ ਸਫ਼ੈਦ ਬ੍ਰੈੱਡ ਤੇਜ਼ੀ ਨਾਲ ਪਚ ਕੇ ਗੁਲੂਕੋਜ਼ ਵਿਚ ਬਦਲ ਜਾਂਦਾ ਹੈ। ਜੋ ਬਲੱਡ ਸ਼ੂਗਰ ਦਾ ਲੈਵਲ ਵਧਾ ਦਿੰਦਾ ਹੈ। ਇਸ ਤੋਂ ਇਲਾਵਾ ਵ੍ਹਾਈਟ ਬ੍ਰੈੱਡ ਵਿਚ ਕਾਰਬੋਹਾਈਡ੍ਰੇਟਸ ਦੀ ਮਾਤਰਾ ਵੀ ਵਧ ਹੁੰਦੀ ਹੈ ਜੋ ਸ਼ੂਗਰ ਲੈਵਲ ਨੂੰ ਵਧਾ ਸਕਦੀ ਹੈ। ਅਜਿਹੇ ਵਿਚ ਸ਼ੂਗਰ ਰੋਗੀਆਂ ਨੂੰ ਹਮੇਸ਼ਾ ਖਾਲੀ ਪੇਟ ਬ੍ਰੈੱਡ ਖਾਣ ਦੀ ਜਗ੍ਹਾ ਸਭ ਤੋਂ ਪਹਿਲਾਂ ਪ੍ਰੋਟੀਨ ਤੇ ਫਾਈਬਰ ਰਿਚ ਫੂਡਸ ਦਾ ਸੇਵਨ ਕਰਨਾ ਚਾਹੀਦਾ ਹੈ।

**ਮੋਟਾਪਾ ;** ਜੇਕਰ ਤੁਸੀਂ ਆਪਣੇ ਵਧਦੇ ਭਾਰ ਨੂੰ ਕੰਟਰੋਲ ਰੱਖਣਾ ਚਾਹੁੰਦੇ ਹੋ ਤਾਂ ਭੁੱਲਕੇ ਵੀ ਖਾਲੀ ਪੇਟ ਬ੍ਰੈੱਡ ਖਾਣ ਤੋਂ ਬਚੋ। ਬ੍ਰੈੱਡ 'ਚ ਮੌਜੂਦ ਹਾਈ ਕੈਲੋਰੀ ਤੇ ਕਾਰਬੋਹਾਈਡ੍ਰੇਟ ਤੁਹਾਡੇ ਭਾਰ ਨੂੰ ਵਧਾ ਸਕਦੇ ਹਨ। ਇਸ ਤੋਂ ਇਲਾਵਾ ਖਾਲੀ ਪੇਟ ਬ੍ਰੈੱਡ ਖਾਣ ਨਾਲ ਵਿਅਕਤੀ ਨੂੰ ਜਲਦੀ ਭੁੱਖ ਲੱਗ ਜਾਂਦੀ ਹੈ। ਜਲਦੀ ਪਚਣ ਵਾਲੀ ਬ੍ਰੈੱਡ ਕਈ ਵਾਰ ਓਵਰਈਟਿੰਗ ਦਾ ਕਾਰਨ ਬਣਨ ਨਾਲ ਮੋਟਾਪੇ ਦਾ ਕਾਰਨ ਵੀ ਬਣਨ ਲੱਗਦੀ ਹੈ।

**ਕਬਜ਼ ;** ਸਵੇਰੇ ਖਾਲੀ ਪੇਟ ਬ੍ਰੈੱਡ ਖਾਣ ਨਾਲ ਪਾਚਣ ਤੰਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ। ਅਜਿਹਾ ਇਸ ਲਈ ਕਿਉਂਕਿ ਬ੍ਰੈੱਡ ਮੈਦੇ ਨਾਲ ਬਣੀ ਹੁੰਦੀ ਹੈ। ਜੋ ਪੇਟ ਨੂੰ ਸੁਕਾ ਦਿੰਦੀ ਹੈ। ਜਿਸ ਨਾਲ ਮਲ ਜੰਮ ਕੇ ਕਠੋਰ ਹੋ ਜਾਂਦਾ ਹੈ ਤੇ ਵਿਅਕਤੀ ਦਾ ਪੇਟ ਚੰਗੀ ਤਰ੍ਹਾਂ ਸਾਫ਼ ਨਹੀਂ ਹੁੰਦਾ। ਇਹ ਸਮੱਸਿਆ ਕਬਜ਼ ਦਾ ਰੂਪ ਲੈ ਲੈਂਦੀ ਹੈ।

**ਡਿਪ੍ਰੈਸ਼ਨ ;** ਬ੍ਰੈੱਡ ਭਾਵੇਂ ਹੀ ਤੁਹਾਨੂੰ ਖਾਣ ਵਿਚ ਸੁਆਦ ਲੱਗਦੀ ਹੋਵੇ ਪਰ ਇਹ ਤੁਹਾਡੇ ਮੂਡ ਨੂੰ ਨੈਗੇਟਿਵ ਬਣਾ ਸਕਦੀ ਹੈ। ਇਕ ਸੋਧ ਵਿਚ ਪਾਇਆ ਗਿਆ ਕਿ ਰਿਫਾਈਂਡ ਕਾਰਬੋਹਾਈਡ੍ਰੇਟ ਯਾਨੀ ਬ੍ਰੈੱਡ ਦੀ ਖਪਤ ਅਤੇ ਡਿਪਰੈਸ਼ਨ ਵਿਚਕਾਰ ਇੱਕ ਸਬੰਧ ਪਾਇਆ ਗਿਆ ਹੈ। ਡਾਕਟਰਾਂ ਦੇ ਅਨੁਸਾਰ, ਹਾਰਮੋਨਲ ਬਦਲਾਅ ਜੋ ਕਿਸੇ ਵਿਅਕਤੀ ਦੇ ਸ਼ੂਗਰ ਲੈਵਲ ਵਿੱਚ ਬਦਲਾਅ ਲਿਆਉਂਦੇ ਹਨ, ਤੁਹਾਡੇ ਮੂਡ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਜੇ ਲੋਕ ਰੋਜ਼ਾਨਾ ਰੋਟੀ ਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਥਕਾਵਟ ਅਤੇ ਡਿਪਰੈਸ਼ਨ ਦੇ ਲੱਛਣ ਮਹਿਸੂਸ ਹੋ ਸਕਦੇ ਹਨ।

# ਦਿਲਜੀਤ ਦੋਸਾਂਝ ਦੇ ਹੱਕ 'ਚ ਖੜ੍ਹੇ ਹੋਏ ਸਾਂਸਦ ਵਿਕਰਮਜੀਤ ਸਿੰਘ ਸਾਹਨੀ

### 'ਉਹ ਇੱਕ ਮਾਨਮੱਤਾ ਭਾਰਤੀ ਤੇ ਪੰਜਾਬੀ ਹੈ'



ਨਵੀਂ ਦਿੱਲੀ, 29 ਜੂਨ (ਚ.ਨ.ਸ.): ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਮਸ਼ਹੂਰ ਕਲਾਕਾਰ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ ਤੇ ਸਵਾਲ ਉਠਾਉਣ ਵਾਲੀ ਆਲੋਚਨਾ ਦਾ ਵਿਰੋਧ ਕਰਦਿਆਂ ਇਸ ਨੂੰ ਦੋਸਾਂਝ ਵਰਗੇ ਮਹਾਨ ਕਲਾਕਾਰ ਨਾਲ ਬੇਇਨਸਾਫੀ ਕਰਾਰ ਦਿੱਤਾ ਹੈ। ਫਿਲਮ 'ਸਰਦਾਰ ਜੀ 3' ਦੇ ਹਵਾਲੇ ਨਾਲ ਪੈਦਾ ਹੋਏ ਵਿਵਾਦ ਦਾ ਹਵਾਲਾ ਦਿੰਦਿਆਂ ਡਾ. ਸਾਹਨੀ ਨੇ ਕਿਹਾ ਕਿ ਇਸ ਫਿਲਮ ਅਤੇ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ ਤੇ ਹਮਲਾ ਕਰਨਾ ਬੇਇਨਸਾਫ਼ੀ ਜਾਪਦਾ ਹੈ, ਖਾਸ ਕਰ ਕੇ ਜਦੋਂ ਉਨ੍ਹਾਂ ਨੇ ਸਬੂਤਾਂ ਸਹਿਤ ਸਪੱਸ਼ਟ ਕੀਤਾ ਹੈ ਕਿ ਇਹ ਫਿਲਮ ਦੁਖਦਾਈ ਪਹਿਲਗਾਮ ਘਟਨਾ ਤੋਂ ਬਹੁਤ ਪਹਿਲਾਂ, ਫਰਵਰੀ ਵਿੱਚ ਸ਼ੂਟ ਕੀਤੀ ਗਈ ਸੀ, ਜਿਸ ਦੌਰਾਨ ਇੱਕ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਵੀ ਹੋਇਆ ਸੀ। ਉਹਨਾ ਅਪੀਲ ਕੀਤੀ ਕਿ ਸਾਨੂੰ ਕਿਸੇ ਬਾਰੇ ਨਿਰਣਾ ਕਰਦੇ ਸਮੇਂ ਸਮਾਂ-ਸੀਮਾ ਜਾਂ ਤੱਥਾਂ ਨੂੰ ਉਲਝਾਉਣਾ ਨਹੀਂ ਚਾਹੀਦਾ।ਡਾ. ਸਾਹਨੀ ਨੇ ਦਿਲਜੀਤ ਦੋਸਾਂਝ ਦੀ ਜਨਤਕ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲਤਾ ਲਈ ਵੀ ਪ੍ਰਸ਼ੰਸਾ ਕਰਦਿਆਂ ਫਿਲਮ ਨੂੰ ਭਾਰਤ ਵਿੱਚ ਰਿਲੀਜ਼ ਨਾ ਕਰਨ ਦੇ ਉਨ੍ਹਾਂ ਦੇ ਫੈਸਲੇ ਦਾ ਜ਼ਿਕਰ ਕੀਤਾ।

ਉਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਕੇ ਅਤੇ ਭਾਰਤੀ ਸਿਨੇਮਾਘਰਾਂ ਵਿੱਚ ਫਿਲਮ ਰਿਲੀਜ਼ ਨਾ ਕਰਨ ਦਾ ਫੈਸਲਾ ਕਰ ਕੇ ਦੇਸ਼ ਪ੍ਰਤੀ ਸ਼ਾਨਦਾਰ ਭਾਵਨਾ ਦਾ ਪ੍ਰਗਟਾ ਕੀਤਾ ਹੈ।

ਭਾਰਤੀ ਸੱਭਿਆਚਾਰ ਦੇ ਵਿਸ਼ਵਵਿਆਪੀ ਰਾਜਦੂਤ ਵਜੋਂ ਦਿਲਜੀਤ ਦੀ ਅਨਮੋਲ ਭੂਮਿਕਾ ਦਾ ਹਵਾਲਾ ਦਿੰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਕਲਾਕਾਰ ਦੀ ਨਾਗਰਿਕਤਾ ਰੱਦ ਕਰਨ ਅਤੇ ਉਸ ਦੇ ਸੰਗੀਤ ਤੇ ਪਾਬੰਦੀ ਲਗਾਉਣ ਦੇ FWICE ਦੇ ਸੱਦੇ ਨੂੰ ਬਹੁਤ ਉਲਾਰ ਅਤੇ ਅਣਉਚਿਤ ਫੈਸਲਾ ਦੱਸਦਿਆਂ ਉਹਨਾ ਕਿਹਾ ਕਿ ਕੋਚੇਲਾ ਤੋਂ ਲੈ ਕੇ ਮੇਟ ਗਾਲਾ ਤੱਕ, ਦਿਲਜੀਤ ਨੇ ਭਾਰਤ ਨੂੰ ਮਾਣ ਦਿਵਾਇਆ ਹੈ। ਉਸ ਨੇ ਹਮੇਸ਼ਾ ਕਿਹਾ ਹੈ ਕਿ ਉਹ ਇੱਕ ਮਾਨਮੱਤਾ ਭਾਰਤੀ ਤੇ ਮਾਨਮੱਤਾ ਪੰਜਾਬੀ ਹੈ। ਸਾਨੂੰ ਆਪਣੇ ਸੱਭਿਆਚਾਰਕ ਨਾਇਕਾਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ ਅਤੇ ਗਲਤ ਜਾਣਕਾਰੀ ਤੇ ਤਰਕਹੀਣਤਾ ਤੇ ਉਨ੍ਹਾਂ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ।

# ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ



ਪਟਿਆਲਾ, 29 ਜੂਨ (ਚ.ਨ.ਸ.): ਨੌਵੀਂ ਪਾਤਸ਼ਾਹੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ 29 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ ਫੇਜ-2 ਪਟਿਆਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਭਾਈ ਹਰਜਿੰਦਰ ਸਿੰਘ ਜੀ ਪਟਿਆਲਾ ਵਾਲਿਆਂ ਨੇ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਇਸ ਮੌਕੇ ਸੰਗਤਾਂ ਨੇ ਹੁੰਮਹੁੰਮਾ ਕੇ ਕੀਰਤਨ ਦਰਬਾਰ ਵਿਚ ਹਾਜ਼ਰੀ ਭਰੀ ਤੇ ਆਪਣਾ ਜਨਮ ਸਫਲਾ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਗੁ. ਕਮੇਟੀ ਦੇ ਪ੍ਰਧਾਨ ਭਾਈ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਚੌਧਰੀ ਪ੍ਰਭਜੀਤ ਸਿੰਘ ਅਤੇ ਹੋਰ ਗੁ. ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।

## ਰਾਸ਼ਟਰਪਤੀ ਅੱਜ ਤੋਂ ਇੱਕ ਜੁਲਾਈ ਤੱਕ ਉੱਤਰ ਪ੍ਰਦੇਸ਼ ਦੇ ਦੌਰੇ 'ਤੇ

ਨਵੀਂ ਦਿੱਲੀ, 29 ਜੂਨ (ਚ.ਨ.ਸ.): ਭਾਰਤ ਦੇ ਰਾਸ਼ਟਰਪਤੀ, ਦ੍ਰੋਪਦੀ ਮੁਰਮੂ 30 ਜੂਨ ਤੋਂ 1 ਜੁਲਾਈ ਤੱਕ ਉੱਤਰ ਪ੍ਰਦੇਸ਼ (ਬਰੇਲੀ ਤੇ ਗੋਰਖਪੁਰ) ਦਾ ਦੌਰਾ ਕਰਨਗੇ।30 ਜੂਨ ਨੂੰ, ਰਾਸ਼ਟਰਪਤੀ ਬਰੇਲੀ ਵਿਖੇ ਭਾਰਤੀ ਵੈਟਰਨਰੀ ਖੋਜ ਸੰਸਥਾਨ ਦੇ 11 ਕਨਵੋਕੇਸ਼ਨ ਸਮਾਰੋਹ ਵਿੱਚ ਸ਼ਾਮਲ ਹੋਣਗੇ। ਉਸੇ ਦਿਨ, ਉਹ ਏਮਜ਼ ਗੋਰਖਪੁਰ ਦੇ ਪਹਿਲੇ ਕਨਵੋਕੇਸ਼ਨ ਸਮਾਰੋਹ 'ਚ ਸ਼ਾਮਲ ਹੋਣਗੇ।1 ਜੁਲਾਈ ਨੂੰ ਰਾਸ਼ਟਰਪਤੀ ਗੋਰਖਪੁਰ ਵਿਖੇ ਮਹਾਯੋਗੀ ਗੁਰੂ ਗੋਰਖਨਾਥ ਆਯੁਸ਼ ਯੂਨੀਵਰਸਿਟੀ ਦਾ ਉਦਘਾਟਨ ਕਰਨਗੇ। ਰਾਸ਼ਟਰਪਤੀ ਗੋਰਖਪੁਰ ਵਿਖੇ ਮਹਾਯੋਗੀ ਗੋਰਖਨਾਥ ਯੂਨੀਵਰਸਿਟੀ ਦਾ ਵੀ ਦੌਰਾ ਕਰਨਗੇ, ਜਿੱਥੇ ਉਹ ਇਸਦੇ ਆਡੀਟੋਰੀਅਮ, ਅਕਾਦਮਿਕ ਬਲਾਕ ਤੇ ਪੰਚਕਰਮਾ ਕੇਂਦਰ ਦਾ ਉਦਘਾਟਨ ਕਰਨਗੇ।

# ਨੌਵੇਂ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਤੋਂ ਸਜਾਇਆ ਨਗਰ ਕੀਰਤਨ

### 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ, ਸਰਦਾਰਨੀ ਜਸਵਿੰਦਰ ਕੌਰ ਦਰਦੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ





ਬਹਾਦਰਗੜ੍ਹ/ਪਟਿਆਲਾ, 29 ਜੂਨ (ਅਮਰਜੀਤ ਸਿੰਘ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਮੌਕੇ ਗੁਰੂ ਸਾਹਿਬ ਦੀ ਚਰਨਛੋਹ ਧਰਤੀ ਤੇ ਪਾਵਨ ਇਤਿਹਾਸਕ ਅਸਥਾਨ ਪਾਤਸ਼ਾਹ ਨੌਂਵੀਂ ਬਹਾਦਰਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ। ਇਸ ਮੌਕੇ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਨੂੰ ਅਦਬ ਤੇ ਸਤਿਕਾਰ ਨਾਲ ਫੁੱਲਾਂ ਨਾਲ ਸਜੀ ਪਾਲਕੀ 'ਚ ਸੁਸ਼ੋਭਿਤ ਕੀਤਾ। ਇਸ ਦੌਰਾਨ ਹੋਰਨਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚ ਜਥੇ. ਜਸਮੇਰ ਸਿੰਘ ਲਾਛੜੂ, ਜਥੇ. ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਨਗਰ ਕੀਰਤਨ ਦੌਰਾਨ ਫੁੱਲਾਂ ਨਾਲ ਸਜੀ ਪਾਲਕੀ ਜਿੱਥੇ ਖਿੱਚ ਦਾ ਕੇਂਦਰ ਬਣੀ ਹੋਈ ਸੀ, ਉੱਥੇ ਹੀ ਗਤਕਾ ਪਾਰਟੀਆਂ ਨੇ ਵੀ ਗਤਕੇ ਦੇ ਜੌਹਰ ਵਿਖਾਏ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਨਗਰ ਕੀਰਤਨ 'ਚ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਜਸਵਿੰਦਰ ਕੌਰ ਦਰਦੀ ਨੇ ਹਾਜ਼ਰੀ ਭਰੀ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਤੇ ਡੀ.ਐਸ.ਪੀ. ਹਰਦੀਪ ਸਿੰਘ ਬਡੂੰਗਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ

ਵਾਹਿਗੁਰੂ ਦੇ ਨਾਮ ਸਿਮਰਨ ਕਰਦਿਆਂ ਪਾਲਕੀ ਦੇ ਨਾਲ ਨਾਲ ਚੱਲਦਿਆਂ ਮਾਹੌਲ ਨੂੰ ਹੋਰ ਵੀ ਸੁਖਾਵਾਂ ਬਣਾ ਰਹੀਆਂ ਸਨ।

ਨਗਰ ਕੀਰਤਨ ਦੀ ਆਰੰਭਤਾ ਮੌਕੇ ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਪੱਖ ਤੋਂ ਵੱਡੀ ਮਹੱਤਤਾ ਰੱਖਦਾ ਕਿਉਂਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਆਪਣੇ ਪਾਵਨ ਚਰਨ ਇਸ ਧਰਤੀ 'ਤੇ ਪਾ ਕੇ ਸੰਗਤਾਂ ਦਾ ਕਲਿਆਣ ਕੀਤਾ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਡੇ ਪੱਧਰ 'ਤੇ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਮੋਤੀ ਬਾਗ਼ ਸਾਹਿਬ ਵਿਖੇ ਮਨਾਉਣ ਜਾ ਰਹੀ ਤਾਂ ਕਿ ਸਮੁੱਚੀ ਦੁਨੀਆ ਤੱਕ ਗੁਰੂ ਸਾਹਿਬ ਦਾ ਫ਼ਲਸਫ਼ੇ ਪਹੁੰਚਾਇਆ ਜਾ ਸਕੇ। ਜਥੇਦਾਰ ਗੜ੍ਹੀ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣਾ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਚਲਾਈ ਧਰਮ ਦੀ ਪ੍ਰਚਾਰ ਪਸਾਰ ਲਹਿਰ ਦਾ ਹਿੱਸਾ ਬਣਨ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਜਸਮੇਰ ਸਿੰਘ ਲਾਛੜ, ਜਥੇ. ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ ਨੇ ਵੀ ਸੰਗਤਾਂ ਨੂੰ ਗੁਰੂ ਸਾਹਿਬ ਦੇ ਆਗਮਨ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ, ਮੈਨੇਜਰ ਮਨਜੀਤ ਸਿੰਘ ਕੌਲੀ, ਮੈਨੇਜਰ ਭਾਗ ਸਿੰਘ ਚੌਹਾਨ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਸ. ਜਗਜੀਤ ਸਿੰਘ ਕੋਹਲੀ, ਹੈਡ ਗ੍ਰੰਥੀ ਭਾਈ ਹਰਵਿੰਦਰ ਸਿੰਘ, ਤਰਲੋਕ ਸਿੰਘ ਤੌਰਾ, ਬਲਵਿੰਦਰ ਸਿੰਘ ਦੌਣਕਲਾਂ, ਭੁਪਿੰਦਰ ਸਿੰਘ ਸ਼ੇਖੂਪੁਰ, ਕੁਲਦੀਪ ਸਿੰਘ ਹਰਪਾਲਪੁਰ, ਸੁਖਜੀਤ ਸਿੰਘ ਬਘੌਰਾ, ਸਾਬਕਾ ਹੈੱਡ ਗ੍ਰੰਥੀ ਭਾਈ ਸੁਖਦੇਵ ਸਿੰਘ, ਗੁਰਦੀਪ ਸਿੰਘ ਸ਼ੇਖੂਪੁਰ, ਪਲਵਿੰਦਰ ਸਿੰਘ ਰਿੰਕੂ, ਬਾਬਾ ਸੋਹਣ ਸਿੰਘ ਕਾਰ ਸੇਵਾ ਵਾਲੇ, ਪ੍ਰਚਾਰਕ ਜਸਵੀਰ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

# ਐਲੋਨ ਮਸਕ ਨੇ ਟਰੰਪ 'ਤੇ ਮੁੜ ਵਿੰਨ੍ਹਿਆ ਨਿਸ਼ਾਨਾ, ਖ਼ਤਮ ਹੋ ਜਾਣਗੀਆਂ ਨੌਕਰੀਆਂ

ਵਾਸ਼ਿੰਗਟਨ, 29 ਜੂਨ (ਚ.ਨ.ਸ.): ਉਦਯੋਗਪਤੀ ਐਲੋਨ ਮਸਕ ਨੇ ਇੱਕ ਵਾਰ ਫਿਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਆਪਕ ਟੈਕਸ ਅਤੇ ਖਰਚ ਕਟੌਤੀ ਬਿੱਲ 'ਤੇ ਨਾਰਾਜ਼ਗੀ ਜਤਾਈ ਹੈ। ਮਸਕ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਜਿਸ ਬਿੱਲ ਨੂੰ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਪਾਸ ਕਰਨ ਲਈ ਸੰਘਰਸ਼ ਕਰ ਰਹੇ ਹਨ, ਉਹ ਨੌਕਰੀਆਂ ਨੂੰ ਖਤਮ ਕਰ ਦੇਵੇਗਾ ਅਤੇ ਉੱਭਰ ਰਹੇ ਉਦਯੋਗਾਂ ਨੂੰ ਠੱਪ ਪੈ ਜਾਣਗੇ। ਮਸਕ ਨੇ ਐਕਸ ਤੇ ਲਿਖਿਆ, ਸੈਨੇਟ ਦਾ ਨਵੀਨਤਮ ਡਰਾਫਟ ਬਿੱਲ ਅਮਰੀਕਾ ਵਿੱਚ ਲੱਖਾਂ ਨੌਕਰੀਆਂ ਨੂੰ ਖਤਮ ਕਰ ਦੇਵੇਗਾ ਤੇ ਸਾਡੇ ਦੇਸ਼ ਨੂੰ ਭਾਰੀ ਰਣਨੀਤਕ ਨੁਕਸਾਨ ਪਹੁੰਚਾਏਗਾ। ਮਸਕ ਨੇ ਇਹ ਗੱਲ ਅਜਿਹੇ ਸਮੇਂ ਕਹੀ ਹੈ ਜਦੋਂ ਸੈਨੇਟ ਲਗਭਗ 1,000 ਪੰਨਿਆਂ ਦੇ ਬਿੱਲ ਤੇ ਖੁੱਲ੍ਹੀ ਬਹਿਸ ਲਈ ਵੋਟ ਪੈਣ ਵਾਲੀ ਹੈ। ਉਨ੍ਹਾਂ ਕਿਹਾ, ਇਸ ਨਾਲ ਪੁਰਾਣੇ ਉਦਯੋਗਾਂ ਨੂੰ ਫਾਇਦਾ ਹੋਵੇਗਾ, ਪਰ ਇਹ ਉੱਭਰ ਰਹੇ ਉਦਯੋਗਾਂ ਨੂੰ ਗੰਭੀਰ



ਨੁਕਸਾਨ ਪਹੁੰਚਾਉਂਦਾ ਹੈ। ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ ਨੇ ਬਾਅਦ ਵਿੱਚ ਇੱਕ ਪੋਸਟ ਵਿੱਚ ਲਿਖਿਆ ਕਿ ਇਹ ਬਿੱਲ ਰਿਪਬਲਿਕਨ ਪਾਰਟੀ ਲਈ ਰਾਜਨੀਤਿਕ ਖੁਦਕੁਸ਼ੀ ਹੋਵੇਗਾ। ਮਸਕ ਨੇ ਟਰੰਪ ਤੇ ਇੱਕ ਨਵਾਂ ਹਮਲਾ ਸ਼ੁਰੂ ਕੀਤਾ ਹੈ। ਹਾਲ ਹੀ ਵਿੱਚ ਮਸਕ ਨੇ ਟਰੰਪ ਪ੍ਰਸ਼ਾਸਨ ਦੇ ਸਰਕਾਰੀ ਕੁਸ਼ਲਤਾ ਵਿਭਾਗ ਨੂੰ ਛੱਡਣ ਵੇਲੇ ਉਨ੍ਹਾਂ ਤੇ ਗੰਭੀਰ ਦੋਸ਼ ਲਗਾਏ ਸਨ।

# ਡੋਨਾਲਡ ਟਰੰਪ ਨੇ ਗਾਜ਼ਾ 'ਚ ਜੰਗਬੰਦੀ ਗੱਲਬਾਤ ਸਬੰਧੀ ਪ੍ਰਗਤੀ ਦੀ ਮੰਗ ਕੀਤੀ

ਤੇਲ ਅਵੀਵ, 29 ਜੂਨ (ਚ.ਨ.ਸ.): ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨੇ ਗਾਜ਼ਾ ਵਿੱਚ ਜੰਗਬੰਦੀ ਗੱਲਬਾਤ ਵਿੱਚ ਪ੍ਰਗਤੀ ਦੀ ਮੰਗ ਕੀਤੀ ਹੈ ਕਿਉਂਕਿ ਇਜ਼ਰਾਈਲ ਅਤੇ ਹਮਾਸ ਇੱਕ ਸਮਝੌਤੇ ਤੇ ਸਹਿਮਤੀ ਤੇ ਪਹੁੰਚ ਗਏ ਹਨ। ਉਨ੍ਹਾਂ ਨੇ ਇੱਕ ਸਮਝੌਤੇ ਦੀ ਮੰਗ ਕੀਤੀ ਜੋ 20 ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਰੋਕ ਦੇਵੇਗਾ। ਇੱਕ ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਆਉਣ ਵਾਲੇ ਹਫ਼ਤਿਆਂ ਵਿੱਚ ਵਾਸ਼ਿੰਗਟਨ ਦੀ ਯਾਤਰਾ ਦੀ ਯੋਜਨਾ ਬਣਾ ਰਹੇ ਹਨ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇੱਕ ਨਵਾਂ ਸਮਝੌਤਾ ਕੰਮ ਵਿੱਚ ਹੋ ਸਕਦਾ ਹੈ। ਟਰੰਪ ਨੇ ਐਤਵਾਰ ਨੂੰ ਟਰੂਥ ਸੋਸ਼ਲ ਤੇ ਲਿਖਿਆ, ਗਾਜ਼ਾ ਵਿੱਚ ਇੱਕ ਸਮਝੌਤਾ ਕਰੋ। ਬੰਧਕਾਂ ਨੂੰ ਵਾਪਸ ਕਰੋ। ਅਮਰੀਕੀ ਰਾਸ਼ਟਰਪਤੀ ਨੇ ਇੱਕ ਸਮਝੌਤੇ ਦੀਆਂ ਉਮੀਦਾਂ ਜਗਾਈਆਂ ਸਨ, ਇਹ ਕਹਿੰਦੇ ਹੋਏ ਕਿ ਅਗਲੇ ਹਫ਼ਤੇ ਜੰਗਬੰਦੀ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, ਅਸੀਂ ਗਾਜ਼ਾ ਤੇ ਕੰਮ ਕਰ ਰਹੇ ਹਾਂ ਅਤੇ ਇਸ ਮਾਮਲੇ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਟਰੰਪ ਨੇ ਵਾਰ-ਵਾਰ ਇਜ਼ਰਾਈਲ ਅਤੇ ਹਮਾਸ ਨੂੰ ਗਾਜ਼ਾ ਵਿੱਚ ਜੰਗ ਖਤਮ ਕਰਨ ਲਈ ਕਿਹਾ ਹੈ।ਹਾਲ ਹੀ ਵਿਚ ਟਰੰਪ ਨੇ ਇਜ਼ਰਾਈਲ ਅਤੇ ਈਰਾਨ ਵਿਚਾਲੇ ਵੀ ਜੰਗਬੰਦੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਤੋਂ ਪਹਿਲਾਂ ਟਰੰਪ ਨੇ ਦਾਅਵਾ ਕਰਦੇ ਰਹੇ ਹਨ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਕਰਾਈ ਹੈ। ਜਦਕਿ ਭਾਰਤ ਨੇ ਵਾਰ-ਵਾਰ ਇਸ ਦਾਅਵੇ ਨੂੰ ਖਾਰਿਜ ਕੀਤਾ ਹੈ।

# ਟੀ-20 ਅੰਤਰਰਾਸ਼ਟਰੀ ਮੈਚ 'ਚ ਸੈਂਕੜਾ ਲਗਾਉਣਾ ਬਹੁਤ ਖਾਸ ਹੁੰਦੈ : ਸਮ੍ਰਿਤੀ ਮੰਧਾਨਾ

### 15 ਚੌਕਿਆਂ ਤੇ ਤਿੰਨ ਛੱਕਿਆਂ ਦੀ ਮਦਦ ਨਾਲ 62 ਗੇਂਦਾਂ 'ਚ 112 ਦੌੜਾਂ ਬਣਾਈਆਂ



ਨਾਟਿੰਘਮ, 29 ਜੂਨ (ਚ.ਨ.ਸ.): ਭਾਰਤ ਦੀ ਕਾਰਜਕਾਰੀ ਕਪਤਾਨ ਸਮ੍ਰਿਤੀ ਮੰਧਾਨਾ ਨੇ ਇੰਗਲੈਂਡ ਵਿਰੁੱਧ ਇੱਥੇ ਖੇਡੇ ਗਏ ਪਹਿਲੇ ਟੀ-20 ਅੰਤਰਰਾਸ਼ਟਰੀ ਕ੍ਰਿਕਟ ਮੈਚ ਵਿੱਚ ਆਪਣੀ ਟੀਮ ਨੂੰ 97 ਦੌੜਾਂ ਦੀ ਜਿੱਤ ਦਿਵਾਉਣ ਤੋਂ ਬਾਅਦ ਕਿਹਾ ਕਿ ਇਸ ਫਾਰਮੈਟ ਵਿੱਚ ਸੈਂਕੜਾ ਲਗਾਉਣਾ ਉਸ ਲਈ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਉਹ ਕੁਦਰਤੀ ਪਾਵਰ ਹਿੱਟਰ ਨਹੀਂ ਹੈ। ਮੰਧਾਨਾ ਨੇ ਆਪਣੇ 149ਵੇਂ ਮੈਚ ਵਿੱਚ ਆਪਣਾ ਪਹਿਲਾ ਟੀ-20 ਸੈਂਕੜਾ ਲਗਾਇਆ। ਉਸਨੇ 15 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਮਦਦ ਨਾਲ 62 ਗੇਂਦਾਂ ਵਿੱਚ 112 ਦੌੜਾਂ ਬਣਾਈਆਂ, ਜਿਸ ਨਾਲ ਭਾਰਤੀ ਟੀਮ 210 ਦੌੜਾਂ ਦਾ ਸਕੋਰ ਬਣਾਉਣ ਵਿੱਚ ਮਦਦ ਮਿਲੀ। ਜਵਾਬ ਵਿੱਚ, ਇੰਗਲੈਂਡ ਦੀ ਟੀਮ 14.5 ਓਵਰਾਂ ਵਿੱਚ 113 ਦੌੜਾਂ ਤੇ ਢੇਰ ਹੋ ਗਈ।ਮੰਧਾਨਾ ਨੇ ਕਿਹਾ, ਇਹ ਇੱਕ ਚੰਗਾ ਅਹਿਸਾਸ ਹੈ, ਕਿਉਂਕਿ ਇਹ ਇੱਕ ਅਜਿਹਾ ਫਾਰਮੈਟ ਹੈ ਜਿਸ ਵਿੱਚ ਇੱਕ ਬੱਲੇਬਾਜ਼ ਦੇ ਤੌਰ ਤੇ ਮੈਨੂੰ ਲਗਾਤਾਰ ਕੋਸ਼ਿਸ਼ ਕਰਦੇ ਰਹਿਣਾ ਪੈਂਦਾ ਹੈ ਅਤੇ ਸੁਧਾਰ ਕਰਨਾ ਪੈਂਦਾ ਹੈ। ਇਹ ਮੇਰੇ ਲਈ ਬਹੁਤ ਕੁਦਰਤੀ ਫਾਰਮੈਟ ਨਹੀਂ ਹੈ। ਮੈਂ ਪਾਵਰ ਹਿੱਟਰ ਨਹੀਂ ਹਾਂ ਅਤੇ ਮੈਨੂੰ ਆਪਣੇ ਸਮੇਂ ਤੇ ਭਰੋਸਾ ਕਰਕੇ ਸ਼ਾਟ ਮਾਰਨਾ ਪਸੰਦ ਹੈ ਪਰ ਮੈਂ ਆਪਣੀ ਪਾਵਰ ਹਿੱਟਿੰਗ ਤੇ ਵੀ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਇਸ ਸਲਾਮੀ ਬੱਲੇਬਾਜ਼ ਨੇ ਕਿਹਾ, ਇਸ ਫਾਰਮੈਟ ਵਿੱਚ ਸੈਂਕੜਾ ਲਗਾਉਣਾ ਸੱਚਮੁੱਚ ਖਾਸ ਹੈ। ਮੈਂ ਟੈਸਟ ਕ੍ਰਿਕਟ ਅਤੇ ਵਨਡੇ ਕ੍ਰਿਕਟ ਵਿੱਚ ਵੀ ਸੈਂਕੜੇ ਲਗਾਏ ਹਨ, ਪਰ ਇਹ ਦੋਵੇਂ ਫਾਰਮੈਟ ਮੇਰੀ ਬੱਲੇਬਾਜ਼ੀ ਸ਼ੈਲੀ ਦੇ ਅਨੁਕੂਲ ਹਨ। ਮੰਧਾਨਾ ਨੇ ਕਿਹਾ ਕਿ ਉਸਨੂੰ ਵਿਸ਼ਵਾਸ ਨਹੀਂ ਸੀ ਕਿ ਉਹ ਇੱਥੇ ਪਹਿਲੇ ਮੈਚ ਵਿੱਚ ਸੈਂਕੜਾ ਬਣਾ ਸਕੇਗੀ। ਉਸਨੇ ਕਿਹਾ, ਮੈਨੂੰ ਨਹੀਂ ਲੱਗਦਾ ਸੀ ਕਿ ਮੈਂ ਪਹਿਲੇ ਮੈਚ ਵਿੱਚ ਹੀ ਸੈਂਕੜਾ ਬਣਾ ਸਕਾਂਗੀ। ਮੈਂ ਪਹਿਲਾਂ ਕੁਝ ਮੌਕਿਆਂ ਤੇ ਇੱਥੇ ਪਹੁੰਚਣ ਤੋਂ ਖੁੰਝ ਗਈ ਸੀ ਅਤੇ ਮੈਂ ਬਹੁਤ ਖੁਸ਼ ਹਾਂ ਕਿ ਮੈਂ ਅੱਜ ਇਹ ਪ੍ਰਾਪਤ ਕਰਨ ਦੇ ਯੋਗ ਹੋ ਗਈ। ਪਿਛਲੇ 10 ਸਾਲਾਂ ਵਿੱਚ 70 ਅਤੇ 80 ਦੌੜਾਂ ਤੇ ਆਊਟ ਹੋਣਾ ਨਿਰਾਸ਼ਾਜਨਕ ਸੀ।

# ਸਮੁੰਦਰੀ ਜਹਾਜ਼ 'ਚੋਂ 13 ਕਰੋੜ ਡਾਲਰ ਦੀ ਕੋਕੀਨ ਜ਼ਬਤ



ਪਨਾਮਾ, 29 ਜੂਨ (ਚ.ਨ.ਸ.): ਬ੍ਰਿਟਿਸ਼ ਅਧਿਕਾਰੀਆਂ ਨੇ ਪਨਾਮਾ ਤੋਂ ਇੰਗਲੈਂਡ ਪਹੁੰਚਣ ਵਾਲੇ ਇਕ ਜਹਾਜ਼ ਵਿਚ 2.4 ਮੀਟ੍ਰਿਕ ਟਨ ਕੋਕੀਨ ਜ਼ਬਤ ਕੀਤੀ ਹੈ। ਬ੍ਰਿਟਿਸ਼ ਰਾਜਧਾਨੀ ਦੇ ਪੂਰਬ ਵਿਚ ਲੰਡਨ ਗੇਟਵੇ ਬੰਦਰਗਾਹ ਉਤੇ ਇਕ ਜਹਾਜ਼ ਉਤੇ ਕੰਟੇਨਰਾਂ ਹੇਠੋਂ ਨਸ਼ੀਲੇ ਪਦਾਰਥ ਮਿਲੇ, ਜਿਨ੍ਹਾਂ ਦੀ ਕੀਮਤ 9.6 ਕਰੋੜ ਪੌਂਡ (13.2 ਕਰੋੜ ਡਾਲਰ) ਹੈ। ਅਧਿਕਾਰੀਆਂ ਨੇ ਖੁਫੀਆ ਜਾਣਕਾਰੀ ਦੀ ਅਗਵਾਈ ਵਾਲੀ ਮੁਹਿੰਮ ਤੋਂ ਬਾਅਦ ਇਹ ਖੇਪ ਬਰਾਮਦ ਕੀਤੀ।

ਬਰਤਾਨੀਆਂ ਦੇ ਗ੍ਰਹਿ ਮੰਤਰਾਲੇ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਹ ਹੁਣ ਤਕ ਦੀ ਛੇਵੀਂ ਸੱਭ ਤੋਂ ਵੱਡੀ ਕੋਕੀਨ ਬਰਾਮਦਗੀ ਹੈ। ਯੂ.ਕੇ. ਬਾਰਡਰ ਫੋਰਸ ਮੈਰੀਟਾਈਮ ਦੇ ਡਾਇਰੈਕਟਰ ਚਾਰਲੀ ਈਸਟਬਾਗ ਨੇ ਕਿਹਾ ਕਿ ਇਹ ਬਰਾਮਦਗੀ ਇਸ ਗੱਲ ਦੀ ਇਕ ਉਦਾਹਰਣ ਹੈ ਕਿ ਕਿਵੇਂ ਸੀਮਾ ਬਲ ਦੇ ਸਮਰਪਿਤ ਸਮੁੰਦਰੀ ਅਧਿਕਾਰੀ ਸਾਡੀ ਸੁਰੱਖਿਆ ਲਈ ਖਤਰਾ ਪੈਦਾ ਕਰਨ ਵਾਲੇ ਅਪਰਾਧੀ ਗਿਰੋਹਾਂ ਤੋਂ ਇਕ ਕਦਮ ਅੱਗੇ ਹਨ।

# ਰੂਸ ਨੇ ਯੂਕ੍ਰੇਨ 'ਤੇ 477 ਡਰੋਨ ਤੇ 60 ਮਿਜ਼ਾਈਲਾਂ ਦਾਗ਼ੀਆਂ

ਕੀਵ, 29 ਜੂਨ (ਚ.ਨ.ਸ.): ਰੂਸ ਨੇ ਬੀਤੀ ਰਾਤ ਯੂਕਰੇਨ ਤੇ ਅਪਣਾ ਸੱਭ ਤੋਂ ਵੱਡਾ ਹਵਾਈ ਹਮਲਾ ਕੀਤਾ। ਇਕ ਯੂਕਰੇਨੀ ਅਧਿਕਾਰੀ ਨੇ ਐਤਵਾਰ



ਨੂੰ ਇਹ ਜਾਣਕਾਰੀ ਦਿਤੀ।ਰੂਸ ਵਲੋਂ ਕੀਤਾ ਗਿਆ ਇਹ ਹਮਲਾ ਇਕ ਮੁਹਿੰਮ ਦਾ ਹਿੱਸਾ ਹੈ, ਜਿਸ ਨੇ ਤਿੰਨ ਸਾਲ ਤੋਂ ਚੱਲੀ ਆ ਰਹੀ ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਝਟਕਾ ਦਿਤਾ ਹੈ। ਯੂਕਰੇਨੀ ਹਵਾਈ ਸੈਨਾ ਨੇ ਕਿਹਾ ਕਿ ਰੂਸ ਨੇ ਯੂਕਰੇਨ ਤੇ 477 ਡਰੋਨ ਅਤੇ 60 ਮਿਜ਼ਾਈਲਾਂ ਦਾਗੀਆਂ। ਫ਼ੌਜ ਦੇ ਅਨੁਸਾਰ, ਇਨ੍ਹਾਂ ਵਿਚੋਂ 249 ਨੂੰ ਮਾਰ ਸੁੱਟਿਆ ਗਿਆ ਤੇ 226 ਇਲੈਕਟ੍ਰਾਨਿਕ ਤੌਰ 'ਤੇ ਜਾਮ ਹੋ ਗਏ।ਯੂਕਰੇਨ ਹਵਾਈ ਸੈਨਾ ਦੇ ਸੰਚਾਰ ਮੁਖੀ ਯੂਰੀ ਇਹਨਾਤ ਨੇ ਐਸੋਸੀਏਟਿਡ ਪ੍ਰੈੱਸ ਨੂੰ ਦਸਿਆ ਕਿ ਰਾਤ ਨੂੰ ਕੀਤਾ ਗਿਆ ਇਹ ਹਮਲਾ ਦੇਸ਼ ਤੇ ਸੱਭ ਤੋਂ ਵੱਡਾ ਹਵਾਈ ਹਮਲਾ ਸੀ, ਜਿਸ ਵਿਚ ਡਰੋਨ ਤੇ ਕਈ ਤਰ੍ਹਾਂ ਦੀਆਂ ਮਿਜ਼ਾਈਲਾਂ ਦਾਗੀਆਂ ਗਈਆਂ। ਫ਼ੌਜ ਦੇ ਅਨੁਸਾਰ, ਇਸ ਹਮਲੇ ਵਿਚ ਪੂਰੇ ਦੇਸ਼ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿਚ ਯੂਕਰੇਨ ਦੇ ਪੱਛਮੀ ਖੇਤਰ ਵੀ ਸ਼ਾਮਲ ਸਨ, ਜੋ ਕਿ ਫ਼ਰੰਟ ਲਾਈਨ ਤੋਂ ਬਹੁਤ ਦੂਰ ਹਨ।ਇਹ ਤਾਜ਼ਾ ਹਮਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਕਹਿਣ ਤੋਂ ਬਾਅਦ ਹੋਏ ਹਨ ਕਿ ਮਾਸਕੋ ਇਸਤਾਂਬੁਲ ਵਿਚ ਸ਼ਾਂਤੀ ਵਾਰਤਾ ਦੇ ਇਕ ਨਵੇਂ ਦੌਰ ਲਈ ਤਿਆਰ ਹੈ।

# ਐਨ.ਐਸ.ਐਸ.ਓ. ਖੇਤਰੀ ਦਫ਼ਤਰ ਵਿਖੇ ਮਨਾਇਆ 19ਵਾਂ ਅੰਕੜਾ ਦਿਵਸ

ਚੰਡੀਗੜ੍ਹ, 29 ਜੂਨ (ਅੰਮ੍ਰਿਤਪਾਲ ਸਿੰਘ): ਅਰਥ ਸ਼ਾਸਤਰ, ਯੋਜਨਾਬੰਦੀ ਅਤੇ ਅੰਕੜਾ ਵਿਗਿਆਨ ਦੇ ਖ਼ੇਤਰ 'ਚ ਪ੍ਰੋਫੈਸਰ ਪੀ.ਸੀ. ਮਹਾਲਨੋਬਿਸ ਦੇ ਬੇਮਿਸਾਲ ਯੋਗਦਾਨ ਦੀ ਯਾਦ ਵਿੱਚ, ਐਨਐਸਐਸਓ (ਐਫਓਡੀ), ਚੰਡੀਗੜ੍ਹ ਦੇ ਖੇਤਰੀ ਦਫ਼ਤਰ ਨੇ 29 ਜੂਨ 2025 ਨੂੰ ਕੇਂਦਰੀ ਸਦਨ, ਸੈਕਟਰ-9, ਚੰਡੀਗੜ੍ਹ ਵਿਖੇ "19ਵਾਂ ਅੰਕੜਾ ਦਿਵਸ" ਮਨਾਇਆ। ਇਸ ਸਾਲ ਦਾ ਵਿਸ਼ਾ "ਰਾਸ਼ਟਰੀ ਨਮੂਨਾ ਸਰਵੇਖਣ ਦੇ 75 ਸਾਲ" ਹੈ। ਸਮਾਗਮ ਦਾ ਉਦਘਾਟਨ ਡਿਪਟੀ ਡਾਇਰੈਕਟਰ ਜਨਰਲ ਦੀਪਕ ਮਹਿਰਾ ਨੇ ਕੀਤਾ ਜਿਨ੍ਹਾਂ ਨੇ ਪ੍ਰੋ. ਮਹਾਲਨੋਬਿਸ ਦੇ ਜੀਵਨ ਤੇ ਕਾਰਜਾਂ 'ਤੇ ਚਾਨਣਾ ਪਾਇਆ। ਮੁੱਖ ਮਹਿਮਾਨ, ਪਵਿੱਤਰਾ ਸਿੰਘ, ਡਾਇਰੈਕਟਰ (ਸੇਵਾਮੁਕਤ), ਪ੍ਰੈਸ ਸੂਚਨਾ ਦਫ਼ਤਰ ਨੇ ਭਾਰਤੀ ਅੰਕੜਾ ਪ੍ਰਣਾਲੀ 'ਚ ਪ੍ਰੋਫੈਸਰ ਮਹਾਲਨੋਬਿਸ ਦੇ ਯੋਗਦਾਨ ਤੇ ਰੋਜ਼ਾਨਾ ਜੀਵਨ 'ਚ ਅੰਕੜਿਆਂ ਦੀ ਉਪਯੋਗਤਾ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।





ਆਰ.ਕੇ. ਮੋਰੇ, ਵਧੀਕ ਨਿਦੇਸ਼ਕ, ਆਰਥਿਕ ਤੇ ਅੰਕੜਾ ਵਿਸ਼ਲੇਸ਼ਣ ਵਿਭਾਗ, ਹਰਿਆਣਾ ਨੇ ਰਾਸ਼ਟਰੀ ਨਮੂਨਾ ਸਰਵੇਖਣ ਦੀ ਇਤਿਹਾਸਕ ਯਾਤਰਾ ਸਾਂਝੀ ਕੀਤੀ ਜਦੋਂ ਕਿ ਵਾਸੂਦੇਵ ਸ਼ਰਮਾ, ਸੀਨੀਅਰ ਅੰਕੜਾ ਅਧਿਕਾਰੀ (ਸੇਵਾਮੁਕਤ) ਨੇ ਡੇਟਾ ਸੰਗ੍ਰਹਿ ਦੌਰਾਨ ਸਾਹਮਣੇ ਆਏ ਆਪਣੇ ਅਨੁਭਵ ਤੇ ਚੁਣੌਤੀਆਂ ਸਾਂਝੀਆਂ ਕੀਤੀਆਂ। ਪ੍ਰੋਗਰਾਮ ਦੌਰਾਨ, ਭਾਗੀਦਾਰਾਂ ਨੇ ਪ੍ਰੋ. ਮਹਾਲਨੋਬਿਸ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੁਇਜ਼, ਲੇਖ ਲਿਖਣ ਤੇ ਪੋਸਟਰ ਪ੍ਰਦਰਸ਼ਨੀ ਵਰਗੇ ਕਈ ਮੁਕਾਬਲੇ ਵੀ ਆਯੋਜਿਤ ਕੀਤੇ ਗਏ। ਯੂਨੀਵਰਸਿਟੀ ਦੇ ਵਿਭਾਗੀ ਅਧਿਕਾਰੀਆਂ, ਸਟਾਫ਼ ਤੇ ਵਿਦਿਆਰਥੀਆਂ ਸਮੇਤ ਲਗਭਗ 60 ਭਾਗੀਦਾਰਾਂ ਨੇ ਇਸ ਮੌਕੇ 'ਤੇ ਸਰਗਰਮੀ ਨਾਲ ਹਿੱਸਾ ਲਿਆ। ਇਹ ਪ੍ਰੋਗਰਾਮ ਨਾ ਸਿਰਫ਼ ਅੰਕੜਿਆਂ ਦੀ ਮਹੱਤਤਾ ਨੂੰ ਉਜਾਗਰ ਕਰਨ 'ਚ ਸਫਲ ਰਿਹਾ ਬਲਕਿ ਰਾਸ਼ਟਰੀ ਵਿਕਾਸ 'ਚ ਇਸਦੇ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨ 'ਚ ਵੀ ਮਹੱਤਵਪੂਰਨ ਸਾਬਤ ਹੋਇਆ।

# ਸਿੰਗਾਪੁਰ ਨੇ ਇਜ਼ਰਾਈਲ-ਈਰਾਨ ਤਣਾਅ ਵਿਚਕਾਰ ਵਧਾਈ ਸੁਰੱਖਿਆ

ਸਿੰਗਾਪੁਰ, 29 ਜੂਨ (ਚ.ਨ.ਸ.): ਇਜ਼ਰਾਈਲ ਤੇ ਈਰਾਨ ਵਿਚਕਾਰ ਹਾਲ ਹੀ 'ਚ ਹੋਏ ਤਣਾਅ ਦੇ ਮੱਦੇਨਜ਼ਰ ਸਿੰਗਾਪੁਰ ਨੇ ਆਪਣੀ ਸੁਰੱਖਿਆ ਵਧਾ ਦਿੱਤੀ ਹੈ। ਚੀਨੀ ਭਾਸ਼ਾ ਦੇ ਰੋਜ਼ਾਨਾ ਲਿਆਨਹੇ ਜ਼ਾਓਬਾਓ ਨੇ ਸਿੰਗਾਪੁਰ ਦੇ ਗ੍ਰਹਿ ਮੰਤਰੀ ਕੇ. ਸ਼ਨਮੁਗਮ ਦੇ ਹਵਾਲੇ ਨਾਲ ਕਿਹਾ, ਤੁਸੀਂ ਉਮੀਦ



ਕਰ ਸਕਦੇ ਹੋ ਕਿ ਖੇਤਰ ਦੇ ਲੋਕ, ਜਾਂ ਇੱਥੋਂ ਤੱਕ ਕਿ ਕੱਟੜਪੰਥੀ ਸੰਗਠਨਾਂ ਦੇ ਹੋਰ ਲੋਕ, ਇਜ਼ਰਾਈਲੀ, ਅਮਰੀਕੀ ਜਾਂ ਹੋਰ ਪੱਛਮੀ ਦੇਸ਼ਾਂ ਦੀਆਂ ਜਾਇਦਾਦਾਂ ਦੇ ਵਿਰੁੱਧ ਮੁੱਦਾ ਬਣਾਉਣਾ ਚਾਹੁਣਗੇ ਤੇ ਮੁਸਲਿਮ ਜਾਇਦਾਦਾਂ 'ਤੇ ਸੱਜੇ-ਪੱਖੀ ਕੱਟੜਪੰਥੀਆਂ ਵੱਲੋਂ ਹਮਲੇ ਵੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਸਿੰਗਾਪੁਰ ਵੱਖ-ਵੱਖ ਦ੍ਰਿਸ਼ਾਂ ਤੇ ਕੰਮ ਕਰ ਰਿਹਾ ਹੈ ਕਿਉਂਕਿ ਤੁਸੀਂ ਕਦੇ ਵੀ ਪੂਰੀ ਤਰ੍ਹਾਂ ਯਕੀਨੀ ਨਹੀਂ ਹੋ ਸਕਦੇ। ਮੰਤਰੀ ਨੇ ਕਿਹਾ ਕਿ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਰਕਾਰ ਐਸਜੀਸਕਿਓਰ (ਸਿੰਗਾਪੁਰ ਸੁਰੱਖਿਆ) ਪ੍ਰੋਗਰਾਮ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਜਨਮ ਦਿਨ ਮੁਬਾਰਕ



ਭਾਉ ਮਦਾਨ



ਏਕਮਦੀਪ ਕੌਰ ਮਾਹੀ

# ਕੈਬਨਿਟ ਮੰਤਰੀ ਰਵਜੋਤ ਸਿੰਘ ਵੱਲੋਂ ਮਾਨਸਾ ਨੂੰ 50 ਕਰੋੜ ਦੇ ਵਿਕਾਸ ਕਾਰਜਾਂ ਦੀ ਸੁਗਾਤ



ਮਾਨਸਾ, 29 ਜੂਨ: ਵਿਰੇਂਦਰਪਾਲ ਮੰਤਰੋ ਮਾਨਸਾ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਅਤੇ ਚਿਰੋਕਣੀ ਮੰਗ ਨੂੰ ਓਦੋਂ ਬੂਰ ਪਿਆ ਜਦੋਂ ਅੱਜ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਵਿਭਾਗ ਮੰਤਰੀ ਸ੍ਰੀ ਰਵਜੋਤ ਸਿੰਘ ਨੇ 43.90 ਕਰੋੜ ਦੀ ਲਾਗਤ ਨਾਲ ਮਾਨਸਾ ਤੋਂ ਸੀਵਰੇਜ਼ ਪਾਈਪਲਾਈਨ ਪ੍ਰੋਜੈਕਟ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ । ਉਹ ਅੱਜ ਵਿਸ਼ੇਸ਼ ਤੌਰ ਤੇ ਮਾਨਸਾ ਵਿਖੇ ਇਸ ਪਾਈਪਲਾਈਨ ਪ੍ਰੋਜੈਕਟ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਲਈ ਪਹੁੰਚੇ । ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਅਤੇ ਵਿਧਾਇਕ ਸਰਦੂਲਗੜ੍ਹ ਸ੍ਰ. ਗੁਰਪ੍ਰੀਤ ਸਿੰਘ ਬਣਾਂਵਾਲੀ ਵੀ ਮੌਜੂਦ ਸਨ ।ਸਥਾਨਕ ਸੀਵਰੇਜ਼ ਟਰੀਟਮੈਂਟ ਪਲਾਂਟ ਵਿਖੇ ਆਯੋਜਿਤ ਸਮਾਰੋਹ ਦੌਰਾਨ ਅੱਤ ਦੀ ਗਰਮੀ ਦੇ ਬਾਵਜੂਦ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਰਵਜੋਤ ਸਿੰਘ ਨੇ ਕਿਹਾ ਕਿ ਮਾਨਸਾ ਵਾਸੀਆਂ ਦੀ ਤਕਰੀਬਨ ਤਿੰਨ ਦਹਾਕਿਆਂ ਤੋਂ ਮੰਗ ਸੀ ਕਿ ਸ਼ਹਿਰ ਦੀ ਸੀਵਰੇਜ਼ ਸਮੱਸਿਆ ਦਾ ਹੱਲ ਕੀਤਾ ਜਾਵੇ ਜਿਸ ਦੇ ਲਈ ਉਹ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦਾ ਖਾਸ ਧੰਨਵਾਦ ਕਰਦੇ ਹਨ ਜਿੰਨ੍ਹਾਂ ਦੀ ਸੋਚ ਸਦਕਾ ਮਾਨਸਾ ਵਾਸੀਆਂ ਦੀ ਇਹ ਮੰਗ ਪੂਰੀ ਹੋਣ ਜਾ ਰਹੀ ਹੈ ।ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਅਧੀਨ ਸੀਵਰੇਜ਼ ਟਰੀਟਮੈਂਟ ਪਲਾਂਟ ਤੋਂ ਸਰਹੰਦ ਚੋਅ ਤੱਕ 5.25 ਕਿਲੋਮੀਟਰ ਡੀ.ਆਈ. ਕੇ-9 (700 ਐਮ.ਐਮ.ਆਈ.ਡੀ.) ਅਤੇ 9.75 ਕਿਲੋਮੀਟਰ ਡੀ.ਆਈ. ਕੇ-7 (700 ਐਮ.ਐਮ.ਆਈ.ਡੀ.) ਪਾਈਪਲਾਈਨ ਵਿਛਾਈ ਜਾਣੀ ਹੈ ਅਤੇ ਇਹ ਕੰਮ 12 ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਣਾ ਹੈ ਜਿਸ ਨਾਲ ਸ਼ਹਿਰ ਵਾਸੀਆਂ ਨੂੰ ਸੀਵਰੇਜ਼ ਦੇ ਓਵਰ ਫਲੋਅ ਦੀ ਸਮੱਸਿਆ ਤੋਂ ਨਿਜਾਤ ਮਿਲੇਗੀ ।ਉਨ੍ਹਾਂ ਦੱਸਿਆ ਕਿ ਸੀਵਰੇਜ਼ ਟਰੀਟਮੈਂਟ ਪਲਾਂਟ ਤੋਂ ਇਹ ਪਾਣੀ ਸਾਫ ਕਰਨ ਤੋਂ ਬਾਅਦ ਪਾਈਪਲਾਈਨ ਰਾਹੀਂ ਭੇਜਿਆ ਜਾਵੇਗਾ ਅਤੇ ਜਿੱਥੇ ਕਿਤੇ ਲੋੜ ਹੋਵੇਗੀ ਉੱਥੇ ਨੱਕੇ ਰੱਖੇ ਜਾਣਗੇ, ਜਿਸ ਨਾਲ ਕਿਸਾਨਾਂ ਨੂੰ ਵੀ ਇਸ ਦਾ ਲਾਭ ਹੋਵੇਗਾ । ਸ੍ਰੀ ਰਵਜੋਤ ਸਿੰਘ ਨੇ ਨਾਲ ਹੀ ਦੱਸਿਆ ਕਿ ਇਸ ਤੋਂ ਇਲਾਵਾ ਸ਼ਹਿਰ ਦੀਆਂ ਲੰਕ ਸੜ੍ਹਕਾਂ ਲਈ ਵੀ 5.5 ਕਰੋੜ ਰੁਪਏ ਦੀ ਗਰਾਂਟ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ, ਜਿਸ ਦਾ ਕੰਮ ਵੀ ਜਲਦ ਸ਼ੁਰੂ ਕਰਵਾ ਦਿੱਤਾ ਜਾਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸਾ ਨੂੰ ਕਰੀਬ 50 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੀ ਸੁਗਾਤ ਦਿੱਤੀ ਗਈ ਹੈ ।ਪਾਈਪਲਾਈਨ ਪਾਉਣ ਦੇ ਕੰਮ ਦੀ ਟੱਕ ਲਾ ਕੇ ਸ਼ੁਰੂਆਤ ਕਰਵਾਉਣ ਮੌਕੇ ਕੈਬਨਿਟ ਮੰਤਰੀ ਸ੍ਰੀ ਰਵਜੋਤ ਸਿੰਘ ਨੇ ਕਿਹਾ ਕਿ ਅੱਜ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਤੇ ਲੋਕ ਇਸ ਕੰਮ ਦੀ ਖ਼ੁਦ ਨਿਗਰਾਨੀ ਕਰਨ ਅਤੇ ਜਿੱਥੇ ਵੀ ਲੋਕਾਂ ਨੂੰ ਕੋਈ ਸਮੱਸਿਆ ਜਾਂ ਕਮੀ ਨਜ਼ਰ ਆਉਂਦੀ ਹੈ ਤਾਂ ਉਹ ਬੇਝਿਜਕ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਜਾਂ ਉਨ੍ਹਾਂ ਦੇ ਧਿਆਨ ਵਿਚ ਲਿਆਉਣ ।ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਸੂਬੇ ਦੇ ਵਿਕਾਸ ਲਈ ਸਦਾ ਦਰਿਆਦਿਲੀ ਵਿਖਾਉਂਦੇ ਹਨ, ਹਰ ਪ੍ਰੋਜੈਕਟ ਲਈ ਉਨ੍ਹਾਂ ਦਾ ਹਾਂ ਪੱਖੀ ਹੁੰਗਾਰਾ ਹੀ ਸੂਬੇ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕਰ ਰਿਹਾ ਹੈ । । ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐਸ., ਐਸ.ਐਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ., ਐਸ.ਡੀ.ਐਮ. ਮਾਨਸਾ ਸ੍ਰੀ ਕਾਲਾ ਰਾਮ ਕਾਂਸਲ, ਚੇਅਰਮੈਨ ਮਾਰਕਿਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ, ਚੇਅਰਮੈਨ ਮਾਰਕਿਟ ਕਮੇਟੀ ਭੀਖੀ ਵਰਿੰਦਰ ਸੋਨੀ, ਡਾਇਰੈਕਟਰ ਵਾਟਰ ਰਿਸੋਰਸਿਜ਼ ਅਮਨ ਮਿੱਤਲ, ਕਾਰਜਕਾਰੀ ਪ੍ਰਧਾਨ ਨਗਰ ਕੌਂਸਲ ਸੁਨੀਲ ਕੁਮਾਰ ਨੀਨੂੰ, ਪ੍ਰਧਾਨ ਟਰੱਕ ਯੂਨੀਅਨ ਰਿੰਪੀ ਮਾਨਸ਼ਾਹੀਆ, ਕਾਰਜਸਾਧਕ ਅਫ਼ਸਰ ਮਾਨਸਾ ਬਲਵਿੰਦਰ ਸਿੰਘ, ਕਾਰਜਕਾਰੀ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ, ਕਾਊਂਸਲਰ ਵਿਸ਼ਾਲ ਜੈਨ ਗੋਲਡੀ, ਸੀਨੀਅਰ ਮੀਤ ਪ੍ਰਧਾਨ ਅਗਰਵਾਲ ਸਭਾ ਪੰਜਾਬ ਅਸ਼ੋਕ ਗਰਗ, ਵਿਨੋਦ ਭੰਮਾ, ਅਸ਼ੋਕ ਸਪੋਲੀਆ, ਪ੍ਰਧਾਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਡਾ. ਜਨਕ ਰਾਜ, ਐਕਸੀਅਨ ਸੀਵਰੇਜ਼ ਬੋਰਡ ਸਤਿੰਦਰ ਸਿੰਘ ਢਿੱਲੋਂ, ਸਮਾਜ ਸੇਵੀ ਸੰਜੀਵ ਕੁਮਾਰ ਪਿੰਕਾ ਤੋਂ ਇਲਾਵਾ ਹੋਰ ਵੱਖ ਵੱਖ ਸਖਸ਼ੀਅਤਾਂ ਅਤੇ ਲੋਕ ਹਾਜ਼ਰ ਸਨ ।

# ਸੰਸਥਾ ਵੱਲੋਂ ਲੋਕਾਂ ਦੀ ਸੂਹੁਲਤ ਲਈ ਲਾਏ ਜਾਂਦੇ ਹਫਤਾਵਾਰੀ ਮੈਡੀਕਲ ਚੈਕਅੱਪ ਕੈਂਪ ਸ਼ਲਾਘਾਯੋਗ : ਨਰੇਸ਼ ਸਿੰਗਲਾ



ਲਹਿਰਾਗਾਗਾ 29 ਜੂਨ (ਗੁਰਦੀਪ ਸਿੰਘ) ਸ਼ਹਿਰ ਦੀ ਸਮਾਜ ਸੇਵੀ ਸੰਸਥਾਂ ਸ਼੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ ਵੱਲੋ ਜੀ.ਪੀ.ਐਫ ਕੰਪਲੈਕਸ ਵਿਖੇ ਹੱਡੀਆਂ ਤੇ ਚਮੜੀ ਦਾ ਮੈਡੀਕਲ ਕੈਂਪ ਸਵ. ਊਸ਼ਾ ਸਿੰਗਲਾ ਦੀ ਨਿੱਘੀ ਯਾਦ ਨੂੰ ਸਮਰਪਿਤ ਲਾਇਆ ਗਿਆ।ਇਸ ਕੈਂਪ ਦਾ ਉਦਘਾਟਨ ਉਨ੍ਹਾਂ ਦੇ ਸਪੁੱਤਰ ਨਰੇਸ਼ ਸਿੰਗਲਾ ਮੈਨੇਜਰ (ਐਫ਼ ਸੀ.ਆਈ) , ਸੁਰਿੰਦਰ ਪਾਲ ਸਿੰਗਲਾ, ਭੂਸ਼ਣ ਬਾਂਸਲ ਨੇ ਕਰਨ ਉਪਰੰਤ ਨਰੇਸ਼ ਸਿੰਗਲਾ ਨੇ ਕਿਹਾ ਕਿ ਇਲਾਕੇ ਦੀ ਨਾਮੀ ਸੰਸਥਾਂ ਵੱਲੋਂ ਲੋਕਾਂ ਦੀ ਸੂਹੁਲਤ ਲਈ ਲਾਏ ਜਾਂਦੇ ਹਫਤਾਵਾਰੀ ਮੈਡੀਕਲ ਚੈੱਕਅਪ ਸ਼ਲਾਘਾਯੋਗ । ਇਸ ਮੌਕੇ ਸੰਸਥਾਂ ਵੱਲੋਂ ਸਿੰਗਲਾ ਨੂੰ ਸਨਮਾਨ ਚਿੰਨ੍ਹ ਦੇ ਕਿ ਸਨਮਾਨਿਤ ਕੀਤਾ ਗਿਆ। ਇਸ ਕੈਂਪ ਚ ਡਾ.ਗਗਨ ਮੌਦਗਿੱਲ (ਹੱਡੀਆਂ,ਜੋੜਾਂ,ਅਪ੍ਰੇਸ਼ਨਾਂ ਦੇ ਮਾਹਿਰ) ਅਤੇ ਡਾ.ਪਾਹੁਲਪ੍ਰੀਤ ਕੌਰ ਚਮੜੀ ਰੋਗਾਂ ਦੇ ਮਾਹਿਰ ਨੇ ਕਰੀਬ 60 ਮਰੀਜ਼ਾਂ ਦਾ ਚੈੱਕਅਪ ਕੀਤਾ ।ਇਸ ਮੌਕੇ ਸੰਸਥਾਂ ਦੇ ਸੰਸਥਾਪਕ ਜਸ਼ ਪੇਂਟਰ, ਪ੍ਰਧਾਨ ਸੁਰਿੰਦਰ ਗਰਗ (ਉਦਯੋਗਪਤੀ) ਖ਼ਜ਼ਾਨਚੀ ਵਿੱਕੀ ਸਿੰਗਲਾ,ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਸੁਰੇਸ਼ ਸਿੰਗਲਾ, ਤਰਸੇਮ ਸਿੰਗਲਾ, ਓਮ ਪ੍ਰਕਾਸ਼ (ਮੌੜਾਂ ਵਾਲੇ) ਸੁਰੇਸ਼ ਪੱਪਾ (ਗਾਗੇ ਵਾਲੇ) ਰਾਮੇਸ਼ ਕੁਮਾਰ, ਕ੍ਰਿਸ਼ਨ ਸਿੰਗਲਾ, ਰਾਕੇਸ਼ ਬਾਂਸਲ, ਜਗਸੀਰ ਜਵਾਹਰਵਾਲਾ ਆਦਿ ਵੀ ਹਾਜਰ ਸਨ ।

# ਨਿਯਮਾਂ ਤੋਂ ਬਿਨਾਂ ਡਬਲ ਪੀਲੀਆਂ ਲਾਈਨਾਂ ਲਗਾ ਕੇ ਜਨਤਕ ਫੰਡਾਂ ਦੀ ਕੀਤੀ ਜਾ ਰਹੀ ਦੁਰਵਰਤੋਂ

ਬਠਿੰਡਾ, 29 ਜੂਨ (ਦੀਪਕ ਸ਼ਰਮਾ):ਲਗਦਾ ਹੈ ਕਿ ਬਠਿੰਡਾ ਨਗਰ ਨਿਗਮ ਕੋਲ ਚਿੱਟੀਆਂ, ਪੀਲੀਆਂ ਲਾਈਨਾਂ ਅਤੇ ਜ਼ੈਬਰਾ ਕ੍ਰਾਸਿੰਗ ਲਾਈਨਾਂ ਲਗਾਉਣ ਬਾਰੇ ਕੋਈ ਨਿਯਮ ਨਹੀਂ ਹਨ, ਇਸੇ ਕਰਕੇ ਸ਼ਹਿਰ ਦੇ ਕਈ ਬਾਜ਼ਾਰਾਂ ਦੀਆਂ ਸੜਕਾਂ ਤੇ ਦੋ-ਦੋ ਪੀਲੀਆਂ ਲਾਈਨਾਂ ਲਗਾ ਦਿੱਤੀਆਂ ਗਈਆਂ ਹਨ। ਇਨ੍ਹਾਂ ਦੋ-ਦੋ ਪੀਲੀਆਂ ਲਾਈਨਾਂ ਦੇ ਲੱਗੇ ਹੋਣ ਕਾਰਨ ਵਾਹਨ ਚਾਲਕ ਆਪਣਾ ਵਾਹਨ ਪਾਰਕ ਕਰਨ ਤੋਂ ਪਹਿਲਾਂ ਇੱਕ ਵਾਰ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਸੜਕ ਤੇ ਦੋ-ਦੋ ਪੀਲੀਆਂ ਲਾਈਨਾਂ ਲੱਗੀਆਂ ਹੋਣ ਦਾ ਕੀ ਮਤਲਬ ਹੈ, ਹੁਣ ਇਨ੍ਹਾਂ ਵਿੱਚੋਂ ਕਿਹੜੀ ਪੀਲੀ ਲਾਈਨ ਸਹੀ ਹੈ ਅਤੇ ਕਿਹੜੀ ਗਲਤ ਹੈ। ਪਹਿਲਾਂ ਬਠਿੰਡਾ ਦੇ ਬੈਂਕ ਬਜ਼ਾਰ ਵਿੱਚ ਰਾਤੋ-ਰਾਤ 5 ਫੁੱਟ ਦੀ ਦੂਰੀ ਤੇ ਪੀਲੀਆਂ ਲਾਈਨਾਂ ਲਗਵਾਈਆਂ ਗਈਆਂ ਸਨ, ਤਾਂ ਕਿ ਪਾਰਕਿੰਗ ਠੇਕੇਦਾਰ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਕਾਫ਼ੀ ਸਮੇਂ ਤੱਕ ਬੈਂਕ ਬਜ਼ਾਰ ਦੇ ਦੁਕਾਨਦਾਰਾਂ ਦੇ ਵਿਰੋਧ ਪ੍ਰਗਟਾਉਣ ਤੋਂ ਬਾਅਦ ਨਗਰ ਨਿਗਮ ਦੇ ਮੇਅਰ ਵੱਲੋਂ ਬੈਂਕ ਬਜ਼ਾਰ ਵਿੱਚ 7 ਫੁੱਟ ਦੀ ਦੂਰੀ ਤੇ ਪੀਲੀਆਂ ਲਾਈਨਾਂ ਲਗਾਉਣ ਦੇ ਜ਼ੁਬਾਨੀ ਆਦੇਸ਼ ਦੇ ਦਿੱਤੇ ਗਏ। ਜਿਸ ਤੋਂ ਬਾਅਦ ਨਿਗਮ ਅਧਿਕਾਰੀਆਂ ਨੇ ਮੇਅਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪਹਿਲਾਂ ਲਗਾਈਆਂ ਪੀਲੀਆਂ ਲਾਈਨਾਂ ਹਟਾਏ ਬਿਨਾਂ ਹੀ 7 ਫੁੱਟ ਹੋਰ ਇੱਕ ਨਵੀਂ ਪੀਲੀ ਲਾਈਨ ਬਣਾ ਦਿੱਤੀ।ਇੰਨਾ ਹੀ ਨਹੀਂ, ਅਪ੍ਰੈਲ 2025 ਦੇ ਆਖ਼ਰੀ ਹਫ਼ਤੇ ਵਿੱਚ ਬੈਂਕ ਬਜ਼ਾਰ ਅਤੇ ਕੀਕਰ ਬਜ਼ਾਰ ਦੇ ਚੌਰਾਹਿਆਂ ਦੇ ਨੇੜੇ 1 ਇੰਚ ਵਾਲੇ ਪਲਾਸਟਿਕ ਦੇ ਕਈ ਸਾਰੇ ਹੰਪ ਲਗਵਾਏ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹੰਪ ਟੁੱਟ ਚੁੱਕੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਨਿਗਮ ਦੁਆਰਾ ਲਗਵਾਏ ਗਏ ਇਨ੍ਹਾਂ ਪਲਾਸਟਿਕ ਵਾਲੇ ਹੰਪਾਂ ਦੀ ਅਜੇ ਤੱਕ ਅਦਾਇਗੀ ਵੀ ਨਹੀਂ ਕੀਤੀ ਗਈ ਹੈ ਅਤੇ ਉਹ ਹੰਪ 2 ਵਾਰ ਟੁੱਟ ਚੁੱਕੇ ਹਨ। ਹੰਪ ਟੁੱਟ ਜਾਣ ਕਾਰਨ ਸੜਕ ਤੇ ਜੋ ਵੱਡੇ-ਵੱਡੇ ਪੇਚ ਖੜ੍ਹੇ ਹਨ, ਉਹ ਲੋਕਾਂ ਦੇ ਵਾਹਨਾਂ ਦੇ ਟਾਇਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਆਰ.ਟੀ.ਆਈ. ਕਾਰਕੁਨ ਸੰਜੀਵ ਗੋਇਲ ਨੇ ਦੱਸਿਆ ਕਿ 16 ਮਈ 2025 ਨੂੰ ਆਰ.ਟੀ.ਆਈ. ਦੇ ਮਾਧਿਅਮ ਨਾਲ ਬੈਂਕ ਬਜ਼ਾਰ ਤੇ ਕੀਕਰ ਬਜ਼ਾਰ ਵਿੱਚ ਲਗਵਾਏ ਪਲਾਸਟਿਕ ਵਾਲੇ ਹੰਪਾਂ ਅਤੇ ਪੀਲੀਆਂ ਲਾਈਨਾਂ ਆਦਿ ਦੇ ਸਬੰਧ ਵਿੱਚ ਕੁਝ ਸੂਚਨਾਵਾਂ ਮੰਗੀਆਂ ਗਈਆਂ ਸਨ, ਜਿਸ ਦੇ ਜਵਾਬ ਵਿੱਚ ਨਗਰ ਨਿਗਮ ਦੇ ਪੱਤਰ ਨੰਬਰ 23 ਜੂਨ 2025 ਦੇ ਮਾਧਿਅਮ ਨਾਲ ਕੁਝ ਸੂਚਨਾ ਦਿੱਤੀ ਗਈ ਹੈ। ਮਿਲੀ ਸੂਚਨਾ ਅਨੁਸਾਰ ਬੈਂਕ ਬਜ਼ਾਰ ਤੇ ਕੀਕਰ ਬਜ਼ਾਰ ਵਿੱਚ ਪਲਾਸਟਿਕ ਵਾਲੇ ਹੰਪ ਲਗਵਾਏ ਗਏ ਸਨ ਉਨ੍ਹਾਂ ਦੀ ਪੇਮੈਂਟ ਦੀ ਅਦਾਇਗੀ ਅਜੇ ਤੱਕ ਨਹੀਂ ਕੀਤੀ ਗਈ ਹੈ, ਜਦਕਿ ਉਹ ਹੰਪ 2 ਵਾਰ ਟੁੱਟ ਚੁੱਕੇ ਹਨ ਅਤੇ 1 ਵਾਰ ਰਿਪੇਅਰ ਵੀ ਕੀਤੇ ਜਾ ਚੁੱਕੇ ਹਨ ਅਤੇ ਇਹ ਸਾਰਾ ਕੰਮ ਮੇਅਰ ਦੇ ਜ਼ੁਬਾਨੀ ਆਦੇਸ਼ਾਂ ਤੇ ਕਰਵਾਇਆ ਗਿਆ ਹੈ, ਜਦਕਿ ਬੈਂਕ ਬਜ਼ਾਰ ਤੇ ਕੀਕਰ ਬਜ਼ਾਰ ਵਿੱਚ ਪਲਾਸਟਿਕ ਵਾਲੇ ਹੰਪ ਲਗਵਾਏ ਗਏ ਸਨ, ਉਨ੍ਹਾਂ ਹੰਪ ਦੀ ਗਾਰੰਟੀ ਤੇ ਵਾਰੰਟੀ ਦੀ ਸੂਚਨਾ ਵੀ ਮੰਗੀ ਗਈ ਸੀ, ਪਰ ਅਫ਼ਸੋਸ ਨਿਗਮ ਇੰਜੀਨੀਅਰ-ਕਮ-ਲੋਕ ਸੂਚਨਾ ਅਫ਼ਸਰ ਨਗਰ ਨਿਗਮ ਬਠਿੰਡਾ ਨੇ ਲਿਖਿਆ ਹੈ ਕਿ ਇਸ ਸਬੰਧੀ ਕੋਈ ਰਿਕਾਰਡ ਨਹੀਂ ਹੈ।ਆਰ.ਟੀ.ਆਈ. ਕਾਰਕੁਨ ਸੰਜੀਵ ਗੋਇਲ ਨੇ ਕਿਹਾ ਕਿ ਨਿਗਮ ਅਧਿਕਾਰੀ ਠੇਕੇਦਾਰਾਂ ਦੇ ਨਾਲ ਮਿਲ ਕੇ ਘਪਲੇ ਕਰ ਰਹੇ ਹਨ, ਜਦਕਿ ਕੋਈ ਵੀ ਚੀਜ਼ ਖਰੀਦੀ ਜਾਂਦੀ ਹੈ, ਤਾਂ ਉਸ ਦੀ ਗਾਰੰਟੀ ਹੁੰਦੀ ਹੈ। ਨਿਗਮ ਦਾ ਇਹ ਕਹਿਣਾ ਕਿ ਗਾਰੰਟੀ ਸਬੰਧੀ ਕੋਈ ਰਿਕਾਰਡ ਨਹੀਂ ਹੈ, ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਧਿਕਾਰੀਆਂ ਨੇ ਠੇਕੇਦਾਰ ਦੇ ਨਾਲ ਮਿਲ ਕੇ ਘਟੀਆ ਹੰਪ ਲਗਵਾਏ ਹਨ, ਇਸ ਲਈ ਉਹ ਟੁੱਟ ਗਏ ਹਨ। ਉਹ ਇਸ ਮਾਮਲੇ ਦੀ ਸ਼ਿਕਾਇਤ ਮੁੱਖ ਮੰਤਰੀ ਤੇ ਵਿਜੀਲੈਂਸ ਵਿਭਾਗ ਨੂੰ ਕਰਨਗੇ, ਤਾਂ ਕਿ ਉਹ ਪੂਰੇ ਮਾਮਲੇ ਦੀ ਜਾਂਚ ਕਰ ਜ਼ਿੰਮੇਵਾਰ ਲੋਕਾਂ ਤੇ ਕਾਰਵਾਈ ਕਰੇ।



# ਮੁਫਤ ਮੈਡੀਕਲ ਕੈਂਪ ਵਿੱਚ 51 ਮਰੀਜ਼ਾਂ ਦਾ ਕੀਤਾ ਚੈੱਕਅਪ ਅਤੇ ਦਿੱਤੀ ਦਵਾਈ



ਲਹਿਰਾਗਾਗਾ 29 ਜੂਨ (ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ) ਬੇਸਹਾਰਾ ਜੀਵ ਜੰਤੂ ਵੈਲਫੇਅਰ ਸੁਸਾਇਟੀ ਅਤੇ ਜੈ ਸ਼੍ਰੀ ਮਹਾਂਕਾਲੀ ਮੰਦਿਰ ਕਮੇਟੀ ਵਲੋਂ ਪ੍ਰਧਾਨ ਰਕੇਸ਼ ਬਾਂਸਲ (ਆਰ.ਕੇ.) ਅਤੇ ਰਾਜ ਸ਼ਰਮਾ ਦੀ ਪ੍ਰਧਾਨਗੀ ਵਿੱਚ ਸ. ਹਰਪਾਲ ਸਿੰਘ ਜੀ (ਸਰਪੰਚ ਸੰਗਤਪੁਰਾ) ਦੇ ਸਹਿਯੋਗ ਨਾਲ ਹਫਤਾਵਾਰ ਚੈਰੀਟੇਬਲ ਮੈਡੀਕਲ ਕੈਂਪ ਅਤੇ ਦਵਾਈਆਂ ਦਾ ਲੰਗਰ ਲਗਵਾਇਆ ਗਿਆ ਜਿਸ ਵਿੱਚ ਉਹਨਾਂ ਨੇ ਸ. ਕੁਲਦੀਪ ਸਿੰਘ ਜੀ (ਸਾਬਕਾ ਪ੍ਰਧਾਨ ਟਰੱਕ ਯੂਨੀਅਨ) ਦੇ ਨਾਲ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਇਸ ਕੈਂਪ ਵਿਚ ਡਾ. ਆਯੂਸ਼ ਸ਼ਰਮਾ ਜੀ (ਨੀਲਕੰਠ ਹਸਪਤਾਲ ਸੁਨਾਮ) ਦੁਆਰਾ 51 ਮਰੀਜਾਂ ਦਾ ਚੈੱਕਅਪ ਕੀਤਾ ਗਿਆ ਅਤੇ ਸੰਸਥਾ ਵੱਲੋਂ ਮੁਫ਼ਤ ਦਵਾਈ ਵੀ ਦਿੱਤੀ ਗਈ। ਇਸ ਮੌਕੇ ਸੁਨੀਲ ਰਿੰਕੂ ਡ੍ਰੇਸ,ਕਪਿਲ ਐਮ. ਫਾਰਮਾ,ਮਾਸਟਰ ਅੰਕੁਰ ਜਿੰਦਲ,ਰੋਹਿਤ ਲੌਰਡ ਕ੍ਰਿਸ਼ਨਾ, ਕੁਲਭੂਸ਼ਣ (ਕੈਸ਼ੀਅਰ),ਮਾਸਟਰ ਸੁਭਾਸ਼ ਜਿੰਦਲ,ਮਹੇਸ਼ ਮੇਸ਼ੀ,ਅਮਨ ਗਰਗ ਜੈਕੀ , ਅਸਵਿੰਦ ਪਾਲ,ਅਰਸ਼ ਲੈਬ ਟੈਕਨੀਸ਼ੀਅਨ ,ਰਿਸ਼ਵ ਸਿੰਗਲਾ ਹੋਰ ਮੈਂਬਰ ਵੀ ਹਾਜਰ ਰਹੇ

# ਪੰਜਾਬ ਕਾਂਗਰਸ ਕਿਸਾਨ ਸੈੱਲ ਵੱਲੋਂ ਪਵਨ ਗਿੱਲ ਨੂੰ ਬਲਾਕ ਬਾਜਾਖਾਨਾ ਦਾ ਬਣਾਇਆ ਪ੍ਰਧਾਨ, ਵਰਕਰਾਂ ਵੱਲੋਂ ਮੁਬਾਰਕਬਾਦ



ਬਾਜਾਖਾਨਾ, 29 ਜੂਨ (ਅਵਤਾਰ ਸਿੰਘ ਮੱਲ੍ਹਾ) : ਪੰਜਾਬ ਕਾਂਗਰਸ ਕਿਸਾਨ ਸੈੱਲ ਵੱਲੋਂ ਪਵਨ ਗਿੱਲ ਡੋਡ ਨੂੰ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਸੇਵਾਵਾਂ ਨੂੰ ਦੇਖਦੇ ਹੋਏ ਬਲਾਕ ਬਾਜਾਖਾਨਾ ਦਾ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਪਵਨ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਬਕਾ ਵਿਧਾਇਕ ਸਰਦਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ, ਮਿੱਠਾ ਸਿੰਘ ਪ੍ਰਧਾਨ ਪੰਜਾਬ ਕਾਂਗਰਸ ਕਿਸਾਨ ਸੈੱਲ, ਪੰਜਾਬ ਕਾਂਗਰਸ ਕਿਸ਼ਾਨ ਸੈੱਲ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਪੱਪੂ ਸਿਮਰੇਵਾਲਾ, ਹਲਕਾ ਇੰਚਾਰਜ ਜੈਤੋ ਦਰਸ਼ਨ ਸਿੰਘ ਢਿੱਲਵਾਂ, ਹਰਪ੍ਰੀਤ ਸਿੰਘ ਹੀਰੂ ਪ੍ਰਧਾਨ ਓਵਰਸੀਜ ਆਸਟ੍ਰੇਲੀਆ, ਜਸਵਿੰਦਰ ਸਿੰਘ ਮੱਤਾ, ਸਾਬਕਾ ਵਿਧਾਇਕ ਜੈਤੋ ਮਾਸਟਰ ਬਲਦੇਵ ਸਿੰਘ, ਜੀਤੂ ਬਾਂਸਲ ਜੈਤੋ, ਤਰਸੇਮ ਸਿੰਘ ਬਲਾਕ ਪ੍ਰਧਾਨ ਜੈਤੋ, ਕਾਲਾ ਬਿਸ਼ਨੰਦੀ ਤੇ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜਿੰਨ੍ਹਾਂ ਨੇ ਪੰਜਾਬ ਕਾਂਗਰਸ ਕਿਸਾਨ ਸੈੱਲ ਬਲਾਕ ਬਾਜਾਖਾਨਾ ਪ੍ਰਧਾਨ ਨਿਯੁਕਤ ਕੀਤਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹਾ ਫਰੀਦਕੋਟ ਅੰਦਰ ਕਾਂਗਰਸ ਦੀ ਮਜ਼ਬੂਤੀ ਲਈ ਅਣਥੱਕ ਮਿਹਨਤ ਕਰਾਂਗਾ ਅਤੇ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਚੱਲਾਂਗਾ। ਇਸ ਮੌਕੇ ਕਾਲਾ ਸਿੰਘ ਡੋਡ, ਅਨਮੋਲ ਸਿੰਘ, ਜਸਵਿੰਦਰ ਸਿੰਘ ਜੱਸਾ, ਵਿੱਕੀ ਡੋਡ, ਜਸਵਿੰਦਰ ਸਿੰਘ ਨਿੱਕਾ ਅਤੇ ਸਮੂਹ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਨਵਨਿਯੁਕਤ ਬਲਾਕ ਪ੍ਰਧਾਨ ਪਵਨ ਗਿੱਲ ਡੋਡ ਨੂੰ ਮੁਬਾਰਕਬਾਦ ਦਿੱਤੀ।

# ਜਪਹਰ ਸਕਿੱਲ ਡਿਵੈਲਪਮੈਂਟ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਚੈਰੀਟੇਬਲ ਲੈਬੋਰੇਟਰੀ ਦੀ ਕੀਤੀ ਸ਼ੁਰੂਆਤ

ਸੰਗਰੂਰ 29 ਜੂਨ (ਹਰਕੰਵਲ ਸਿੰਘ ਹੈਪੀ) ਸਮਾਜ ਸੇਵਾ ਅਤੇ ਲੋਕ ਭਲਾਈ ਨੂੰ ਸਮਰਪਿਤ ਜਪਹਰ ਸਕਿੱਲ ਡਿਵੈਲਪਮੈਂਟ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਮੌਕੇ ਗਰੀਬ ਤੇ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਨਵੀਂ ਪਿਰਤ ਪਾਉਂਦਿਆਂ ਅੱਜ ਲਾਈਫ ਕੇਅਰ ਫਾਉਂਡੇਸ਼ਨ ਦੇ ਸਹਿਯੋਗ ਨਾਲ ਚੈਰੀਟੇਬਲ ਲੈਬੋਰੇਟਰੀ ਦਾ ਸ਼ੁਭ ਆਰੰਭ ਸੁਸਾਇਟੀ ਦੇ ਦਫਤਰ ਨਾਨਕਿਆਣਾ ਚੌਂਕ ਸੰਗਰੂਰ ਵਿਖੇ ਕੀਤਾ ਗਿਆ। ਲੈਬੋਰੇਟਰੀ ਦੇ ਉਦਘਾਟਨ ਸੰਬੰਧੀ ਹੋਏ ਪ੍ਰਭਾਵਸ਼ਾਲੀ ਸਮਾਗਮ ਦੀ ਅਗਵਾਈ ਕਰਦਿਆਂ ਚੇਅਰਮੈਨ ਪੰਜਾਬ ਇੰਫੋਟੈਕ ਅਤੇ ਜਪਹਰ ਸਕਿੱਲ ਡਿਵੈਲਪਮੈਂਟ ਵੈਲਫੇਅਰ ਸੁਸਾਇਟੀ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਮੈਂ ਹਮੇਸ਼ਾ ਹੀ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਲਈ ਯਤਨਸ਼ੀਲ ਰਹਿੰਦਾ ਹਾਂ ਤੇ ਜਪਹਰ ਸੋਸਾਇਟੀ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ਾਂ ਕਰ ਰਿਹਾ ਹਾਂ ਤੇ ਇਸੇ ਲੜੀ ਦੇ ਤਹਿਤ ਅੱਜ ਜਪਹਰ ਵੈਲਫੇਅਰ ਸੋਸਾਇਟੀ ਵੱਲੋਂ ਲਾਈਫ ਕੇਅਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਸੋਸਾਇਟੀ ਦੇ ਦਫਤਰ ਵਿਖੇ ਚੈਰੀਟੇਬਲ ਲੈਬੋਰੇਟਰੀ ਦੀ ਸ਼ੁਰੂਆਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਇਲਾਜ ਬਹੁਤ ਮਹਿੰਗਾ ਹੋ ਚੁੱਕਾ ਹੈ ਜੋ ਗਰੀਬਾਂ ਅਤੇ ਮਜ਼ਦੂਰਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਇਸ ਚੈਰੀਟੇਬਲ ਲੈਬੋਟਰੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਉਹਨਾਂ ਦੇ ਇਲਾਜ ਚ ਸਹਿਯੋਗ ਕਰਕੇ ਮਹਿੰਗੇ ਇਲਾਜ ਤੋਂ ਨਿਜਾਤ ਦਵਾਉਣਾ ਹੈ। ਉਹਨਾਂ ਕਿਹਾ ਕਿ ਇਸ ਚੈਰੀਟੇਬਲ ਲੈਬੋਰੇਟਰੀ ਵਿੱਚ ਅੱਜ ਤੋਂ ਹੀ ਟੈਸਟਿੰਗ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਇੱਥੇ ਬਾਜ਼ਾਰ ਨਾਲੋਂ 75 ਫੀਸਦ ਘੱਟ ਖ਼ਰਚ ਉੱਤੇ ਮਰੀਜ਼ਾਂ ਦੇ ਟੈਸਟ ਕੀਤੇ ਜਾਣਗੇ ਤੇ ਇਹ ਚੈਰੀਟੇਬਲ ਲੈਬੋਰੇਟਰੀ ਨੌਂ ਪ੍ਰੋਫਿਟ ਦੇ ਤਹਿਤ ਕੰਮ ਕਰੇਗੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਏਗੀ। ਉਹਨਾਂ ਦੱਸਿਆ ਕਿ ਮਰੀਜ਼ ਰੋਜ਼ਾਨਾ ਸਵੇਰੇ 8 ਵੀਜੈ ਤੋਂ 1 ਵਜੇ ਤੱਕ ਇਸ ਲੈਬੋਰੇਟਰੀ ਤੋਂ ਸਸਤੇ ਰੇਟਾਂ ਉੱਤੇ ਟੈਸਟ ਕਰਵਾ ਕੇ ਲਾਭ ਉਠਾ ਸਕਦੇ ਹਨ।ਇਸ ਮੌਕੇ ਮਿੰਕੂ ਜਵੰਧਾ ਨੇ ਦੱਸਿਆ ਕਿ ਅੱਜ ਕੈਂਪ ਦੌਰਾਨ ਗੁਰਦਿਆਂ ਦੀਆਂ ਬਿਮਾਰੀਆਂ ਨਾਲ ਸੰਬੰਧਿਤ 5 ਟੈਸਟ ਅਤੇ ਇੱਕ ਸ਼ੂਗਰ ਜਾਂਚ ਦਾ ਟੈਸਟ ਮੁਫਤ ਕੀਤਾ ਗਿਆ। ਉਹਨਾਂ ਕਿਹਾ ਕਿ ਲੈਬੋਰੇਟਰੀ ਵਿਖੇ ਟੈਸਟਿੰਗ ਲਈ ਆਉਣ ਵਾਲੇ ਮਰੀਜ਼ਾਂ ਲਈ ਸੁਸਾਇਟੀ ਵੱਲੋਂ ਪੀਣ ਵਾਲੇ ਪਾਣੀ ਅਤੇ ਮਰੀਜਾ ਦੇ ਬੈਠਣ ਦੀ ਵੀ ਖਾਸ ਵਿਵਸਥਾ ਕੀਤੀ ਗਈ ਹੈ। ਉਹਨਾਂ ਕਿਹਾ ਕਿ ਸਾਡੀ ਸੰਸਥਾਂ ਭਵਿੱਖ ਵਿੱਚ ਵੀ ਆਪਣੇ ਸਮਾਜ ਸੇਵੀ ਕੰਮਾਂ ਨੂੰ ਜਾਰੀ ਰੱਖਦਿਆਂ ਇਸਦੇ ਦਾਇਰੇ ਨੂੰ ਹੋਰ ਵੱਡਾ ਕਰੇਗੀ ਅਤੇ ਵੱਧ ਤੋਂ ਵੱਧ ਲੋਕਾਂ ਦੀ ਮਦਦ ਕਰਨ ਲਈ ਯਤਨਸ਼ੀਲ ਹੋਵੇਗੀ। ਜ਼ਿਕਰਯੋਗ ਗੱਲ ਹੈ ਕਿ ਅੱਜ ਕੈਂਪ ਦੌਰਾਨ 100 ਤੋਂ ਵੱਧ ਮਰੀਜ਼ਾਂ ਦੇ ਟੈਸਟ ਕੀਤੇ ਗਏ।ਇਸ ਦੌਰਾਨ ਗੋਬਿੰਦ ਛਾਬੜਾ, ਬਹਾਦਰ ਫੌਜੀ, ਕਰਨ ਸਚਦੇਵਾ, ਜਸਵੀਰ, ਡਾ. ਜਤਿੰਦਰਪਾਲ ਸਿੰਘ ਬਾਠ, ਕਾਦਰ ਖਾਨ, ਮੇਜਰ ਸਿੰਘ, ਸੋਨੂੰ ਕਲੋਦੀ, ਅਰਵਿੰਦ ਕੁਮਾਰ, ਅਵਤਾਰ ਸਿੰਘ, ਅਮਰੀਕ ਸਿੰਘ, ਜਸਮੇਲ ਸਿੰਘ ਸਰਪੰਚ, ਬਿੱਟੂ, ਲੱਖੀ ਸਿੰਘ, ਬਸੰਤ ਸਿੰਘ, ਵਰਿੰਦਰ ਬਜਾਜ, ਕਰਮਜੀਤ ਕੌਰ, ਬੱਬੂ ਭਿੰਡਰ, ਮਨਦੀਪ ਸਿੰਘ, ਸ਼ੇਰ ਸਿੰਘ, ਗੁਰਦਾਸ ਸਿੰਘ, ਮਨਪ੍ਰੀਤ ਸਿੰਘ ਆਦਿ ਮੌਕੇ ਤੇ ਮੌਜੂਦ ਸਨ।



# ਪਿੰਡ ਸ਼ਾਦੀਹਰੀ ਵਿੱਚ ਹੋਈਆਂ ਦੋ ਚੋਰੀਆਂ



ਕੌਹਰੀਆਂ, 29 ਜੂਨ (ਅਵਤਾਰ ਸਿੰਘ ਜਟਾਣਾ )ਇਲਾਕੇ ਵਿੱਚ ਪਹਿਲਾਂ ਵੀ ਕਾਫੀ ਸਾਰੀਆਂ ਚੋਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।ਕਿਸਾਨਾਂ ਦੇ ਖੇਤਾਂ ਵਿੱਚੋਂ ਅਕਸਰ ਕੇਵਲਾਂ ਅਤੇ ਟਰਾਂਸਫਾਰਮ ਚੋਰੀ ਦੀਆਂ ਘਟਨਾਵਾਂ ਨਿੱਤ ਸਾਹਮਣੇ ਆਉਂਦੀਆਂ ਹਨ। ਪਰ ਹੁਣ ਚੋਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਉਹਨਾਂ ਨੇ ਘਰਾਂ ਤੱਕ ਨੂੰ ਨਿਸ਼ਾਨਾ ਬਣਾ ਲਿਆ ਹੈ। ਇੱਕੋ ਰਾਤ ਵਿੱਚ ਲੱਖਾਂ ਰੁਪਏ ਦੀ ਚੋਰੀ ਹੋਣ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ। ਇਸੇ ਤਰ੍ਹਾਂ ਬੀਤੀ ਰਾਤ ਪਿੰਡ ਸ਼ਾਦੀਹਰੀ ਦੇ ਦੋ ਘਰਾਂ ਵਿੱਚ ਚੋਰੀ ਦੀਆਂ ਘਟਨਾਵਾਂ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਜੱਗਾ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਤਰਸੇਮ ਸਿੰਘ ਪੁੱਤਰ ਸ਼ੇਰ ਸਿੰਘ ਦੇ ਘਰ ਚਾਰ ਤੋਂ ਪੰਜ ਤੋਲੇ ਸੋਨਾ ਅਤੇ ਕਰੀਬ 10 ਹਜਾਰ ਦੇ ਕਰੀਬ ਨਗਦੀ ਚੋਰੀ ਕੀਤੀ ਗਈ ਅਤੇ ਭਗਵਾਨ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਦੇ ਘਰ 8-10 ਤੋਲੇ ਸੋਨਾ ਅਤੇ ਕਰੀਬ 50 ਹਜਾਰ ਰੁਪਿਆ ਨਕਦੀ ਚੋਰੀ ਹੋ ਗਿਆ ਹੈ।ਇਸ ਸਬੰਧੀ ਜਦੋਂ ਤਰਸੇਮ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਅਸੀਂ ਪਰਿਵਾਰ ਸਮੇਤ ਘਰ ਦੇ ਦੂਸਰੇ ਕਮਰੇ ਵਿੱਚ ਸੁੱਤੇ ਪਏ ਸੀ ਤਾਂ ਚੋਰਾਂ ਨੇ ਸਾਡੇ ਦੂਸਰੇ ਕਮਰੇ ਦਾ ਦਰਵਾਜ਼ਾ ਤੋੜ ਕੇ ਪੇਟੀ ਵਿੱਚ ਪਿਆ ਕਰੀਬ 5 ਤੋਲੇ ਸੋਨਾ ਅਤੇ ਕਰੀਬ 10 ਹਜਾਰ ਨਗਦੀ ਚੋਰੀ ਕਰ ਲਿਆ ਹੈ। ਉਹਨਾਂ ਦੱਸਿਆ ਕਿ ਅਸੀਂ ਨਾਲ ਦੇ ਕਮਰੇ ਵਿੱਚ ਸੁੱਤੇ ਪਏ ਹੋਣ ਦੇ ਬਾਵਜੂਦ ਵੀ ਚੋਰਾਂ ਦੀ ਕੋਈ ਭਿਣਖ ਨਹੀਂ ਲੱਗੀ। ਜਦੋਂ ਸਵੇਰੇ ਉੱਠੇ ਤਾਂ ਨਾਲ ਦੇ ਕਮਰੇ ਵਿੱਚ ਖਿਲਰਿਆ ਸਮਾਨ ਦੇਖਿਆ ਤਾਂ ਚੋਰੀ ਦਾ ਪਤਾ ਲੱਗਿਆ। ਅਸੀਂ ਤੁਰੰਤ ਪੰਚਾਇਤ ਅਤੇ ਪੁਲਿਸ ਪ੍ਰਸ਼ਾਸਨ ਨੂੰ ਸੂਚਿਤ ਕੀਤਾ। ਇਸੇ ਤਰ੍ਹਾਂ ਭਗਵਾਨ ਸਿੰਘ ਦੇ ਪਰਿਵਾਰ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਸਾਡੇ ਘਰ ਵਿੱਚ ਵੀ ਕਰੀਬ 10 ਤੋਲੇ ਸੋਨਾ ਅਤੇ ਕਰੀਬ 50 ਹਜਾਰ ਰੁਪਏ ਨਗਦੀ ਚੋਰੀ ਹੋ ਗਈ ਹੈ। ਉਹਨਾਂ ਦੱਸਿਆ ਕਿ ਅਸੀਂ ਵੀ ਨਾਲ ਦੇ ਕਮਰੇ ਵਿੱਚ ਸੁੱਤੇ ਪਏ ਸੀ ਅਤੇ ਚੋਰਾਂ ਨੇ ਦੂਸਰੇ ਕਮਰੇ ਵਿੱਚੋਂ ਪੇਟੀ ਤੋੜ ਕੇ ਸੋਨਾ ਤੇ ਨਗਦੀ ਚੋਰੀ ਕਰ ਲਈ। ਜਦੋਂ ਸਵੇਰੇ ਉੱਠੇ ਤਾਂ ਪਤਾ ਚੱਲਿਆ ਕਿ ਘਰ ਵਿੱਚ ਵੱਡੀ ਚੋਰੀ ਹੋ ਗਈ ਹੈ। ਇਸ ਮੌਕੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਦੱਸਿਆ ਕਿ ਚੋਰਾਂ ਦੇ ਹੌਸਲੇ ਬਹੁਤ ਵੱਧ ਚੁੱਕੇ ਹਨ। ਪਹਿਲਾਂ ਸਿਰਫ ਖੇਤਾਂ ਤੱਕ ਚੋਰੀਆਂ ਸੀਮਤ ਸਨ। ਹੁਣ ਸਾਡੇ ਘਰਾਂ ਤੱਕ ਆ ਵੜੇ ਹਨ। ਉਹਨਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰਾਂ ਦੀ ਪੈੜ ਨੱਪ ਕੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਲੋਕਾਂ ਨੇ ਪੁਲਿਸ ਪ੍ਰਸ਼ਾਸਨ ਦੀ ਸੁਸਤ ਚਾਲ ਤੇ ਸਵਾਲ ਖੜੇ ਕੀਤੇ।

### ਪੁਲਿਸ ਨੇ ਆਮ ਲੋਕਾਂ ਨੂੰ ਰੱਬ ਆਸਰੇ ਛੱਡਿਆ - ਹਰੀਗੜ੍ਹ

-ਇਸ ਸਬੰਧੀ ਗੱਲਬਾਤ ਕਰਦਿਆਂ ਕਿਸਾਨ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਇਲਾਕੇ ਵਿੱਚ ਪੁਲਿਸ ਦੀ ਮਾੜੀ ਕਾਰਗੁਜ਼ਾਰੀ ਕਾਰਨ ਚੋਰਾਂ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ। ਪੁਲਿਸ ਸਿਰਫ ਵੀਆਈਪੀ ਲੋਕਾਂ ਦੀ ਹਿਫਾਜ਼ਤ ਕਰਨ ਦੇ ਵਿੱਚ ਜੁਟੀ ਹੋਈ ਹੈ। ਜਿਸ ਕਾਰਨ ਆਮ ਲੋਕ ਰੱਬ ਆਸਰੇ ਛੱਡ ਦਿੱਤੇ ਹਨ। ਉਹਨਾਂ ਕਿਹਾ ਕਿ ਪਿੰਡਾਂ ਵਿੱਚ ਰਾਤ ਸਮੇਂ ਪੁਲਿਸ ਦੀ ਗਸ਼ਤ ਨਾ ਮਾਤਰ ਹੋਣ ਕਾਰਨ ਚਿੱਟੇ ਵਾਲੇ ਨਸ਼ੇੜੀ ਅਤੇ ਚੋਰ ਆਮ ਘੁੰਮ ਰਹੇ ਹਨ। ਪੁਲਿਸ ਪ੍ਰਸ਼ਾਸਨ ਭਾਵੇਂ ਕਿ ਦਾਅਵੇ ਕਰ ਰਿਹਾ ਹੈ ਕਿ ਨਸ਼ਾ ਬਿੱਲਕੁਲ ਖਤਮ ਕਰ ਦਿੱਤਾ ਗਿਆ ਹੈ। ਪਰ ਫਿਰ ਵੀ ਨਸ਼ੇੜੀ ਸ਼ਰੇਆਮ ਘੁੰਮ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਲੋਕਾਂ ਦੇ ਘਰਾਂ ਅਤੇ ਖੇਤਾਂ ਵਿੱਚ ਚੋਰੀਆਂ ਹੋਣੀਆਂ ਸੁਭਾਵਿਕ ਹਨ। ਇਸ ਸਬੰਧੀ ਜਦੋਂ ਅਮਰੀਕ ਸਿੰਘ ਥਾਣਾ ਮੁਖੀ ਦਿੜਬਾ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਫਿਲਹਾਲ ਚੋਰੀ ਦੇ ਨੁਕਸਾਨ ਦਾ ਪੂਰਾ ਪਤਾ ਨਹੀਂ ਚੱਲਿਆ ਪਰ ਫਿਰ ਵੀ ਪੁਲਸ ਟੀਮ ਨੇੜਲੇ ਕੈਮਰਿਆਂ ਦੀ ਜਾਂਚ ਕਰ ਰਹੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਆਈਐੱਮਏ ਦੀ ਪਹਿਲ : ਡਾਕਟਰ ਦਿਵਸ 'ਤੇ ਬਠਿੰਡਾ ਦੇ 32 ਹਸਪਤਾਲਾਂ ਦੇ ਡਾਕਟਰ ਮਰੀਜ਼ਾਂ ਦਾ ਮੁਫ਼ਤ ਕਰਨਗੇ ਇਲਾਜ

ਬਠਿੰਡਾ, 29 ਜੂਨ( ਦੀਪਕ ਸ਼ਰਮਾ)ਇੰਡੀਅਨ ਮੈਡੀਕਲ ਐਸੋਸੀਏਸ਼ਨ ਬਠਿੰਡਾ ਵੱਲੋਂ ਪਹਿਲੀ ਵਾਰ ਇਕ ਅਨੋਖੀ ਪਹਿਲ ਕਰਦਿਆਂ ਇਕ ਜੁਲਾਈ ਨੂੰ ਡਾਕਟਰ ਦਿਵਸ਼ 'ਤੇ ਬਠਿੰਡਾ ਦੇ 32 ਹਸਪਤਾਲਾਂ 'ਚ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਇਕ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦਾ ਮੁਫ਼ਤ ਚੈੱਕਅਪ ਕੀਤਾ ਜਾਵੇਗਾ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਤੇ ਡੀਡੀ ਬੋਨ ਐਂਡ ਜੁਆਇੰਟ ਹਸਪਤਾਲ ਦੇ ਮਾਲਕ ਡਾ. ਦੀਪਕ ਬਾਂਸਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਕ ਜੁਲਾਈ ਨੂੰ ਡਾਕਟਰ ਦਿਵਸ 'ਤੇ ਬਠਿੰਡਾ ਦੇ 32 ਹਸਪਤਾਲਾਂ ਦੇ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦਾ ਮੁਫ਼ਤ ਚੈੱਕਅਪ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ, ਇਸ ਨਾਲ ਜ਼ਰੂਰਤਮੰਦ ਮਰੀਜ਼ਾਂ ਨੂੰ ਬਹੁਤ ਫਾਇਦਾ ਮਿਲੇਗਾ। ਉਨ੍ਹਾਂ ਦੱਸਿਆ ਕਿ ਸਮਾਜ 'ਚ ਨਿੱਜੀ ਹਸਪਤਾਲਾਂ ਦੇ ਡਾਕਟਰਾਂ ਨੂੰ ਕੁੱਝ ਲੋਕਾਂ ਵੱਲੋਂ ਪੈਸੈ ਪੱਖੋ ਲਾਲਚੀ ਮੰਨਿਆ ਜਾਂਦਾ ਹੈ, ਪ੍ਰੰਤੂ ਹਕੀਕਤ 'ਚ ਇਸ ਤਰ੍ਹਾਂ ਨਹੀਂ ਹੁੰਦਾ। ਇਸ ਵਾਰ ਉਨ੍ਹਾਂ ਡਾਕਟਰ ਦਿਵਸ 'ਤੇ ਮਰੀਜ਼ਾਂ ਨੂੰ ਰਾਹਤ ਦੇਣ ਲਈ ਕੁੱਝ ਵੱਖਰਾ ਕਰਨ ਦਾ ਸੋਚ ਕੇ ਇਸ ਧਾਰਨਾ ਨੂੰ ਤੋੜਨ ਦਾ ਯਤਨ ਕੀਤਾ ਗਿਆ ਹੈ, ਇਸ ਲਈ ਉਨ੍ਹਾਂ ਵੱਲੋਂ ਆਪਣੇ ਕਲੀਨਿਕਾਂ 'ਚ ਮਰੀਜ਼ਾਂ ਨੂੰ ਮੁਫ਼ਤ ਸਲਾਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਆਈਐੱਮਏ ਜਿਆਦਾਤਰ ਡਾਕਟਰ ਮੈਂਬਰ ਆਪਣੇ ਰੁਝੇਵਿਆਂ ਕਾਰਨ ਕਿਸੇ ਵੀ ਬਾਹਰੀ ਕੈਂਪ 'ਚ ਸ਼ਾਮਲ ਨਹੀਂ ਹੋ ਸਕਦੇ ਸਨ, ਇਸ ਲਈ ਉਨ੍ਹਾਂ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ ਆਪਣੇ ਨਿੱਜੀ ਹਸਪਤਾਲਾਂ 'ਚ ਹੀ ਮਰੀਜ਼ਾਂ ਨੂੰ ਇਹ ਸਹੂਲਤ ਪ੍ਰਦਾਨ ਕਰਨਗੇ। ਇਸ ਪਹਿਲ ਨੂੰ 'ਆਈਐੱਮਏ 2025 ਡਾਕਟਰ ਦਿਵਸ ਸੈਲੀਬ੍ਰੇਸ਼ਨ ਵਿਦ ਪੇਟੈਂਟ' ਦਾ ਨਾਮ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਪਹਿਲ ਨਾ ਸਿਰਫ਼ ਡਾਕਟਰਾਂ ਅਤੇ ਮਰੀਜ਼ਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰੇਗੀ, ਸਗੋਂ ਸਮਾਜ 'ਚ ਪ੍ਰਾਈਵੇਟ ਪ੍ਰੈਕਟੀਸ਼ਨਰਾਂ ਦੀ ਇਕ ਸਕਾਰਾਤਮਕ ਤਸਵੀਰ ਬਣਾਉਣ 'ਚ ਵੀ ਮਦਦ ਕਰੇਗੀ। ਆਈਐੱਮਏ ਬਠਿੰਡਾ ਦਾ ਇਹ ਕਦਮ ਆਮ ਲੋਕਾਂ ਦਾ ਮੈਡੀਕਲ ਭਾਈਚਾਰੇ ਪ੍ਰਤੀ ਵਿਸ਼ਵਾਸ ਵਧਾਉਣ 'ਚ ਜ਼ਰੂਰ ਮਦਦਗਾਰ ਸਾਬਤ ਹੋਵੇਗੀ।

# ਬਰਿੰਦਰ ਕੁਮਾਰ ਗੋਇਲ ਨੇ ਖੇਤਾਂ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਲਈ ਅੰਡਰ ਗਰਾਊਂਡ ਪਾਇਪ ਲਾਈਨ ਦਾ ਪਿੰਡ ਭੁੱਲਣ ਵਿੱਚ ਰੱਖਿਆ ਨੀਂਹ ਪੱਥਰ



ਖਨੌਰੀ 29 ਜੂਨ (ਓਮਪ੍ਰਕਾਸ਼ ਮੁਆਲ) ਨਜ਼ਦੀਕੀ ਪਿੰਡ ਭੁੱਲਣ ਵਿੱਚ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਖੇਤਾਂ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਲਈ ਅੰਡਰ ਗਰਾਊਂਡ ਪਾਇਪ ਲਾਈਨ ਦਾ ਨੀਂਹ ਪੱਥਰ ਰੱਖਿਆ । ਇਸ ਮੌਕੇ ਪਿੰਡ ਭੁੱਲਣ ਪਹੁੰਚਣ ਤੇ ਚੇਅਰਮੈਨ ਜੋਗੀ ਰਾਮ ਭੁੱਲਣ, ਆਪ ਪਾਰਟੀ ਆਗੂ ਤੇਜਵੀਰ ਸਿੰਘ ਠਸਕਾ, ਸਰਪੰਚ ਸੂਰਜੀ ਦੇਵੀ ਭੁੱਲਣ, ਸਮਾਜ ਸੇਵਕ ਮਨਫੂਲ ਸਿੰਘ ਫੌਜ਼ੀ ਭੁੱਲਣ , ਸਰਪੰਚ ਕਰਮਜੀਤ ਕੌਰ ਠਸਕਾ, ਸਰਪੰਚ ਸੰਦੀਪ ਕੌਰ ਮਹਾਂਸਿੰਘ ਵਾਲਾ, ਸਰਪੰਚ ਗੋਰਾ ਸਿੰਘ ਰਾਮਗੜ੍ਹ ਗੁਜ਼ਰਾਂ, ਸਾਬਕਾ ਸਰਪੰਚ ਸੁਰਿੰਦਰ ਸਿੰਘ ਰਾਮਗੜ੍ਹ ਗੁਜਰਾ, ਮਾਸਟਰ ਜੀਤ ਸਿੰਘ ਭੁੱਲਣ, ਪੰਚ ਜੋਗਿੰਦਰ ਸਿੰਘ ਫੌਜੀ ਭੁੱਲਣ , ਡਾ. ਗੁਰਜੰਟ ਸਿੰਘ ਮਹਾਂਸਿੰਘ ਵਾਲਾ, ਡਾ. ਸੁੱਖਵੀਰ ਸਿੰਘ ਠਸਕਾ ਆਦਿ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ, ਸ੍ਰ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠਾਂ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਕਾਰਜਾਂ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਲਹਿਰਾ ਵਿਖੇ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ। ਉਨ੍ਹਾਂ ਕਿਹਾ ਕਿ ਪਿੰਡ ਭੁੱਲਣ ਮਾਈਨਰ ਦੀ ਮੋਘਾ ਬੂਰਜੀ ਨੰ: 16060/ ਖੱਬਾ ਤੋਂ ਅੰਡਰ ਗਰਾਊਂਡ ਪਾਇਪ ਲਾਈਨ 58.93 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਖੇਤਾਂ ਲਈ ਜ਼ਰੂਰੀ ਹੈ ਕਿਉਂਕਿ ਇਸ ਨਾਲ ਜ਼ਮੀਨ ਦੀ ਤਾਕਤ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਟੈਲਾਂ ਤੱਕ ਪਹਿਰੀ ਉਨ੍ਹਾਂ ਕਿਹਾ ਕਿ ਹਲਕੇ ਵਿੱਚ ਸਭ ਤੋਂ ਵੱਧ ਵਿਕਾਸ ਕਾਰਜ ਪਿੰਡ ਭੁੱਲਣ ਵਿੱਚ ਹੋਏ ਹਨ , ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਨੇਪਰੇ ਚਾੜ੍ਹਿਆ ਜਾਵੇਗਾ। ਜਿਨ੍ਹਾਂ ਵਿੱਚ ਪੀਣ ਲਈ ਸ਼ੁੱਧ ਪਾਣੀ ਅਤੇ ਗੰਦੇ ਪਾਣੀ ਦਾ ਨਿਕਾਸ ਹੋਣਾਂ ਮੁੱਖ ਦੋ ਮੰਗਾਂ ਹਨ। ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ,ਐਕਸੀਅਨ ਗੁਨਦੀਪ ਸਿੰਘ ਧਾਲੀਵਾਲ, ਐਸ.ਡੀ.ਓ. ਕੁਮਾਰ ਧਵਨ, ਜੇਈ ਗੁਰਿੰਦਰ ਸਿੰਘ, ਪੰਚ ਰਾਜੀਵ ਕੁਮਾਰ ,ਪੰਚ ਗਿਆਨ ਸਿੰਘ , ਸਤਪਾਲ ਸਿੰਘ , ਪੰਚ ਚਾਂਦੀ ਰਾਮ ਭੁੱਲਣ, ਪੰਚ ਹਾਕਮ ਸਿੰਘ, ਕਰਮਤੇਜ ਸਿੰਘ ਮਹਾਂਸਿੰਘ ਵਾਲਾ ਤੋਂ ਇਲਾਵਾ ਇਲਾਕੇ ਵਿੱਚੋਂ ਆਮ ਆਦਮੀ ਪਾਰਟੀ ਦੇ ਵੱਖੋ ਵੱਖ ਅਹੁਦੇਦਾਰ, ਪੰਚ, ਸਰਪੰਚ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਖੇਤੀਬਾੜੀ ਮੰਤਰੀ ਦੇ ਹੁਕਮਾਂ ਤਹਿਤ ਉੱਡਣ ਦਸਤੇ ਵੱਲੋਂ ਡੀਲਰਾਂ ਦੀ ਅਚਨਚੇਤ ਚੈਕਿੰਗ



ਸ੍ਰੀ ਮੁਕਤਸਰ ਸਾਹਿਬ, 29 ਜੂਨ ( ਐਚ ਐਸ ਕਪੂਰ,)ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਦੇ ਹੁਕਮਾਂ ਦੀ ਪਾਲਣਾ ਤਹਿਤ ਡਾਇਰੈਕਟਰ ਖੇਤੀਬਾੜੀ ਵਿਭਾਗ ਸ. ਜਸਵੰਤ ਸਿੰਘ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਉੱਡਣ ਦਸਤੇ ਟੀਮਾਂ ਵੱਲੋਂ ਅਚਾਨਕ ਜ਼ਿਲ੍ਹੇ ਦੇ ਖਾਦ ਅਤੇ ਦਵਾਈਆਂ ਦੇ ਵਿਕਰੇਤਾਵਾਂ ਦੀ ਚੈਕਿੰਗ ਕੀਤੀ ਅਤੇ ਸ਼ੱਕੀ ਖੇਤੀ ਵਸਤਾਂ ਦੇ ਚਾਰ ਸੈਂਪਲ ਵੀ ਭਰੇ। ਇਸ ਦੌਰਾਨ ਮੰਡੀ ਲੱਖੇਵਾਲੀ, ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ ਚ ਚੈਕਿੰਗ ਕਰਦਿਆਂ ਪਤਾ ਲੱਗਾ ਕਿ ਡੀਲਰਾਂ ਵੱਲੋਂ ਨਿਯਮਾਂ ਅਨੁਸਾਰ ਕਾਰੋਬਾਰ ਕਰਨ ਵਿੱਚ ਕਾਫੀ ਕੁਤਾਹੀ ਕੀਤੀ ਜਾ ਰਹੀ ਸੀ।ਟੀਮ ਚ ਹਾਜ਼ਰ ਮੁੱਖ ਖੇਤੀਬਾੜੀ ਅਫਸਰ ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਗਿੱਲ, ਡਾ. ਜਸ਼ਨਪ੍ਰੀਤ ਸਿੰਘ ਬਰਾੜ, ਡਾ. ਸੁਖਜਿੰਦਰ ਸਿੰਘ ਅਤੇ ਸਹਾਇਕ ਸਟਾਫ ਦੀ ਹਾਜ਼ਰੀ ਚ ਦੱਸਿਆ ਪੰਜਾਬ ਸਰਕਾਰ ਕਿਸਾਨਾਂ ਤੱਕ ਗੁਣਵੱਤਾ ਭਰਪੂਰ ਸਮੇਂ ਸਿਰ ਅਤੇ ਸਹੀ ਕੀਮਤ ਤੇ ਖੇਤੀ ਵਸਤਾਂ ਸਪਲਾਈ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਡਾ. ਗਿੱਲ ਨੇ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹਨਾਂ ਨੇ ਜੇਕਰ ਅਜੇ ਵੀ ਕਿਸੇ ਕਿਸਮ ਦੀ ਅਣਗਹਿਲੀ ਜਾਂ ਕਿਸਾਨਾਂ ਨੂੰ ਪਰੇਸ਼ਾਨੀ ਦਿੱਤੀ ਤਾਂ ਉਹਨਾਂ ਖਿਲਾਫ ਤੁਰੰਤ ਢੁਕਵੀਂ ਕਾਰਵਾਈ ਕੀਤੀ ਜਾਵੇਗੀ।ਉਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਵਜ੍ਹਾ ਖਾਦਾਂ ਅਤੇ ਦਵਾਈਆਂ ਦਾ ਇਸਤੇਮਾਲ ਕਰਕੇ ਆਪਣੇ ਖੇਤੀ ਖਰਚੇ ਨਾ ਵਧਾਉਣ ਸਗੋਂ, ਖੇਤੀ ਮਾਹਿਰਾਂ ਦੀ ਸਲਾਹ ਨਾਲ ਹੀ ਖਾਦਾਂ, ਦਵਾਈਆਂ ਦੀ ਵਰਤੋਂ ਕਰਨ।ਕਿਸੇ ਕਿਸਮ ਦੀ ਸਲਾਹ ਲਈ ਕਿਸਾਨ ਹੈਲਪ ਡੈਸਕ ਨੰਬਰ 98781-66287 ਤੇ ਸੰਪਰਕ ਕਰਨ

# ਬਸਪਾ ਦੀ ਸੰਗਠਨ ਸਮੀਖਿਆ ਮੀਟਿੰਗ 5 ਜੁਲਾਈ ਨੂੰ ਬੇਗਮਪੁਰਾ ਧਾਮ ਖਨੌਰੀ ਵਿੱਚ -ਇੰਜੀ ਅਮਨ ਬੋਧ

ਖਨੌਰੀ 29 ਜੂਨ (ਓਮਪ੍ਰਕਾਸ਼ ਮੁਆਲ) ਬਸਪਾ ਪੰਜਾਬ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਵਲੋਂ ਚਲਾਈ ਜਾ ਰਹੀ ਪੰਜਾਬ ਸੰਭਾਲੋ ਮੁਹਿੰਮ ਨੂੰ ਹਲਕੇ ਅੰਦਰ ਹੋਰ ਤੇਜ ਕਰਨ ਲਈ ਬਸਪਾ ਵਿਧਾਨ ਸਭਾ ਲਹਿਰਾ ਦੇ ਸੰਗਠਨ ਦੀ ਸਮੀਖਿਆ ਮੀਟਿੰਗ 5 ਜੁਲਾਈ ਨੂੰ ਸਵੇਰੇ 10 ਵਜੇ ਬੇਗਮਪੁਰਾ ਧਾਮ ਖਨੌਰੀ ਵਿੱਖੇ ਰੱਖੀ ਗਈ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਕੋਆਰਡੀਨੇਟਰ ਅਤੇ ਹਲਕਾ ਇੰਚਾਰਜ ਇੰਜੀ. ਅਮਨ ਬੋਧ ਨੇ ਦੱਸਿਆ ਕੇ ਇਸ ਮੀਟਿੰਗ ਚ ਸੰਗਠਨ ਨੂੰ ਮਜ਼ਬੂਤ ਕਰਨ ਸੰਬੰਧੀ ਸਮੀਖਿਆ ਕਰਨ ਮੁੱਖ ਤੌਰ ਤੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਸ. ਚਮਕੌਰ ਸਿੰਘ ਵੀਰ ਅਤੇ ਸੰਗਰੂਰ ਜਿਲ੍ਹੇ ਦੇ ਪ੍ਰਧਾਨ ਸ. ਸਤਿਗੁਰੂ ਸਿੰਘ ਕੋਹਰੀਆਂ ਦੇ ਨਾਲ ਜਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਪਹੁੰਚ ਰਹੀ ਹੈ । ਉਨ੍ਹਾਂ ਨਾਂ ਦੱਸਿਆ ਕਿ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਹ ਪ੍ਰਤੀਸ਼ਤ ਨੌਜਵਾਨਾਂ ਨੂੰ ਸੰਗਠਨ ਵਿੱਚ ਹਿੱਸੇਦਾਰੀ ਦਿੱਤੀ ਜਾ ਰਹੀ ਹੈ । ਬਸਪਾ ਦਿਨੋ ਦਿਨ ਹਲਕੇ ਅੰਦਰ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਚ ਲੱਗੀ ਹੋਈ ਹੈ। ਜਿਸਦਾ ਹੀ ਸਿੱਟਾ ਸੀ ਕਿ ਪਿੱਛਲੀ 22 ਜੂਨ ਨੂੰ ਹਜਾਰਾਂ ਦੀ ਗਿਣਤੀ ਚ ਬਸਪਾ ਵਰਕਰਾਂ ਹਲਕਾ ਲਹਿਰਾ ਤੋਂ ਸੰਗਰੂਰ ਰੈਲੀ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਹਲਕਾ ਲਹਿਰਾ ਦੇ ਪ੍ਰਧਾਨ ਡਾ. ਰਾਜਕੁਮਾਰ ਜੱਸਲ ਨੇਦੱਸਿਆ ਕਿ ਹਲਕੇ ਦੀ ਟੀਮ, ਸੈਕਟਰ ਅਤੇ ਬੂੱਥ ਪੱਧਰ ਦੇ ਆਹੁੱਦੇਦਾਰ ਪਹੁੰਚ ਰਹੇ ਹਨ । ਉਨ੍ਹਾਂ ਨੇ ਵੱਧ ਚੜ ਕੇ ਬਸਪਾ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨੂੰ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ । ਇਸ ਸਮੇ ਉਨ੍ਹਾਂ ਨਾਲ ਹਲਕਾ ਜਨਰਲ ਸਕੱਤਰ ਸੰਭੂ ਰੰਗਾ, ਸ਼ਹਿਰੀ ਪ੍ਰਧਾਨ ਖਨੌਰੀ ਗੁਲਾਬ ਛਾਛੀਆ, ਕੁਲਦੀਪ ਨਿੰਬੜੀਆ, ਕਰਮਜੀਤ, ਵਿਕਾਸ ਸਿੰਹਮਾਰ, ਗੁਰਪ੍ਰੀਤ ਕੰਬੋਜ, ਮਨਪ੍ਰੀਤ ਠਸਕਾ, ਪ੍ਰਵੀਨ ਬਨਾਰਸੀ, ਜਸਵੰਤ ਚੋਹਾਨ, ਰਾਜੇਸ਼, ਅਮਰੀਕ ਮੰਡਵੀਂ ਆਦਿ ਆਗੂ ਹਾਜਰ ਸਨ।



## ਪਟਿਆਲਾ-ਆਸ/ਪਾਸ



# ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਤੋਂ ਸਜਾਇਆ ਨਗਰ ਕੀਰਤਨ

☛ਗਤਕਾ ਪਾਰਟੀਆਂ ਨੇ ਵਿਖਾਏ ਜੌਹਰ, ਸ਼੍ਰੋਮਣੀ ਕਮੇਟੀ ਮੈਂਬਰਾਂ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

☛ਗੁਰੂ ਸਾਹਿਬ ਦੀ ਧਰਮ ਪ੍ਰਚਾਰ ਪਸਾਰ ਲਹਿਰ ਦਾ ਹਿੱਸਾ ਬਣੇ ਸੰਗਤ: ਜਥੇਦਾਰ ਸੁਰਜੀਤ ਸਿੰਘ ਗੜ੍ਹੀ





ਬਹਾਦਰਗੜ੍ਹ/ਪਟਿਆਲਾ, 29 ਜੂਨ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਮੌਕੇ ਗੁਰੂ ਸਾਹਿਬ ਦੀ ਚਰਨਛੋਹ ਧਰਤੀ ਅਤੇ ਪਾਵਨ ਇਤਿਹਾਸਕ ਅਸਥਾਨ ਪਾਤਸ਼ਾਹ ਨੌਂਵੀਂ ਬਹਾਦਰਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ। ਇਸ ਮੌਕੇ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਨੂੰ ਅਦਬ ਅਤੇ ਸਤਿਕਾਰ ਨਾਲ ਫੁੱਲਾਂ ਨਾਲ ਸਜੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਦੌਰਾਨ ਹੋਰਨਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਨਗਰ ਕੀਰਤਨ ਦੌਰਾਨ ਫੁੱਲਾਂ ਨਾਲ ਸਜੀ ਪਾਲਕੀ ਜਿੱਥੇ ਖਿੱਚ ਦਾ ਕੇਂਦਰ ਬਣੀ ਹੋਈ ਸੀ, ਉੱਥੇ ਹੀ ਗਤਕਾ ਪਾਰਟੀਆਂ ਨੇ ਵੀ ਗਤਕੇ ਦੇ ਜੌਹਰ ਵਿਖਾਏ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ ਅਤੇ ਵਾਹਿਗੁਰੂ ਦੇ ਨਾਮ ਸਿਮਰਨ ਕਰਦਿਆਂ ਪਾਲਕੀ ਦੇ ਨਾਲ ਨਾਲ ਚੱਲਦਿਆਂ ਮਾਹੌਲ ਨੂੰ ਹੋਰ ਵੀ ਸੁਖਾਵਾਂ ਬਣਾ ਰਹੀਆਂ ਸਨ।

ਨਗਰ ਕੀਰਤਨ ਦੀ ਆਰੰਭਤਾ ਮੌਕੇ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਪੱਖ ਤੋਂ ਵੱਡੀ ਮਹੱਤਤਾ ਰੱਖਦਾ ਕਿਉਂਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਨੇ ਆਪਣੇ ਪਾਵਨ ਚਰਨ ਇਸ ਧਰਤੀ 'ਤੇ ਪਾ ਕੇ ਸੰਗਤਾਂ ਦਾ ਕਲਿਆਣ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ 350 ਸਾਲਾ ਸਹੀਦੀ ਦਿਹਾੜੇ ਨੂੰ ਸਮਰਪਿਤ ਵੱਡੇ ਪੱਧਰ 'ਤੇ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਮੋਤੀ ਬਾਗ਼ ਸਾਹਿਬ ਵਿਖੇ ਮਨਾਉਣ ਜਾ ਰਹੀ ਤਾਂ ਕਿ ਸਮੁੱਚੀ ਦੁਨੀਆ ਤੱਕ ਗੁਰੂ ਸਾਹਿਬ ਦਾ ਫ਼ਲਸਫ਼ੇ ਪਹੁੰਚਾਇਆ ਜਾ ਸਕੇ। ਜਥੇਦਾਰ ਗੜ੍ਹੀ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਚਲਾਈ ਧਰਮ ਦੀ ਪ੍ਰਚਾਰ ਪਸਾਰ ਲਹਿਰ ਦਾ ਹਿੱਸਾ ਬਣਨ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ ਨੇ ਵੀ ਸੰਗਤਾਂ ਨੂੰ ਗੁਰੂ ਸਾਹਿਬ ਦੇ ਆਗਮਨ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ, ਮੈਨੇਜਰ ਮਨਜੀਤ ਸਿੰਘ ਕੌਲੀ, ਮੈਨੇਜਰ ਭਾਗ ਸਿੰਘ ਚੌਹਾਨ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਸ. ਜਗਜੀਤ ਸਿੰਘ ਕੋਹਲੀ, ਹੈਡ ਗ੍ਰੰਥੀ ਭਾਈ ਹਰਵਿੰਦਰ ਸਿਘ, ਤਰਲੋਕ ਸਿੰਘ ਤੌਰਾ, ਬਲਵਿੰਦਰ ਸਿੰਘ ਦੌਣਕਲਾਂ, ਭੁਪਿੰਦਰ ਸਿੰਘ ਸ਼ੇਖੂਪੁਰ, ਕੁਲਦੀਪ ਸਿੰਘ ਹਰਪਾਲਪੁਰ, ਸੁਖਜੀਤ ਸਿੰਘ ਬਘੌਰਾ, ਸਾਬਕਾ ਹੈੱਡ ਗ੍ਰੰਥੀ ਭਾਈ ਸੁਖਦੇਵ ਸਿੰਘ, ਗੁਰਦੀਪ ਸਿੰਘ ਸ਼ੇਖੂਪੁਰ, ਪਲਵਿੰਦਰ ਸਿੰਘ ਰਿੰਕੂ, ਬਾਬਾ ਸੋਹਣ ਸਿੰਘ ਕਾਰ ਸੇਵਾ ਵਾਲੇ, ਪ੍ਰਚਾਰਕ ਜਸਵੀਰ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

## ਟਾਂਗਰੀ ਨਦੀ ਦੀ ਸਫ਼ਾਈ ਲਈ 16.72 ਕਰੋੜ ਜਾਰੀ: ਪਠਾਣਮਾਜਰਾ



ਦੇਵੀਗੜ੍ਹ, 29 ਜੂਨ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਯਤਨਾ ਸਦਕਾ ਪੰਜਾਬ ਸਰਕਾਰ ਵੱਲੋਂ ਦੇਵੀਗੜ੍ਹ ਇਲਾਕੇ ਦੇ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਟਾਂਗਰੀ ਨਦੀ ਦੇ ਬੰਨ੍ਹਾਂ ਦੀ ਮੁਰੰਮਤ ਅਤੇ ਸਫਾਈ ਲਈ ਵੱਡਾ ਕਦਮ ਚੁੱਕਦਿਆਂ 16 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਹੈ। ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਟਾਂਗਰੀ ਨਦੀ ਮੋਰਨੀ ਹਿੱਲ ਤੋਂ ਸ਼ੁਰੂ ਹੋ ਕੇ ਹਰਿਆਣਾ ਰਾਹੀਂ ਪੰਜਾਬ ਵਿੱਚ ਦਾਖਲ ਹੁੰਦੀ ਹੈ, ਹੁਣ ਪਟਿਆਲਾ ਜ਼ਿਲ੍ਹੇ ਵਿੱਚ 21.52 ਕਿਲੋਮੀਟਰ ਲੰਮੇ ਹਿੱਸੇ ਵਿੱਚ ਟਾਂਗਰੀ ਨਦੀ ਬਣਵਾਈ ਜਾ ਰਹੀ ਹੈ। ਇਸ ਦੌਰਾਨ 16 ਕਰੋੜ 72 ਲੱਖ ਦੇ ਪ੍ਰੋਜੈਕਟ ਰਾਹੀਂ ਨਦੀ ਦੇ ਸੱਜੇ ਅਤੇ ਖੱਬੇ ਬੰਨ੍ਹਾਂ ਦੀ ਮੁਰੰਮਤ ਮੈਂਟੀਨੈਂਸ ਅਤੇ ਰੀਸ਼ੈਂਪਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦਾ ਮਕਸਦ ਇਸ ਦੇ ਨੇੜਲੇ ਪਿੰਡਾਂ ਦੀ ਅਬਾਦੀ ਅਤੇ ਫਸਲਾਂ ਨੂੰ ਹੜ੍ਹ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਉਹ ਪਟਿਆਲਾ ਅਤੇ ਦੇਵੀਗੜ੍ਹ ਵਾਸੀਆਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਕੰਮ ਜਲਦੀ ਸ਼ੁਰੂ ਹੋ ਜਾਵੇਗਾ।

## 400 ਲੀਟਰ ਲਾਹਣ ਸਮੇਤ ਇੱਕ ਕਾਬੂ

ਸਮਾਣਾ, 29 ਜੂਨ (ਵਿਜੇ ਕੁਮਾਰ) : ਸਮਾਣਾ ਸਦਰ ਪੁਲਿਸ ਨੇ ਇੱਕ ਵਿਅਕਤੀ ਨੂੰ 400 ਲੀਟਰ ਲਾਹਣ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਕਰਮਜੀਤ ਸਿੰਘ ਪੁੱਤਰ ਭਜਨ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ਕਾਲੇਕੀ ਵਜੋਂ ਹੋਈ ਹੈ। ਸਦਰ ਪੁਲਿਸ ਮੁਖੀ ਅਜੇਪਾਲ ਪਰੋਚਾ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਏ.ਐੱਸ.ਆਈ. ਗੁਰਦੇਵ ਸਿੰਘ ਨੂੰ ਪੁਲਿਸ ਪਾਰਟੀ ਸਮੇਤ ਪਿੰਡ ਤਰਖਾਣਮਾਜਰਾ ਵਿੱਚ ਗਸ਼ਤ ਦੌਰਾਨ ਸੂਚਨਾ ਮਿਲੀ ਸੀ ਕਿ ਮੁਲਜ਼ਮ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ। ਇਸ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਦੇ ਘਰ ਛਾਪਾ ਮਾਰਿਆ ਅਤੇ ਤੂੜੀ ਵਾਲੇ ਕਮਰੇ ਵਿੱਚੋਂ ਨਾਜਾਇਜ਼ ਸ਼ਰਾਬ ਬਣਾਉਣ ਲਈ ਲੁਕਾ ਕੇ ਰੱਖੀ 400 ਲੀਟਰ ਲਾਹਣ ਬਰਾਮਦ ਕੀਤੀ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ, ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

## ਪੌਣੇ ਦੋ ਸਾਲ ਬਾਅਦ ਵੀ ਅਧੂਰਾ ਪੰਜਾਬੀ ਭਾਸ਼ਾ 'ਚ ਮਨਰੇਗਾ ਐਕਟ

ਨਾਭਾ, 29 ਜੂਨ (ਚੌਧਰੀਮਾਜਰਾ): ਪੰਚਾਇਤ ਵਿਭਾਗ ਵੱਲੋਂ ਆਰਟੀਆਈ ਰਾਹੀਂ ਪੰਜਾਬੀ ਭਾਸ਼ਾ ਵਿੱਚ ਮੰਗੇ ਮਨਰੇਗਾ ਐਕਟ ਦੀ ਕਾਪੀ ਉਪਲੱਬਧ ਕਰਾਉਣ 'ਚ ਨਾਕਾਮ ਰਹਿਣ 'ਤੇ ਸੂਚਨਾ ਕਮਿਸ਼ਨ ਅੱਗੇ 24 ਜੂਨ ਨੂੰ ਬਿਨੈਕਾਰ ਤੇ ਵਿਭਾਗ ਦੇ ਸੂਚਨਾ ਅਧਿਕਾਰੀ ਦੀ ਪਹਿਲੀ ਪੇਸ਼ੀ ਹੋਈ। ਬਿਨੈਕਾਰ ਦੀ ਪੌਣੇ ਦੋ ਸਾਲ ਦੀ ਮੁਸ਼ੱਕਤ ਮਗਰੋਂ ਵੀ ਅਧੂਰਾ ਐਕਟ ਹੀ ਮੁਹੱਈਆ ਕਰਵਾਇਆ ਗਿਆ। ਇਸ ਅਧੂਰੇ ਐਕਟ ਦੇ ਬਦਲੇ ਬਿਨੈਕਾਰ ਤੋਂ 104 ਰੁਪਏ ਭਰਵਾਏ ਗਏ ਅਤੇ ਵਾਰ-ਵਾਰ ਕਹਿਣ ਦੇ ਬਾਵਜੂਦ ਮੁਹੱਈਆ ਕੀਤੀ ਕਾਪੀ ਤਸਦੀਕ ਨਹੀਂ ਕਰ ਕੇ ਦਿੱਤੀ ਗਈ। ਬਿਨੈਕਾਰ ਗੁਰਮੀਤ ਸਿੰਘ ਥੂਹੀ ਨੇ ਦੱਸਿਆ ਕਿ ਅਕਤੂਬਰ 2023 ਵਿੱਚ ਉਸ ਨੇ ਆਰਟੀਆਈ ਰਾਹੀਂ ਪੰਜਾਬੀ ਵਿੱਚ ਮਨਰੇਗਾ ਐਕਟ ਦੀ ਮੰਗ ਕੀਤੀ ਸੀ। ਮਾਮਲਾ ਦੂਜੀ ਅਪੀਲ 'ਚ ਕਮਿਸ਼ਨ ਕੋਲ ਪਹੁੰਚਿਆ ਤਾਂ ਪਹਿਲੀ ਪੇਸ਼ੀ ਦੌਰਾਨ ਵਿਭਾਗ ਦੇ ਸੂਚਨਾ ਅਧਿਕਾਰੀ ਨੇ ਉਲਟਾ ਉਸ ਨੂੰ ਹੀ ਸੂਚਨਾ ਦੀ 104 ਰੁਪਏ ਫੀਸ ਜਮ੍ਹਾਂ ਨਾ ਕਰਾਉਣ ਦਾ ਦੋਸ਼ੀ ਕਰਾਰ ਦਿੱਤਾ। ਜਦੋਂ ਗੁਰਮੀਤ ਸਿੰਘ ਨੇ 104 ਰੁਪਏ ਦੀ ਮੰਗ ਕਰਨ ਵਾਲਾ ਪੱਤਰ ਭੇਜਣ ਦੀ ਡਾਕ ਰਸੀਦ ਜਾਂ ਕੋਈ ਫੋਨ ਰਾਹੀਂ ਇਤਲਾਹ ਕੀਤੇ ਜਾਣ ਦਾ ਵੇਰਵਾ ਮੰਗਿਆ ਤਾਂ ਕਮਿਸ਼ਨ ਨੇ ਉਨ੍ਹਾਂ ਨੂੰ ਉਸੇ ਸਮੇਂ ਫੀਸ ਜਮ੍ਹਾਂ ਕਰਵਾ ਕੇ ਐਕਟ ਦੀ ਕਾਪੀ ਦੇਣ ਲਈ ਕਿਹਾ। ਗੁਰਮੀਤ ਸਿੰਘ ਮੁਤਾਬਕ ਜਦੋਂ ਉਹ ਕਾਪੀ ਲੈਣ ਪੰਚਾਇਤ ਵਿਭਾਗ ਦੇ ਦਫ਼ਤਰ ਪਹੁੰਚਿਆ ਤਾਂ ਉਸ ਨੂੰ ਅਗਲੀ ਪੇਸ਼ੀ ਤੱਕ ਇੰਤਜ਼ਾਰ ਕਰਨ ਲਈ ਕਿਹਾ ਗਿਆ। ਦੁਬਾਰਾ ਸੂਚਨਾ ਕਮਿਸ਼ਨਰ ਨਾਲ ਫੋਨ 'ਤੇ ਗੱਲ ਕਰਵਾਉਣ ਉਪਰੰਤ ਹੀ ਉਸ ਕੋਲੋਂ ਦੁਬਾਰਾ 52 ਪੰਨਿਆਂ ਦੇ 2 ਰੁਪਏ ਦੇ ਹਿਸਾਬ ਨਾਲ ਫੀਸ ਭਰਵਾਈ ਗਈ। ਗੁਰਮੀਤ ਨੇ ਕਿਹਾ, 'ਜਦੋਂਕਿ ਆਰਟੀਆਈ ਮੁਤਾਬਕ ਨਕਦ ਫੀਸ ਵੀ ਲੈ ਸਕਦੇ ਸੀ ਪਰ ਮੈਨੂੰ 110 ਰੁਪਏ ਦੇ ਆਈਪੀਓ ਲਿਆਉਣ ਲਈ ਡਾਕਖਾਨੇ ਭੇਜਿਆ ਗਿਆ। ਫਿਰ ਮੁਹੱਈਆ ਕੀਤੀ ਐਕਟ ਦੀ ਕਾਪੀ ਬਿਨਾਂ ਤਸਦੀਕ ਕੀਤੇ ਦਿੱਤੀ।' ਜਦੋਂ ਘਰ ਆ ਕੇ ਗੁਰਮੀਤ ਸਿੰਘ ਨੇ ਐਕਟ ਪੜ੍ਹਿਆ ਤਾਂ ਪਤਾ ਲੱਗਿਆ ਕਿ ਐਕਟ ਅਧੂਰਾ ਹੈ। ਅੰਗਰੇਜ਼ੀ ਦੇ ਅਸਲ ਐਕਟ ਨਾਲ ਇਸ ਨੂੰ ਰੱਖ ਕੇ ਦੇਖਿਆ ਤਾਂ ਇਸ ਵਿੱਚ ਕਈ ਸੈਕਸ਼ਨ ਗਾਇਬ ਸਨ। ਇਸ ਤੋਂ ਇਲਾਵਾ ਬਾਕੀ ਸੈਕਸ਼ਨ ਵੀ ਅਸਲ ਐਕਟ ਨਾਲੋਂ ਅੱਗੇ ਪਿੱਛੇ ਹਨ। ਗੁਰਮੀਤ ਸਿੰਘ ਨੇ ਦੱਸਿਆ ਕਿ ਉਹ ਕਾਨੂੰਨੀ ਮਾਹਿਰ ਨਾਲ ਗੱਲ ਕਰ ਕੇ ਸੂਚਨਾ ਕਮਿਸ਼ਨ ਅੱਗੇ ਆਪਣਾ ਇਤਰਾਜ਼ ਦਰਜ ਕਰਵਾਏਗਾ।

### ਐਕਟ ਬਹੁਤ ਪੁਰਾਣਾ ਅਨੁਵਾਦ ਕੀਤਾ ਹੋਇਆ ਹੈ: ਨੋਡਲ ਅਫਸਰ

-ਮਨਰੇਗਾ ਨੋਡਲ ਅਫਸਰ ਰਜਨੀ ਨੇ ਕਿਹਾ ਕਿ ਐਕਟ ਬਹੁਤ ਪੁਰਾਣਾ ਅਨੁਵਾਦ ਕੀਤਾ ਹੋਇਆ ਹੈ ਤੇ ਅਧੂਰਾ ਹੈ ਪਰ ਅੰਗਰੇਜ਼ੀ ਵਿੱਚ ਪੂਰਾ ਉਪਲੱਬਧ ਹੈ। ਜੇ ਬਿਨੈਕਾਰ ਨੂੰ ਪੂਰਾ ਐਕਟ ਪੰਜਾਬੀ ਵਿੱਚ ਹੀ ਚਾਹੀਦਾ ਹੈ ਤਾਂ ਉਹ ਕੁਝ ਦਿਨਾਂ ਵਿੱਚ ਹੀ ਇਸ ਦਾ ਅਨੁਵਾਦ ਕਰਵਾ ਕੇ ਦੇ ਦਣਗੇ। ਇਸ ਬਾਰੇ ਜਦੋਂ ਮਨਰੇਗਾ ਕਮਿਸ਼ਨਰ ਸ਼ੇਲਾ ਅਗਰਵਾਲ ਨੂੰ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਫੋਨ ਅਤੇ ਮੈਸੇਜ ਦਾ ਜਵਾਬ ਨਹੀਂ ਦਿੱਤਾ।

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕੀਤੀ ਮਨੀਸ਼ ਸਿਸੋਦੀਆ ਨਾਲ ਮੁਲਾਕਾਤ

➤ਨਗਰ-ਨਿਗਮ, ਟਰੱਸਟ, ਸਰਕਾਰੀ ਵਿਭਾਗ, ਪੀ.ਡਬਲਿਯੂ.ਡੀ., ਬੀ.ਐਂਡ.ਆਰ. ਦੇ ਕੰਮਕਾਜ ਬਾਰੇ ਚਰਚਾ ਕੀਤੀ



ਪਟਿਆਲਾ, 29 ਜੂਨ (ਗੁਰਮੁੱਖ ਰੁਪਾਣਾ) : ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਦਿੱਲੀ ਮਨੀਸ਼ ਸਿਸੋਦੀਆ ਨਾਲ ਮੀਟਿੰਗ ਕੀਤੀ। ਇਸ ਮੌਕੇ ਪਟਿਆਲਾ ਸ਼ਹਿਰ ਵਾਸੀਆਂ ਦੀ ਬੇਹਤਰੀ ਲਈ ਭਵਿੱਖੀ ਏਜੰਡੇ, ਵਿਕਾਸ ਕਾਰਜਾਂ, ਨਗਰ ਨਿਗਮ, ਸਰਕਾਰੀ ਵਿਭਾਗ, ਡੇਰਾ ਜ਼ਮੀਨ ਦਾ ਮੁੱਦਾ, ਪੀਡਬਲਯੂਡੀ ਅਤੇ ਬੀ ਐਂਡ ਆਰ ਸਮੇਤ ਇਮਪਰੂਵਮੈਂਟ ਟਰੱਸਟ ਦੇ ਕੰਮਕਾਜ ਬਾਰੇ ਚਰਚਾ ਕੀਤੀ ਗਈ। ਇਹ ਵੀ ਚਰਚਾ ਹੋਈ ਕਿ ਪਟਿਆਲਾ ਸ਼ਹਿਰ ਨੂੰ ਹੋਰ ਬਿਹਤਰ ਬਣਾਉਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿਚ ਅਸੀਂ ਸ਼ਹਿਰ ਵਾਸੀਆਂ ਵਾਸਤੇ ਕਿਹੜੀਆਂ ਸਕੀਮਾਂ ਪ੍ਰਵਾਨ ਕਰ ਸਕਦੇ ਹਾਂ ਜਾਂ ਅਜਿਹੀ ਕਿਹੜੀ ਸਕੀਮ ਲਿਆਈ ਜਾ ਸਕਦੀ ਹੈ, ਜਿਸ ਨਾਲ ਪਟਿਆਲਵੀਆ ਦਾ ਵਧੇਰੇ ਫਾਇਦਾ ਹੋ ਸਕੇ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਅਸੀਂ ਪੰਜਾਬ ਦੀ ਰਾਜਨੀਤੀ ਅਤੇ ਖਾਸ ਕਰਕੇ ਪਟਿਆਲਾ ਸ਼ਹਿਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ, ਡੇਰਾ ਜ਼ਮੀਨ ਦਾ ਮੁੱਦਾ, ਪੀਡਬਲਿਯੂਡੀ ਅਤੇ ਬੀ. ਐਂਡ. ਆਰ., ਨਗਰ ਨਿਗਮ, ਇੰਪਰੂਵਮੈਂਟ ਟਰੱਸਟ ਦੇ ਕੰਮਕਾਜ ਬਾਰੇ ਚਰਚਾ ਕੀਤੀ। ਮੈਂ ਖਾਸ ਤੌਰ 'ਤੇ ਪਟਿਆਲਾ ਦੇ ਵਿਕਾਸ ਪ੍ਰੋਜੈਕਟਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਤੋਂ ਪ੍ਰਭਾਵਿਤ ਹੋਇਆ। ਉਹ ਸ਼ਹਿਰ ਵਿੱਚ ਹੋ ਰਹੇ ਸਾਰੇ ਕੰਮਾਂ ਤੋਂ ਜਾਣੂੰ ਸੀ ਅਤੇ ਇਹ ਗੱਲ ਮੈਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਪਟਿਆਲਾ ਵਿੱਚ ਆਉਣ ਵਾਲੇ ਭਵਿੱਖ ਵਿੱਚ ਬਹੁਤ ਸਾਰੇ ਵਿਕਾਸ ਕਾਰਜ ਕੀਤੇ ਜਾਣਗੇ। ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਪੰਜਾਬ ਵਾਸੀਆਂ ਨੂੰ ਬਿਨਾਂ ਸਿਫਾਰਸ਼ ਹਜ਼ਾਰਾਂ ਨੌਕਰੀਆਂ, 600 ਯੂਨਿਟ ਬਿਨਾ ਭੇਦ ਭਾਵ ਮਾਫੀ, ਉਦਯੋਗਾਂ ਨੂੰ ਵੱਡੀ ਰਾਹਤ, ਅਮੀਨੈਂਸ ਸਕੂਲ, ਮੁਫ਼ਤ ਪੜਾਈ, ਮੁਫ਼ਤ ਇਲਾਜ, ਮੁਹੱਲਾ ਕਲੀਨਕ ਸਮੇਤ ਹੋਰ ਰਿਆਇਤਾਂ ਦੇ ਕੇ ਸੂਬਾ ਵਾਸੀਆਂ ਦੇ ਮਨਾਂ 'ਚ ਵਿਸ਼ੇਸ਼ ਜਗ੍ਹਾ ਬਣਾਈ ਹੈ। ਉਨ੍ਹਾਂ ਕਿਹਾ ਕਿ ਜੋ ਕੰਮ ਆਮ ਆਦਮੀ ਪਾਰਟੀ ਨੇ ਕੀਤੇ ਹਨ, ਉਹ ਪਿਛਲੇ ਸਮੇਂ ਦੌਰਾਨ ਕਿਸੇ ਸਰਕਾਰ ਨੇ ਨਹੀਂ ਕੀਤੇ। ਇਸ ਲਈ 2027 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਪੰਜਾਬ ਵਿੱਚ ਜਲਦੀ ਹੀ ਨੌਕਰੀਆਂ ਦਾ ਪਿਟਾਰਾ ਖੁੱਲ੍ਹਣ ਵਾਲਾ ਹੈ। ਸੂਬੇ ਵਿੱਚ 12 ਵੱਖ-ਵੱਖ ਵਿਭਾਗਾਂ ਵਿੱਚ 5 ਹਜ਼ਾਰ ਤੋਂ ਵੱਧ ਭਰਤੀਆਂ ਕੀਤੀਆਂ ਜਾਣਗੀਆਂ। ਇਹ ਪ੍ਰਕਿਰਿਆ ਅਗਲੇ ਮਹੀਨੇ 400 ਮੈਡੀਕਲ ਅਫਸਰਾਂ ਦੀ ਭਰਤੀ ਨਾਲ ਸ਼ੁਰੂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ 12 ਵਿਭਾਗਾਂ ਵਿੱਚ ਜਲਦੀ ਹੀ ਪੰਜ ਹਜ਼ਾਰ ਤੋਂ ਵੱਧ ਭਰਤੀਆਂ ਹੋਣਗੀਆਂ। ਇਸ ਸਬੰਧੀ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਭਰਤੀ ਵਿੱਚ ਪੈਸੇ ਅਤੇ ਸਿਫ਼ਾਰਸ਼ਾਂ ਦੀ ਖੇਡ ਨੂੰ ਖ਼ਤਮ ਕਰ ਦਿੱਤਾ ਹੈ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਨਾਭਾ, 29 ਜੂਨ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀਆਂ ਯਾਦਵਿੰਦਰ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਵਾਸੀ ਗਲੀ ਨੰ. 03 ਗੁਰੂ ਤੇਗ ਬਹਾਦਰ ਨਗਰ ਨਾਭਾ ਨੇ ਕਥਿਤ ਦੋਸ਼ੀਆਂ ਵੀਰੂ ਵਾਸੀ ਬਾਲਮੀਕ ਬਸਤੀ ਬੌੜਾ ਗੇਟ ਨਾਭਾ, ਜੀਤਾ, ਅਮਨ ਹਰਿਆਣਵੀ, ਮਾਨਵ, ਸੌਰਭ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਰਿਸ਼ਤੇਦਾਰ ਦਿਲਪ੍ਰੀਤ ਸਿੰਘ ਪੁੱਤਰ ਹਰਪ੍ਰੀਤ ਸਿੰਘ ਵਾਸੀ ਗਲਵੱਟੀ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਕਥਿਤ ਦੋਸ਼ੀ ਵੀਰੂ ਤੋ ਆਪਣਾ ਡਿੱਗਿਆ ਮੋਬਾਇਲ ਲੈਣ ਗਿਆ ਸੀ, ਜੋ ਦੋਸ਼ੀ ਬਾਲਮੀਕ ਬਸਤੀ ਦੇ ਚੌਕ ਵਿੱਚ ਮਿਲ ਗਿਆ ਅਤੇ ਦੋਵਾਂ ਧਿਰਾਂ ਦੀ ਤਕਰਾਬਾਜ਼ੀ ਹੋ ਗਈ ਤਾਂ ਕਥਿਤ ਦੋਸ਼ੀਆਂ ਨੇ ਉਸ ਅਤੇ ਦਿਲਪ੍ਰੀਤ ਸਿੰਘ ਦੀ ਤੇਜ਼ਧਾਰ ਹਥਿਆਰਾਂ ਨਾਲ ਕੁੱਟਮਾਰ ਕੀਤੀ। ਪੁਲਿਸ ਨੇ ਧਾਰਾ 115(2), 118(1), 191(3), 190 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਮੰਡੌਰ ਦੇ ਐਸ.ਸੀ. ਮਜ਼ਦੂਰਾਂ ਨੇ ਆਪਣੇ ਹਿੱਸੇ ਦੀ ਜ਼ਮੀਨ ਲਈ ਦਿੱਤਾ ਧਰਨਾ



ਨਾਭਾ, 29 ਜੂਨ (ਗੁਰਚਰਨ ਸਿੰਘ ਚੌਧਰੀ ਮਾਜਰਾ) : ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਲਾਕ ਪ੍ਰਧਾਨ ਪਰਮਜੀਤ ਸਿੰਘ ਮੰਡੌਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਖ਼ਤ ਸ਼ਬਦਾਂ ਵਿੱਚ ਪ੍ਰਸ਼ਾਸਨ ਦੀ ਮਜ਼ਦੂਰ ਵਿਰੋਧੀ ਨੀਤੀ ਦੀ ਨਿਖੇਧੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਤੋਂ ਮੰਡੌਰ ਦੇ ਮਜ਼ਦੂਰਾਂ ਨੇ ਆਪਣੇ ਹਿੱਸੇ ਦੀ ਜ਼ਮੀਨ ਲਈ ਸੰਘਰਸ਼ ਸ਼ੁਰੂ ਕੀਤਾ ਹੈ, ਪ੍ਰਸ਼ਾਸਨ ਨੇ ਉਨ੍ਹਾਂ ਨੂੰ ਖੱਜਲ-ਖੁਆਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਪ੍ਰਸ਼ਾਸਨ ਨੇ ਸੋਚੀ-ਸਮਝੀ ਸਾਜ਼ਿਸ਼ ਅਧੀਨ ਜ਼ਮੀਨ ਨੂੰ ਪਿੰਡ ਦੇ ਧਨਾੜ੍ਹਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਹੈ।ਪਰਮਜੀਤ ਸਿੰਘ ਨੇ ਕਿਹਾ ਕਿ ਪਿਛਲੇ ਦੋ ਮਹੀਨਿਆਂ ਤੋਂ ਮਜ਼ਦੂਰ ਘੱਟ ਰੇਟ 'ਤੇ ਜ਼ਮੀਨ ਦੀ ਮੰਗ ਕਰ ਰਹੇ ਹਨ, ਪਰ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਕੇ ਡੰਮੀ ਬੋਲੀਆਂ ਰਾਹੀਂ ਜ਼ਮੀਨ ਨੂੰ ਧਨਾਢਾਂ ਦੇ ਹੱਥ ਦੇਣ ਦੀ ਤਿਆਰੀ ਕੀਤੀ। ਮਜ਼ਦੂਰਾਂ ਨੂੰ ਲਾਰੇ ਲਗਾਏ ਗਏ ਕਿ ਬੋਲੀ ਉਨ੍ਹਾਂ ਦੇ ਨਾਮ ਹੋਵੇਗੀ, ਪਰ ਬੀਡੀਪੀਓ ਅਤੇ ਡੀਡੀਪੀਓ ਦੇ ਦਫਤਰਾਂ ਦੇ ਚੱਕਰ ਲਵਾਏ ਜਾ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿਇੱਕ ਪਾਸੇ ਮਜ਼ਦੂਰ ਆਪਣੇ ਹੱਕ ਲਈ ਪੈਸੇ ਇਕੱਠੇ ਕਰ ਰਹੇ ਹਨ, ਅਤੇ ਦੂਜੇ ਪਾਸੇ ਪ੍ਰਸ਼ਾਸਨ ਨੇ ਧਨਾੜ੍ਹਾਂ ਨੂੰ ਜ਼ਮੀਨ ਸੌਂਪਣ ਦੀ ਪੂਰੀ ਵਿਉਂਤ ਬਣਾਈ ਹੋਈ ਹੈ।ਕਮੇਟੀ ਮੈਂਬਰ ਚਰਨਜੀਤ ਕੌਰ, ਸੁਖਵਿੰਦਰ ਕੌਰ ਅਤੇ ਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਘੜੰਮ ਚੌਧਰੀ ਜ਼ਮੀਨ ਨੂੰ ਡੰਮੀ ਬੋਲੀਆਂ ਦੀ ਆੜ ਵਿੱਚ ਹੜੱਪਣ ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰਸ਼ਾਸਨ ਨੇ ਨਾ ਸਿਰਫ਼ ਇਸ ਅਨਿਆਂ ਨੂੰ ਨਜ਼ਰਅੰਦਾਜ਼ ਕੀਤਾ। ਉਨ੍ਹਾਂ ਕਿਹਾ ਕਿ ਮਜ਼ਦੂਰ ਆਪਣੀ ਜ਼ਮੀਨ ਕਿਸੇ ਵੀ ਕੀਮਤ 'ਤੇ ਧਨਾੜ੍ਹਾਂ ਦੇ ਹੱਥ ਨਹੀਂ ਜਾਣ ਦੇਣਗੇ। ਇਸ ਜ਼ਮੀਨ ਲਈ ਅਸੀਂ ਪੁਲਿਸ ਦਾ ਤਸੱਦਦ ਝੱਲਿਆ, ਜੇਲਾਂ ਕੱਟੀਆਂ, ਅਤੇ ਹੁਣ ਕੋਈ ਵੀ ਸਾਜ਼ਿਸ਼ ਸਾਨੂੰ ਨਹੀਂ ਰੋਕ ਸਕਦੀ।ਕਮੇਟੀ ਆਗੂਆਂ ਨੇ ਪਟਿਆਲਾ ਪ੍ਰਸ਼ਾਸਨ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਕਿ ਜੇਕਰ ਇਸ ਮੁੱਦੇ ਨੂੰ ਨਿਰਪੱਖ ਢੰਗ ਨਾਲ ਨਾ ਸੁਲਝਾਇਆ ਗਿਆ ਅਤੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ 'ਤੇ ਹੋਵੇਗੀ।

## ਸ੍ਰੀ ਚੁਲਕਾਣਾ ਧਾਮ ਦੇ ਦਰਸ਼ਨਾਂ ਲਈ 62 ਭਗਤਾਂ ਦਾ ਜਥਾ ਰਵਾਨਾ



ਨਾਭਾ, 29 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਸਥਾਨਕ ਪਟਿਆਲਾ ਗੇਟ ਨਾਭਾ ਤੋ ਡਾਇਰੈਕਟਰ ਗੀਤੂ ਅਤੇ ਪ੍ਰੋਜੈਕਟ ਚੇਅਰਮੈਨ ਗੀਤਾ ਦੀ ਅਗਵਾਈ ਵਿੱਚ 62 ਮੈਂਬਰਾਂ ਦਾ ਜਥਾ ਸ਼੍ਰੀ ਚੁਲਕਾਣਾ ਧਾਮ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਬੱਸ ਨੂੰ ਝੰਡੀ ਦੇਣ ਦੀ ਰਸਮ ਨਗਰ ਕੌਂਸਲ ਦੀ ਪ੍ਰਧਾਨ ਮੈਡਮ ਸੁਜਾਤਾ ਚਾਵਲਾ ਅਤੇ ਖੂਨ ਦਾਨ ਖੇਤਰ ਵਿੱਚ ਮੋਹਰੀ ਅਤੇ ਖੂਨਦਾਨੀ ਸਟੇਂਟ ਅਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਨਾਰੀਅਲ ਤੋੜਨ ਦੀ ਰਸਮ ਪ੍ਰਵੀਨ ਮਿੱਤਲ ਗੋਗੀ ਅਤੇ ਹਿਮਾਂਸ਼ੂ ਗੋਇਲ ਸਮਾਜ ਸੇਵਕ ਨੇ ਸਾਂਝੇ ਤੌਰ 'ਤੇ ਨਿਭਾਈ। ਨਾਲ ਹੀ ਬੋਲਦੇ ਹੋਏ ਪ੍ਰਧਾਨ ਚਾਵਲਾ ਨੇ ਕਿਹਾ ਕਿ ਗੀਤੂ ਦੇ ਗਰੁੱਪ ਮੈਂਬਰਾਂ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ। ਸਾਡਾ ਹਰੇਕ ਤਰ੍ਹਾਂ ਦਾ ਸਹਿਯੋਗ ਗੀਤੂ ਮੋਦਗਿਲ ਅਤੇ ਇਹਨਾਂ ਦੀ ਸਾਰੀ ਟੀਮ ਨੂੰ ਹਮੇਸ਼ਾ ਰਹੇਗਾ। ਦੀਵਾਨੇ ਭਰਾਵਾਂ ਦੀ ਟੀਮ ਭਜਨ ਗਾਇਕ ਮੋਹਿਤ ਗਰਗ ਅਤੇ ਵਿੱਕੀ ਅਰੋੜਾ ਭਜਨ ਗਾਇਕ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਸੰਗਤਾਂ ਨੂੰ ਭਜਨਾਂ ਨਾਲ ਬੱਸ ਵਿੱਚ ਨਿਹਾਲ ਵੀ ਕੀਤਾ ਗਿਆ, ਸਾਰੀ ਸੰਗਤ ਲਈ ਪਾਣੀ ਦੀ ਸੇਵਾ ਹਮੇਸ਼ਾ ਮੋਹਰੀ ਰਹਿਣ ਵਾਲੇ ਖੂਨ ਦਾਨੀ ਪ੍ਰਿੰਸ ਬਾਵਾ ਨੇ ਨਿਭਾਈ ਉਸ ਮੌਕੇ ਨਾਲ ਬੋਬੀ ਤੋਂ ਇਲਾਵਾ ਸਾਰੀ ਸੰਗਤ ਹਾਜ਼ਰ ਰਹੀ।

## ਅਕਾਲੀ ਦਲ ਦੀ ਕੋਰ ਕਮੇਟੀ ਬਣਨ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਬਿੱਲੂ



ਨਾਭਾ, 29 ਜੂਨ ( ਗੁਰਚਰਨ ਸਿੰਘ ਚੌਧਰੀਮਾਜਰਾ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲ ਪਾਰਟੀ ਦੀ ਕੋਰ ਕਮੇਟੀ ਬਣਾਕੇ ਪਾਰਟੀ ਨੂੰ ਹੋਰ ਮਜ਼ਬੂਤ ਦਿਸ਼ਾ ਦਿੱਤੀ ਹੈ। ਇਹ ਵਿਚਾਰ ਅੱਜ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸੀਨੀਅਰ ਆਗੂ ਅਤੇ ਮਾਰਕਿਟ ਕਮੇਟੀ ਨਾਭਾ ਦੇ ਸਾਬਕਾ ਚੇਅਰਮੈਂਨ ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਬਿੱਲੂ ਨੇ ਕਿਹਾ ਪੰਜਾਬ ਦੇ ਲੋਕਾਂ ਦੀਆਂ ਦਿਨੋਂ ਦਿਨ ਵੱਧ ਰਹੀਂ ਸਮੱਸਿਆਂ ਨਾਲ ਨਜਿੱਠਣ ਲਈ ਸ੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵਿੱਚ ਨਵੇਂ ਅਤੇ ਪੁਰਾਣੇ ਚਿਹਰੇ ਸਾਮਲ ਕੀਤੇ ਹਨ, ਇਨ੍ਹਾਂ ਦਾ ਹੇਠਲੇ ਪੱਧਰ ਦੇ ਆਗੂਆਂ ਅਤੇ ਵਰਕਰਾਂ ਨੂੰ ਸਮੱਰਥਨ ਮਿਲੇਗਾ। ਪੱਤਰਕਾਰਾਂ ਨੇ ਬਿੱਲੂ ਨੂੰ ਪੁੱਛਿਆਂ ਕਿ ਪਟਿਆਲਾ ਜਿਲ੍ਹੇ ਵਿੱਚੋਂ ਤਾਂ ਕੋਈ ਮੈਂਬਰ ਕੋਰ ਕਮੇਟੀ ਵਿੱਚ ਨਹੀਂ ਲਿਆ ਗਿਆਂ ਉਨ੍ਹਾਂ ਜਵਾਬ ਦਿੱਤਾ ਇਹ ਪਾਰਟੀ ਨੇ ਦੇਖਣਾ ਹੈ, ਕਿ ਕੋਰ ਕਮੇਟੀ ਵਿੱਚ ਕਿਸ ਨੂੰ ਮੈਂਬਰ ਬਣਾਉਣਾ ਹੈ, ਪਾਰਟੀ ਕੋਲ ਹੋਰ ਬਹੁਤ ਸਾਰੇ ਅਹੁਦੇ ਹਨ। ਪਾਰਟੀ ਜਿਸ ਨੂੰ ਜਿੱਥੇ ਕੰਮ ਦੀ ਜ਼ਿੰਮੇਵਾਰੀ ਲਗਾਵੇਂਗੀ ਸਾਰੇ ਤਨ ਦੇਹੀ ਨਾਲ ਕੰਮ ਕਰਨਗੇ। ਲੇਕਿਨ ਫਿਰ ਵੀ ਅਸੀਂ ਪਾਰਟੀ ਪ੍ਰਧਾਨ ਨਾਲ ਗੱਲਬਾਤ ਕਰਾਂਗੇ, ਤਾਂ ਜੋ ਪਟਿਆਲਾ ਜ਼ਿਲ੍ਹੇ ਵਿੱਚੋਂ ਘੱਟੋ-ਘੱਟ 2 ਮੈਂਬਰ ਕੋਰ ਕਮੇਟੀ ਵਿੱਚ ਲਏ ਜਾਣ। ਪੱਤਰਕਾਰ ਨੇ ਪੁੱਛਿਆ ਕਿ ਨਾਭਾ ਹਲਕੇ ਦੇ ਪਾਰਟੀ ਵੱਲੋਂ ਲਗਾਏ ਗਏ ਇੰਚਾਰਜ ਮੱਖਣ ਸਿੰਘ ਲਾਲਕਾ ਨੂੰ ਜੇ ਪਾਰਟੀ ਟਿੱਕਟ ਦੇਵੇਗੀ ਤਾਂ ਤੁਸੀਂ ਉਸਦਾ ਸਾਥ ਦੇਵੋਗੇ -ਬਿੱਲੂ ਨੇ ਕਿਹਾ ਮੈਂ ਸਵ. ਰਾਜਾ ਨਰਿੰਦਰ ਸਿੰਘ ਸਾਬਕਾ ਕੈਬਨਿਟ ਮੰਤਰੀ ਨਾਲ ਪਾਰਟੀ ਵਿੱਚ 37 ਸਾਲ ਕੰਮ ਕੀਤਾ। ਮੈਨੂੰ ਰਾਜਨੀਤੀ ਵਿੱਚ ਕੰਮ ਕਰਦੇ 50 ਸਾਲ ਹੋ ਗਏ ਹਨ। ਪਾਰਟੀ ਦੇ ਖਾਸ ਕਰਕੇ ਪੁਰਾਣੇ ਪੰਚ-ਸਰਪੰਚ, ਨੰਬਰਦਾਰ ਅਤੇ ਵਰਕਰ ਅੱਜ ਵੀ ਜੋ ਸਮੱਸਿਆਵਾ ਮੇਰੇ ਕੋਲ ਲੈ ਕੇ ਆਉਂਦੇ ਹਨ, ਮੈਂ ਉਨ੍ਹਾਂ ਨੂੰ ਹੱਲ ਕਰਵਾਉਣ ਲਈ ਹਮੇਸਾ ਯਤਨਸੀਲ ਰਹਿੰਦਾ ਹੈ। ਮੈਂ ਇੱਥੇ ਨਾਭੇ ਹਲਕੇ ਦਾ ਦੇ ਜੰਮਪਲ ਹਾਂ, ਮੱਖਣ ਲਾਲਕਾ ਅਮਲੋਹ ਤੋਂ ਆਏ ਹਨ। ਉਨ੍ਹਾਂ ਦਾ ਫ਼ਰਜ ਬਣਦਾ ਹੈ, ਪਾਰਟੀ ਦੇ ਸਾਰੇ ਪੁਰਾਣੇ ਅਤੇ ਨਵੇਂ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਲੈ ਚੱਲਣਾ ਉਨ੍ਹਾਂ ਦੀ ਜੁੰਮੇਵਾਰੀ ਬਣਦੀ ਹੈ। ਲੇਕਿਨ ਅਸੀਂ ਪਾਰਟੀ ਦੇ ਹੁਕਮ ਨੂੰ ਹਮੇਸ਼ਾ ਸਿਰ ਮੱਥੇ ਮੰਨਦੇ ਆਏ ਹਾਂ, ਅਤੇ ਅੱਗੇ ਵੀ ਪਾਰਟੀ ਜਿਸ ਵਿਅਕਤੀ ਨੂੰ ਟਿਕਟ ਦੇਵੇਗੀ ਉਸ ਦਾ ਤਨ-ਮਨ ਦੇ ਨਾਲ ਸਾਥ ਦੇਵਾਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਕੰਮ ਕੀਤਾ ਹੈ ਅਤੇ ਕਰਦੇ ਰਹਾਂਗੇ।

## ਭਾਰਤੀ ਸਟੇਟ ਬੈਂਕ ਨੇ ਕਾਲੀ ਮਾਤਾ ਮੰਦਰ ਵਿਖੇ ਲਗਾਇਆ ਖ਼ੂਨਦਾਨ ਕੈਂਪ




ਮਲੇਰਕੋਟਲਾ, 29 ਜੂਨ (ਚ.ਨ.ਸ.) : ਭਾਰਤੀ ਸਟੇਟ ਬੈਂਕ ਦੀ 70ਵੀਂ ਵਰੇਗੰਢ ਮੌਕੇ 'ਤੇ ਸਥਾਨਕ ਕਾਲੀ ਮਾਤਾ ਮੰਦਿਰ ਵਿਖੇ ਖ਼ੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਵਲੰਟੀਅਰਾਂ, ਖ਼ੂਨਦਾਨ ਪ੍ਰੇਮੀਆਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ, ਬੈਂਕ ਦੇ ਖਾਤਾ ਧਾਰਕਾਂ ਅਤੇ ਸਟਾਫ ਵੱਲੋਂ ਖ਼ੂਨ ਦਾਨ ਕੀਤਾ । ਭਾਰਤੀ ਸਟੇਟ ਬੈਂਕ ਦੇ ਉੱਪ ਮਹਾ ਪ੍ਰਬੰਧਕ ਅਭਿਸ਼ੇਕ ਸ਼ਰਮਾ ਨੇ ਕਿਹਾ ਕਿ ਕਿਸੇ ਦੂਸਰੇ ਦੀ ਜਾਨ ਬਚਾਉਣ ਲਈ ਖ਼ੂਨਦਾਨੀ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਦੀ ਜ਼ਿੰਦਗੀ ਬਚਾਅ ਸਕਦਾ ਹੈ। ਉਨ੍ਹਾਂ ਹਰੇਕ ਤੰਦਰੁਸਤ ਵਿਅਕਤੀ ਨੂੰ ਆਪਣਾ ਖ਼ੂਨ ਦਾਨ ਕਰਨ ਦੀ ਅਪੀਲ ਕਰਦਿਆ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਆਉਂਦੀ ਸਗੋਂ ਸਰੀਰ 'ਚ ਖ਼ੂਨ ਥੋੜ੍ਹੇ ਸਮੇਂ 'ਚ ਹੀ ਪੂਰਾ ਹੋ ਜਾਂਦਾ ਹੈ। ਭਾਰਤੀ ਸਟੇਟ ਬੈਂਕ ਦੇ ਖੇਤਰੀ ਪ੍ਰਬੰਧਨ ਵਿਪਿਨ ਕੌਸ਼ਲ ਖ਼ੂਨਦਾਨੀਆਂ ਨੂੰ ਪ੍ਰੇਰਿਤ ਕਰਦਿਆ ਕਿਹਾ ਕਿ ਸਾਨੂੰ ਕਿਸੇ ਭੇਦ ਭਾਵ ਦੇ ਖ਼ੂਨਦਾਨ ਕਰਨ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ । ਮਨੁੱਖਤਾ ਦੀ ਸੱਚੀ ਸੇਵਾ ਖ਼ੂਨਦਾਨ ਹੈ। ਇਸ ਮਨੁੱਖਤਾ ਦੀ ਸੇਵਾ ਵਾਲੇ ਕੰਮ 'ਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

## ਭਾਸ਼ਾ ਵਿਭਾਗ ਪੰਜਾਬ ਨੇ ਵਿਦੇਸ਼ਾਂ 'ਚ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਮੀਡੀਆ ਬਾਰੇ ਸੰਵਾਦ ਰਚਾਇਆ

ਪਟਿਆਲਾ, 29 ਜੂਨ (ਚ.ਨ.ਸ.) : ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਭਾਸ਼ਾ ਭਵਨ ਵਿਖੇ ਵਿਦੇਸ਼ਾਂ 'ਚ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਮੀਡੀਆ ਦੀ ਵਰਤਮਾਨ ਸਥਿਤੀ ਬਾਰੇ ਆਸਟਰੇਲੀਆ ਵਸਦੀ ਬਹੁਪਰਤੀ ਸ਼ਖਸੀਅਤ ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ ਨਾਲ ਜਾਣਕਾਰੀ ਭਰਪੂਰ ਸੰਵਾਦ ਦਾ ਆਯੋਜਨ ਕੀਤਾ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਹੋਏ ਇਸ ਸਮਾਗਮ ਦੌਰਾਨ ਸਰੋਤਿਆਂ ਨੇ ਆਪਣੇ ਸਵਾਲਾਂ ਨਾਲ ਸੰਵਾਦ ਨੂੰ ਅਰਥ ਭਰਪੂਰ ਬਣਾ ਦਿੱਤਾ। ਇਸ ਮੌਕੇ ਸਾਹਿਤ ਤੇ ਸੱਭਿਆਚਾਰ ਨਾਲ ਜੁੜੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ।ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਖੇਡਾਂ ਨਾਲ ਜੁੜੀ ਸ਼ਖਸੀਅਤ ਮਿੰਟੂ ਬਰਾੜ ਨੇ ਖਾਸ ਤੌਰ 'ਤੇ ਆਸਟਰੇਲੀਆ 'ਚ ਪੰਜਾਬੀ ਭਾਸ਼ਾ ਦੇ ਪਸਾਰ ਬਾਰੇ ਦੱਸਿਆ ਕਿ ਉੱਥੇ ਦੇ ਸਾਰੇ ਸੂਬਿਆਂ ਵਿੱਚ ਪੰਜਾਬੀ ਪੜ੍ਹਾਈ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਵੀ ਹਰ ਪੰਜਾਬੀ ਨੂੰ ਵੀ ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੀ ਨੀਤੀ ਤਹਿਤ ਹਰ ਪੱਖੋਂ ਹੁਲਾਰਾ ਦਿੱਤਾ ਜਾ ਰਿਹਾ ਹੈ। ਆਸਟਰੇਲੀਆ 'ਚ ਪੰਜਾਬੀ ਦੇ ਬਿਹਤਰੀਨ ਤਰੀਕੇ ਨਾਲ ਪੈਰ ਪਸਾਰਨ ਬਾਰੇ ਉਨ੍ਹਾਂ ਦੱਸਿਆ ਕਿ

### ਆਸਟਰੇਲੀਆ ਵਸਦੇ ਗੁਰਸ਼ਮਿੰਦਰ ਮਿੰਟੂ ਬਰਾੜ ਬਣੇ ਸੰਵਾਦ ਦਾ ਧੁਰਾ



ਆਸਟਰੇਲੀਆ ਨੂੰ ਪੰਜਾਬੀ ਭਾਸ਼ਾ ਨਾਲ ਸਬੰਧਤ ਕਈ ਖੇਤਰਾਂ 'ਚ ਪਹਿਲਕਦਮੀਆਂ ਕਰਨ ਦਾ ਮਾਣ ਪ੍ਰਾਪਤ ਹੈ। ਪੰਜਾਬੀ ਭਾਸ਼ਾ ਦੀਆਂ ਪਹਿਲੀਆਂ ਦੋ ਐਪਸ 'ਸੁਹਾਵੀ' ਤੇ 'ਵਿਰਾਸਤ' ਇਸ ਮੁਲਕ 'ਚ ਤਿਆਰ ਹੋਈਆਂ ਹਨ ਤੇ ਇਹ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਹਰ ਤਰ੍ਹਾਂ ਦੀ ਸਾਹਿਤਕ ਤੇ ਗਿਆਨ ਵਰਧਕ ਸਮੱਗਰੀ ਆਡੀਓ ਤੇ ਪ੍ਰਿੰਟ ਰੂਪ 'ਚ ਪ੍ਰਦਾਨ ਕਰ ਰਹੀਆਂ ਹਨ। ਸ੍ਰੀ ਮਿੰਟੂ ਨੇ ਦੱਸਿਆ ਕਿ ਪੰਜਾਬੀ 'ਚ ਬਲੌਗ ਪਾਉਣ ਦਾ ਪ੍ਰਚਲਣ 2007 'ਚ ਆਸਟਰੇਲੀਆ ਦੀ ਧਰਤੀ 'ਤੇ ਉਨ੍ਹਾਂ ਵੱਲੋਂ ਆਰੰਭ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਡਿਜੀਟਲ ਰੂਪ ਪਰਥ 'ਚ ਵਸਦੇ ਗੁਰਵੰਤ ਸਿੰਘ ਉੱਪਲ ਨੇ ਤਿਆਰ ਕੀਤਾ। ਆਨਲਾਈਨ ਰੇਡੀਓ ਦੇ ਯੁੱਗ ਦੀ ਸ਼ੁਰੂਆਤ ਦੇ ਸਮੇਂ ਹੀ 'ਹਰਮਨ ਰੇਡੀਓ' ਵੀ ਕੰਗਾਰੂਆਂ ਦੇ ਦੇਸ਼ 'ਚ ਸ਼ੁਰੂ ਹੋਇਆ ਤੇ ਪੰਜਾਬੀ ਫੌਂਟਾਂ ਦੇ ਹੋਂਦ ਵਿੱਚ ਆਉਣ ਸਮੇਂ ਵੀ ਆਸਟਰੇਲੀਆ ਵਸਦੇ ਬਲਵੰਤ ਸਿੰਘ ਨੇ ਪੰਜਾਬੀ ਫੌਂਟ ਤਿਆਰ ਕਰਕੇ ਵੱਡਾ ਯੋਗਦਾਨ ਪਾਇਆ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਸਟਰੇਲੀਆ 'ਚ ਪੰਜਾਬੀ ਕਿੰਨੀ ਵਧੀਆ ਸਥਿਤੀ 'ਚ ਹੈ। ਪੰਜਾਬੀ ਸੱਭਿਆਚਾਰ ਦਾ ਅੰਗ ਮੰਨੀਆਂ ਜਾਂਦੀਆਂ ਖੇਡਾਂ 37 ਸਾਲ ਪਹਿਲਾਂ 'ਸਿੱਖ ਖੇਡਾਂ' ਦੇ ਨਾਮ 'ਤੇ ਭਾਰਤ ਤੋਂ ਬਾਹਰ ਪੰਜਾਬੀਆਂ ਦੀਆਂ ਉਲੰਪਿਕ ਖੇਡਾਂ ਦੇ ਰੂਪ 'ਚ ਆਸਟਰੇਲੀਆ 'ਚ ਸ਼ੁਰੂ ਹੋਈਆਂ ਜੋ ਹਰ ਸਾਲ ਨਿਰੰਤਰ ਹੋ ਰਹੀਆਂ ਹਨ। ਸ੍ਰੀ ਮਿੰਟੂ ਬਰਾੜ ਨੇ ਦੱਸਿਆ ਕਿ ਇਸ ਵੇਲੇ ਆਸਟਰੇਲੀਆ 'ਚ ਬਹੁਤ ਮਿਆਰੀ ਪੰਜਾਬੀ ਟੀਵੀ ਚੈਨਲ, ਰੇਡੀਓ ਤੇ ਅਖ਼ਬਾਰ ਨਿੱਕਲ ਰਹੇ ਹਨ ਜਿਨ੍ਹਾਂ ਨੂੰ ਪੁਰਾਣੀ ਹੀ ਨਹੀਂ ਉੱਥੇ ਦੀ ਨਵੀਂ ਪੀੜ੍ਹੀ ਵੀ ਬਹੁਤ ਹੁੰਗਾਰਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਆਸਟਰੇਲੀਆ 'ਚ ਆਪਣੇ ਧਰਮ, ਭਾਸ਼ਾ, ਖੇਡਾਂ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੂਰੀ ਅਜ਼ਾਦੀ ਹੀ ਨਹੀਂ ਸਗੋਂ ਸਰਕਾਰ ਵੱਲੋਂ ਦਿਲ ਖੋਲ੍ਹਕੇ ਗ੍ਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ, ਜਿਸ ਸਦਕਾ ਇਸ ਦੇਸ਼ ਦਾ ਸੱਭਿਆਚਾਰ ਬਹੁਰੰਗਾਂ ਬਣ ਗਿਆ ਹੈ। ਉਨ੍ਹਾਂ ਦਾ ਭਾਸ਼ਾ ਵਿਭਾਗ ਵੱਲੋਂ ਸਤਿਕਾਰ ਦੇਣ ਲਈ ਧੰਨਵਾਦ ਕੀਤਾ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਮਿੰਟੂ ਬਰਾੜ ਦੁਨੀਆਂ ਭਰ 'ਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਦੂਤ ਵਜੋਂ ਕਾਰਜਸ਼ੀਲ ਕੁਝ ਸਿਰਕੱਢ ਸ਼ਖ਼ਸੀਅਤਾਂ 'ਚ ਸ਼ਾਮਲ ਹਨ। ਮਿੰਟੂ ਬਰਾੜ ਦੀਆਂ ਸਰਗਰਮੀਆਂ ਨੂੰ ਦੇਖਕੇ ਮਹਿਸੂਸ ਹੁੰਦਾ ਹੈ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਦੁਨੀਆ 'ਤੇ ਕੀ ਕਰਨ ਆਏ ਹਾਂ ਨਾ ਕਿ ਇਹ ਦੇਖਣ ਕਿ ਲੋਕੀ ਕੀ ਕਰਦੇ ਹਨ। ਮਿੰਟੂ ਬਰਾੜ ਇਸ ਧਾਰਨਾ 'ਤੇ ਚਲਦਿਆ ਨਾਮਣਾ, ਨਾਮਾ ਤੇ ਸਕੂਨ ਖੱਟ ਰਿਹਾ ਹੈ। ਜਿਸ ਤੋਂ ਸਾਨੂੰ ਸਭ ਨੂੰ ਸੇਧ ਲੈਣੀ ਚਾਹੀਦੀ ਹੈ ਅਤੇ ਆਪਣੀ ਅਹੁਦਿਆਂ ਨਾਲ ਨਹੀਂ ਸੱਚੀ ਕਿਰਤ ਨਾਲ ਪਹਿਚਾਣ ਬਣਾਉਣੀ ਚਾਹੀਦੀ ਹੈ। ਉਨ੍ਹਾਂ ਮਿੰਟੂ ਬਰਾੜ ਦੀ ਪੁਸਤਕ 'ਕੰਗਾਰੂਨਾਮਾ' ਦੀ ਵੀ ਚਰਚਾ ਕੀਤੀ। ਵਿਭਾਗ ਵੱਲੋਂ ਮਿੰਟੂ ਬਰਾੜ ਨੂੰ ਸ਼ਾਲ ਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਤਿਕਾਰ ਦਿੱਤਾ ਗਿਆ। ਇਸ ਮੌਕੇ ਮਿੰਟੂ ਬਰਾੜ ਨੂੰ ਜ਼ਿਲ੍ਹਾ ਅਟਾਰਨੀ ਕੇਸਰ ਸਿੰਘ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ, ਸਾਹਿਤ ਪ੍ਰੇਮੀ ਜੋਗਾ ਸਿੰਘ ਧਨੌਲਾ ਤੇ ਹੋਰਨਾਂ ਨੇ ਸੁਆਲ ਕਰਕੇ, ਸੰਵਾਦ ਨੂੰ ਸਫ਼ਲ ਬਣਾ ਦਿੱਤਾ। ਇਸ ਮੌਕੇ ਪ੍ਰੋ. ਮੁਹੰਮਦ ਇੰਦਰੀਸ, ਗਾਇਕ ਸਤਨਾਮ ਪੰਜਾਬੀ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਰੰਗਕਰਮੀ ਗੋਪਾਲ ਸ਼ਰਮਾ, ਭਾਸ਼ਾ ਵਿਭਾਗ ਦੀ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਜਸਪ੍ਰੀਤ ਕੌਰ ਤੇ ਸੁਰਿੰਦਰ ਕੌਰ ਸਮੇਤ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ। ਅਖ਼ੀਰ ਵਿੱਚ ਡਿਪਟੀ ਡਾਇਰੈਕਟਰ ਸਤਨਾਮ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਕੀਤਾ।

## ਧੋਖਾਧੜੀ ਕਰਨ ਸਬੰਧੀ ਮਾਮਲਾ ਦਰਜ

ਘਨੌਰ, 29 ਜੂਨ (ਮਦਨ ਲਾਲ) : ਥਾਣਾ ਘਨੌਰ ਪੁਲਿਸ ਕੋਲ ਅਸ਼ੋਕ ਕੁਮਾਰ ਪੁੱਤਰ ਬ੍ਰਿਜ ਲਾਲ ਵਾਸੀ ਜੋੜੀਆ ਭੱਠੀਆ ਪਟਿ ਨੇ ਕਥਿਤ ਦੋਸ਼ੀਆਂ ਵਿਕਰਮਜੀਤ ਸਿੰਘ ਪ੍ਰਾਪਰਟੀ ਡੀਲਰ, ਜਗਤਾਰ ਸਿੰਘ, ਹਰਮਿੰਦਰ ਸਿੰਘ, ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਪਲਵਿੰਦਰ ਕੌਰ ਵਾਸੀ ਕਾਮੀ ਕਲਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਨੂੰ ਜ਼ਮੀਨ ਵੇਚਣ ਦਾ ਝਾਂਸਾ ਦੇ ਕੇ 75 ਲੱਖ ਰੁਪਏ ਲੈ ਲਏ, ਜੋ ਰਜਿਸਟਰੀ ਕਰਾਉਣ ਦੀ ਮਿਤੀ ਨੂੰ ਅੱਗੇ ਵਧਾਉਂਦੇ ਰਹੇ ਅਤੇ ਬਾਅਦ ਵਿੱਚ ਉਸ ਨਾਲ ਹੋਰ ਜ਼ਮੀਨ ਨਾਮ ਕਰਾਉਣ ਦਾ ਰਾਜੀਨਾਮਾ ਕਰਕੇ ਬਾਅਦ ਵਿੱਚ ਸੌਦੇ ਤੋਂ ਮੁਕਰ ਕੇ ਦੋਨਾਂ ਰਕਬਿਆਂ ਦੀ ਜ਼ਮੀਨ ਅੱਗੇ ਵੇਚ ਕੇ ਧੋਖਾਧੜੀ ਕੀਤੀ ਹੈ। ਪੁਲਿਸ ਨੇ ਧਾਰਾ 406,420, 120ਬੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਪਟਿਆਲਾ-ਆਸ/ਪਾਸ



## 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਸਬੰਧੀ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਹੋਈ ਇਕੱਤਰਤਾ

**☛ਸ਼ਹਿਰ ਦੀਆਂ ਸਿੱਖ ਜਥੇਬੰਦੀਆਂ, ਸਭਾਵਾਂ ਅਤੇ ਸੁਸਾਇਟੀਆਂ ਦੇ ਨੁਮਾਇੰਦਿਆਂ ਵੱਲੋਂ ਸ਼ਿਰਕਤ**

**☛ਮੁੱਖ ਸਮਾਗਮ ਦੀ ਆਮਦ ਮੌਕੇ ਸੰਗਤਾਂ ਨੂੰ ਨਹੀਂ ਆਉਣ ਦੇਵਾਂਗੇ ਕੋਈ ਪ੍ਰੇਸ਼ਾਨੀ : ਜਥੇਦਾਰ ਗੜ੍ਹੀ**

ਪਟਿਆਲਾ, 29 ਜੂਨ (ਰੁਪਾਣਾ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸ਼ਹੀਦੀ ਦਿਹਾੜੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਵਿਚ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਹੋਣ ਵਾਲੇ ਸ਼ਤਾਬਦੀ ਸਮਾਗਮ ਦੇ ਸਬੰਧ ਵਿਚ ਅੱਜ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ ਵਿਚ ਸ਼ਹਿਰ ਦੀਆਂ ਵੱਖ ਵੱਖ ਸਿੱਖ ਜਥੇਬੰਦੀਆਂ, ਸਭਾਵਾਂ ਅਤੇ ਸੁਸਾਇਟੀਆਂ ਜਿਨ੍ਹਾਂ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਸੇਵਕ ਜਥਾ, ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਦੇ ਨੁਮਾਇੰਦੇ ਆਦਿ ਸ਼ਾਮਲ ਹੋਏ। ਇਸ ਇਕੱਤਰਤਾ ਦੌਰਾਨ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਹੋਣ ਵਾਲੇ ਮੁੱਖ ਸਮਾਗਮ ਦੇ ਸਬੰਧ ਵਿਚ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਇਕੱਤਰਤਾ ਦੌਰਾਨ ਦੀਰਘ ਵਿਚਾਰਾਂ ਕੀਤੀਆਂ ਗਈਆਂ ਕਿ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਦੀ ਆਰੰਭਤਾ ਜਿੱਥੇ 4 ਜੁਲਾਈ ਨੂੰ ਹੋਵੇਗੀ, ਉੱਥੇ ਹੀ ਮੁੱਖ ਸਮਾਗਮ 6 ਜੁਲਾਈ ਨੂੰ ਹੋਣ ਜਾ ਰਿਹਾ ਹੈ ਅਤੇ ਇਸ ਦੌਰਾਨ ਸੰਗਤਾਂ ਦੀ ਵੱਡੀ ਆਮਦ ਦੀ ਉਮੀਦ ਹੈ, ਜਿਨ੍ਹਾਂ ਦੇ ਲਈ ਪ੍ਰਬੰਧ ਨੂੰ ਸੁਚਾਰੂ ਅਤੇ ਬਿਹਤਰ ਰੱਖਣ ਲਈ ਚੰਗੇ ਸੁਝਾਅ ਸਾਹਮਣੇ ਆਏ, ਜਿਸ ਵਿਚ ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਟਰੈਫ਼ਿਕ ਦੀ ਸੁਚਾਰੂ ਵਿਵਸਥਾ, ਵਾਹਨਾਂ ਲਈ ਖੁੱਲ੍ਹੀ ਪਾਰਕਿੰਗ ਦੀ ਵਿਵਸਥਾ ਅਤੇ ਬਾਰਸ਼ਾਂ ਦੇ ਮੱਦੇਨਜ਼ਰ ਵਾਟਰ ਪਰੂਫ਼ ਟੈਂਟ ਤੱਕ ਦੀ ਸਹੂਲਤ ਨੂੰ ਬਣਾ ਕੇ ਰੱਖਣ ਲਈ ਵਿਚਾਰ ਆਏ ਹਨ। ਇਸ ਦੌਰਾਨ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਮੁੱਖ ਸਮਾਗਮ ਨੂੰ ਪ੍ਰਭਾਵੀ ਢੰਗ ਨਾਲ ਕਰਵਾਇਆ ਜਾ ਸਕੇ ਤਾਂ ਕਿ ਸੰਗਤਾਂ ਵਿਚ ਗੁਰੂ ਸਾਹਿਬ ਦਾ ਉਦੇਸ਼ ਪਹੁੰਚਾਇਆ ਜਾ ਸਕੇ। ਜਥੇਦਾਰ ਗੜ੍ਹੀ ਨੇ ਕਿਹਾ ਕਿ ਮੁੱਖ ਸਮਾਗਮ ਦੀ ਸਫਲਤਾ ਅਤੇ ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਇਸ ਪ੍ਰੋਗਰਾਮ ਦੌਰਾਨ ਵੱਡਾ ਸਹਿਯੋਗ ਲਿਆ ਜਾਵੇਗਾ ਤਾਂ ਕਿ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਵਾਹਨ ਖੜ੍ਹਾਉਣ ਸਮੇਂ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਵੱਡੇ ਪੱਧਰ 'ਤੇ ਤਿਆਰੀਆਂ ਚੱਲ ਰਹੀਆਂ ਹਨ। ਇਕੱਤਰਤਾ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ, ਭਾਈ ਹਰਵਿੰਦਰ ਸਿੰਘ, ਮੈਨੇਜਰ ਭਾਗ ਸਿੰਘ, ਮੀਤ ਮੈਨੇਜਰ ਆਤਮ ਪ੍ਰਕਾਸ਼ ਸਿੰਘ ਬੇਦੀ,, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਸੇਵਕ ਜਥਾ ਦੇ ਪ੍ਰਧਾਨ ਪ੍ਰੇਮ ਸਿੰਘ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਦੇ ਪ੍ਰਧਾਨ ਕੰਵਲਜੀਤ ਸਿੰਘ ਗੋਨਾ ਤੋਂ ਇਲਾਵਾ, ਮੁੱਖ ਪ੍ਰਚਾਰਕ ਤਰਲੋਕ ਸਿੰਘ ਤੋਰਾ, ਕੌਂਸਲਰ ਰਣਜੀਤ ਸਿੰਘ ਚੰਢੋਕ, ਸਿਮਰਨ ਗਰੇਵਾਲ, ਸ਼ੇਰ ਸਿੰਘ, ਹਰਵਿੰਦਰ ਸਿੰਘ ਕਾਹਲ ਵਾਂ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।



## ਜ਼ਿਲ੍ਹੇ ਦੇ ਨੀਟ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 12 ਵਿਦਿਆਰਥੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਨਮਾਨਤ

ਪਟਿਆਲਾ, 29 ਜੂਨ (ਰੁਪਾਣਾ) : ਨੀਟ 2025 ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਨ ਵਾਲੇ ਜ਼ਿਲ੍ਹਾ ਪਟਿਆਲਾ ਦੇ 12 ਹੋਣਹਾਰ ਵਿਦਿਆਰਥੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਰੋਹ ਉਨ੍ਹਾਂ ਵਿਦਿਆਰਥੀਆਂ ਦੀ ਮਿਹਨਤ ਅਤੇ ਸੰਕਲਪ ਨੂੰ ਮਾਨਤਾ ਦੇਣ ਵਾਸਤੇ ਕਰਵਾਇਆ ਗਿਆ, ਜਿਨ੍ਹਾਂ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹੋਏ ਮੈਡੀਕਲ ਦੀ ਮੁਕਾਬਲਾ ਪ੍ਰੀਖਿਆ ਵਿੱਚ ਕਾਬਲੀਅਤ ਦਾ ਝੰਡਾ ਲਹਿਰਾਇਆ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਦੱਸਿਆ ਕਿ ਇਹ ਸਫਲਤਾ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਅਤੇ ਨਿਰੰਤਰ ਸਾਰਥਕ ਯਤਨਾਂ ਦੀ ਪੱਕੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਉਪਲੱਬਧੀ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ। ਡਿਪਟੀ ਡੀਈਓ ਪਟਿਆਲਾ ਡਾ. ਰਵਿੰਦਰਪਾਲ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਪੱਧਰ 'ਤੇ ਨਿਯਮਤ ਮੌਕ ਟੈਸਟ, ਡਾਊਟ ਕਲਾਸਾਂ ਅਤੇ ਮਨੋਵਿਗਿਆਨਿਕ ਮਾਰਗ ਦਰਸ਼ਨ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਗਈ। ਪਿਛਲੇ ਸਾਲ ਵੀ ਜ਼ਿਲ੍ਹਾ ਪਟਿਆਲਾ ਨੇ ਨੀਟ ਦੇ ਨਤੀਜਿਆਂ 'ਚ ਬਿਹਤਰੀਨ ਪ੍ਰਦਰਸ਼ਨ ਕੀਤਾ ਸੀ, ਜਿਸ ਦਾ ਸਿਲਸਿਲਾ ਇਸ ਸਾਲ ਵੀ ਜਾਰੀ ਰਿਹਾ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਨੂੰ ਉੱਚੀਆਂ ਬੁਲੰਦੀਆਂ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ। ਜ਼ਿਲ੍ਹਾ ਨੋਡਲ ਇੰਚਾਰਜ ਦੌਲਤ ਰਾਮ ਲੈਕਚਰਾਰ ਫਿਜ਼ਿਕਸ ਨੇ ਜਾਣਕਾਰੀ ਦਿੱਤੀ ਕਿ ਸਨਮਾਨਿਤ ਵਿਦਿਆਰਥੀਆਂ ਵਿੱਚ ਮਲਟੀਪਰਪਜ਼ ਸਕੂਲ ਤੋਂ ਪਾਵਸ ਗਰਗ ਅਤੇ ਪ੍ਰਣਵ ਸ਼ਰਮਾ, ਐਨ.ਟੀ.ਸੀ. ਰਾਜਪੁਰਾ ਤੋਂ ਗਜ਼ਲਪ੍ਰੀਤ ਕੌਰ ਅਤੇ ਅਰਮਾਨ, ਸਕੂਲ ਆਫ਼ ਐਮੀਨੈਂਸ. ਫ਼ੀਲਖ਼ਾਨਾ ਤੋਂ ਏਕਜੋਤ ਸਿੰਘ ਅਤੇ ਪ੍ਰੀਆ ਕੁਮਾਰੀ, ਸਸਸਸ ਓ.ਪੀ.ਐਲ. ਪਟਿਆਲਾ ਤੋਂ ਸਲੋਨੀ ਚੌਹਾਨ, ਸਸਸਸ ਵਿਕਟੋਰੀਆ ਪਟਿਆਲਾ ਤੋਂ ਤਾਨਿਆ ਚੌਹਾਨ, ਸਸਸਸ ਸੀਓਣਾ ਤੋਂ ਹਰਸਿਮਰਨ ਕੌਰ ਅਤੇ ਗੁਰਲੀਨ ਕੌਰ, ਸਸਸਸ ਸਿਵਲ ਲਾਈਨਜ਼ ਤੋਂ ਅਭਿਨਵ ਅਤੇ ਸਸਸਸ ਨਿਊ ਪਾਵਰ ਹਾਊਸ ਕਲੋਨੀ ਪਟਿਆਲਾ ਤੋਂ ਅਨੁਵਾ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪਾਵਸ ਗਰਗ ਨੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਮਾਪਿਆਂ ਨੇ ਕਿਹਾ ਕਿ ਅਜਿਹੇ ਸਨਮਾਨ ਸਮਾਰੋਹ ਵਿਦਿਆਰਥੀਆਂ ਦੇ ਮਨੋਬਲ ਨੂੰ ਵਧਾਉਂਦੇ ਹੋਏ ਹੋਰ ਬੱਚਿਆਂ ਲਈ ਵੀ ਉਤਸ਼ਾਹ ਦਾ ਸਰੋਤ ਸਾਬਤ ਹੋਇਆ। ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਦੌਲਤ ਰਾਮ ਲੈਕਚਰਾਰ , ਅਸਿਸਟੈਂਟ ਡਾਇਰੈਕਟਰ ਜਸਵਿੰਦਰ ਕੌਰ ਜ਼ਿਲ੍ਹਾ ਮੈਂਟਰ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ, ਪ੍ਰਿੰਸੀਪਲ ਸੰਦੀਪ ਕੁਮਾਰ, ਪ੍ਰਿੰਸੀਪਲ ਰਮਨਦੀਪ ਕੌਰ, ਰਾਜਿੰਦਰ ਸਿੰਘ ਚਾਨੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ।





## ਬਿਜਲੀ ਮੁਲਾਜ਼ਮ 9 ਜੁਲਾਈ ਨੂੰ ਇੱਕ ਰੋਜ਼ਾ ਹੜਤਾਲ 'ਤੇ ਜਾਣਗੇ: ਚਾਹਲ



ਪਟਿਆਲਾ, 29 ਜੂਨ (ਰੁਪਾਣਾ) : ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਸਾਂਝਾ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜ:, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ ਅਤੇ ਹੋਰ ਯੂਨੀਅਨਾਂ ਦੇ ਸੱਦੇ 'ਤੇ ਹਜ਼ਾਰਾਂ ਬਿਜਲੀ ਮੁਲਾਜ਼ਮ 9 ਜੁਲਾਈ ਨੂੰ ਇਕ ਰੋਜ਼ਾ ਹੜਤਾਲ 'ਤੇ ਜਾਣਗੇ।ਇਸ ਸਬੰਧੀ ਜਾਣਕਾਰੀ ਦੇਂਦੇ ਹੋਏ ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਬੁਲਾਰੇ ਮਨਜੀਤ ਸਿੰਘ ਚਾਹਲ ਨੇ ਕਿਹਾ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਆਉਣ ਵਾਲੇ ਮਾਨਸੂਨ ਸੈਸ਼ਨ ਵਿੱਚ ਬਿਜਲੀ ਸੋਧ ਬਿਲ 2025 ਦੇ ਖਰੜੇ ਵਿੱਚ ਪ੍ਰਸਤਾਵਿਤ ਕੀਤਾ ਹੈ ਕਿ ਦੇਸ਼ ਦੇ ਬਿਜਲੀ ਬੋਰਡਾਂ ਅਤੇ ਬਿਜਲੀ ਕੰਪਨੀਆਂ ਨੂੰ ਤੋੜ ਕੇ ਸਿੱਧੇ ਨਿੱਜੀ ਹੱਥਾਂ ਵਿੱਚ ਦਿੱਤਾ ਜਾਵੇਗਾ,ਜਿਸ ਨਾਲ ਬਹੁਕੌਮੀ ਕੰਪਨੀਆਂ ਇਨ੍ਹਾਂ ਅਦਾਰਿਆਂ ਨੂੰ ਖਰੀਦ ਕੇ ਬਿਜਲੀ ਨੂੰ ਮਹਿੰਗੇ ਭਾਅ ਵੇਚਣਗੇ,ਜਿਸ ਨਾਲ ਬਿਜਲੀ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਵੇਗਾ,ਨਿੱਜੀ ਅਦਾਰੇ ਕ੍ਰਿਤ ਕਾਨੂੰਨਾਂ ਵਿੱਚ ਸੋਧਾ ਕਰਵਾ ਕੇ ਮੁਲਾਜ਼ਮਾਂ ਅਤੇ ਵਰਕਰਾਂ ਦੇ ਹਿੱਤਾਂ ਦੀ ਅਣਦੇਖੀ ਕਰਨਗੇ, ਜਿਸ ਨਾਲ ਆਮ ਮੁਲਾਜ਼ਮਾਂ 'ਤੇ ਕੰਮ ਦਾ ਭਾਰ ਵਧੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ 44 ਕ੍ਰਿਤ ਕਾਨੂੰਨਾਂ ਨੂੰ ਖਤਮ ਕਰਕੇ 4 ਲੇਬਰ ਕੋਡ ਬਣਾਉਣ ਲਈ ਤੱਤਪਰ ਹੈ। ਉਨ੍ਹਾਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਦੇਸ਼ ਵਿੱਚ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਟੂਲ ਦੇ ਤੌਰ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਸਰਕਾਰ ਨੇ ਮੁਲਾਜ਼ਮਾਂ ਦੇ ਬਕਾਏ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ। ਇਸ ਤੋਂ ਇਲਾਵਾ ਬਿਜਲੀ ਨਿਗਮ ਦੀ ਮੈਨੇਜਮੇਂਟ ਮੁਲਾਜ਼ਮਾਂ ਦੇ ਮਸਲੇ ਹੱਲ ਨਹੀ ਕਰ ਰਹੀ,ਜਿਸ ਕਾਰਨ ਬਿਜਲੀ ਮੁਲਾਜ਼ਮਾਂ ਕੋਲ ਸੰਘਰਸ਼ ਤੋਂ ਬਿਨ੍ਹਾਂ ਕੋਈ ਰਸਤਾ ਨਹੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਮੁਲਾਜ਼ਮ 8 ਜੁਲਾਈ ਤੱਕ ਵਰਕ ਟੂ ਰੂਲ ਅਨੁਸਾਰ ਕੰਮ ਕਰਨਗੇ।

## ਪੰਜਾਬ ਪੁਲਿਸ 'ਚ ਭਰਤੀ ਲਈ ਸਰੀਰਕ ਪ੍ਰੀਖਿਆ ਦੀ ਤਿਆਰੀ ਅੱਜ ਤੋਂ

**☛ਪਟਿਆਲਾ ਸਮੇਤ ਬਰਨਾਲਾ, ਮਲੇਰਕੋਟਲਾ ਤੇ ਸੰਗਰੂਰ ਦੇ ਨੌਜਵਾਨ ਕੈਂਪ 'ਚ ਲੈ ਸਕਦੇ ਨੇ ਭਾਗ : ਟਰੇਨਿੰਗ ਅਫ਼ਸਰ**

ਨਾਭਾ/ਪਟਿਆਲਾ, 29 ਜੂਨ (ਚੌਧਰੀਮਾਜਰਾ/ਮਾਨ) : ਪਟਿਆਲਾ ਦੀ ਨਾਭਾ ਸਬ ਡਵੀਜ਼ਨ 'ਚ ਬਣੇ ਸੀ-ਪਾਈਟ ਕੈਂਪ ਵਿਖੇ ਪੰਜਾਬ ਪੁਲਿਸ ਦੇ ਫਿਜ਼ੀਕਲ ਟੈਸਟ ਦੀ ਤਿਆਰੀ ਦਾ ਕੈਂਪ 30 ਜੂਨ ਦਿਨ ਸੋਮਵਾਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰੇਨਿੰਗ ਅਫ਼ਸਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਪਟਿਆਲਾ ਸਮੇਤ ਬਰਨਾਲਾ, ਮਲੇਰਕੋਟਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਨੌਜਵਾਨ ਭਾਗ ਲੈ ਸਕਦੇ ਹਨ। ਟਰੇਨਿੰਗ ਅਫ਼ਸਰ ਨੇ ਦੱਸਿਆ ਕਿ ਜਿਹੜੇ ਨੌਜਵਾਨਾਂ ਵੱਲੋਂ ਪੰਜਾਬ ਪੁਲਿਸ ਦੀ ਭਰਤੀ ਲਈ ਲਿਖਤੀ ਪੇਪਰ ਦਿੱਤਾ ਗਿਆ ਸੀ ਅਤੇ ਆਪਣਾ ਨਤੀਜਾ ਉਨ੍ਹਾਂ ਦੇਖ ਲਿਆ ਹੈ, ਉਹ ਕੈਂਪ ਵਿੱਚ ਆ ਕੇ ਆਪਣੀ ਰਜਿਸਟਰੇਸ਼ਨ ਕਰਵਾ ਕੇ ਤਿਆਰੀ ਸ਼ੁਰੂ ਕਰ ਸਕਦੇ ਹਨ।ਯਾਦਵਿੰਦਰ ਸਿੰਘ ਨੇ ਦੱਸਿਆ ਕਿ ਸੀ ਪਾਈਟ ਪੰਜਾਬ ਸਰਕਾਰ ਦਾ ਅਦਾਰਾ ਹੈ, ਜਿੱਥੇ ਟਰੇਨਿੰਗ ਦੀ ਕੋਈ ਫ਼ੀਸ ਨਹੀਂ ਹੈ ਸਗੋਂ ਰਹਿਣਾ-ਖਾਣਾ ਵੀ ਮੁਫ਼ਤ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਯੋਗ ਪੀ.ਟੀ.ਆਈ ਵੱਲੋਂ ਫਿਜ਼ੀਕਲ ਟੈਸਟ ਦੀ ਤਿਆਰੀ ਕਰਵਾਈ ਜਾਂਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਜਲਦੀ ਤੋਂ ਜਲਦੀ ਆ ਕੇ ਇਸ ਕੈਂਪ ਦਾ ਹਿੱਸਾ ਬਣਨ ਲਈ ਅਪੀਲ ਕਰਦਿਆਂ ਕਿਹਾ ਕਿ ਮਾਹਰ ਟਰੇਨਰਾਂ ਵੱਲੋਂ ਦਿੱਤੀ ਟਰੇਨਿੰਗ ਫਿਜ਼ੀਕਲ ਟੈਸਟ ਪਾਸ ਕਰਨ ਵਿੱਚ ਨੌਜਵਾਨਾਂ ਦੀ ਵੱਡੀ ਮਦਦ ਕਰੇਗੀ।

## ਸੇਵਾ ਕੇਂਦਰ 'ਚ ਮਿਲਣ ਵਾਲੀਆਂ 406 ਸੇਵਾਵਾਂ ਪਟਿਆਲਾ ਵਾਸੀਆਂ ਨੂੰ ਘਰ ਬੈਠੇ ਵੀ ਹੋ ਰਹੀਆਂ ਨੇ ਮੁਹੱਈਆ: ਡੀ.ਸੀ.

ਪਟਿਆਲਾ, 29 ਜੂਨ (ਰੁਪਾਣਾ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿੱਥੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਵਰਗੀ ਵਿਲੱਖਣ ਪਹਿਲ ਕਦਮੀ ਕਰਕੇ ਲੋਕਾਂ ਨੂੰ ਕੈਂਪ ਲਗਾ ਕੇ ਪ੍ਰਸ਼ਾਸਨਿਕ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ, ਉਥੇ ਹੀ 1076 'ਤੇ ਕਾਲ ਕਰਕੇ ਸੇਵਾ ਕੇਂਦਰ ਵਿੱਚ ਮਿਲਣ ਵਾਲੀਆਂ 406 ਤਰ੍ਹਾਂ ਦੀਆਂ ਸੇਵਾਵਾਂ ਲੋਕ ਆਪਣੇ ਘਰ ਬੈਠੇ ਹੀ ਪ੍ਰਾਪਤ ਕਰ ਰਹੇ ਹਨ।ਸੂਬਾ ਵਾਸੀਆਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਉਪਲੱਬਧ ਕਰਵਾਉਣ ਲਈ ਚਲਾਈ ਜਾ ਰਹੀ 1076 ਹੈਲਪ ਲਾਈਨ ਪਟਿਆਲਾ ਵਾਸੀਆਂ ਲਈ ਵੀ ਕਾਰਗਰ ਸਾਬਤ ਹੋ ਰਹੀ ਹੈ। ਇਸ ਤਹਿਤ ਕੋਈ ਵੀ ਨਾਗਰਿਕ ਫ਼ੋਨ ਨੰਬਰ 1076 'ਤੇ ਕਾਲ ਕਰਕੇ 406 ਪ੍ਰਕਾਰ ਦੀਆਂ ਸੇਵਾਵਾਂ ਜਿਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਲ ਹਨ। ਵੱਖ-ਵੱਖ ਦਫ਼ਤਰਾਂ ਨਾਲ ਸਬੰਧਤ ਇਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁਮਾਇੰਦੇ ਨੂੰ ਆਪਣੇ ਘਰ ਬੁਲਾ ਕੇ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਲੋਕਾਂ ਨੂੰ ਘਰਾਂ ਵਿੱਚ ਹੀ 26 ਵਿਭਾਗਾਂ ਦੀਆਂ 406 ਸੇਵਾਵਾਂ ਡੋਰ ਸਟੈੱਪ ਡਲਿਵਰੀ ਰਾਹੀ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ ਖੇਤੀਬਾੜੀ ਵਿਭਾਗ ਨਾਲ ਸਬੰਧਤ 73 ਸੇਵਾਵਾਂ, ਗ੍ਰਹਿ ਤੇ ਨਿਆਂ ਵਿਭਾਗ ਦੀਆਂ 46 ਸੇਵਾਵਾਂ, ਲੇਬਰ ਵਿਭਾਗ 45 ਸੇਵਾਵਾਂ, ਟਰਾਂਸਪੋਰਟ ਵਿਭਾਗ ਦੀਆਂ 39 ਸੇਵਾਵਾਂ, ਮਾਲ ਵਿਭਾਗ ਨਾਲ ਸਬੰਧਤ 48 ਸੇਵਾਵਾਂ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨਾਲ ਸਬੰਧਤ 37, ਸਥਾਨਕ ਸਰਕਾਰਾਂ ਵਿਭਾਗ ਦੀਆਂ 12, ਸਮਾਜਿਕ ਸੁਰੱਖਿਆ ਵਿਭਾਗ ਦੀਆਂ 13, ਸਾਂਝ ਨਾਲ ਸਬੰਧਤ 17 ਤਰ੍ਹਾਂ ਦੀਆਂ ਸੇਵਾਵਾਂ ਸਮੇਤ ਵੱਖ-ਵੱਖ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਉਪਲੱਬਧ ਕਰਵਾਉਣ ਲਈ ਜ਼ਿਲ੍ਹੇ ਵਿਚ ਪ੍ਰਤੀਨਿਧੀ ਨਿਯੁਕਤ ਕੀਤੇ ਗਏ ਹਨ, ਜੋ ਮਿਥੇ ਸਮੇਂ 'ਤੇ ਸੇਵਾ ਪ੍ਰਾਪਤ ਕਰਨ ਵਾਲੇ ਦੇ ਘਰ ਜਾ ਕੇ ਸੇਵਾ ਪ੍ਰਦਾਨ ਕਰਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।



## ਗੁਰਸ਼ਰਨ ਕੌਰ ਰੰਧਾਵਾ ਨੇ ਰੁਪਿੰਦਰ ਕੌਰ ਕੌਰਜੀਵਾਲਾ ਨੂੰ ਜ਼ਿਲ੍ਹਾ ਮਹਿਲਾ ਕਾਂਗਰਸ ਪਟਿਆਲਾ ਦੀ ਪ੍ਰਧਾਨ ਨਿਯੁਕਤ ਕੀਤਾ

ਸਮਾਣਾ, 29 ਜੂਨ (ਵਿਜੇ ਕੁਮਾਰ/ਜਵੰਦਾ) : ਪੰਜਾਬ ਮਹਿਲਾ ਕਾਂਗਰਸ ਦੇ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਅੱਜ ਹਲਕਾ ਸਮਾਣਾ ਦੇ ਕਈ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸਮਾਜ ਸੇਵਿਕਾ ਰੁਪਿੰਦਰ ਕੌਰ ਕੌਰਜੀਵਾਲਾ ਨੂੰ ਜ਼ਿਲ੍ਹਾ ਮਹਿਲਾ ਕਾਂਗਰਸ ਪਟਿਆਲਾ ਦਿਹਾਤੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਮਹਿਲਾ ਕਾਂਗਰਸ ਦਿਹਾਤੀ ਤੇ ਸ਼ਹਿਰੀ ਦੇ ਪ੍ਰਧਾਨ ਰਹੇ ਅਮਰਜੀਤ ਕੌਰ ਭੱਠਲ ਨੂੰ ਸੰਗਠਨ ਵਿੱਚ ਸੂਬਾ ਮੀਤ ਪ੍ਰਧਾਨ ਦੇ ਅਹੁਦੇ ਲਈ ਚੁਣ ਲਿਆ ਗਿਆ ਹੈ। ਬੀਬੀ ਰੰਧਾਵਾ ਨੇ ਕਿਹਾ ਕਿ ਰੁਪਿੰਦਰ ਕੌਰ ਜ਼ਿਲ੍ਹਾ ਮਹਿਲਾ ਕਾਂਗਰਸ ਪਟਿਆਲਾ ਦੇ ਸਾਬਕਾ ਪ੍ਰਧਾਨ ਭੁਪਿੰਦਰ ਕੌਰ ਕੌਰਜੀਵਾਲਾ ਦੀ ਨੂੰਹ ਹਨ ਜਿਨ੍ਹਾਂ ਨੇ ਉਮਰ ਭਰ ਕਾਂਗਰਸ ਲਈ ਕੰਮ ਕੀਤਾ ਹੈ। ਇਸ ਮੌਕੇ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਸੂਬਾਈ ਪ੍ਰਧਾਨ ਰਾਜਾ ਵੜਿੰਗ ਤੇ ਆਲ ਇੰਡੀਆ ਮਹਿਲਾ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਮਹਿਲਾ ਕਾਂਗਰਸ ਸੂਬੇ ਭਰ ਵਿੱਚ ਆਪਣੇ ਸੰਗਠਨ ਦੀ ਮਜਬੂਤੀ ਲਈ ਕੰਮ ਕਰ ਰਹੀ ਹੈ। ਇਸ ਮੌਕੇ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਰੁਪਿੰਦਰ ਕੌਰ ਦੀ ਅਗਵਾਈ ਹੇਠ ਪਿੰਡ ਕੌਰਜੀਵਾਲਾ ਵਿਖੇ ਨਵੇਂ ਖੁਲ੍ਹੇ ਸਿਲਾਈ ਸੈਂਟਰ ਦਾ ਉਦਘਾਟਨ ਕੀਤਾ ਗਿਆ ਤੇ ਬੀਬੀਆਂ ਨੂੰ ਵਧਾਈ ਦਿੱਤੀ ਗਈ। ਰੰਧਾਵਾ ਨੇ ਕਿਹਾ ਕਿ ਪਟਿਆਲਾ ਦੇ ਸਾਂਸਦ ਡਾਕਟਰ ਧਰਮਵੀਰ ਗਾਂਧੀ ਵੱਲੋਂ ਮਹਿਲਾ ਕਾਂਗਰਸ ਨੂੰ ਪੂਰਨ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਨਰਿੰਦਰ ਕੌਰ ਕੰਗ ਸੂਬਾ ਮੀਤ ਪ੍ਰਧਾਨ, ਪ੍ਰਿੰਸੀਪਲ ਅਮਰਜੀਤ ਕੌਰ ਸੂਬਾ ਜਨਰਲ ਸਕੱਤਰ, ਮਹਿੰਦਰ ਕੌਰ ਧਬਲਾਨ ਮੈਂਬਰ ਬਲਾਕ ਸੰਮਤੀ , ਮਨਜੀਤ ਕੌਰ ਭੱਠਲ ਸੂਬਾ ਸਕੱਤਰ , ਕ੍ਰਿਸ਼ਨਾ ਸ਼ਾਹਪੁਰ ਬਲਾਕ ਪ੍ਰਧਾਨ ਘੱਗਾ, ਕ੍ਰਿਸ਼ਨਾ ਦੇਵੀ ਪਾਤੜਾਂ ਜਿਲਾ ਮੀਤ ਪ੍ਰਧਾਨ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ ਹਾਜ਼ਰ ਸਨ। ਅੱਜ ਦੇ ਇਸ ਸਮਾਗਮ ਵਿੱਚ ਉੱਘੇ ਸਮਾਜ ਸੇਵੀ ਜਤਵਿੰਦਰ ਗਰੇਵਾਲ, ਪਰਮਿੰਦਰ ਸਿੰਘ ਭਲਵਾਨ, ਕਿਸਾਨ ਕਾਂਗਰਸ ਦੇ ਆਗੂ ਗੋਲਡੀ ਧਬਲਾਨ, ਵਰਿੰਦਰ ਪਸਿਆਣਾ, ਜਸਵਿੰਦਰ ਰੰਧਾਵਾ, ਗੁਰਪ੍ਰੀਤ ਬੈਦਵਾਨ, ਪ੍ਰਭਜੋਤ ਕੁਤਬਨਪੁਰ, ਰੁਪਿੰਦਰ ਵਜੀਦਪੁਰ, ਗੁਰਪ੍ਰੀਤ ਸਿੰਘ ਤਰੋੜਾ ਵੀ ਹਾਜ਼ਰ ਰਹੇ।



## ਪਟਿਆਲਾ 'ਚ ਸੀ.ਐਮ. ਦੀ ਯੋਗਸ਼ਾਲਾ ਬਣੀ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ

ਪਟਿਆਲਾ, 29 ਜੂਨ (ਚ.ਨ.ਸ.): : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ.ਯੋਗਸ਼ਾਲਾ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਸਿਹਤ ਅਤੇ ਜੀਵਨ ਸ਼ੈਲੀ ਨੂੰ ਲੈ ਕੇ ਨਵਾਂ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ । ਸੀ.ਐਮ.ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਨੇ ਦੱਸਿਆ ਕਿ ਡਿਪਲੋਮਾ ਇਨ ਮੈਡੀਟੇਸ਼ਨ ਐਂਡ ਯੋਗਾ ਸਾਇੰਸ ਦੇ ਵਿਦਿਆਰਥੀ ਵੀ ਪਿੰਡ ਪੱਧਰ 'ਤੇ ਯੋਗ ਪ੍ਰਚਾਰ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ । ਉਹਨਾਂ ਵੱਲੋਂ 99 ਯੋਗ ਕਲਾਸਾਂ ਨੂੰ ਲੈ ਕੇ ਲੋਕਾਂ ਵਿੱਚ ਯੋਗ ਪ੍ਰਤੀ ਜਾਗਰੂਕਤਾ ਨੂੰ ਹੋਰ ਉੱਚਾ ਕੀਤਾ ਗਿਆ ਹੈ । ਉਹਨਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਤੋਂ 7924 ਅਤੇ ਪੇਂਡੂ ਖੇਤਰਾਂ ਤੋਂ 2000 ਤੋਂ ਵੱਧ ਲੋਕ ਇਸ ਯੋਜਨਾ ਨਾਲ ਜੁੜ ਚੁੱਕੇ ਹਨ। ਰਜਿੰਦਰ ਸਿੰਘ ਨੇ ਦੱਸਿਆ ਕਿ ਇਹ ਯੋਜਨਾ ਸਿਰਫ ਸ਼ਹਿਰੀ ਇਲਾਕਿਆਂ ਤੱਕ ਹੀ ਸੀਮਿਤ ਨਹੀਂ, ਸਗੋਂ ਪਿੰਡਾਂ ਦੇ ਨਿਵਾਸੀਆਂ ਨੇ ਵੀ ਇਸ ਨੂੰ ਖੁੱਲ੍ਹ ਕੇ ਸਵਿਕਾਰਿਆ ਹੈ। ਸੀ.ਐਮ. ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਨੇ ਦੱਸਿਆ ਕਿ 21 ਜੂਨ ਅੰਤਰਰਾਸ਼ਟੀ ਯੋਗਾ ਦਿਵਸ ਤੋਂ ਬਾਅਦ ਲੋਕ ਯੋਗ ਵੱਲ ਹੋਰ ਵੀ ਤੇਜ਼ੀ ਨਾਲ ਹਿੱਸਾ ਲੈ ਰਹੇ ਹਨ । ਉਹਨਾਂ ਦੱਸਿਆ ਕਿ ਇਹ ਕਲਾਸਾਂ ਸਵੇਰੇ ਅਤੇ ਸ਼ਾਮ ਨਿਯਮਤ ਤੌਰ 'ਤੇ ਲਗਦੀਆਂ ਹਨ। ਹਰੇਕ ਕਲਾਸ ਵਿੱਚ ਤਜਰਬੇਕਾਰ ਟਰੇਨਰ ਲੋਕਾਂ ਨੂੰ ਯੋਗ ਸਿਖਲਾਈ ਦੇ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਪਟਿਆਲਾ ਵਿੱਚ ਇਕ ਪ੍ਰੋਗਰਾਮ ਨਹੀ ਰਹੀ ਸਗੋਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ । ਸੀ.ਐਮ.ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਨੇ ਦੱਸਿਆ ਕਿ ਇਸ ਯੋਜਨਾ ਵਿੱਚ ਰਜਿਸਟਰੇਸ਼ਨ ਦੀ ਪ੍ਰਕ੍ਰਿਆ ਬਹੁਤ ਅਸਾਨ ਹੈ ।

## ਆਮ ਆਦਮੀ ਕਲੀਨਿਕਾਂ ਵਿਖੇ ਬੱਚਿਆਂ ਦਾ ਵੀ ਹੋਵੇਗਾ ਚੈਕਅਪ: ਡਾ ਜਗਪਾਲਇੰਦਰ ਸਿੰਘ

ਪਟਿਆਲਾ, 29 ਜੂਨ (ਚ.ਨ.ਸ.) : ਅੱਜ ਸਥਾਨਕ ਨਿੱਜੀ ਹੋਟਲ ਪਟਿਆਲਾ ਵਿਖੇ ਜ਼ਿਲ੍ਹਾ ਸਿਹਤ ਵਿਭਾਗ ਪਟਿਆਲਾ ਵੱਲੋਂ ਡਾ. ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਦੀ ਅਗਵਾਈ ਹੇਠ ਆਮ ਆਦਮੀ ਕਲੀਨਿਕਾਂ ਵਿਖੇ ਮਿਲਣ ਵਾਲੀਆ ਸਿਹਤ ਸੇਵਾਵਾਂ ਸਬੰਧੀ ਟ੍ਰੇਨਿੰਗ ਦਾ ਦੂਜਾ ਸੈਸ਼ਨ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਬਲਾਕਾਂ ਤੋਂ ਸੀਨੀਅਰ ਮੈਡੀਕਲ ਅਫਸਰ ਸਾਹਿਬਾਨ ਅਤੇ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰ ਸ਼ਾਮਿਲ ਹੋਏ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਬੱਚਿਆਂ ਵਿਚ ਦਰਮਿਆਨੀ ਤੀਬਰ ਕੁਪੋਸ਼ਣ ਅਤੇ ਗੰਭੀਰ ਤੀਬਰ ਕੁਪੋਸ਼ਣ, ਮੂੰਹ ਦੇ ਕੈਂਸਰ ਸਬੰਧੀ,ਹਾਈਪਰਟੈਨਸ਼ਨ ਬਾਰੇ ਅਤੇ ਕੁੱਤੇ ਜਾਂ ਕੋਈ ਹੋਰ ਜਾਨਵਰ ਦੇ ਕੱਟਣ 'ਤੇ ਇਲਾਜ ਸਬੰਧੀ ਵਿਸ਼ਿਆਂ 'ਤੇ ਇਕ ਰੋਜ਼ਾ ਟ੍ਰੇਨਿੰਗ ਸ਼ੈਸ਼ਨ ਕਰਵਾਇਆ ਗਿਆ। ਇਸ ਮੌਕੇ ਟ੍ਰੇਨਰ ਡਾ. ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਨੇ ਕਿਹਾ ਕਿ ਉੱਚ ਰਕਤ ਚਾਪ ਸਾਈਲੈਂਟ ਕਿਲਰ ਬਿਮਾਰੀ ਹੈ, ਜੋ ਸਾਡੇ ਦੇਸ਼ ਵਿੱਚ ਬੜੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ। ਛੋਟੀ ਉਮਰ ਦੇ ਵਿਅਕਤੀ, ਗਰਭਵਤੀ ਔਰਤਾਂ ਅਤੇ ਬਜ਼ੁਰਗ ਹਾਈਪਰ ਟੈਂਸ਼ਨ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਸਮੇਂ ਸਿਰ ਇਸ ਬਿਮਾਰੀ ਨੂੰ ਕੰਟਰੋਲ ਨਹੀਂ ਕੀਤਾ ਜਾਂਦਾ ਤਾਂ ਸਰੀਰ ਦੇ ਹੋਰ ਅੰਗਾਂ 'ਤੇ ਪ੍ਰਭਾਵ ਪੈਂਦਾ ਹੈ ਅਤੇ ਜਾਨ ਲੇਵਾ ਵੀ ਹੋ ਸਕਦੀ ਹੈ। ਸੋ 30 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਛੇ ਮਹੀਨੇ ਵਿੱਚ ਘੱਟੋ ਘੱਟ ਇੱਕ ਵਾਰ ਬੀਪੀ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਕਿਹਾ ਕਿ ਹਲਕਾਅ ਦਾ ਕੋਈ ਇਲਾਜ ਨਹੀ, ਸਿਰਫ ਬਚਾਅ ਲਈ ਉਪਰਾਲੇ ਹੀ ਸੰਭਵ ਹਨ। ਡਾ. ਸੁਨੰਦਾ ਗਰੋਵਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੰਦਾਂ ਦੀ ਸੰਭਾਲ ਪ੍ਰਤੀ ਜਾਗਰੂਕ ਨਾ ਹੋਣ ਕਾਰਨ ਇਸ ਬਿਮਾਰੀ ਦਾ ਜ਼ਿਆਦਾ ਸਾਨੂੰ ਦਿਨ ਵਿਚ ਦੋ ਵਾਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਜ਼ਰੂਰ ਬੁਰਸ਼ ਕੀਤਾ ਜਾਵੇ। ਮਿੱਠੀਆਂ ਜਾਂ ਦੰਦਾਂ ਨੂੰ ਚਿਪਕਣ ਵਾਲੇ ਪਦਾਰਥਾਂ ਨੂੰ ਖਾਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇਕਰ ਖਾਣੇ ਵੀ ਹਨ ਤਾਂ ਅਜਿਹੀਆਂ ਚੀਜ਼ਾਂ ਖਾਣ ਤੋਂ ਬਾਦ ਬੁਰਸ਼ ਜ਼ਰੂਰ ਕੀਤਾ ਜਾਵੇ। ਡਾ. ਪੁਨੀਤ ਕਾਂਸਲ ਨੇ ਦੱਸਿਆ ਕਿ ਬੱਚਿਆਂ ਦੀ ਮੌਤ ਦਾ ਜ਼ਿਆਦਾਤਰ ਕਾਰਨ ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਲੈਣਾ, ਅਨਪੜ੍ਹਤਾ ਕਰਕੇ ਸਮੇਂ ਸਿਰ ਹਸਪਤਾਲ ਨਾ ਲੈ ਕੇ ਜਾਣਾ, ਜਣੇਪੇ ਲਈ ਰੈਫਰ ਕਰਨ ਦੇ ਬਾਵਜੂਦ ਵੀ ਉਚੇਰੀ ਸਿਹਤ ਸੰਸਥਾ ਵਿੱਚ ਨਾ ਜਾਣਾ, ਕੁਪੋਸ਼ਨ, ਨਿਮੋਨੀਆ, ਡਾਇਰੀਆ, ਬਿਮਾਰੀਆਂ ਤੋਂ ਬਚਾਅ ਲਈ ਸੰਪੂਰਨ ਟੀਕਾਕਰਨ ਨਾ ਕਰਵਾਉਣਾ ਆਦਿ ਹਨ। ਇਸ ਮੌਕੇ ਟਰੇਨਰ ਦੇ ਤੌਰ ਡਾ ਅਖਿਲ ਸਚਦੇਵਾ ਅਤੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਿਤਿਕਾ ਗਰੋਵਰ ਵੱਲੋਂ ਵੀ ਟ੍ਰੇਨਿੰਗ ਦਿੱਤੀ ਗਈ।

## ਸਾਕੇਤ ਹਸਪਤਾਲ ਵਿਖੇ ਫ਼ਸਟ ਏਡ ਟ੍ਰੇਨਿੰਗ ਸੈਂਟਰ ਸ਼ੁਰੂ ਹੋਵੇਗਾ

ਪਟਿਆਲਾ, 29 ਜੂਨ (ਚ.ਨ.ਸ.) : ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਸ਼ਿਵ ਦੁਲਾਰ ਸਿੰਘ ਢਿੱਲੋਂ, ਆਈ.ਏ.ਐਸ ( ਸੇਵਾ ਮੁਕਤ) ਦੀਆਂ ਕੋਸ਼ਿਸ਼ਾਂ ਸਦਕਾ ਹੁਣ ਪਟਿਆਲਾ ਵਿਖੇ ਕੰਡਕਟਰਾਂ ਡਰਾਈਵਰਾਂ, ਨੈਨੀ, ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ ਐਸ ਐਸ ਵੰਲਟੀਅਰਾਂ, ਐਨ ਸੀ ਸੀ ਕੇਡਿਟਜ, ਦਾਖਲ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਆਮ ਲੋਕਾਂ ਨੂੰ ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ ਦੀ ਟਰੇਨਿੰਗ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਰੈੱਡ ਕਰਾਸ ਸਾਕੇਤ ਹਸਪਤਾਲ ਬਡੂੰਗਰ ਰੋਡ , ਨੇੜੇ ਖਾਲਸਾ ਕਾਲਜ ਪਟਿਆਲਾ ਵਿਖੇ ਦਿੱਤੀ ਜਾਵੇਗੀ। ਸਾਕੇਤ ਹਸਪਤਾਲ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਪ੍ਰਮਿੰਦਰ ਕੌਰ ਮਨਚੰਦਾ ਨੇ ਦੱਸਿਆ ਕਿ ਟਰੇਨਿੰਗ ਲੈਣ ਵਾਲੇ ਅਤੇ ਵਿਦੇਸ਼ਾਂ ਵਿੱਚ ਜਾਣ ਵਾਲੇ ਨੌਜਵਾਨਾਂ ਨੂੰ ਟਰੇਨਿੰਗ ਉਪਰੰਤ ਤੁਰੰਤ ਆਨ ਲਾਈਨ ਸਰਟੀਫਿਕੇਟ ਵੀ ਦੇ ਦਿੱਤਾ ਜਾਵੇਗਾ। ਇਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਟ?ਰੇਨਰ, ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਸਹਾਇਕ ਇੰਸਪੈਕਟਰ ਰਾਮ ਸਰਨ ਨੇ ਰੈੱਡ ਕਰਾਸ ਨਸ਼ਾ ਛੁਡਾਊ ਏਕੀਕ੍ਰਿਤ ਸੇਂਟਰ ਦੇ ਡਾਇਰੈਕਟਰ ਅਤੇ ਸਟਾਫ ਮੈਂਬਰਾਂ ਦੇ ਉੱਦਮ, ਹੌਂਸਲੇ, ਇਨਸਾਨੀਅਤ ਪ੍ਰਤੀ ਪ੍ਰੇਮ ਦੀ ਪ੍ਰਸੰਸਾ ਕੀਤੀ, ਜਿਨ੍ਹਾਂ ਦੇ ਯਤਨਾਂ ਸਦਕਾ, ਪੰਜਾਬ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਹਜ਼ਾਰਾਂ ਨੌਜਵਾਨਾਂ ਨੂੰ, ਇਸ ਸੈਂਟਰ ਵਿਖੇ ਰੱਖ ਕੇ, ਮੁਫਤ ਇਲਾਜ ਕਾਉਂਸਲਿੰਗ ਭੋਜਨ ਪਾਣੀ ਮੰਜੇ ਆਦਿ ਪ੍ਰਦਾਨ ਕਰਕੇ, ਨਸ਼ਾ ਮੁਕਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਪਟਿਆਲਾ ਵਿਖੇ ਫਸਟ ਏਡ, ਸੀ.ਪੀ.ਆਰ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਦੀ ਟਰੇਨਿੰਗ ਦੇਕੇ ਨੌਜਵਾਨਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਇਆ ਜਾਵੇਗਾ। ਡਾਕਟਰ ਸੰਦੀਪ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਆਪਣੇ ਦੇਸ਼, ਸਮਾਜ ਅਤੇ ਘਰ ਪਰਿਵਾਰਾਂ ਨੂੰ ਸੁਰੱਖਿਅਤ, ਸਿਹਤਮੰਦ, ਖੁਸ਼ਹਾਲ, ਉੱਨਤ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਫਿਜ਼ੀਓਥਰੈਪੀਸਟ ਚਾਰੂ ਗੋਤਮ, ਕਾਉਂਸਲਰ ਪ੍ਰਵਿੰਦਰ ਵਰਮਾ, ਰਣਜੀਤ ਕੌਰ, ਅਮ੍ਰਿਤ ਪਾਲ ਨੇ ਦੱਸਿਆ ਕਿ ਨਾਬਾਲਗਾਂ ਨੂੰ ਸਿਹਤ, ਤੰਦਰੁਸਤੀ, ਅਰੋਗਤਾ, ਸੁਰੱਖਿਆ, ਬਚਾਓ, ਸਖ਼ਤ ਮਿਹਨਤ, ਇਮਾਨਦਾਰੀ ਅਤੇ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਗੁਰੂਆਂ, ਯੋਧਿਆਂ ਦੇਸ਼ ਭਗਤਾਂ ਅਤੇ ਸਖ਼ਤ ਮਿਹਨਤ ਕਰਕੇ, ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨ ਪ੍ਰਾਪਤ ਕਰਨ ਵਾਲਿਆਂ ਸਬੰਧੀ ਜਾਗਰੂਕ ਕਰਕੇ, ਪੰਜਾਬ ਦਾ ਭਵਿੱਖ ਖੁਸ਼ਹਾਲ, ਸਿਹਤਮੰਦ, ਉੱਜਵਲ ਬਣਾਇਆ ਜਾ ਸਕਦਾ ਹੈ।

## 1 ਜੁਲਾਈ ਨੂੰ 'ਆਓ ਸਕੂਲ ਚੱਲੀਏ' ਮੁਹਿੰਮ ਅਧੀਨ ਵਿਦਿਆਰਥੀਆਂ ਦਾ ਹੋਵੇਗਾ ਸਵਾਗਤ

**☛ਸਕੂਲਾਂ 'ਚ 1 ਜੁਲਾਈ ਨੂੰ ਮਨਾਇਆ ਜਾਵੇਗਾ ਡਾਕਟਰ ਦਿਵਸ: ਜ਼ਿਲ੍ਹਾ ਸਿੱਖਿਆ ਅਫ਼ਸਰ**

ਪਟਿਆਲਾ, 29 ਜੂਨ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਦੇ ਸਕੂਲਾਂ ਵਿੱਚ ਗੁਣਵੱਤਾ ਪੂਰਨ ਸਿੱਖਿਆ ਦੇਣ, ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵਾਧਾ ਕਰਨ ਅਤੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਨੂੰ ਨਵਾਂ ਮੋੜ ਦੇਣ ਲਈ ਨਵੇਂ ਉਪਰਾਲੇ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਉਪਰਾਲਿਆਂ ਦੇ ਤਹਿਤ 1 ਜੁਲਾਈ ਨੂੰ ਸਾਰੇ ਸਰਕਾਰੀ ਸਕੂਲਾਂ ਵਿੱਚ "ਆਓ ਸਕੂਲ ਚੱਲੀਏ" ਪ੍ਰੋਗਰਾਮ ਕੀਤਾ ਜਾ ਰਿਹਾ ਹੈ, ਜਿਸ ਤਹਿਤ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲਾਂ ਵਿੱਚ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾਵੇਗਾ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੰਜੀਵ ਸ਼ਰਮਾ ਅਤੇ ਡਿਪਟੀ ਡੀਈਓ ਡਾ. ਰਵਿੰਦਰਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਾਰੇ ਸਕੂਲਾਂ ਵਿੱਚ ਵਿਸ਼ੇਸ਼ ਕਾਰਜਕ੍ਰਮ ਆਯੋਜਿਤ ਕੀਤੇ ਜਾਣਗੇ। ਬੱਚਿਆਂ ਦਾ ਸਕੂਲ ਵਿੱਚ ਜੋਸ਼ ਨਾਲ ਸਵਾਗਤ ਕਰਦੇ ਹੋਏ ਉਨ੍ਹਾਂ ਲਈ ਖੇਡਾਂ, ਮਨੋਰੰਜਕ ਅਤੇ ਗਿਆਨਵਾਨ ਗਤੀਵਿਧੀਆਂ ਰੱਖੀਆਂ ਜਾਣਗੀਆਂ, ਜੋ ਕਿ ਬੱਚਿਆਂ ਦੇ ਮਨੋਵਿਗਿਆਨਿਕ ਵਿਕਾਸ ਲਈ ਲਾਭਕਾਰੀ ਸਾਬਤ ਹੋਣਗੀਆਂ।ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਖਾਸ ਤੌਰ 'ਤੇ ਕਸਰਤਾਂ, ਗੋਲ ਚੱਕਰ ਵਿੱਚ ਖੇਡਾਂ, ਵਿਦਿਆਰਥੀਆਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕੀਤੀਆਂ ਯਾਤਰਾਵਾਂ ਅਤੇ ਉਹਨਾਂ ਦੇ ਅਨੁਭਵਾਂ ਨੂੰ ਸਾਂਝਾ ਕਰਨ ਦੀ ਪ੍ਰੇਰਨਾ ਦਿੱਤੀ ਜਾਵੇਗੀ। ਇਸ ਦੇ ਨਾਲ-ਨਾਲ ਵਿਦਿਆਰਥੀਆਂ ਨਾਲ ਉਨ੍ਹਾਂ ਦੇ ਜੀਵਨ ਦੇ ਉਦੇਸ਼ਾਂ ਉੱਤੇ ਵੀ ਖੁੱਲ੍ਹੀ ਚਰਚਾ ਕਰਵਾਈ ਜਾਵੇਗੀ, ਤਾਂ ਜੋ ਉਹ ਆਪਣੇ ਟੀਚਿਆਂ ਵੱਲ ਪੂਰੀ ਸੰਜੀਦਗੀ ਨਾਲ ਧਿਆਨ ਦੇ ਸਕਣ।ਇਸ ਦੇ ਇਲਾਵਾ, 1 ਜੁਲਾਈ ਨੂੰ ਸਕੂਲਾਂ ਵਿੱਚ ਡਾਕਟਰ ਦਿਵਸ ਵੀ ਮਨਾਇਆ ਜਾਵੇਗਾ। ਇਸ ਮੌਕੇ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਿਹਤ ਸੇਵਾਵਾਂ ਲਈ ਡਾਕਟਰਾਂ ਦਾ ਧੰਨਵਾਦ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਡਾਕਟਰਾਂ ਦੇ ਯੋਗਦਾਨ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਉਹਨਾਂ ਦਾ ਧੰਨਵਾਦ ਪ੍ਰਗਟ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਣਗੇ।ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ 'ਤੇ ਨਿਰੀਖਣ ਟੀਮਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਜੋ ਸਕੂਲਾਂ ਦੀ ਤਿਆਰੀ, ਵਿਦਿਆਰਥੀਆਂ ਦੀ ਹਾਜ਼ਰੀ ਅਤੇ ਮੁਹਿੰਮ ਦੀ ਲਾਗੂ ਕਰਨ ਦੀ ਵਿਵਸਥਾ ਦੀ ਸਮੀਖਿਆ ਕਰਨਗੀਆਂ। ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਨੇ ਸਾਰੇ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦਿਆਰਥੀਆਂ ਲਈ ਆਨੰਦਮਈ ਵਾਤਾਵਰਨ ਬਣਾਉਣ, ਪ੍ਰੇਰਕ ਚਰਚਾਵਾਂ ਅਤੇ ਸਵਾਗਤੀ ਕਾਰਜਕ੍ਰਮ ਰਾਹੀਂ ਸਕੂਲ ਦੇ ਪਹਿਲੇ ਦਿਨ ਨੂੰ ਯਾਦਗਾਰ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ। ਇਹ ਮੁਹਿੰਮ ਨਾ ਸਿਰਫ਼ ਵਿਦਿਆਰਥੀਆਂ ਨੂੰ ਸਕੂਲ ਵੱਲ ਵਾਪਸ ਖਿੱਚਣ ਦਾ ਉਦੇਸ਼ ਰੱਖਦੀ ਹੈ, ਬਲਕਿ ਉਨ੍ਹਾਂ ਵਿੱਚ ਇੱਕ ਨਵਾਂ ਉਤਸ਼ਾਹ, ਨਵੀਂ ਲਗਨ ਅਤੇ ਸਿੱਖਣ ਪ੍ਰਤੀ ਰੁਚੀ ਜਗਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ। 'ਆਓ ਸਕੂਲ ਚੱਲੀਏ' ਜਿਵੇਂ ਉਪਰਾਲੇ ਸਕੂਲੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਣਗੇ।



### 23ਵਾਂ ਗਰਮ ਰੁੱਤ ਨਾਟ ਉਤਸਵ

## 'ਤਾਰਤੂਫ਼' (ਨਾਟਕ) ਨੇ ਪਾਖੰਡੀ ਬਾਬਿਆਂ ਦਾ ਕੀਤਾ ਪਰਦਾਫਾਸ਼

ਪਟਿਆਲਾ, 29 ਜੂਨ (ਰੁਪਾਣਾ) : ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਤੇ ਪੰਜਾਬ ਆਰਟਸ ਕੌਂਸਲ ਦੇ ਸਹਿਯੋਗ ਨਾਲ ਰੰਗਮੰਚ ਦੇ ਖੇਤਰ 'ਚ ਸਥਾਪਤ ਸੰਸਥਾ 'ਨਾਟਕ ਵਾਲਾ' ਵੱਲੋਂ ਕਰਵਾਏ ਜਾ ਰਹੇ ਸ੍ਰੀ ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨੂੰ ਸਮਰਪਿਤ ਤਿੰਨ ਰੋਜ਼ਾ 23ਵੇਂ ਗਰਮ ਰੁੱਤ ਨਾਟ ਉਤਸਵ ਦੇ ਦੂਸਰੇ ਦਿਨ ਮੌਲੀਅਰ ਦੇ ਲਿਖੇ ਤੇ ਸੁਰਿੰਦਰ ਬਾਠ ਦੁਆਰਾ ਪੰਜਾਬੀ 'ਚ ਅਨੁਵਾਦ ਕੀਤੇ ਨਾਟਕ 'ਤਾਰਤੂਫ਼' ਰਾਹੀਂ ਪਾਖੰਡੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਦਾ ਪਰਦਾਫਾਸ਼ ਕੀਤਾ। ਕਾਲੀਦਾਸ ਆਡੀਟੋਰੀਅਮ ਵਿਖੇ ਰਾਜੇਸ਼ ਸ਼ਰਮਾ ਦੀ ਨਿਰਦੇਸ਼ਨਾਂ 'ਚ ਖੇਡੇ ਗਏ ਇਸ ਨਾਟਕ ਦੌਰਾਨ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਚੇਅਰਮੈਨ ਦੇ ਸ.ਸਵਰਨਜੀਤ ਸਿੰਘ ਸਵੀ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਉੱਘੇ ਚਿੰਤਕ ਡਾ. ਸਵਰਾਜ ਸਿੰਘ, ਉੱਘੇ ਰੰਗਕਰਮੀ ਪਦਮਸ਼੍ਰੀ ਪ੍ਰਾਣ ਸੱਭਰਵਾਲ, ਮੋਹਨ ਕੰਬੋਜ, ਵਰਿੰਦਰ ਘੁੰਮਣ, ਪਰਮਿੰਦਰਪਾਲ ਕੌਰ ਤੇ ਨੰਦਾ ਜੀ ਸਮੇਤ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਕਵਿਤਾ ਸ਼ਰਮਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਨਵਲ ਕਿਸ਼ੋਰ ਨੇ ਨਿਭਾਈ। ਮੁੱਖ ਮਹਿਮਾਨ ਸ. ਸਵਰਨਜੀਤ ਸਿੰਘ ਸਵੀ ਨੇ ਕਿਹਾ ਕਿ ਨਾਟਕ, ਕਲਾ ਦੀ ਉਹ ਵਿਧਾ ਹੈ, ਜਿਸ ਰਾਹੀਂ ਦਰਸ਼ਕਾਂ ਨਾਲ ਸਿੱਧਾ ਰਾਬਤਾ ਕਾਇਮ ਹੁੰਦਾ ਹੈ ਅਤੇ ਤੁਹਾਡਾ ਸੰਦੇਸ਼ ਮੌਕੇ 'ਤੇ ਹੀ ਦਰਸ਼ਕਾਂ ਤੱਕ ਪਹੁੰਚ ਜਾਂਦਾ ਹੈ। ਇਸ ਕਰਕੇ ਇਹ ਇੱਕੋ ਵੇਲੇ ਸਮਾਜ ਦੇ ਵੱਡੇ ਹਿੱਸਾ 'ਤੇ ਆਪਣਾ ਅਸਰ ਛੱਡਣ ਦੀ ਸਮਰੱਥਾ ਰੱਖਣ ਵਾਲੀ ਕਲਾ ਹੈ, ਜਿਸ ਦੀ ਹਰ ਯੁੱਗ ਵਿੱਚ ਅਹਿਮੀਅਤ ਰਹਿੰਦੀ ਹੈ ਅਤੇ ਰਹੇਗੀ। ਉਨ੍ਹਾਂ ਨਾਟਕ ਵਾਲਾ ਗਰੁੱਪ ਦੀ ਟੀਮ ਦੀ ਇਸ ਵੱਡੇ ਉੱਦਮ ਲਈ ਸ਼ਲਾਘਾ ਕੀਤੀ ਅਤੇ ਕਲਾ ਪ੍ਰੀਸ਼ਦ ਵੱਲੋਂ ਹਰ ਸੰਭਵ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਹਾਸਰਸ ਰਾਹੀਂ ਡੂੰਘੇ ਵਿਅੰਗ ਕਸਣ ਵਾਲਾ ਨਾਟਕ 'ਤਾਰਤੂਫ਼' ਪਾਖੰਡੀ ਤੇ ਢੌਂਗੀ ਬਾਬਿਆਂ ਵੱਲੋਂ ਆਮ ਲੋਕਾਂ ਨੂੰ ਬੁੱਧੂ ਬਣਾਕੇ ਉਨ੍ਹਾਂ ਦੀ ਲੁੱਟ ਕਰਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕਹਾਣੀ 'ਤੇ ਅਧਾਰਤ ਹੈ। ਨਾਟਕ ਰਾਹੀਂ ਇੱਕ ਪਰਿਵਾਰ ਦੇ ਦੋ ਜੀਅ ਕਿਸੇ ਪਾਖੰਡੀ ਦੇ ਜਾਲ ਵਿੱਚ ਫਸੇ ਹੁੰਦੇ ਹਨ ਅਤੇ ਦੋ ਜੀਅ ਉਨ੍ਹਾਂ ਨੂੰ ਜਾਲ 'ਚੋਂ ਕੱਢਣ ਤੇ ਬਾਬੇ ਦੇ ਢੌਂਗਾਂ ਦਾ ਪਰਦਾਫਾਸ਼ ਕਰਨ 'ਤੇ ਲੱਗੇ ਹੁੰਦੇ ਹਨ ਅਤੇ ਉਹ ਅਖੀਰ 'ਚ ਸਫ਼ਲ ਵੀ ਹੋ ਜਾਂਦੇ ਹਨ। ਇਸ ਨਾਟਕ 'ਚ ਤਾਰਤੂਫ਼ ਦੀ ਭੂਮਿਕਾ ਸੁਰਿੰਦਰ ਬਾਠ, ਰਾਜੇਸ਼ ਸ਼ਰਮਾ ਨੇ ਮਨੋਹਰ ਦੀ, ਰਾਜਿੰਦਰ ਵਾਲੀਆਂ ਨੇ ਮਾਂ ਦੀ, ਡੌਲੀ ਕਪੂਰ ਨੇ ਕੰਚਨ ਦਾ, ਇਸ਼ਨੂਰ ਨੇ ਭਰਾ ਦਾ, ਜਸਪ੍ਰੀਤ ਨੇ ਨੌਕਰ ਦਾ, ਦਿਵਾਂਸ਼ੀ ਨੇ ਸ਼ਾਲੂ ਦਾ, ਮੱਦੀ ਦਾ ਰਾਣਾ ਗੁਰਪ੍ਰਤਾਪ ਨੇ, ਚੇਲਿਆਂ ਦੇ ਰੂਪ 'ਚ ਪ੍ਰਭਾਸ ਪੰਡਿਤ, ਨਵਦੀਪ, ਇੰਦਰਜੀਤ, ਸਿਮਰਨਜੀਤ ਗਿੱਲ ਤੇ ਅਭੀਕ ਨੇ ਆਪੋ-ਆਪਣੀਆਂ ਭੂਮਿਕਾਵਾਂ ਬਾਖ਼ੂਬੀ ਨਿਭਾਈਆਂ। ਸਨੀ, ਕੈਲਾਸ਼ ਤੇ ਨਰਿੰਦਰ ਸਿੰਘ ਨੇ ਸੈੱਟ ਤਿਆਰ ਕੀਤਾ ਅਤੇ ਹਰਸ਼ ਸੇਠੀ ਨੇ ਰੋਸ਼ਨੀ ਦਾ ਸੰਚਾਲਨ ਕੀਤਾ। ਇਹ ਜਾਣਕਾਰੀ ਲਵਪ੍ਰੀਤ ਕਸਿਆਣਾ ਨੇ ਦਿੱਤੀ।

